SKY TRANSPORT SOLUTIONS
ਟਰੱਕਾਂ ਵਾਲਿਆਂ ਵੀਰਾਂ ਦੇ ਲਈ ਸਕਾਈ ਟਰਾਂਸਪੋਰਟ ਸਾਲਿਊਸ਼ਨ ਦੀਆਂ ਵਿਸ਼ੇਸ਼ ਸੇਵਾਵਾਂ
PHONE: 209-855-6938

11ਵਾਂ ਸਾਲ

# ਦੇਸ਼ ਦੁਆਬਾ

ਹਫਤਾਵਾਰੀ

VOL -11 ISSUE -13
July 6, 2022

Postal Address
Desh Doaba
5101 Doe Hollow Pl., Antelope, CA-95843

www.deshdoaba.com
www.ambedkartimes.com

Golden State Truck Sales Inc.
ਟਰੱਕ-ਟਰੇਲਰ ਖਰੀਦਣ ਅਤੇ ਵੇਚਣ ਲਈ ਮਿਲੋ ਸਸਤੀਆਂ ਵਿਆਜ ਦਰਾਂ ਤੇ ਟਰੱਕ ਦਾ ਲੋਨ ਲੈਣ ਲਈ ਅਸੀਂ ਤੁਹਾਡੀ ਮਦਦ ਕਰਾਂਗੇ
Call : Dharminder Singh
Cell : 530-870-6600
Email: myfuturetruck@gmail.com

ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 916-947-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਤਰਸੇਮ ਜਲੰਧਰੀ/ ਵਿਵੇਕ ਭਾਟੀਆ


ਗੁਰੂ ਘਰ ਦੇ 37ਵੇਂ ਸਥਾਪਨਾ ਦਿਵਸ ਸ੍ਰੀ ਓ. ਪੀ. ਬਾਲੀ ਦਾ ਵਿਸ਼ੇਸ਼ ਸੰਦੇਸ਼ 'ਅੰਬੇਦਕਰ ਟਾਈਮਜ਼' ਵਿਚ ਦੇਖੋ।

ਸ੍ਰੀ ਗੁਰੂ ਰਵਿਦਾਸ ਟੈਂਪਲ ਪਿਟਸਬਰਗ (ਕੈਲੇਫੋਰਨੀਆ) ਦਾ 37ਵਾਂ ਸਥਾਪਨਾ ਦਿਵਸ 8, 9 ਅਤੇ 10 ਜੁਲਾਈ 2022 ਨੂੰ ਗੁਰੂ ਘਰ ਵਿਖੇ ਪੂਰਨ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਜਾ ਰਿਹਾ ਹੈ।

**ਹੋਰ ਜਾਣਕਾਰੀ ਲਈ ਸਬੰਧਤ ਇਸ਼ਤਿਹਾਰ ਦੇਖੋ ਸਫਾ 2 'ਤੇ।**






**ਸ੍ਰੀ ਗੁਰੂ ਰਵਿਦਾਸ ਸਭਾ ਬੇ-ਏਰੀਆ ਵੱਲੋਂ ਮਹੀਨਾਵਾਰ ਸਮਾਗਮ।**

ਰਿਪੋਰਟ ਅਤੇ ਤਸਵੀਰਾਂ ਦੇਖੋ ਸਫਾ 16-17 'ਤੇ

# ਪੰਜਾਬ ਸਰਕਾਰ ਦੇ ਨਵੇਂ ਮੰਤਰੀਆਂ ਨੂੰ ਵਿਭਾਗਾਂ ਦੀ ਵੰਡ, ਕਈਆਂ ਦੇ ਵਿਭਾਗ ਬਦਲੇ

**ਚੰਡੀਗੜ੍ਹ (ਬਿਊਰੋ)–** ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਸਾਢੇ ਤਿੰਨ ਮਹੀਨਿਆਂ ਬਾਅਦ ਆਪਣੇ ਮੰਤਰੀ ਮੰਡਲ ਵਿੱਚ ਵਿਸਥਾਰ ਤੋਂ ਬਾਅਦ ਮਹਿਕਮਿਆਂ ਦੀ ਵੰਡ ਕਰ ਦਿੱਤੀ ਹੈ। ਇਸ ਦੌਰਾਨ ਜਿੱਥੇ ਨਵੇਂ ਮੰਤਰੀਆਂ ਨੂੰ ਵਿਭਾਗ ਦਿੱਤੇ ਗਏ ਹਨ, ਉੱਥੇ ਕਈ ਪੁਰਾਣੇ ਮੰਤਰੀਆਂ ਦੇ ਮਹਿਕਮਿਆਂ ਵਿੱਚ ਫੇਰਬਦਲ ਕੀਤਾ ਹੈ। ਦੂਜੇ ਪਾਸੇ ਮੀਤ ਹੇਅਰ ਤੋਂ ਸਿੱਖਿਆ ਵਿਭਾਗ ਵਾਪਸ ਲੈ ਕੇ ਹਰਜੋਤ ਬੈਂਸ ਨੂੰ ਦਿੱਤਾ ਹੈ ਅਤੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਤੋਂ ਸਹਿਕਾਰਤਾ ਵਿਭਾਗ ਖ਼ੁਦ ਮੁੱਖ ਮੰਤਰੀ ਨੇ ਲੈ ਲਿਆ ਹੈ। ਮਾਨਸਾ ਤੋਂ ਵਿਧਾਇਕ ਡਾ ਵਿਜੈ ਸਿੰਗਲਾ ਦੀ ਗ੍ਰਿਫ਼ਤਾਰੀ ਤੋਂ ਬਾਅਦ ਖਾਲੀ ਹੋਇਆ ਸਿਹਤ ਮਹਿਕਮਾ ਸਮਾਣਾ ਤੋਂ ਵਿਧਾਇਕ ਚੇਤਨ ਸਿੰਘ ਜੌੜਾਮਾਜਰਾ ਅਤੇ ਖੇਤੀਬਾੜੀ ਵਿਭਾਗ ਦੀ ਜ਼ਿੰਮੇਵਾਰੀ ਕੁਲਦੀਪ ਸਿੰਘ ਧਾਲੀਵਾਲ ਨੂੰ ਦਿੱਤੀ ਹੈ। ਨਵੇਂ ਬਣੇ ਪੰਜ ਮੰਤਰੀਆਂ ਵਿੱਚ ਅਮਨ ਅਰੋੜਾ ਨੂੰ ਸੂਚਨਾ ਅਤੇ ਲੋਕ ਸੰਪਰਕ, ਨਵੀਂ ਤੇ ਨਵਿਆਉਣਯੋਗ ਊਰਜਾ ਸਰੋਤ, ਘਰੇਲੂ ਤੇ ਸ਼ਹਿਰੀ ਵਿਕਾਸ ਅਤੇ ਡਾ। ਇੰਦਰਬੀਰ ਸਿੰਘ ਨਿੱਝਰ ਨੂੰ ਸਥਾਨਕ ਸਰਕਾਰਾਂ, ਸੰਸਦੀ ਮਾਮਲੇ, ਭੂਮੀ ਅਤੇ ਜਲ ਸੰਭਾਲ ਤੇ ਪ੍ਰਸ਼ਾਸਨਿਕ ਸੁਧਾਰ ਵਿਭਾਗ ਦੀ ਜ਼ਿੰਮੇਵਾਰੀ ਦਿੱਤੀ ਗਈ ਹੈ। ਕੈਬਨਿਟ ਮੰਤਰੀ ਫੌਜਾ ਸਿੰਘ ਸਰਾਹੀ ਨੂੰ ਆਜ਼ਾਦੀ ਘੁਲਾਟੀਏ, ਰੱਖਿਆ ਸੇਵਾਵਾਂ ਭਲਾਈ, ਫੂਡ ਪ੍ਰੋਸੈਸਿੰਗ ਤੇ ਬਾਗ਼ਬਾਨੀ, ਚੇਤਨ ਸਿੰਘ ਜੌੜਾਮਾਜਰਾ ਨੂੰ ਸਿਹਤ ਅਤੇ ਪਰਿਵਾਰ ਭਲਾਈ, ਸਿਹਤ ਸਿੱਖਿਆ ਤੇ ਖੋਜ, ਚੋਣਾਂ ਅਤੇ ਨਵੀਂ ਕੈਬਨਿਟ ਮੰਤਰੀ ਬਣੀ ਅਨਮੋਲ ਗਗਨ ਮਾਨ ਨੂੰ ਸੈਰ ਸਪਾਟਾ ਤੇ ਸੱਭਿਆਚਾਰਕ ਮਾਮਲੇ, ਨਿਵੇਸ਼ ਪ੍ਰੋਤਸਾਹਨ, ਕਿਰਤ ਅਤੇ ਸ਼ਿਕਾਇਤ ਨਿਵਾਰਣ ਵਿਭਾਗ ਦੀ ਜ਼ਿੰਮੇਵਾਰੀ ਦਿੱਤੀ ਹੈ। ਪੰਜਾਬ ਮੰਤਰੀ ਮੰਡਲ 'ਚ ਵਿਭਾਗਾਂ ਦੀ ਫੇਰਬਦਲ ਤੋਂ ਬਾਅਦ ਕੈਬਨਿਟ ਮੰਤਰੀ ਹਰਪਾਲ ਸਿੰਘ ਚੀਮਾ ਕੋਲ ਖਜ਼ਾਨਾ, ਯੋਜਨਾਬੰਦੀ, ਪ੍ਰੋਗਰਾਮ ਲਾਗੂ ਕਰਨ ਅਤੇ ਕਰ ਤੇ ਆਬਕਾਰੀ ਵਿਭਾਗ ਰਹਿ ਗਏ ਹਨ। ਗੁਰਮੀਤ ਸਿੰਘ ਮੀਤ ਹੇਅਰ ਕੋਲੋਂ ਸਿੱਖਿਆ ਵਿਭਾਗ ਜਾਣ ਤੋਂ ਬਾਅਦ ਉਨ੍ਹਾਂ ਨੂੰ ਹੁਣ ਪ੍ਰਸ਼ਾਸਨਿਕ ਸੁਧਾਰ, ਛਪਾਈ ਤੇ ਲਿਖਣ ਸਮੱਗਰੀ, ਵਿਗਿਆਨ ਤਕਨਾਲੋਜੀ ਤੇ ਵਾਤਾਵਰਣ, ਖੇਡਾਂ ਤੇ ਨੌਜਵਾਨ ਸੇਵਾਵਾਂ ਅਤੇ ਉੱਚੇਰੀ ਸਿੱਖਿਆ ਵਿਭਾਗ ਦਿੱਤੇ ਗਏ ਹਨ। ਕੈਬਨਿਟ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਨੂੰ ਪੇਂਡੂ ਵਿਕਾਸ, ਐੱਨਆਰਆਈ ਮਾਮਲੇ ਅਤੇ ਖੇਤੀਬਾੜੀ ਤੇ ਕਿਸਾਨ ਭਲਾਈ ਅਤੇ ਲਾਲਜੀਤ ਭੁੱਲਰ ਨੂੰ ਟਰਾਂਸਪੋਰਟ ਦੇ ਨਾਲ ਪਸ਼ੂ ਪਾਲਣ, ਮੱਛੀ ਅਤੇ ਡੇਅਰੀ ਵਿਭਾਗ ਦੀ ਜ਼ਿੰਮੇਵਾਰੀ ਦਿੱਤੀ ਹੈ। ਹਰਜੋਤ ਸਿੰਘ ਬੈਂਸ ਨੂੰ ਜਲ ਸਰੋਤ, ਖਾਣਾਂ ਤੇ ਭੂ-ਵਿਗਿਆਨ, ਜੇਲ੍ਹ ਅਤੇ ਸਕੂਲ ਸਿੱਖਿਆ ਵਿਭਾਗ ਦਿੱਤਾ ਹੈ। ਇਸੇ ਤਰ੍ਹਾਂ ਡਾ। ਬਲਜੀਤ ਕੌਰ ਕੋਲ ਸਮਾਜਿਕ ਨਿਆਂ ਅਤੇ ਸਸ਼ਕਤੀਕਰਨ ਅਤੇ ਘੱਟ ਗਿਣਤੀ ਤੇ ਸਮਾਜਿਕ ਸੁਰੱਖਿਆ, ਕੈਬਨਿਟ ਮੰਤਰੀ ਹਰਭਜਨ ਸਿੰਘ ਕੋਲ ਲੋਕ ਨਿਰਮਾਣ ਅਤੇ ਬਿਜਲੀ ਵਿਭਾਗ ਦਿੱਤੇ ਗਏ ਹਨ।


ਡਾ.ਇੰਦਰਬੀਰ ਸਿੰਘ ਨਿੱਝਰ (ਸਥਾਨਕ ਸਰਕਾਰਾਂ ਤੇ ਹੋਰ) | ਅਮਨ ਅਰੋੜਾ (ਸੂਚਨਾ ਅਤੇ ਲੋਕ ਸੰਪਰਕ ਤੇ ਹੋਰ) | ਚੇਤਨ ਸਿੰਘ ਜੌੜੇਮਾਜਰਾ (ਸਿਹਤ ਤੇ ਹੋਰ)
ਫੌਜਾ ਸਿੰਘ ਸਰਾਰੀ (ਫੂਡ ਪ੍ਰੋਸੈਸਿੰਗ ਤੇ ਹੋਰ) | ਅਨਮੋਲ ਗਗਨ ਮਾਨ (ਸੈਰ-ਸਪਾਟਾ ਤੇ ਹੋਰ) | ਹਰਜੋਤ ਬੈਂਸ (ਸਿੱਖਿਆ ਤੇ ਹੋਰ)

# ਅਮਰੀਕਾ ਦੀ 'ਨਾਗਰਿਕਤਾ' ਲੈਣ ਵਾਲੇ ਭਾਰਤੀ ਦੂਜੇ ਸਥਾਨ 'ਤੇ

**ਵਾਸ਼ਿੰਗਟਨ (ਬਿਊਰੋ)–** ਯੂਐਸਸੀਆਈਐਸ ਨੇ ਵਿੱਤੀ ਸਾਲ 2021 ਵਿੱਚ 8,55,000 ਨਵੇਂ ਅਮਰੀਕੀ ਨਾਗਰਿਕਾਂ ਦਾ ਸਵਾਗਤ ਕੀਤਾ। ਅਮਰੀਕਾ ਵਿੱਚ ਵਿੱਤੀ ਸਾਲ 2022 ਦੌਰਾਨ 15 ਜੂਨ ਤੱਕ 6,61,500 ਲੋਕਾਂ ਨੂੰ ਨਾਗਰਿਕਤਾ ਦਿੱਤੀ ਗਈ। ਪਹਿਲੀ ਤਿਮਾਹੀ ਵਿੱਚ 'ਕੁਦਰਤੀ ਤੌਰ 'ਤੇ' ਅਮਰੀਕੀ ਨਾਗਰਿਕਾਂ ਵਜੋਂ ਜਨਮ ਲੈਣ ਦੇ ਦੇਸ਼ ਵਜੋਂ ਭਾਰਤ ਮੈਕਸੀਕੋ ਤੋਂ ਬਾਅਦ ਦੂਜੇ ਨੰਬਰ 'ਤੇ ਹੈ। ਯੂਐਸ ਸਿਟੀਜ਼ਨਸ਼ਿਪ ਐਂਡ ਇਮੀਗ੍ਰੇਸ਼ਨ ਸਰਵਿਸਿਜ਼ ਦੇ ਡਾਇਰੈਕਟਰ ਐਮ। ਜੱਡੂ ਨੇ ਸ਼ੁੱਕਰਵਾਰ ਨੂੰ ਕਿਹਾ ਕਿ ਇਤਿਹਾਸਕ ਤੌਰ 'ਤੇ ਸਾਡੇ ਦੇਸ਼ ਵਿੱਚ ਜੀਵਨ ਤੇ ਆਜ਼ਾਦੀ ਦੇ ਅਧਿਕਾਰ ਅਤੇ ਖੁਸ਼ ਰਹਿਣ ਦੀ ਆਜ਼ਾਦੀ ਨੇ ਦੁਨੀਆ ਭਰ ਦੇ ਲੱਖਾਂ ਲੋਕਾਂ ਨੂੰ ਅਮਰੀਕਾ ਵਿੱਚ ਰਹਿਣ ਲਈ ਆਕਰਸ਼ਿਤ ਕੀਤਾ ਹੈ। ਦੇਸ਼ ਦੇ ਗ੍ਰਹਿ ਸੁਰੱਖਿਆ ਮੰਤਰਾਲੇ ਮੁਤਾਬਕ ਵਿੱਤੀ ਸਾਲ 2022 ਦੀ ਪਹਿਲੀ ਤਿਮਾਹੀ 'ਚ 'ਨੈਚੁਰਲਾਈਜ਼ੇਸ਼ਨ' ਰਾਹੀਂ ਨਾਗਰਿਕਤਾ ਹਾਸਲ ਕਰਨ ਵਾਲਿਆਂ 'ਚੋਂ 34 ਫੀਸਦੀ ਮੈਕਸੀਕੋ, ਭਾਰਤ, ਫਿਲੀਪੀਨਜ਼, ਕਿਊਬਾ ਅਤੇ ਡੋਮਿਨਿਕਨ ਰੀਪਬਲਿਕ ਦੇ ਸਨ। ਇਨ੍ਹਾਂ ਵਿੱਚੋਂ ਮੈਕਸੀਕੋ ਦੇ 24,508 ਅਤੇ ਭਾਰਤ ਦੇ 12,928 ਲੋਕਾਂ ਨੂੰ ਨਾਗਰਿਕਤਾ ਦਿੱਤੀ ਗਈ। ਏਜੰਸੀ ਨੇ ਕਿਹਾ ਕਿ ਵਿੱਤੀ ਸਾਲ 2022 ਵਿੱਚ ਯੂਐਸਸੀਆਈਐਸ ਨੇ 15 ਜੂਨ ਤੱਕ 6,61,500 ਨਵੇਂ ਅਮਰੀਕੀ ਨਾਗਰਿਕਾਂ ਦਾ ਸਵਾਗਤ ਕੀਤਾ। ਇਸ ਵਿਚ ਕਿਹਾ ਗਿਆ ਕਿ ਉਹ ਇਸ ਸਾਲ 1 ਜੁਲਾਈ ਤੋਂ 8 ਜੁਲਾਈ ਤੱਕ 140 ਤੋਂ ਵੱਧ ਸਮਾਗਮਾਂ ਰਾਹੀਂ 6,600 ਨਵੇਂ ਨਾਗਰਿਕਾਂ ਦਾ ਸੁਆਗਤ ਕਰਕੇ ਸੁਤੰਤਰਤਾ ਦਿਵਸ ਮਨਾਏਗੀ। ਅਮਰੀਕਾ ਦਾ ਸੁਤੰਤਰਤਾ ਦਿਵਸ 4 ਜੁਲਾਈ ਨੂੰ ਮਨਾਇਆ ਜਾਂਦਾ ਹੈ।




SANDHU IMMIGRATION CONSULTANT
ਇੰਮੀਗ੍ਰੇਸ਼ਨ ਸਬੰਧੀ ਆ ਰਹੀਆਂ ਮੁਸ਼ਕਿਲਾਂ ਲਈ, ਪਾਸਪੋਰਟ, ਵੀਜ਼ਾ, ਗਰੀਨ ਕਾਰਡ ਆਦਿ ਲਈ ਮਿਲੋ
Passports, Visas, Green Cards, Sponsorship, Immigration Forms , Citizenship, Spouse/Family Petitions, Study Visas
All Kinds of Immigration Forms/Petitions/Visa
WE OPEN 7-DAYS A WEEK
MANDEEP SANDHU
ਵੀਜ਼ਾ
Note: I am not an Immigration Attorney.
3222 PENELOPE DR. STOCKTON, CA- 95212
(NEAR HWY 99 ON MORADA LANE)
(209-373-3562) msandhu2014@gmail.com

DR. TAKHAR'S FAMILY MEDICINE & URGENT CARE CLINIC
8191 Timberlake Way, Suite # 400, Sacramento, CA 95823, Phone: 916-688-8888 Fax: 916-688-8837
Clinic Hours: Monday to Friday 9:00 AM to 5:30 PM, Saturday 9:00 AM – 4:00 PM & Sunday closed
Dr. Paramjit S Takhar, MD
Goodie Takhar, PhD
We speak your language: Panjabi, Hindi, Urdu, Farsi, Arabic and Spanish
URGENT CARE CLINIC

BAGGA JEWELERS
916-912-8842, 916-329-8772
SINCE 1996
jewelers.Bagga@gmail.com
ਸੈਕਰਾਮੈਂਟੋ ਵਿਚ 22 ਅਤੇ 24 ਕੈਰੇਟ ਦੇ ਗਹਿਣਿਆਂ ਦਾ ਸਟੋਰ ਖੁੱਲ੍ਹ ਗਿਆ ਹੈ, ਜਿੱਥੇ ਸੋਨੇ, ਚਾਂਦੀ ਦੇ ਗਹਿਣੇ ਆਰਡਰ 'ਤੇ ਵੀ ਤਿਆਰ ਕਰਵਾ ਸਕਦੇ ਹੋ। ਸੋਨਾ ਵੇਚਣ, ਖਰੀਦਣ ਅਤੇ ਪੁਰਾਣੇ ਬਦਲੇ ਨਵਾਂ ਸੋਨੇ ਤੇ ਕੈਸ਼ ਵੀ ਲੈ ਸਕਦੇ ਹੋ। ਇੱਥੇ ਚਾਂਦੀ ਦੇ ਗਹਿਣੇ ਅਤੇ ਚਾਂਦੀ ਦੇ ਬਰਤਨ ਵੀ ਮਿਲਦੇ ਹਨ। ਹਰ ਕਿਸਮ ਦੇ ਗਹਿਣੇ ਸਟੋਰ ਦੇ ਅੰਦਰ ਹੀ ਤਿਆਰ ਕੀਤੇ ਜਾਂਦੇ ਹਨ।
Sandeep Jony Bagga
6930 65TH STREET # 115 SACRAMENTO CA 95823

MAJESTIC HOMES
RAMESH SUMAN
Broker Realtor
RCS-D TM
Office (925) 779-1234
Direct (925) 366-3618
Fax (905) 219-3918
DRE Licence- 00871752
www.majestichomes.us ramesh@rameshsuman.com
P.O. Box 3434, Antioch, CA 94531-3434

SAROAY INVESTMENT REALTY
Ram Saroay
Broker/Realtor
Business License 031035
ramsaroay@hotmail.com
39039 Paseo Padre Parkway Suite # 205 Fremont, CA 94538
Office: (510) 742-8120, Cell; (510) 368-3983

Amrik Chand (CPA)
Phone : 510-490-8200
Fax : 510-490-8202
Email : achand@pacbell.net
Income Tax Preparation (Individual, Corporation & LLC)
Payroll Services & Bookkeeping Services
* We are in this business since 1989.
Your satisfaction is our goal.
* Please call us for Professional & reliable services at reasonable rates.
959 Corporate Way, Fremont, CA. 94539

ਸੋਹੰ

SRI GURU RAVIDASS SABHA (CA)
2150 Crestview Drive, Pittsburg CA 94565
Tel : (925) 439-2355

# Sri Guru Ravidass Temple Gurughar's 37th Anniversary 2022






**July 8-9-10, 2022**

**Pittsburg Gurughar's 37th Anniversary**

Sri Guru Ravidass Temple Pittsburg's 37th anniversary will be celebrated on July 10, 2022. Akhand Path will start on Friday 7/08/2022 at 10:00 AM and will be concluded with Bhog ceremony on Sunday 7/10/2022. Path and Langar sewa will be hosted by Guru Ki Sangat.

Ragi Jatha of **Bhai Onkar Singh Una Sahib Wale** will adorn the occasion along with other Kirtankars. Entire Sangat is requested to attend the function.

**July 31, 2022 Sukhmani Sahib Path and Langar Sewa by Lashkari Ram Suman.**

ਲਖ ਖੁਸੀਆ ਪਾਤਸਿਾਹੀਆ ਜੇ ਸਤਗਿੁਰੁ ਨਦਰਿ ਕਰੇਇ

Sri Sukhmani Sahib Path and Langar Sewa will be hosted by Bhai Lashkari Ram Suman and family in preparation of their daughter Bindu Suman's wedding. May Waheguru bless Bindu Suman with all the joy in her married life and keep Suman family in CHARDI KALA.

**"NANAK NAM CHARDI KALA TERE BHANE SARBAT DA BHALA"**

**Please contact General Secretary Abhishek Pal Narabut at (925)695-4637 for booking any program.**

## Sangat De Sewadar

| Chairperson | President | General Secretary | Treasurer |
|---|---|---|---|
| Kulwant Kaur Banga | Jagtar Bhatia | Abhishek Pal Narabut | Sunita K Singh |

**Please visit Gurughar website for information: WWW.SriGuruRavidassTemple.com**



HAPPY BAZAAR
HAPPY BAZAAR
INDIAN, PAKISTANI & FIJJIAN GROCERIES
WE ARE OPEN
7 DAYS A WEEK
9:00am to 8:30pm
RENT DVDS & BUY CLOTHES
ENJOY YOUR DAY WITH HOPES
CALL US
Ph: (209) 478-0285
Fax: (209) 477-3206
We sell Air Tickets
ਸਾਡੇ ਕੋਲ ਏਅਰਲਾਈਨ ਟਿਕਟਾਂ ਵੀ ਉਪਲੱਬਧ ਹਨ।
EVERY SATURDAY & SUNDAY SPECIAL DISCOUNT ON GROCERIES
1304 E Hammer Lane # 7 Stockton CA 95212
EMAIL: indiabazaar08@yahoo.com




Kash FABRICS
ਪੰਜਾਬੀ ਫੈਸ਼ਨ ਦਾ ਨੰਬਰ ਵਨ ਸਟੋਰ
ਸਾਡੀ ਸਪੈਸ਼ਲਟੀ
ਵਿਆਹ ਸ਼ਾਦੀ ਲਈ ਡਿਜ਼ਾਈਨਰ
ਲਹਿੰਗੇ ਤੇ ਸੂਟ ਅਤੇ ਨਾਲ
ਡਿਜ਼ਾਇਨਰ ਮੈਚਿੰਗ ਜਿਊਲਰੀ
ਖੁੱਲ੍ਹਾ ਕੱਪੜਾ ਵਧੀਆ ਤੋਂ
ਵਧੀਆ ਸਾੜ੍ਹੀਆਂ ਤੇ
ਡਿਜ਼ਾਈਨਰ ਸੂਟ, ਦਰਜਨਾਂ ਰੰਗਾਂ
ਵਿਚ ਪੱਗੜੀਆਂ ਸਾਡੇ ਤੋਂ ਖਰੀਦੋ।
ਸਾਡੇ ਕੋਲ ਹਿੰਦੀ, ਪੰਜਾਬੀ ਅਤੇ ਉਰਦੂ ਦੇ ਸੰਗੀਤ, ਡਰਾਮਿਆਂ ਅਤੇ ਫਿਲਮਾਂ ਦੀਆਂ ਸੀਡੀਆਂ-ਵੀਡੀਓ ਤੇ ਡੀਵ ਵੀਡ ਡੀਵ ਦੀ ਬਹੁਤ ਵੱਡੀ ਕੁਲੈਕਸ਼ਨ ਹੈ।
ਕੈਲੀਫੋਰਨੀਆ ਤੋਂ ਬਾਹਰ ਰਹਿੰਦੇ ਗਾਹਕਾਂ ਲਈ ਸਮਾਨ ਅਸੀਂ ਯੂਬ ਪੀਬ ਐਸ਼ ਰਾਹੀਂ ਤੁਰੰਤ ਭੇਜ ਸਕਦੇ ਹਾਂ।
KASH FABRICS
ONE STOP SHOPPING CENTRE
29576 Mission Blvd Hayward. Ca 94544
www.kashfabrics.com
Tel: 510-538-1138




Raja
SWEETS & CATERING
AUTHORIZED CATERER FOR
MAJOR 5-STAR HOTELS
ITEMS SERVING
All Kinds of Sweets | Snacks
Chaat Stall | North Indian Cuisine
Fluda Kulfi Stall | On Site Tandoor
CATERING SERVICE
Wedding Ceremonies | Receptions
Birthday Parties | Corporate Events
Religious Gatherings
Picnics/Bar-B-Que
ADDITIONAL SERVICE
Warmers | Chaffing Dishes
China & Silverware
Linen Rental | Waiters
Bartenders
CONTACT US:
RAJA SWEETS & CATERING
WORK (510) 489-9100
CELL (510) 715-1619
Email: msbains@rajasweets.com
www.rajasweets.com
Find us on: facebook.
Follow us on Twitter
rajasweetsandcatering
rajasweets




INDIA MARKET
INDIA MARKET
SWEETS & SPICES
CHAAT PAPDI, SAMOSA, CHAAT, PANI PURI
DAHI VADA, BHEL PURI CHAAT
ਤੁਹਾਡਾ ਆਪਣਾ ਮਨਭਾਉਂਦਾ ਸਟੋਰ
ਤਾਜ਼ੀਆਂ ਸਬਜ਼ੀਆਂ ਅਤੇ ਗਰੋਸਰੀ ਲਈ ਸੇਵਾ ਦਾ ਮੌਕਾ ਦਿਓ
WE HAVE LARGEST COLLECTION FOR INDIAN FIJIAN & PAKISTANI GROCERY
MUSIC, FABRIC ARTIFICIAL JEWELRY, SWEETS, FRESH VEGETABLES & MORE..
ਕਸ਼ਮੀਰ ਸਿੰਘ ਹੀਰਾ
ਬਰਿੰਦਰ ਬੈਂਗੜ
Super Eyebrow Threading Now Open
Eyebrow Threading & Henna Tattoo
7 times, Get 8th one free!
Inside India Market
SACRAMENTO
5203 EKLHORN BLVD
SACRAMENTO CA 95842
916- 338-5511
WALK INS WELCOME
ROSEVILLE
1265 PLEASANT GROVE BLVD.
# 100 ROSEVILLE, CA 95747
916- 786-7666
Cell :
916-798-8142
Email:
IndiaMarketRoseville@gmail.com

# ਅਮਰੀਕਾ ਦਾ ਅਜ਼ਾਦੀ ਦਿਹਾੜਾ ਫਰਿਜਨੋ ਵਿਖੇ ਧੂੰਮ ਧਾਮ ਨਾਲ ਮਨਾਇਆ ਗਿਆ





**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)–** ਅਮਰੀਕਾ ਦਾ 246ਵਾਂ ਅਜ਼ਾਦੀ ਦਿਹਾੜਾ ਜਿਥੇ ਪੂਰੀ ਅਮਰੀਕਾ ਵਿੱਚ ਵੱਖ ਵੱਖ ਢੰਗਾਂ ਨਾਲ ਬੜੇ ਸ਼ਾਨੋ ਸ਼ੌਕਤ ਨਾਲ ਮਨਾਇਆ ਗਿਆ, ਉਥੇ ਫਰਿਜਨੋ, ਕੈਲੀਫੋਰਨੀਆਂ ਚ ਅਮੈਰਕਿਨ ਫਲੈਗ ਅਤੇ ਖਾਲਸਾਈ ਝੰਡਿਆਂ ਨਾਲ ਸ਼ਿੰਗਾਰੇ ਘੋੜੇ ਅਤੇ ਫੋਰਡ ਟਰੈਕਟਰ ਖ਼ਾਸ ਖਿੱਚ ਦਾ ਕੇਂਦਰ ਰਹੇ ਕਬੱਡੀ ਤੇ ਹੋਰ ਖੇਡਾਂ ਨਾਲ ਮਨਾਇਆ ਗਿਆ॥ ਘੋੜ ਸਵਾਰਾਂ ਨੇ ਘੋੜਿਆਂ ਨੂੰ ਵੱਖ ਵੱਖ ਚਾਲਾਂ ਚ ਦੜਾਉਂਦਿਆਂ ਘੋੜ ਸਵਾਰੀ ਦੇ ਚੰਗੇ ਜੌਹਰ ਵਿਖਾਏ। ਕੋਵਿੱਡ 19 ਪਿੱਛੋਂ ਇਸ ਮੇਲੇ ਨੂੰ ਲੈਕੇ ਭਾਰੀ ਉਤਸ਼ਾਹ ਵੇਖਣ ਨੂੰ ਮਿਲਿਆ। ਘੋੜ ਸਵਾਰੀ ਅਤੇ ਟਰੈਕਟਰ ਸ਼ੋਅ ਤੋਂ ਬਾਅਦ ਵਿੱਚ ਅੰਡਰ 21 ਕਬੱਡੀ ਸ਼ੋਅ ਮੈਚ ਦਾ ਦਰਸ਼ਕਾਂ ਨੇ ਖ਼ੂਬ ਅਨੰਦ ਮਾਣਿਆ। ਪ੍ਰੋਗਰਾਮ ਦੀ ਸ਼ੁਰੂਆਤ ਪੱਤਰਕਾਰ ਨੀਟਾ ਮਾਛੀਕੇ ਨੇ ਸ਼ਾਇਰਾਨਾ ਅੰਦਾਜ਼ ਵਿੱਚ ਸਭਨਾਂ ਨੂੰ ਨਿੱਘੀ ਜੀ ਆਇਆ ਆਖਕੇ ਕੀਤੀ।

ਇਸ ਉਪਰੰਤ ਕਬੱਡੀ ਕੁਮੈਂਟੇਟਰ ਸਵਰਨ ਸਿੰਘ ਨੇ ਆਪਣੇ ਟੋਟਕਿਆਂ ਨਾਲ ਖ਼ੂਬ ਰੰਗ ਬੰਨਿਆ। ਰੱਸਾਕਸ਼ੀ ਦੇ ਰੌਚਿਕ ਮੁਕਾਬਲਿਆਂ ਨੇ ਅਤੇ ਦਰਸ਼ਕਾਂ ਦੇ ਪੈਂਦੇ ਲਲਕਾਰਿਆ ਨੇ ਮੇਲੇ ਨੂੰ ਚਰਮ ਸੀਮਾ ਤੱਕ ਪਹੁੰਚਾ ਦਿੱਤਾ। ਘੋੜ ਸਵਾਰਾਂ ਨੂੰ ਟਰਾਫੀਆਂ ਨਾਲ ਸਨਮਾਨਿਆ ਗਿਆ। ਪੰਜਾਬੀ ਮਾਂ ਬੋਲੀ ਦੇ ਆਸ਼ਕ ਅਸ਼ੋਕ ਬਾਂਸਲ ਮਾਨਸਾ ਅਤੇ ਪੱਤਰਕਾਰ ਕੁਲਵੰਤ ਧਾਲੀਆਂ ਦਾ ਉਹਨਾਂ ਦੀ ਸੇਵਾਵਾਂ ਬਦਲੇ ਸਨਮਾਨ ਕੀਤਾ ਗਿਆ। ਇਨਾਮਾਂ ਦੀ ਵੰਡ ਸ਼੍ਰੋਮਣੀ ਕਮੇਟੀ ਮੈਂਬਰ ਜੁਗਰਾਜ ਸਿੰਘ ਦੌਧਰ, ਹਾਕਮ ਸਿੰਘ ਢਿੱਲੋ ਅਤੇ ਹੋਰ ਪਤਵੰਤੇ ਸੱਜਣਾਂ ਨੇ ਕੀਤੀ। ਇਸ ਸਮਾਗਮ ਦਾ ਪ੍ਰਬੰਧ ਕਬੱਡੀ ਪ੍ਰਮੋਟਰ ਅਤੇ ਟਰਾਂਸਪੋਰਟਰ ਨਾਜਰ ਸਿੰਘ ਸਹੋਤਾ, ਲੇਖਕ ਅਮਰਜੀਤ ਸਿੰਘ ਦੌਧਰ ਅਤੇ ਸਾਥੀਆ ਦੇ ਉੱਦਮ ਸਦਕਾ ਫਰਿਜਨੋ ਦੇ ਬੰਬੇ ਬਿਜਨਸ ਪਾਰਕ ਵਿੱਚ ਵੀ ਕੀਤਾ ਗਿਆ ਸੀ। ਸਮਾਗਮ ਦੌਰਾਨ ਸ। ਨਾਜਰ ਸਿੰਘ ਸਹੋਤਾ ਨੇ ਸਭਨਾਂ ਦਾ ਧੰਨਵਾਦ ਕਰਦਿਆਂ ਸਾਰੇ ਅਮੈਰਕਿਨ ਅਤੇ ਪੰਜਾਬੀ ਭਾਈਚਾਰੇ ਨੂੰ 4 ਜੁਲਾਈ ਦੀ ਵਧਾਈ ਦਿੱਤੀ। ਪੂਰੇ ਸਮਾਗਮ ਦੌਰਾਨ ਲੰਗਰ ਦੀ ਸੇਵਾ ਭਾਈ ਇਕਬਾਲ ਸਿੰਘ ਨੇ ਬਾਖ਼ੂਬੀ ਕੀਤੀ। ਅਖੀਰ ਚ 4 ਜੁਲਾਈ ਅਜਾਦੀ ਦਿਵਸ ਨੂੰ ਮੁੱਖ ਰੱਖਦਿਆਂ ਪਟਾਏ ਚਲਾਏ ਗਏ।

## ਅਮਰੀਕਾ ਦੇ ਇੰਡਿਆਨਾ ਰਾਜ ਵਿਚ ਇਕ ਪਾਰਟੀ ਦੌਰਾਨ ਹੋਈ ਗੋਲੀਬਾਰੀ ਵਿੱਚ 3 ਮੌਤਾਂ ਤੇ 7 ਜਖਮੀ

**ਸੈਕਰਾਮੈਂਟੋ 6 ਜੁਲਾਈ (ਹੁਸਨ ਲੜੋਆ ਬੰਗਾ)–** ਉੱਤਰ ਪੱਛਮੀ ਇੰਡਿਆਨਾ ਵਿਚ ਇਕ ਬਲਾਕ ਪਾਰਟੀ ਦੌਰਾਨ ਹੋਈ ਗੋਲੀਬਾਰੀ ਵਿਚ 3 ਵਿਅਕਤੀਆਂ ਦੀ ਮੌਤ ਹੋ ਗਈ ਤੇ 7 ਹੋਰ ਜਖਮੀ ਹੋ ਗਏ। ਪੁਲਿਸ ਨੇ ਇਹ ਜਾਣਕਾਰੀ ਦਿੰਦਿਆਂ ਦੱਸਿਆ ਕਿ ਗੋਲੀਬਾਰੀ ਗੈਰੀ, ਇੰਡਿਆਨਾ ਦੇ ਰਿਹਾਇਸ਼ੀ ਖੇਤਰ ਵਿਚ ਹੋਈ। ਪੁਲਿਸ ਅਧਿਕਾਰੀ ਲੈਫਟੀਨੈਂਟ ਡਾਨ ਵੈਸਟਰਫੀਲਡ ਨੇ ਕਿਹਾ ਹੈ ਕਿ ਜਦੋਂ ਪੁਲਿਸ ਮੌਕੇ ਉਪਰ ਪੁੱਜੀ ਤਾਂ 3 ਵਿਅਕਤੀਆਂ ਦੀ ਮੌਤ ਹੋ ਚੁੱਕੀ ਸੀ। ਜਖਮੀਆਂ ਨੂੰ ਹਸਪਤਾਲ ਦਾਖਲ ਕਰਵਾਇਆ ਗਿਆ ਹੈ। ਵੈਸਟਰਫੀਲਡ ਅਨੁਸਾਰ ਜਖਮੀਆਂ ਦੀ ਹਾਲਤ ਬਾਰੇ ਅਜੇ ਕੋਈ ਜਾਣਕਾਰੀ ਨਹੀਂ ਮਿਲੀ ਹੈ। ਉਨਾਂ ਕਿਹਾ ਹੈ ਕਿ ਅਧਿਕਾਰੀ ਮੌਕੇ ਉਪਰ ਹਾਲਾਤ ਦਾ ਜਾਇਜ਼ਾ ਲੈ ਰਹੇ ਹਨ ਤੇ ਅਜੇ ਇਹ ਵੀ ਪਤਾ ਨਹੀਂ ਲੱਗ ਸਕਿਆ ਕਿ ਹਮਲਾਵਰ ਕਿੰਨੇ ਸਨ। ਮ੍ਰਿਤਕਾਂ ਵਿਚ ਇਕ 20 ਸਾਲ ਦੀ ਔਰਤ ਸ਼ਾਮਿਲ ਹੈ ਜੋ ਓਲਿੰਪਿਆ ਫੀਲਡਜ ਦੀ ਰਹਿਣ ਵਾਲੀ ਸੀ। ਇਕ ਮ੍ਰਿਤਕ 26 ਸਾਲਾ ਵਿਅਕਤੀ ਲਾਫੇਟੇ, ਇੰਡਿਆਨਾ ਦਾ ਵਸਨੀਕ ਸੀ ਤੇ ਤੀਸਰਾ ਮ੍ਰਿਤਕ 25 ਸਾਲਾ ਵਿਅਕਤੀ ਮੈਰਿਲਵਿਲੇ, ਇੰਡਿਆਨਾ ਦਾ ਵਸਨੀਕ ਸੀ।

## ਸ਼ਿਕਾਗੋ ਦੇ ਹਾਈਲੈਂਡ ਪਾਰਕ ਵਿਚ ਆਜ਼ਾਦੀ ਪਰੇਡ ਉਪਰ ਗੋਲੀਬਾਰੀ ਕਰਨ ਵਾਲੇ ਦੋਸ਼ੀ ਦੀ ਬਾਕੀ ਜਿੰਦਗੀ ਜੇਲ ਵਿਚ ਬੀਤੇਗੀ–ਅਟਾਰਨੀ



**ਸੈਕਰਾਮੈਂਟੋ 6 ਜੁਲਾਈ ( ਹੁਸਨ ਲੜੋਆ ਬੰਗਾ)–** ਸ਼ਿਕਾਗੋ ਦੇ ਨੀਮ ਸ਼ਹਿਰੀ ਖੇਤਰ ਇਲੀਨੋਇਸ ਦੇ ਹਾਈਲੈਂਡ ਪਾਰਕ ਵਿਚ ਚਲ ਰਹੀ ਅਜ਼ਾਦੀ ਦੀ ਪਰੇਡ ਉਪਰ ਗੋਲੀਬਾਰੀ ਕਰਕੇ 7 ਲੋਕਾਂ ਦੀ ਹੱਤਿਆ ਕਰਨ ਤੇ 40 ਤੋਂ ਵਧ ਲੋਕਾਂ ਨੂੰ ਜਖਮੀ ਕਰਨ ਵਾਲੇ ਰਾਬਰਟ ਈ ਕ੍ਰਿਮੋ ਵਿਰੁੱਧ ਫਸਟ ਡਿਗਰੀ ਕਤਲ ਦਾ ਮੁਕੱਦਮਾ ਦਰਜ ਕੀਤਾ ਗਿਆ ਹੈ । ਲੇਕ ਕਾਊਂਟੀ ਦੇ ਅਟਾਰਨੀ ਐਰਿਕ ਰੀਨੇਹਾਰਟ ਨੇ ਕਿਹਾ ਹੈ ਕਿ ਜੇਕਰ ਅਦਾਲਤ ਕ੍ਰਿਮੋ ਨੂੰ ਦੋਸ਼ੀ ਮੰਨ ਲੈਂਦੀ ਹੈ ਤਾਂ ਉਹ ਉਮਰ ਭਰ ਲਈ ਬਿਨਾਂ ਜਮਾਨਤ ਜੇਲ ਵਿਚ ਰਹੇਗਾ ਇਸ ਗੱਲ ਦੀ ਪੂਰੀ ਸੰਭਾਵਨਾ ਹੈ। ਉਨਾਂ ਕਿਹਾ ਕਿ ਅਜੇ ਮੁੱਢਲੇ ਤੌਰ 'ਤੇ ਕ੍ਰਿਮੋ ਵਿਰੁੱਧ ਪਹਿਲਾ ਕਤਲ ਦਾ ਦੋਸ਼ ਆਇਦ ਕੀਤਾ ਗਿਆ ਹੈ ਤੇ ਉਸ ਵਿਰੁੱਧ ਦਰਜਨ ਤੋਂ ਵਧ ਹੋਰ ਦੋਸ਼ ਆਇਦ ਕੀਤੇ ਜਾਣਗੇ। ਲੰਘੇ ਸੋਮਵਾਰ ਕ੍ਰਿਮੋ ਨੇ ਹਾਈਲੈਂਡ ਪਾਰਕ ਨਾਲ ਲੱਗਦੀ ਇਮਾਰਤ ਦੀ ਛੱਤ ਤੋਂ ਕਾਨੂੰਨੀ ਤੌਰ 'ਤੇ ਖਰੀਦੀ ਅਸਾਲਟ ਰਾਈਫਲ ਨਾਲ ਅੰਧਾਧੁੰਦ ਗੋਲੀਬਾਰੀ ਕੀਤੀ ਸੀ। ਉਸ ਨੇ 70 ਤੋਂ ਵਧ ਗੋਲੀਆਂ ਚਲਾਈਆਂ ਤੇ ਮੌਕੇ ਤੋਂ ਫਰਾਰ ਹੋ ਗਿਆ ਸੀ ਜਿਸ ਨੂੰ ਬਾਅਦ ਵਿਚ ਗ੍ਰਿਫਤਾਰ ਕਰ ਲਿਆ ਗਿਆ ਸੀ।


SKY TRANSPORT SOLUTIONS

STRIVE FOR MORE

ਟਰੱਕਾਂ ਵਾਲਿਆਂ ਵੀਰਾਂ ਦੇ ਲਈ
ਸਕਾਈ ਟਰਾਂਸਪੋਰਟ ਸਾਲਿਊਸ਼ਨ
ਦੀਆਂ ਵਿਸ਼ੇਸ਼ ਸੇਵਾਵਾਂ



WE PROVIDE ALL TRUCKING RELATED PERMITS AND SERVICES

SPECIAL BIT INSPECTION AND DOT AUDIT COMPLIANCE:

ICC, DOT, IFTA, IRP Plates, PERMITS, NYP, KYU, OR, Canada Permit, CORPORATION AND LLC FILLING SERVICES, 2290, PTI, Trailer plates.

NOTORY PUBLIC SERVICES.
ON THE SPOT VIN VERIFICATION SERVICES.
DOT OUT OF SERVICES??
AUTHORIZED IRS E- FILE PROVIDER.
WE HAVE COMPLETE SOLUTIONS FOR OUT OF SERVICE DOT.

SPECIAL DOT COMPLIANCE FOR SAFETY, AUDITS AND RECORD KEEPING.

PLEASE CONTACT US FOR MORE INFORMATION

PHONE: 209-855-6938, FAX: 209-762-6540

Email: skytransportsolution@gmail.com

Give us a chance to provide you best services

121 E 11th St. Tracy, CA 95376

# ਵਾਈਟ ਹਾਊਸ ਵੱਲੋਂ 'ਰਾਸ਼ਟਰਪਤੀ ਅਜਾਦੀ ਮੈਡਲ' ਦੇ 17 ਜੇਤੂਆਂ ਦਾ ਐਲਾਨ

**ਸੈਕਰਾਮੈਂਟੋ 5 ਜੁਲਾਈ (ਹੁਸਨ ਲੜੋਆ ਬੰਗਾ)–** ਅਮਰੀਕਾ ਦੇ ਰਾਸ਼ਟਰਪਤੀ ਜੋ ਬਾਈਡਨ ਨੇ 'ਪ੍ਰੈਜੀਡੈਂਸ਼ੀਅਲ ਮੈਡਲ ਆਫ ਫਰੀਡਮ' ਦੇ ਜੇਤੂਆਂ ਦਾ ਐਲਾਨ ਕੀਤਾ ਹੈ। ਇਨਾਂ ਵਿਚ ਪਾਕਿਸਤਾਨੀ ਮੂਲ ਦਾ ਖਿਜ਼ਰ ਖਾਨ ਵੀ ਸ਼ਾਮਿਲ ਹੈ। ਖਿਜ਼ਰ ਖਾਨ ਲਹੌਰ ਦਾ ਰਹਿਣ ਵਾਲਾ ਹੈ ਤੇ ਉਹ ਆਪਣੇ ਪਰਿਵਾਰ ਸਮੇਤ ਹਾਵਰਡ ਲਾਅ ਸਕੂਲ ਵਿੱਚ ਪੜਨ ਲਈ ਅਮਰੀਕਾ ਆਇਆ ਸੀ।


ਇਹ ਮਾਣਮੱਤਾ ਸਭ ਤੋਂ ਵੱਡਾ ਨਾਗਰਿਕ ਸਨਮਾਨ ਪ੍ਰਾਪਤ ਕਰਨ ਵਾਲਿਆਂ ਦੀ ਸੂਚੀ ਵਿਚ ਉਲੰਪੀਅਨ ਜਿਮਨਾਸਟ ਸਿਮੋਨ ਬਿਲਸ ਤੇ ਕਾਂਗਰਸਵੋਮੈਨ ਗੈਬਰੀਲ ਜੀਫੋਰਡਸ ਸ਼ਾਮਿਲ ਹਨ। ਐਪਲ ਦੇ ਸਹਿ ਸੰਸਥਾਪਕ ਸਟੀਵ ਜੌਬਜ ਤੇ ਸਾਬਕਾ ਸੈਨੇਟਰ ਜੌਹਨ ਮਕੈਨ ਨੂੰ ਇਹ ਸਨਮਾਨ ਮਰਨ ਉਪਰੰਤ ਦਿੱਤਾ ਗਿਆ ਹੈ।

ਵਾਈਟ ਹਾਊਸ ਨੇ ਜਾਰੀ ਬਿਆਨ ਵਿਚ ਕਿਹਾ ਹੈ ਕਿ "ਇਨਾਂ 17 ਅਮਰੀਕੀਆਂ ਨੇ ਸੰਭਾਵਨਾਵਾਂ ਉਜਾਗਰ ਕੀਤੀਆਂ ਹਨ ਤੇ ਸਖਤ ਮਿਹਨਤ ਕਰਕੇ ਰਾਸ਼ਟਰ ਨਿਰਮਾਣ ਵਿਚ ਵੱਡਮੁਲਾ ਯੋਗਦਾਨ ਪਾਇਆ ਹੈ। ਇਨਾਂ ਨੇ ਆਰਟਸ ਤੇ ਸਾਇੰਸ ਦੇ ਖੇਤਰ ਵਿਚ ਅਨੇਕਾਂ ਰੁਕਾਵਟਾਂ ਨੂੰ ਪਾਰ ਕਰਕੇ ਆਪਣਾ ਜੀਵਨ ਲੋੜਵੰਦ ਅਮਰੀਕੀਆਂ ਨੂੰ ਸਮਰਪਿਤ ਕੀਤਾ ਹੈ। ਸਮਾਜ ਵਿਚ ਤਬਦੀਲੀ ਲਿਆਉਣ ਲਈ ਬਹਾਦਰੀ ਨਾਲ ਕੰਮ ਕੀਤਾ ਹੈ ਤੇ ਆਉਣ ਵਾਲੀਆਂ ਪੀੜੀਆਂ ਲਈ ਮਿਸਾਲੀ ਉਦਾਹਰਣਾਂ ਪੈਦਾ ਕੀਤੀਆਂ ਹਨ।" ਅਮਰੀਕਾ ਦੇ ਸਾਬਕਾ ਰਾਸ਼ਟਰਪਤੀ ਜੌਹਨ ਐਫ ਕੈਨੇਡੀ ਦੇ ਕਾਰਜਕਾਲ ਵੇਲੇ ਹੋਂਦ ਵਿਚ ਆਇਆ 'ਰਾਸ਼ਟਰਪਤੀ ਅਜਾਦੀ ਮੈਡਲ' ਸਭ ਤੋਂ ਵੱਡਾ ਗੈਰਫੌਜੀ ਨਾਗਰਿਕ ਸਨਮਾਨ ਹੈ ਜੋ ਉਨਾਂ ਵਿਅਕਤੀਆਂ ਨੂੰ ਦਿੱਤਾ ਜਾਂਦਾ ਹੈ ਜਿਨਾਂ ਨੇ ਖੁਸ਼ਹਾਲੀ, ਕਦਰਾਂ- ਕੀਮਤਾਂ, ਅਮਰੀਕਾ ਦੀ ਸੁਰੱਖਿਆ ਤੇ ਵਿਸ਼ਵ ਸ਼ਾਤੀ ਵਿਚ ਮਿਸਾਲੀ ਯੋਗਦਾਨ ਪਾਇਆ ਹੋਵੇ।

# ਅਮਰੀਕਾ ਵਿਚ ਸਿਆਹਫਿਆਮ ਵਿਅਕਤੀ ਹੋਇਆ ਪੁਲਿਸ ਦੀਆਂ ਗੋਲੀਆਂ ਦਾ ਸ਼ਿਕਾਰ


## ਜੇਲੈਂਡ ਵਾਕਰ ਦੇ 60 ਗੋਲੀਆਂ ਮਾਰੀਆਂ ਗਈਆਂ, ਅਧਿਕਾਰੀਆਂ ਵੱਲੋਂ ਗੋਲੀਬਾਰੀ ਦੀ ਵੀਡੀਓ ਜਾਰੀ, ਲੋਕਾਂ ਵੱਲੋਂ ਜਬਰਦਸਤ ਪ੍ਰਦਰਸ਼ਨ

**ਸੈਕਰਾਮੈਂਟੋ 4 ਜੁਲਾਈ (ਹੁਸਨ ਲੜੋਆ ਬੰਗਾ)–** ਆਕਰਨ, ਓਹੀਓ ਵਿਚ ਕਾਰ ਸਵਾਰ ਸਿਆਹਫਿਆਮ ਜੇਲੈਂਡ ਵਾਕਰ ਜੋ ਪਿਛਲੇ ਹਫਤੇ ਪੁਲਿਸ ਅਫਸਰਾਂ ਹੱਥੋਂ ਮਾਰਿਆ ਗਿਆ ਸੀ, ਦੀ ਪੋਸਟ ਮਾਰਟਮ ਰਿਪੋਰਟ ਵਿਚ ਹੈਰਾਨੀਜਨਕ ਤੱਥ ਸਾਹਮਣੇ ਆਏ ਹਨ। ਪੋਸਟ ਮਾਰਟਮ ਕਰਨ ਵਾਲੇ ਡਾਕਟਰ ਅਨੁਸਾਰ ਵਾਕਰ ਦੇ 60 ਗੋਲੀਆਂ ਦੇ ਜਖਮ ਹਨ ਹਾਲਾਂ ਕਿ ਪੁਲਿਸ ਨੇ ਕੁਲ ਕਿੰਨੀਆਂ ਗੋਲੀਆਂ ਚਲਾਈਆਂ ਇਸ ਬਾਰੇ ਜਾਣਕਾਰੀ ਨਹੀਂ ਮਿਲ ਸਕੀ। ਆਕਰਨ ਪੁਲਿਸ ਦਾ ਕਹਿਣਾ ਹੈ ਕਿ ਵਾਕਰ ਟਰੈਫਿਕ ਸਟਾਪ ਤੋਂ ਭੱਜ ਗਿਆ ਸੀ। ਪੁਲਿਸ ਅਧਿਕਾਰੀਆਂ ਨੇ ਉਸ ਦਾ ਪਿਛਾ ਕੀਤਾ ਜਿਸ ਦੌਰਾਨ ਉਹ ਮਾਰਿਆ ਗਿਆ। ਇਸ ਮਾਮਲੇ ਵਿਚ ਸਿੱਧੇ ਤੌਰ 'ਤੇ ਸ਼ਾਮਿਲ 8 ਪੁਲਿਸ ਅਫਸਰਾਂ ਨੂੰ ਪ੍ਰਸ਼ਾਸਨਿਕ ਛੁੱਟੀ 'ਤੇ ਭੇਜ ਦਿੱਤਾ ਗਿਆ ਹੈ। ਇਸ ਘਟਨਾ ਦੇ ਮੱਦੇਨਜਰ ਸ਼ਹਿਰ ਵਿਚ ਹੋਣ ਵਾਲਾ 4 ਦਿਨਾ ਚੌਥਾ ਮੇਲਾ ਰੱਦ ਕਰ ਦਿੱਤਾ ਗਿਆ ਹੈ। ਅਧਿਕਾਰੀਆਂ ਵੱਲੋਂ ਜਾਰੀ ਕੀਤੀ ਗਈ ਵੀਡੀਓ ਵਿਚ ਸਾਫ ਨਜਰ ਆ ਰਿਹਾ ਹੈ ਕਿ ਵਾਕਰ ਆਪਣੀ ਕਾਰ ਵਿਚੋਂ ਨਿਕਲ ਕੇ ਥੋਹੜਾ ਜਿਹਾ ਪੁਲਿਸ ਅਧਿਕਾਰੀਆਂ ਵੱਲ ਵਧਦਾ ਹੈ ਜਿਸ ਦੌਰਾਨ ਪੁਲਿਸ ਅਧਿਕਾਰੀ ਉਸ ਉਪਰ ਅੰਧਾਧੁੰਦ ਗੋਲੀਆਂ ਚਲਾ ਦਿੰਦੇ ਹਨ। ਪੁਲਿਸ ਮੁੱਖੀ ਸਟੀਫਨ ਮਾਈਲੈਟ ਨੇ ਕਿਹਾ ਹੈ ਕਿ ਪੁਲਿਸ ਅਫਸਰਾਂ ਨੇ ਵਾਕਰ ਨੂੰ ਮੁੱਢਲੀ ਸਹਾਇਤਾ ਦੇਣ ਦੀ ਕੋਸ਼ਿਸ਼ ਕੀਤੀ ਪਰ ਉਹ ਮੌਕੇ ਉਪਰ ਹੀ ਦਮ ਤੋੜ ਚੁੱਕਾ ਸੀ। ਉਨਾਂ ਕਿਹਾ ਵੀਡੀਓ ਵਿਚ ਵਾਕਰ ਦੀ ਕਾਰ ਦੀ ਮੋਹਰਲੀ ਸੀਟ ਉਪਰ ਗੰਨ ਪਈ ਨਜਰ ਆ ਰਹੀ ਹੈ ਜਿਸ ਤੋਂ ਇਹ ਸਾਬਤ ਕਰਨ ਦਾ ਯਤਨ ਕੀਤਾ ਗਿਆ ਹੈ ਕਿ ਵਾਕਰ ਹਥਿਆਰਬੰਦ ਸੀ ਜਦ ਕਿ ਉਹ ਖਾਲੀ ਹੱਥ ਸੀ ਤੇ ਉਸ ਕੋਲ ਕੋਈ ਹਥਿਆਰ ਨਹੀਂ ਸੀ। ਘਟਨਾ ਦੀ 'ਓਹੀਓ ਬਿਊਰੋ ਆਫ ਕ੍ਰਿਮੀਨਲ ਇਨ–ਵੈਸਟੀਗੇਸ਼ਨ' ਜਾਂਚ ਕਰ ਰਹੀ ਹੈ। ਇਸ ਘਟਨਾ ਦੇ ਵਿਰੋਧ ਵਿਚ ਐਨ ਏ ਏ ਸੀ ਪੀ ਦੀ ਆਕਰਨ ਇਕਾਈ ਦੀ ਅਗਵਾਈ ਵਿਚ ਲੋਕਾਂ ਨੇ ਜਬਰਦਸਤ ਪ੍ਰਦਰਸ਼ਨ ਕੀਤਾ । ਲੋਕ ਨਾਹਰੇ ਮਾਰਦੇ ਹੋਏ ਸਿਟੀ ਹਾਲ ਵਲ ਗਏ ਜਿਥੇ ਸ਼ਹਿਰ ਤੇ ਰਾਜ ਦੇ ਪ੍ਰਤੀਨਿੱਧੀਆਂ ਸਮੇਤ ਸਾਹਫਿਆਮ ਸੰਸਦ ਮੈਂਬਰਾਂ ਨੇ ਸੰਬੋਧਨ ਕੀਤਾ। 1000 ਤੋਂ ਵਧ ਲੋਕਾਂ ਦੇ ਇਕੱਠ ਨੇ ਪੁਲਿਸ ਖਿਲਾਫ ਨਾਅਰੇਬਾਜੀ ਕੀਤੀ। ਇਸ ਮੌਕੇ ਸ਼ਹਿਰ ਦੇ ਮੇਅਰ ਡੈਨੀਅਲ ਹੋਰੀਗਨ ਨੇ ਸ਼ਾਂਤੀ ਤੇ ਸਬਰ ਰਖਣ ਦੀ ਅਪੀਲ ਕੀਤੀ। ਉਨਾਂ ਕਿਹਾ ਕਿ ਵੀਡੀਓ ਦਿਲ ਨੂੰ ਝੰਝੋੜ ਦੇਣ ਵਾਲੀ ਹੈ ਪਰੰਤੂ ਮਾਮਲਾ ਜਾਂਚ ਅਧੀਨ ਹੈ ਇਸ ਲਈ ਸਬਰ ਰਖਿਆ ਜਾਵੇ। ਐਨ ਏ ਏ ਸੀ ਪੀ ਦੇ ਪ੍ਰਧਾਨ ਡੈਰਿਕ ਜੌਹਨਸਨ ਨੇ ਜਾਰੀ ਇਕ ਬਿਆਨ ਵਿਚ ਕਿਹਾ ਹੈ ਕਿ ਇਸ ਘਟਨਾ ਲਈ ਸਬੰਧਤ ਪੁਲਿਸ ਅਫਸਰਾਂ ਨੂੰ ਜਿੰਮੇਵਾਰ ਠਹਿਰਾ ਕੇ ਕਾਨੂੰਨੀ ਕਾਰਵਾਈ ਕੀਤੀ ਜਾਵੇ। ਉਨਾਂ ਕਿਹਾ ਇਹ ਕੋਈ ਸਵੈ ਰਖਿਆ ਲਈ ਚਲਾਈ ਗੋਲੀ ਦਾ ਮਾਮਲਾ ਨਹੀਂ ਹੈ ਤੇ ਨਾ ਹੀ ਇਹ ਕੋਈ ਹਾਦਸਾ ਹੈ। ਇਹ ਕਤਲ ਦਾ ਮਾਮਲਾ ਹੈ। ਉਨਾਂ ਕਿਹਾ "ਸੰਭਾਵੀ ਆਵਾਜਾਈ ਨਿਯਮਾਂ ਦੀ ਉਲੰਘਣਾ ਦੇ ਮਾਮਲੇ ਵਿਚ ਇਕ ਸਿਆਹਫਿਆਮ ਵਿਅਕਤੀ ਨੂੰ ਮਾਰ ਦਿੱਤਾ ਗਿਆ। ਉਸ ਉਪਰ 90 ਗੋਲੀਆਂ ਚਲਾਈਆਂ ਗਈਆਂ ਜਿਨਾਂ ਵਿਚੋਂ 60 ਤੋਂ ਵਧ ਉਸ ਦੇ ਵੱਜੀਆਂ। ਅਮਰੀਕਾ ਵਿਚ ਅਜਿਹਾ ਗੋਰਿਆਂ ਨਾਲ ਨਹੀਂ ਵਾਪਰਦਾ।"



# ਅਮਰੀਕਾ 'ਚ ਅੱਜ ਅਜਾਦੀ ਦਿਨ ਤੇ 4 ਜੁਲਾਈ ਦੀ ਪਰੇਡ 'ਚ ਗੋਲੀਬਾਰੀ 'ਚ 6 ਦੀ ਮੌਤ, 24 ਜ਼ਖਮੀ







**ਸੈਕਰਾਮੈਂਟੋ (ਹੁਸਨ ਲੜੋਆ ਬੰਗਾ)–** ਅੱਜ ਅਮਰੀਕਾ ਦੀ ਅਜ਼ਾਦੀ ਦੇ ਮਨਾਏ ਜਾਂਦੇ ਜਸ਼ਨਾਂ ਦੌਰਾਨ ਸ਼ਿਕਾਗੋ ਦੇ ਹਾਈਲੈਂਡ ਪਾਰਕ ਵਿਚ ਅਜਾਦੀ ਪਰੇਡ ਵਿਚ ਗੋਲੀਬਾਰੀ ਵਿਚ ਘੱਟੋ ਘੱਟ ਛੇ ਲੋਕਾਂ ਦੀ ਮੌਤ ਹੋ ਗਈ ਅਤੇ 24 ਜ਼ਖਮੀ ਹੋ ਗਏ। ਪੁਲੀਸ ਦੋਸ਼ੀ ਦੀ ਭਾਲ ਕਰ ਰਹੀ ਹੈ, ਜਿਸ ਨੇ ਕਿਸੇ ਬਿਲਡਿੰਗ ਦੀ ਛੱਤ ਤੋਂ ਗੋਲੀਬਾਰੀ ਕੀਤੀ ਤੇ ਇਸ ਘਟਨਾਂ ਨੂੰ ਅੰਜਾਮ ਦਿੱਤਾ।

ਲੇਕ ਕਾਉਂਟੀ ਮੇਜਰ ਕ੍ਰਾਈਮ ਟਾਸਕ ਫੋਰਸ ਦੇ ਬੁਲਾਰੇ ਕ੍ਰਿਸਟੋਫਰ ਕੋਵੇਲੀ ਨੇ ਇਕ ਨਿਊਜ਼ ਕਾਨਫਰੰਸ ਵਿਚ ਕਿਹਾ ਕਿ ਬੰਦੂਕਧਾਰੀ ਨੇ ਇਕ ਰਾਈਫਲ ਦੀ ਵਰਤੋਂ ਕਰਦੇ ਹੋਏ ਛੱਤ ਤੋਂ ਪਰੇਡ ਕਰਨ ਵਾਲਿਆਂ ਉਤੇ ਗੋਲੀਬਾਰੀ ਕੀਤੀ ਜੋ ਘਟਨਾ ਸਥਾਨ ਤੋਂ ਬਰਾਮਦ ਕੀਤੀ ਗਈ ਹੈ।

ਕੋਵੇਲੀ ਨੇ ਕਿਹਾ ਕਿ ਪੁਲਿਸ ਦਾ ਮੰਨਣਾ ਹੈ ਕਿ ਸਿਰਫ ਇੱਕ ਵਿਆਕਤੀ ਸੀ ਅਤੇ ਚੇਤਾਵਨੀ ਦਿੱਤੀ ਕਿ ਉਹ ਅਜੇ ਵੀ ਹਥਿਆਰਬੰਦ ਅਤੇ ਖਤਰਨਾਕ ਹੋ ਸਕਦਾ ਹੈ। ਪੁਲਿਸ ਨੇ ਪੀੜਤਾਂ ਜਾਂ ਜ਼ਖਮੀਆਂ ਬਾਰੇ ਅਜੇ ਤੱਕ ਕੋਈ ਵੇਰਵਾ ਜਾਰੀ ਨਹੀਂ ਕੀਤਾ ਹੈ, ਜਿਨਾਂ ਨੂੰ ਲਾਗਲੇ ਹਸਪਤਾਲਾਂ ਚ ਭਰਤੀ ਕਰਵਾਇਆ ਗਿਆ ਹੈ।

ਅੱਜ ਪਰੇਡ ਸਵੇਰੇ 10 ਵਜੇ ਦੇ ਕਰੀਬ ਸ਼ੁਰੂ ਹੋਈ ਪਰ ਗੋਲੀ ਚੱਲਣ ਤੋਂ ਬਾਅਦ 10 ਮਿੰਟ ਬਾਅਦ ਇਸ ਨੂੰ ਅਚਾਨਕ ਰੋਕ ਦਿੱਤਾ ਗਿਆ। ਗੋਲੀਬਾਰੀ ਤੋਂ ਬਾਅਦ ਸੈਂਕੜੇ ਪਰੇਡ ਕਰਨ ਵਾਲੇ - ਤੇ ਦੇਖਣ ਵਾਲੇ ਕੁਰਸੀਆਂ, ਬੇਬੀ ਸਟ੍ਰੋਲਰ, ਆਲੀਸ਼ਾਨ ਖਿਡੌਣੇ, ਸਾਈਕਲ ਅਤੇ ਕੰਬਲ ਛੱਡ ਕੇ ਪਰੇਡ ਤੋਂ ਭੱਜ ਗਏ। ਹਫੜਾ-ਦਫੜੀ ਚ ਇੱਥੇ ਸ਼ਾਮਿਲ ਲੋਕ ਆਪਣੇ ਪਰਿਵਾਰਾਂ ਤੋਂ ਵੱਖ ਹੋ ਗਏ, ਉਨ੍ਹਾਂ ਦੀ ਭਾਲ ਕਰ ਰਹੇ ਸਨ। ਲੋਕਾਂ ਨੇ ਆਪਣੀਆਂ ਗੱਡੀਆਂ ਛੱਡੀਆਂ, ਆਪਣੇ ਬੱਚਿਆਂ ਨੂੰ ਫੜ ਕੇ ਇਧਰ ਉਧਰ ਭੱਜਣ ਲੱਗੇ। ਵੱਖ ਵੱਖ ਹੋਰ ਵੇਰਵੇ ਅਜੇ ਆਉਣੇ ਬਾਕੀ ਹਨ।

------

# ਸਿੱਖ ਸਕਿਊਰਟੀ ਗਾਰਡ ਹੁਣ ਦਾੜ੍ਹੀ ਰੱਖ ਕਰ ਸਕਣਗੇ ਕੰਮ, ਸਿਟੀ ਆਫ ਟਰਾਂਟੋ ਨੇ ਦਿੱਤੀ ਛੋਟ

**ਨਿਊਯਾਰਕ/ ਟੋਰਾਂਟੋ, 5 ਜੁਲਾਈ (ਰਾਜ ਗੋਗਨਾ/ ਕੁਲਤਰਨ ਪਧਿਆਣਾ)–**ਟੋਰਾਂਟੋ ਸਿਟੀ ਆਫ ਟੋਰਾਂਟੋ ਨੇ ਆਪਣੀਆ ਸੰਵੇਦਨਸ਼ੀਲ ਥਾਵਾਂ ਉਤੇ ਕੋਵਿਡ-19 ਦੇ ਖਤਰੇ ਕਾਰਨ ਐਨ- 95 ਮਾਸਕ ਪਾਉਣ ਬਾਬਤ ਦਾੜੀ ਸ਼ੇਵ ਕਰਨ ਦੇ ਫੈਸਲੇ ਚ ਧਾਰਮਿਕ ਆਧਾਰ ਤੇ ਛੋਟ ਮੰਗਣ ਵਾਲੇ ਮੁਲਾਜ਼ਮਾ ਅਤੇ ਸਕਿਊਰਟੀ ਗਾਰਡ ਨੂੰ ਦਿੱਤੀ ਦਾੜੀ ਨਾਲ ਕੰਮ ਕਰਨ ਦੀ ਇਜਾਜਤ। ਸਿੱਖ ਸਕਿਊਰਟੀ ਗਾਰਡ ਨੂੰ ਦੌਬਾਰਾ ਕੰਮ ਤੇ ਲਗਾਉਣ ਦਾ ਦਿੱਤਾ ਪ੍ਰਾਈਵੇਟ ਕੰਟਰੈਕਟਰ ਨੂੰ ਆਦੇਸ਼। ਸਿਟੀ ਆਫ ਟਰਾਂਟੋ ਨੇ ਕਿਹਾ ਹੈ ਜੋ ਮੁਲਾਜਮ ਧਾਰਮਿਕ ਆਧਾਰ ਤੇ ਦਾੜੀ ਨਹੀ ਸ਼ੇਵ ਕਰ ਸਕਦੇ ਉਹ ਦਾੜੀ ਨਾਲ ਹੀ ਕਰ ਸਕਣਗੇ ਕੰਮ। ਸਿਟੀ ਦੇ ਪਹਿਲੇ ਫੈਸਲੇ ਨਾਲ ਤਕਰੀਬਨ 100 ਸਕਿਊਰਟੀ ਗਾਰਡ ਨੂੰ ਪ੍ਰਾਈਵੇਟ ਕੰਟਰੈਕਟਰਾ ਵੱਲੋ ਹੋਰ ਜਗਾਹ ਤਬਦੀਲ ਕੀਤਾ ਗਿਆ ਸੀ ਜਾਂ ਕੰਮ ਤੋ ਹਟਾਇਆ ਗਿਆ ਸੀ। ਦੱਸਣਯੋਗ ਹੈ ਕਿ ਇਹ ਮੁੱਦਾ ਵਰਲਡ ਸਿੱਖ ਆਰਗਨਾਈਜ਼ੇਸ਼ਨ ਵੱਲੋ ਵੱਡੇ ਪੱਧਰ ਤੇ ਚੁੱਕਿਆ ਗਿਆ ਸੀ।



# ਪੰਜਾਬ 'ਚ ਭਾਜਪਾ ਨੇ ਪਾਰਲੀਮੈਂਟ ਚੋਣਾਂ ਲਈ ਖਿੱਚੀ ਤਿਆਰੀ 13 ਸੀਟਾਂ 'ਤੇ ਚੋਣ ਲੜਨ ਦੀਆਂ ਤਿਆਰੀਆਂ ਸ਼ੁਰੂ

**ਜੇ ਸਿੰਘ 'ਭਡਿਆਰ'**

ਪੰਜਾਬ ਅੰਦਰ ਪਾਰਲੀਮੈਂਟ ਚੋਣਾਂ ਨੂੰ ਲੈ ਕੇ ਭਾਜਪਾ ਸਰਗਰਮ ਹੋ ਚੁੱਕੀ ਹੈ। ਭਾਜਪਾ ਨੇ ਵਿਧਾਨ ਸਭਾ ਚੋਣਾਂ ਵਿੱਚ ਕੈਪਟਨ ਅਮਰਿੰਦਰ ਸਿੰਘ ਦੀ ਪੰਜਾਬ ਲੋਕ ਕਾਂਗਰਸ ਅਤੇ ਸੁਖਦੇਵ ਸਿੰਘ ਢੀਂਡਸਾ ਦੀ ਸ਼੍ਰੋਮਣੀ ਅਕਾਲੀ ਦਲ ਡੈਮੋਕ੍ਰੇਟਿਕ ਨਾਲ ਗੱਠਜੋੜ ਕੀਤਾ ਸੀ, ਪਰ ਪਾਰਟੀ ਨੂੰ ਸਫ਼ਲਤਾ ਨਹੀਂ ਮਿਲੀ ਜਿਸ ਦੀ ਉਨ੍ਹਾਂ ਨੂੰ ਉਮੀਦ ਸੀ। ਇਸ ਲਈ ਇਸ ਵਾਰ ਪਾਰਟੀ ਆਪਣੇ ਬਲਬੂਤੇ ਚੋਣ ਮੈਦਾਨ 'ਚ ਉਤਰਨਾ ਚਾਹੁੰਦੀ ਹੈ। 2024 ਦੀਆਂ ਲੋਕ ਸਭਾ ਚੋਣਾਂ 'ਚ ਭਾਰਤੀ ਜਨਤਾ ਪਾਰਟੀ ਇਸ ਵਾਰ ਪੰਜਾਬ ਨੂੰ ਹਲਕੇ 'ਚ ਨਹੀਂ ਲਵੇਗੀ। ਪਾਰਟੀ ਨੇ ਸੂਬੇ ਦੀਆਂ ਸਾਰੀਆਂ 13 ਸੀਟਾਂ 'ਤੇ ਚੋਣ ਲੜਨ ਦੀਆਂ ਤਿਆਰੀਆਂ ਸ਼ੁਰੂ ਕਰ ਦਿੱਤੀਆਂ ਹਨ, ਜਿਸ ਤਹਿਤ 6 ਜੁਲਾਈ ਤੋਂ ਪਾਰਟੀ ਦੀ ਸੀਨੀਅਰ ਲੀਡਰਸ਼ਿਪ ਤਿੰਨ ਦਿਨਾਂ ਤਕ ਵੱਖ-ਵੱਖ ਸੰਸਦੀ ਹਲਕਿਆਂ 'ਚ ਜਾ ਕੇ ਉਥੇ ਭਾਜਪਾ ਦੀ ਜ਼ਮੀਨੀ ਸਥਿਤੀ ਦਾ ਜਾਇਜ਼ਾ ਲਵੇਗੀ। ਚੋਣਾਂ ਸਿਰ 'ਤੇ ਹੋਣ ਤਾਂ ਪਾਰਟੀ ਇਹ ਫੈਸਲਾ ਕਰ ਸਕਦੀ ਹੈ ਕਿ ਕੀ ਸਾਰੀਆਂ 13 ਸੀਟਾਂ 'ਤੇ ਆਪਣੇ ਦਮ 'ਤੇ ਚੋਣ ਲੜਨੀ ਹੈ ਜਾਂ ਕਿਸੇ ਹੋਰ ਪਾਰਟੀ ਨਾਲ ਗਠਜੋੜ ਕਰਨਾ ਹੈ। ਇਸ ਦਾ ਉਦੇਸ਼ ਇਹ ਹੈ ਕਿ ਜਦੋਂ ਚੋਣਾਂ ਸਿਰ 'ਤੇ ਹੋਣ ਤਾਂ ਪਾਰਟੀ ਇਹ ਤੈਅ ਕਰ ਸਕੇ ਕਿ ਉਹ ਸਾਰੀਆਂ 13 ਸੀਟਾਂ ਆਪਣੇ ਦਮ 'ਤੇ ਲੜ ਸਕਦੀ ਹੈ ਜਾਂ ਫਿਰ ਕਿਸੇ ਹੋਰ ਪਾਰਟੀ ਨਾਲ ਸਮਝੌਤਾ ਕਰਨਾ ਹੈ।

ਇਸ ਤੋਂ ਪਹਿਲਾਂ ਪਾਰਟੀ ਸੂਬੇ ਦੀਆਂ 13 ਸੰਸਦੀ ਸੀਟਾਂ ਵਿੱਚੋਂ ਸਿਰਫ਼ 3 ਸੀਟਾਂ 'ਤੇ ਹੀ ਚੋਣ ਲੜਦੀ ਰਹੀ ਹੈ, ਜਿਨ੍ਹਾਂ ਵਿੱਚ ਅੰਮ੍ਰਿਤਸਰ, ਗੁਰਦਾਸਪੁਰ ਤੇ ਹੁਸ਼ਿਆਰਪੁਰ ਸ਼ਾਮਲ ਹਨ। ਬਾਕੀ ਦੀਆਂ 10 ਸੀਟਾਂ 'ਤੇ ਚੋਣ ਸ਼੍ਰੋਮਣੀ ਅਕਾਲੀ ਦਲ ਲੜਦਾ ਰਿਹਾ ਹੈ।

### ਕਾਂਗਰਸ ਨੂੰ 'ਮੋਦੀ ਫੋਬੀਆ' ਹੋਇਆ–ਸ਼ਾਹ

ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਹੋਏ ਕਿਹਾ ਕਿ ਦੇਸ਼ ਦੀ ਮੁੱਖ ਵਿਰੋਧੀ ਪਾਰਟੀ 'ਚ ਲੋਕਤੰਤਰ ਦੀ ਸਥਾਪਨਾ ਲਈ ਇਸ ਦੇ ਆਪਣੇ ਹੀ ਮੈਂਬਰ ਲੜ ਰਹੇ ਹਨ ਪਰ 'ਗਾਂਧੀ ਪਰਿਵਾਰ' ਡਰ ਕਾਰਨ ਪ੍ਰਧਾਨ ਦੇ ਅਹੁਦੇ ਦੀ ਚੋਣ ਨਹੀਂ ਕਰ ਰਿਹਾ। ਉਨ੍ਹਾਂ ਇਹ ਵੀ ਕਿਹਾ ਕਿ ਕਾਂਗਰਸ ਨੂੰ 'ਮੋਦੀ ਫੋਬੀਆ' ਹੋ ਗਿਆ ਹੈ। ਉਸ ਨੇ ਦੇਸ਼ ਹਿੱਤ ਵਿੱਚ ਹਰ ਫੈਸਲੇ ਦਾ ਵਿਰੋਧ ਕਰਨਾ ਸ਼ੁਰੂ ਕਰ ਦਿੱਤਾ ਹੈ। ਭਾਜਪਾ ਦੀ ਕੌਮੀ ਕਾਰਜਕਾਰਨੀ ਕਮੇਟੀ ਦੀ ਮੀਟਿੰਗ ਦੌਰਾਨ ਪਾਸ ਕੀਤੇ ਸਿਆਸੀ ਮਤੇ 'ਤੇ ਬੋਲਦਿਆਂ ਸ਼ਾਹ ਨੇ ਇਹ ਵੀ ਕਿਹਾ ਕਿ ਅਗਲੇ 30 ਤੋਂ 40 ਸਾਲ ਭਾਜਪਾ ਦੇ ਹੋਣਗੇ ਅਤੇ ਭਾਰਤ 'ਵਿਸ਼ਵਗੁਰੂ' ਬਣੇਗਾ। ਅਮਿਤ ਸ਼ਾਹ ਨੇ ਗੁਜਰਾਤ ਦੰਗਿਆਂ ਵਿੱਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵਿਰੁੱਧ ਦੋਸ਼ਾਂ ਨੂੰ ਰੱਦ ਕਰਨ ਦਾ ਸੁਪਰੀਮ ਕੋਰਟ ਦਾ ਫੈਸਲਾ ਇਤਿਹਾਸਕ ਹੈ।ਪ੍ਰਧਾਨ ਮੰਤਰੀ ਮੋਦੀ ਨੇ ਸੰਵਿਧਾਨ 'ਤੇ ਭਰੋਸਾ ਰੱਖਿਆ ਤੇ ਗੁਜਰਾਤ ਦੰਗਿਆਂ ਦੇ ਮਾਮਲੇ 'ਚ ਵਿਸ਼ੇਸ਼ ਜਾਂਚ ਟੀਮ ਦਾ ਸਾਹਮਣਾ ਕੀਤਾ ਪਰ ਭ੍ਰਿਸ਼ਟਾਚਾਰ ਦੇ ਦੋਸ਼ਾਂ ਦਾ ਸਾਹਮਣਾ ਕਰਨ 'ਤੇ ਵਿਰੋਧੀ ਧਿਰ ਬਦਅਮਨੀ ਫੈਲਾਅ ਰਹੀ ਹੈ।

### ਸੰਗਰੂਰ ਚੋਣਾਂ 'ਚ ਭਾਜਪਾ ਮਜ਼ਬੂਤ ਹੋਈ–ਢਿੱਲੋਂ

ਸੰਗਰੂਰ ਲੋਕ ਸਭਾ 'ਤੇ ਹੋਈ ਜ਼ਿਮਨੀ ਚੋਣ ਤੋਂ ਬਾਅਦ ਸੰਗਰੂਰ ਜ਼ਿਲ੍ਹੇ ਦੇ ਭਾਜਪਾ ਵਰਕਰਾਂ ਅਤੇ ਅਹੁਦੇਦਾਰਾਂ ਨੇ ਅੱਜ ਪਹਿਲੀ ਮੀਟਿੰਗ ਕਰ ਕੇ 2024 ਦੀਆਂ ਪਾਰਲੀਮੈਂਟ ਚੋਣਾਂ ਦੀਆਂ ਤਿਆਰੀਆਂ ਸ਼ੁਰੂ ਕਰ ਦਿੱਤੀਆਂ ਹਨ। ਇਸ ਮੌਕੇ ਭਾਜਪਾ ਦੇ ਉਮੀਦਵਾਰ ਰਹੇ ਕੇਵਲ ਸਿੰਘ ਢਿੱਲੋਂ ਨੇ ਗੱਲਬਾਤ ਕਰਦਿਆਂ ਕਿਹਾ ਕਿ ਭਾਜਪਾ ਨੇ ਪਹਿਲੀ ਵਾਰ ਸੰਗਰੂਰ ਲੋਕ ਸਭਾ ਸੀਟ 'ਤੇ ਹੋਈ ਜ਼ਿਮਨੀ ਚੋਣ 'ਚ ਹਿੱਸਾ ਲਿਆ ਸੀ ਅਤੇ 1,800 ਬੂਥਾਂ 'ਤੇ ਭਾਜਪਾ ਵੱਲੋਂ ਬੂਥ ਵੀ ਲਾਏ ਗਏ ਸਨ। ਉਨ੍ਹਾਂ ਕਿਹਾ ਕਿ ਭਾਜਪਾ ਨੂੰ ਕਈ ਬੂਥਾਂ 'ਤੇ ਸ਼੍ਰੋਮਣੀ ਅਕਾਲੀ ਦਲ ਅਤੇ ਕਾਂਗਰਸ ਤੋਂ ਵੱਧ ਵੋਟਾਂ ਵੀ ਮਿਲਿਆ ਸਨ।

ਦੇਸ਼ ਦੁਆਬਾ

# UNITED STATES OF AMERICA: DREAMLAND OF FREEDOM AND OPPORTUNITIES

Prem K. Chumber Editor-In-Chief:
Ambedkar Times & Desh Doaba Weeklies Newspapers




In the United States of America, July 4th embodies a vision of freedom and opportunities. The USA has become a dreamland for people across the whole world to put their dream goals into reality. Everyone irrespective of religion, class, creed and region aspires to make the USA her/his homeland! S/he feels emboldened while getting associated with this great nation -- an abode of liberty, equality & fraternity -- of opportunities and dignity. It instills faith and encourage all to come forward to live and let others live with love and peace. Since the end of World War II, it has not looked back to reconstruct peaceful order in the world and help attain freedom of thought, liberty and equality everywhere on the globe. Name any continent, region or a country where the USA has not left its mark of encouragement and initiatives for realizing ones dream and aspirations. One of the largest and oldest democratic countries in the world, the USA has always shown its greatest interest in allowing free flow of ideas and letting people live the way they want to be. It has remained first in all fields of human activities, be it science, technology, art, and sports. What led it to achieve all this is perhaps the freedom of thought and action guaranteed by its constitution and effective governance system. "Ambedkar Times" & "Desh Doaba" take lots of pride in congratulating all on this auspicious day of freedom and independence.

ਸੰਪਾਦਕੀ ਮੰਡਲ ਦਾ ਕਿਸੇ ਵੀ ਰਚਨਾ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ। ਮੈਟਰ ਵਿਚ ਵਾਧਾ-ਘਾਟਾ ਕਰਨ ਦਾ ਅਧਿਕਾਰ ਅਦਾਰਾ 'ਦੇਸ਼ ਦੁਆਬਾ' ਨੂੰ ਹੋਵੇਗਾ। ਪੇਪਰ ਵਿਚ ਛਪੀ ਹਰ ਲਿਖਤ ਜਾਂ ਇਸ਼ਤਿਹਾਰ ਸਬੰਧੀ ਲੇਖਕ ਅਤੇ ਇਸ਼ਤਿਹਾਰਦਾਤਾ ਹੀ ਜ਼ਿੰਮੇਵਾਰ ਹੋਵੇਗਾ। ਸਾਰੇ ਲੇਖਕ/ ਪੱਤਰਕਾਰ ਵੀਰਾਂ ਨੂੰ ਬੇਨਤੀ ਹੈ ਕਿ ਆਪਣੇ ਲੇਖ ਜਾਂ ਖਬਰ ਦੇ ਨਾਲ ਆਪਣਾ ਨਾਂ, ਫੋਨ ਨੰਬਰ ਅਤੇ ਐਡਰੈਸ ਤੇ ਤਸਵੀਰ ਭੇਜਿਆ ਕਰਨ। ਅਸੀਂ ਉਹਨਾਂ ਦੀ ਤਸਵੀਰ ਲੇਖ ਦੇ ਨਾਲ ਲਗਾਵਾਂਗੇ। ਸਾਰੇ ਲੇਖਕ/ ਪੱਤਰਕਾਰ ਆਨਰੇਰੀ ਹਨ, ਉਹਨਾਂ ਨੂੰ ਲਿਖਤ ਬਦਲੇ ਕੋਈ ਅਦਾਇਗੀ ਨਹੀਂ ਕੀਤੀ ਜਾਂਦੀ। -ਸੰਪਾਦਕ

ਲੜੀ ਨੰਬਰ-188

# ਗੁਰਬਾਣੀ ਇਸੁ ਜਗ ਮਹਿ ਚਾਨਣੁ॥

## ਜੀਵਾਤਮਾਂ ਜਾਂ ਆਤਮਾਂ ਨਹੀਂ ਸਗੋਂ ਜੀਵਨ ਸ਼ਕਤੀ ਪ੍ਰਵਾਹ



**ਅਵਤਾਰ ਸਿੰਘ ਮਿਸ਼ਨਰੀ**
**510-432-5827**

"ਸ਼ਬਦ ਗੁਰੂ ਗ੍ਰੰਥ" ਦੀ ਬਾਣੀ ਰਾਹੀਂ ਅਸੀਂ ਇਹ ਸਭ ਕੁਝ ਜਾਨਣ ਦੀ ਕੋਸ਼ਿਸ਼ ਕਰਦੇ ਹਾਂ ਪਰ ਵਿਗਿਆਨਕ ਤੌਰ 'ਤੇ ਪਿਤਾ ਦੇ ਬਿੰਦ ਅਤੇ ਮਾਤਾ ਦੇ ਰਕਤ ਦੇ ਮੇਲ ਨਾਲ ਇੱਕ ਐਸੀ ਕਿਰਿਆ ਜਿਸ ਨੂੰ ਜੀਵ-ਜੀਵਨ ਆਖਿਆ ਜਾਂਦਾ ਹੈ। ਇਹ ਇੱਕ ਪ੍ਰਵਾਹ ਜਿਹੜਾ ਮਨੁੱਖ ਸਰੀਰ ਵਿੱਚ ਵਗਦਾ ਅਤੇ ਉਸ ਨੂੰ ਸੰਚਾਲਤ ਕਰਦਾ ਹੈ। ਮਨੁੱਖ ਦੇ ਸਰੀਰ ਦੀ ਬਣਤਰ ਅਤੇ ਉਸ ਦਾ ਜੀਵਨ ਪ੍ਰਵਾਹ ਇੱਕ ਦੂਜੇ ਉੱਤੇ ਨਿਰਭਰ ਹਨ। ਜੇ ਸਰੀਰਕ ਬਣਤਰ ਵਿੱਚ ਕੋਈ ਵਡੀ ਔਕੜ ਆ ਜਾਵੇ ਤਾਂ ਇਹ ਜੀਵਨ ਪ੍ਰਵਾਹ ਰੁਕ ਜਾਂਦੈ ਅਤੇ ਮਨੁੱਖ ਨਿਰਜੀਵ ਹੋ ਜਾਂਦਾ ਹੈ।ਇਸ ਵਿੱਚ ਐਸੀ ਕੋਈ ਜੀਵਾਤਮਾ ਨਹੀਂ ਜੈਸੀ ਕਿ ਆਵਾਗਵਨ ਦੇ ਸਿਧਾਂਤ ਵਿੱਚ ਦੱਸੀ ਜਾਂਦੀ ਹੈ।

ਜੇਕਰ ਸਰੀਰ ਦੇ ਸਾਰੇ ਮਹੱਤਵਪੂਰਣ ਅੰਗ ਆਪਣਾ ਆਪਣਾ ਕੰਮ ਕਰਦੇ ਰਹਿਣ ਤਾਂ ਇਹ ਸ਼ਕਤੀ ਪ੍ਰਵਾਹ ਉਤਪੰਨ ਹੁੰਦਾ ਰਹਿੰਦੈ ਅਤੇ ਉਹ ਸਰੀਰ ਨੂੰ ਸੰਜੀਵ ਅਤੇ ਕ੍ਰਿਆਸ਼ੀਲ ਰੱਖਦਾ ਹੈ। ਜੇਕਰ ਕੋਈ ਮਹੱਤਵ ਪੂਰਣ ਅੰਗ ਆਪਣਾ ਕੰਮ ਅੰਦਰਲੇ ਜਾਂ ਬਾਹਰਲੇ ਕਾਰਨਾਂ ਕਾਰਨ ਬੰਦ ਕਰ ਦੇਵੇ ਤਾਂ ਜੀਵ ਨਿਰਜੀਵ ਹੋ ਜਾਂਦੈ ਪਰ ਐਸਾ ਬਿਲਕੁਲ ਨਹੀਂ ਕਿ ਕੋਈ ਆਤਮਾ ਮਨੁੱਖ ਦੇ ਸਰੀਰ ਵਿੱਚੋਂ ਨਿਕਲ ਕਿਤੇ ਹੋਰ ਚਲੀ ਜਾਂਦੀਐ। ਇਹ ਕੇਵਲ ਇੱਕ ਸ਼ਕਤੀ ਪ੍ਰਵਾਹ ਦੀ ਉਤਪਤੀ ਦਾ ਅੰਤੈ ਨਾ ਕਿ ਸ਼ਕਤੀ ਪ੍ਰਵਾਹ (ਜੀਵਾਤਮਾਂ) ਕਿਤੇ ਚਲੇ ਜਾਂਦਾ ਹੈ। ਮਨੁੱਖਾ ਸਰੀਰ ਨੂੰ ਸੰਜੀਵ ਅਤੇ ਕ੍ਰਿਆਸ਼ੀਲ ਰੱਖਣ ਵਾਲਾ ਪ੍ਰਵਾਹ ਸਰੀਰ ਦੀ ਬਣਤਰ ਦੀ ਕਾਰਜ ਕੁਸ਼ਲਤਾ ਤੋਂ ਪੈਦਾ ਹੁੰਦੈ ਅਤੇ ਇਸੇ ਤੇ ਹੀ ਨਿਰਭਰ ਕਰਦਾ ਹੈ। ਦੂਸਰੇ ਪਾਸੇ ਮਨੁੱਖਾ ਸਰੀਰ ਵੀ ਇਸੇ ਸ਼ਕਤੀ ਪ੍ਰਵਾਹ ਤੇ ਅਧਾਰਤ ਅਤੇ ਕ੍ਰਿਆਸ਼ੀਲ ਰਹਿੰਦੈ ਜੇਕਰ ਮਨੁੱਖ-ਜੀਵ ਸਰੀਰ ਨਹੀਂ ਤਾਂ ਸ਼ਕਤੀ ਪ੍ਰਵਾਹ ਨਹੀਂ ਅਤੇ ਜੇਕਰ ਸ਼ਕਤੀ ਪ੍ਰਵਾਹ ਨਹੀਂ ਤਾਂ ਮਨੁੱਖਾ ਸਰੀਰ ਨਹੀਂ। ਮੌਤ, ਸਰੀਰ ਚੋਂ ਸ਼ਕਤੀ ਪ੍ਰਵਾਹ ਦਾ ਸਮਾਪਤ ਹੋ ਜਾਣਾ ਹੈ। ਇਹ ਵਿਅਕਤੀਗਤ ਸੰਧਰਭ ਵਿੱਚ ਇੱਕ ਜੀਵਨ ਦਾ ਸਥਾਈ ਅੰਤ ਹੈ। ਮਨੁੱਖਾ ਸਰੀਰ ਦੇ ਨਿਰਜੀਵ ਹੋ ਜਾਣ ਦੀ ਸੂਰਤ ਵਿੱਚ ਉਸ ਸ਼ਕਤੀ ਪ੍ਰਵਾਹ ਦੀ ਹੋਂਦ ਦੀ ਗੱਲ ਕੋਰੀ ਕਲਪਨਾ ਹੈ। ਇਹ ਕੋਈ ਐਸੀ ਆਤਮਾ ਨਹੀਂ ਜੈਸੀ ਕਿ ਆਵਾਗਵਨ ਦੇ ਸਿਧਾਂਤ ਵਿੱਚ ਦੱਸੀ ਜਾਂਦੀ ਹੈ।ਸਰੀਰ ਦਾ ਸੰਚਾਲਕ ਸ਼ਕਤੀ ਪ੍ਰਵਾਹ ਕੇਵਲ ਸਰੀਰ ਤੇ ਹੀ ਨਿਰਭਰ ਨਹੀਂ ਕਿਉਂਕਿ ਸਰੀਰ ਆਪ ਸਰੀਰ ਤੋਂ ਬਾਹਰੀਆਂ ਹਾਲਤਾਂ ਉੱਤੇ ਨਿਰਭਰ ਹੈ। ਇਹ ਹਾਲਤਾਂ ਜਲ, ਹਵਾ, ਧਰਤੀ ਅਤੇ ਰੌਸ਼ਨੀ ਆਦਿਕ ਹਨ। ਸਰੀਰ ਦੀ ਬਣਤਰ ਅਤੇ ਬਾਹਰੀ ਹਾਲਾਤ ਇੱਕ ਤੰਤਰ ਦਾ ਨਿਰਮਾਣ ਕਰਦੇ ਹਨ। ਇਹ ਤੰਤ੍ਰ ਜੀਵਨ ਸ਼ਕਤੀ ਨੂੰ ਪੈਦਾ ਕਰਦਾ ਹੈ। ਜਦ ਇਹ ਤੰਤ੍ਰ ਟੁੱਟਦੈ ਤਾਂ ਜੀਵ ਨਿਰਜੀਵ ਹੋ ਜਾਂਦੈ ਅਤੇ ਇਸ ਉਪ੍ਰੰਤ ਜੀਵਨ ਸ਼ਕਤੀ ਕਿਸੇ ਜੀਵਾਤਮਾ ਦੀ ਹੋਂਦ ਤਰਕਹੀਨ ਹੈ। ਇਹ ਕੇਵਲ ਸ਼ਕਤੀ ਦੀ ਪਰੀਵਰਤਨਸ਼ੀਲਤਾ ਹੈ।

ਇੱਕ ਮਿਸਾਲ-ਕਿਸੇ ਇੰਜਨ ਵਿੱਚ ਕਰੰਟ ਦੇ ਨਾਲ ਪੈਦਾ ਹੋਣ ਵਾਲੀ ਚਿੰਗਾਰੀ ਇੰਜਨ ਵਿੱਚ ਈਧਨ (ਤੇਲ)ਨੂੰ ਜਲਾਉਂਦੀ ਹੈ। ਇਹ ਇੱਕ ਸ਼ਕਤੀ ਪ੍ਰਵਾਹ ਦੀ ਉਤਪਤੀ ਆ ਲੇਕਿਨ ਕਰੰਟ ਬੰਦ ਹੋ ਜਾਣ ਤੇ ਇਹ ਜਵਾਲਾ ਸਮਾਪਤ ਹੋ ਜਾਂਦੀ ਨਾ ਕਿ ਕਿਤੇ ਨਿਕਲ ਜਾਂਦੀ ਹੈ। ਇਸ ਦੇ ਉਲਟ ਉਸ ਦੀ ਉਤਪਤੀ ਬੰਦ ਹੋ ਜਾਂਦੀ ਅਤੇ ਰਹਿ ਜਾਂਦੇ ਨੇ ਉਹ ਕਾਰਨ ਜਿਨ੍ਹਾਂ ਨੇ ਜਵਾਲਾ ਨੂੰ ਉਤਪੰਨ ਕੀਤਾ ਸੀ। ਹੇਠਲੇ ਗੁਰਬਾਣੀ ਸ਼ਬਦ ਵਿੱਚ ਜੀਵਾਤਮਾ, ਜਨਮ ਮਰਨ ਅਤੇ ਆਵਾਗਵਨ ਨੂੰ ਸਮਝਣ ਦੇ ਨੁਕਤੇ ਹਨ-

ਰਾਮਕਲੀ ਮਹਲਾ ੫॥ ਪਵਨੈ ਮਹਿ ਪਵਨੁ ਸਮਾਇਆ ॥ ਜੋਤੀ ਮਹਿ ਜੋਤਿ ਰਲਿ ਜਾਇਆ ॥ ਮਾਟੀ ਮਾਟੀ ਹੋਈ ਏਕ ॥ ਰੋਵਨਹਾਰੇ ਕੀ ਕਵਨ ਟੇਕ॥੧॥(885) ਹੇ ਭਾਈ! ਜਦੋਂ ਅਸੀਂ ਇਹ ਸਮਝਦੇ ਹਾਂ ਕਿ ਕੋਈ ਪ੍ਰਾਣੀ ਮਰ ਗਿਐ, ਅਸਲ 'ਚ ਇਹ ਹੁੰਦੈ ਕਿ ਉਸ ਦੇ ਪੰਜ-ਤੱਤੀ ਸਰੀਰ ਚੋਂ ਸੁਆਸ ਹਵਾ ਵਿੱਚ ਮਿਲ ਜਾਂਦਾ, ਸਰੀਰ ਦੀ ਮਿੱਟੀ ਧਰਤੀ ਦੀ ਮਿੱਟੀ ਨਾਲ ਮਿਲ ਜਾਂਦੀ, ਜੀਵਾਤਮਾ (ਸਰਬ-ਵਿਆਪਕ) ਜੋਤਿ ਨਾਲ ਜਾ ਰਲਦੈ ਤੇ ਮਰੇ ਨੂੰ ਰੋਣ ਵਾਲਾ ਭੁਲੇਖੇ ਦੇ ਕਾਰਨ ਹੀ ਰੋਂਦਾ ਹੈ। ਇੱਥੇ ਸਪਸ਼ਟ ਰੂਪ ਵਿੱਚ ਹਰ ਜੀਵਾਤਮਾ ਜੋਤ ਦੇ ਜੋਤੀ ਸਰਵ ਵਿਆਪਕ ਜੋਤ ਨਾਲ ਮਿਲਣ ਦੀ ਗੱਲ ਕਹੀ ਗਈ ਹੈ। ਕਉਨੁ ਮੂਆ ਰੇ ਕਉਨੁ ਮੂਆ॥ ਬ੍ਰਹਮ ਗਿਆਨੀ ਮਿਲਿ ਕਰਹੁ ਬੀਚਾਰਾ ਇਹੁ ਤਉ ਚਲਤੁ ਭਇਆ॥੧॥ਰਹਾਉ॥ (885) ਸਭ ਤੋਂ ਪਹਿਲਾਂ ਅਸੀਂ ਇਹ ਸਮਝ ਲਈਏ ਕਿ ਇਸ ਸ਼ਬਦ ਵਿੱਚ ਗੁਰੂ ਸਾਹਿਬ ਨੇ ਇੱਕ ਆਮ ਮਨੁੱਖ ਦੀ ਮੌਤ ਬਾਰੇ ਇੱਕ ਦਾਰਸ਼ਨਕ ਸਵਾਲ ਉਠਾਇਆ ਹੈ। ਇਹ ਸਵਾਲ ਕੇਵਲ ਕਿਸੇ "ਵਿਸ਼ੇਸ਼ ਗਿਆਨੀ" ਦੀ ਮੌਤ ਨਾਲ ਸਬੰਧਤ ਨਹੀਂ ਇਸ ਲਈ ਸਾਨੂੰ "ਜੋਤੀ ਮਹਿ ਜੋਤਿ ਰਲੁ ਜਾਇਆ" ਪੰਕਤੀ ਨੂੰ ਹਰ ਮਨੁੱਖ (ਆਸਤਿਕ ਜਾਂ ਨਾਸਤਿਕ) ਦੀ ਮੌਤ ਦੇ ਸੰਧਰਭ ਵਿੱਚ ਦੇਖਣਾ ਪਵੇਗਾ। ਸ਼ਬਦ ਦੀਆਂ ਉਪ੍ਰੋਕਤ ਪੰਕਤੀਆਂ ਇੱਕ ਐਸੇ ਸਵਾਲ ਨੂੰ ਸਾਰੇ ਸੂਝਵਾਨ ਮਨੁੱਖਾਂ ਦੇ ਸਾਹਮਣੇ ਉਠਾਉਂਦੀਆਂ ਨੇ ਜਿਸ ਦੇ ਉੱਤਰ ਵਿੱਚ ਛੁਪਿਐ ਜੀਵਾਤਮਾ ਅਤੇ ਆਵਾਗਵਨ ਸਬੰਧੀ ਗੁਰਮਤਿ ਦਾ ਦ੍ਰਿਸ਼ਟੀਕੋਣ ਕਿਉਂਕਿ ਗੁਰੂ ਸਾਹਿਬ ਦਾ ਇਹ ਸੁਆਲ ਬੁਧੀਮਾਨ-ਗਿਆਨੀ ਕਹੇ ਜਾਣ ਵਾਲੇ ਮਨੁੱਖਾਂ ਨੂੰ ਹੈ ਇਸ ਵਾਸਤੇ ਇਸ ਸੁਆਲ ਉੱਤੇ ਦਿੱਤਾ ਗੁਰੂ ਸਾਹਿਬ ਦਾ ਜੁਆਬ ਸਿੱਖ ਮਤ ਦੇ ਆਵਾਗਵਨ ਸੰਬੰਧੀ ਫ਼ਲਸਫ਼ੇ ਨੂੰ ਦਰਸਾਉਂਦਾ ਹੈ।

ਦੂਸਰੇ ਕਈ ਸ਼ਬਦਾਂ ਵਾਂਗ ਇਹ ਸ਼ਬਦ ਸੰਕੇਤਕ ਨਹੀਂ ਸਗੋਂ ਇਸ ਸ਼ਬਦ ਵਿੱਚ ਛੁਪੇ ਹੋਏ ਫ਼ਲਸਫ਼ੇ ਦੀ ਹੀ ਵਿਆਖਿਆ ਹੈ-ਦੇਹੀ ਮਾਟੀ ਬੋਲੈ ਪਉਣੁ॥ ਬੁਝੁ ਰੇ ਗਿਆਨੀ ਮੂਆ ਹੈ ਕਉਣੁ॥(152)

ਗੁਰੂ ਜੀ ਨੇ ਸਪਸ਼ਟ ਰੂਪ ਵਿੱਚ ਰਹਾਉ ਦੀ ਪੰਗਤੀ ਵਿੱਚ ਲੈ ਗਏ ਦਾਰਸ਼ਨਕ ਸਵਾਲ ਦਾ ਇੱਕ ਵਿਗਿਆਨਕ ਉੱਤਰ ਦੇਂਦੇ ਹੋਏ ਇੱਕ ਐਸੇ ਸੱਚ ਨੂੰ ਸੰਸਾਰ ਦੇ ਸਨਮੁੱਖ ਰਖਿਐ ਜਿਸ ਵਿੱਚ ਵਿਗਿਆਨਕ ਤੱਰਕ ਅਤੇ ਦੁਬਾਰਾ ਜਨਮ ਲੈਣ ਵਾਲੀ ਜੀਵਾਤਮਾ ਜੈਸੀ ਕਿਸੇ ਚੀਜ਼ ਦਾ ਖੰਡਨ ਹੈ।

ਗੁਰੂ ਸਾਹਿਬ ਨੇ ਮਨੁੱਖ ਦੀ ਮੌਤ ਨੂੰ ਉਨ੍ਹਾਂ ਅੰਦਰਲੇ ਅਤੇ ਬਾਹਰਲੇ ਤੱਤਾਂ ਦੇ ਤੰਤ੍ਰ (ਸਿਸਟਮ) ਦਾ ਵਿਖੰਡਨ ਦੱਸਿਆ ਜਿਨ੍ਹਾਂ ਦੇ ਨਾਲ ਜੀਵ ਦੇ ਸਰੀਰ ਵਿੱਚ ਸ਼ਕਤੀ ਪ੍ਰਵਾਹ ਪੈਦਾ ਹੋ ਕੇ ਸਰੀਰ ਨੂੰ ਕਿਰਿਆਸ਼ੀਲ ਰੱਖਦੈ ਜਿਸ ਨੂੰ ਸਭ ਤੋਂ ਪਹਿਲਾਂ ਗੁਰੂ ਸਾਹਿਬ ਨੇ ਦੁਨੀਆਂ ਦੇ ਸਾਹਮਣੇ ਰੱਖ ਕੇ ਜੀਵਾਤਮਾ ਜੈਸੀ ਕਿਸੇ ਸੁਤੰਤਰ ਹੋਂਦ ਹੋਣ ਦਾ ਅਸਲ ਭੇਦ ਖੋਲਿਆ।

ਗੁਰੂ ਜੀ ਸਪਸ਼ਟ ਕਰਦੇ ਹਨ ਕਿ ਮਨੁੱਖ ਦੀ ਮੌਤ ਕੇਵਲ ਊਰਜਾ ਦਾ ਪਰਵਰਤਨ ਨਾ ਕਿ ਕਿਸੇ ਜੀਵਾਤਮਾ ਦਾ ਆਵਾਗਵਨ। ਹੈਰਾਨਗੀ ਦੀ ਗੱਲ ਹੈ ਕਿ ਇਸ ਵਿਗਿਆਨਕ ਸਿਧਾਂਤ ਨੂੰ ਸੈਂਕੜੇ ਸਾਲਾਂ ਬਾਅਦ ਇੱਕ ਸਾਂਇਸਦਾਨ ਹਰਮਅਨ ਵਾਨ ਹੈਲਮਹੋਲਟਜ਼ (1821-1894) ਨੇ ਸੰਸਾਰ ਦੇ ਸਾਹਮਣੇ ਰੱਖਿਆ। ਇਸ ਸਿਧਾਂਤ ਨੂੰ (Law of Conservaiton of Energy) ਦੇ ਨਾ ਨਾਲ ਜਾਣਿਆ ਜਾਂਦਾ ਹੈ। ਇਸ ਸਿਧਾਂਤ ਅਨੁਸਾਰ ਸ਼ਕਤੀ-ਊਰਜਾ (Energy) ਨਾ ਉਤਪਨ ਹੁੰਦੀ ਤੇ ਨਾ ਹੀ ਸਮਾਪਤ ਹੁੰਦੀ ਸਗੋਂ ਕੇਵਲ ਪਰਿਵਰਤਤ ਹੁੰਦੀ ਹੈ।

ਅਗਲੀ ਕਿਛੁ ਖਬਰਿ ਨ ਪਾਈ॥ ਰੋਵਨਹਾਰੁ ਭਿ ਊਠਿ ਸਿਧਾਈ॥ ਭਰਮ ਮੋਹ ਕੇ ਬਾਂਧੇ ਬੰਧ॥ ਸੁਪਨੁ ਭਇਆ ਭਖਲਾਏ ਅੰਧ॥੨॥ ਇਹੁ ਤਉ ਰਚਨੁ ਰਚਿਆ ਕਰਤਾਰਿ॥ ਆਵਤ ਜਾਵਤ ਹੁਕਮਿ ਅਪਾਰਿ॥ ਨਹ ਕੋ ਮੂਆ ਨ ਮਰਣੈ ਜੋਗੁ॥ ਨਹ ਬਿਨਸੈ ਅਬਿਨਾਸੀ ਹੋਗੁ॥(885)

ਉਪ੍ਰਲੀਆਂ ਪੰਗਤੀਆਂ ਵਿੱਚ ਗੁਰੂ ਸਾਹਿਬ ਨੇ ਜੀਵਾਂ ਦਾ ਜੀਵਨ ਤੇ ਮੌਤ, ਊਰਜਾ ਦਾ ਬਦਲਾਵ ਸਪਸ਼ਟ ਕੀਤਾ ਹੈ। ਇਸੇ ਬਦਲਾਵ ਕਰਕੇ ਮਨੁੱਖਾਂ ਅਤੇ ਜੀਵਾਂ ਦਾ ਆਉਣਾ ਜਾਣਾ ਜਾਂ ਪੈਦਾ ਹੋਣਾ ਅਤੇ ਮਰਨਾ ਦਿਖਾਈ ਦਿੰਦਾ ਹੈ। ਇਹ ਬਦਲਾਉ ਰੱਬੀ ਹੁਕਮੈ ਅਰਥਾਤ ਉਸ ਦੀ ਬਣਾਈ ਹੋਈ ਸ੍ਰਿਸ਼ਟੀ ਦੇ ਨਿਯਮਾਂ ਦੇ ਅਧੀਨੈ ਜਦ ਕਿ ਜੀਵਨ ਅਤੇ ਮੌਤ ਕੇਵਲ ਊਰਜਾ ਦਾ ਬਦਲਾਉ ਜੋ ਦਰਅਸਲ ਨਾ ਜਨਮ ਲੈਂਦੀ ਤੇ ਨਾ ਮਰਦੀ ਹੈ। ਮਨੁੱਖਾ ਜੀਵਨ ਕੁਦਰਤੀ ਪੁਲਾੜ ਵਿਚੋਂ ਉਪਜਦੈ ਅਤੇ ਮੌਤ ਉਪ੍ਰੰਤ ਬਦਲ ਕੇ ਇਸੇ ਕੁਦਰਤੀ ਪੁਲਾੜ 'ਚ ਮਿਲ ਜਾਂਦਾ ਹੈ। ਸਗਲੀ ਬਣਤ ਬਣਾਈ ਆਪੇ॥ ਆਪੇ ਕਰੇ ਕਰਾਏ ਥਾਪੇ॥ ਇਕਸੁ ਤੇ ਹੋਇਓ ਅਨੰਤਾ ਨਾਨਕ ਏਕਸੁ ਮਾਹਿ ਸਮਾਏ ਜੀਉ॥੯॥੨॥੩੬॥(131) ਭਾਵ ਪ੍ਰਭੂ ਨੇ ਕਈ ਕਿਸਮਾਂ ਦੇ ਕਰੋੜਾਂ ਹੀ ਜੀਵ ਪੈਦਾ ਕੀਤੇ ਜੋ ਪ੍ਰਭੂ ਸਮੁੰਦਰ ਤੋਂ ਪੈਦਾ ਹੋ ਕੇ ਫਿਰ ਉਸੇ 'ਚ ਮਿਲ ਜਾਂਦੇ ਤੇ ਉਸ ਦਾ ਅੰਤ ਕੋਈ ਨਹੀਂ ਜਾਣਦਾ ਕਿਉਂਕਿ ਹੇ ਨਾਨਕ! ਉਹ ਪ੍ਰਭੂ ਆਪਣੇ ਵਰਗਾ ਆਪ ਹੀ ਆਪ ਹੈ।

ਵੇਕੀ ਸ੍ਰਿਸਟਿ ਉਪਾਈਅਨੁ ਸਭ ਹੁਕਮਿ ਆਵੈ ਜਾਇ ਸਮਾਹੀ॥(947) ਪ੍ਰਭੂ ਨੇ ਰੰਗਾ-ਰੰਗ ਦੀ ਸ੍ਰਿਸ਼ਟੀ ਪੈਦਾ ਕੀਤੀ ਤੇ ਸਾਰੇ ਜੀਵ ਉਸ ਦੇ ਹੁਕਮ ਵਿੱਚ ਜੰਮਦੇ ਤੇ ਸਮਾ ਜਾਂਦੇ ਹਨ।

ਇਹੁ ਪਰਪੰਚੁ ਕੀਆ ਪ੍ਰਭ ਸੁਆਮੀ ਸਭੁ ਜਗਜੀਵਨੁ ਜੁਗਣੇ॥ ਜਿਉ ਸਲਲੈ ਸਲਲ ਉਠਹਿ ਬਹੁ ਲਹਰੀ ਮਿਲਿ ਸਲਲੈ ਸਲਲ ਸਮਣੇ॥੨॥(976) ਇਹ ਜਗਤ-ਰਚਨਾ-ਸੁਆਮੀ ਪ੍ਰਭੂ ਨੇ ਆਪ ਹੀ ਕੀਤੀ ਤੇ ਹਰ ਥਾਂ ਜਗਤ-ਜੀਵਨ ਪ੍ਰਭੂ ਆਪ ਹੀ ਵਿਆਪਕ ਹੈ। ਜਿਵੇਂ ਪਾਣੀ ਵਿੱਚ ਪਾਣੀ ਦੀਆਂ ਬਹੁਤ ਲਹਿਰਾਂ ਉਠਦੀਆਂ ਤੇ ਉਹ ਪਾਣੀ ਵਿੱਚ ਮਿਲ ਕੇ ਪਾਣੀ ਹੋ ਜਾਂਦੀਆਂ ਹਨ-ਜਿਸ ਤੇ ਉਪਜੈ ਤਿਸ ਤੇ ਬਿਨਸੈ ਘਟਿ ਘਟਿ ਸਚੁ ਭਰਪੂਰਿ॥(ਮ:1-20)

ਜਿਸ ਤੋਂ ਇਹ ਜਗਤ ਪੈਦਾ ਹੁੰਦਾ ਜਾਂਦਾ ਉਸੇ ਦੇ ਹੁਕਮ ਅਨੁਸਾਰ ਨਾਸ ਭੀ ਹੁੰਦਾ ਰਹਿੰਦਾ ਤੇ ਉਹ ਸਦਾ-ਥਿਰ ਪ੍ਰਭੂ ਹਰੇਕ ਸਰੀਰ ਵਿੱਚ ਮੌਜੂਦ ਹੈ। ਹੇ ਪ੍ਰਭੂ! ਤੂੰ ਆਪ ਹੀ ਜੀਵਾਂ ਨੂੰ ਆਪਣੇ ਚਰਨਾਂ ਵਿੱਚ ਜੋੜਦਾ ਤੇ ਤੂੰ ਆਪ ਹੀ ਆਪਣੇ ਸਦਾ-ਥਿਰ ਮਹਲ ਹਜ਼ੂਰੀ ਵਿੱਚ ਰੱਖਦਾ ਹੈਂ।

ਉਪ੍ਰਲੇ ਉਦਾਹਰਣ ਜੀਵਾਂ ਦੀ ਮੌਤ ਉਪ੍ਰੰਤ ਦੀ ਅਸਲੀਅਤਾ ਪ੍ਰਤੀ ਗੁਰਮਤਿ ਦੇ ਆਪਣੇ ਦ੍ਰਿਸ਼ਟੀਕੋਂਣ ਦਾ ਪ੍ਰਗਟਾਵਾ ਹਨ। ਇਹ ਵਿਚਾਰ ਗੱਲ ਸਮਝੌਣ ਲਈ ਆਵਾਗਮਨ ਸਬੰਧੀ ਦੂਸਰੀਆਂ ਸਮਕਾਲੀ ਮਾਨਤਾਵਾਂ ਦਾ ਸੰਕੇਤਿਕ ਪ੍ਰਯੋਗ ਨਹੀਂ। ਕੀ ਅਸੀਂ ਗੁਰਮਤਿ ਦੇ ਇਨ੍ਹਾਂ ਨੁਕਤਿਆਂ ਨੂੰ ਨਜ਼ਰ ਅੰਦਾਜ਼ ਕਰ ਸਕਦੇ ਹਾਂ-ਨਹਿ ਕਿਛੁ ਕਨਮੈ ਨਹਿ ਕਿਛੁ ਮਰੈ... ॥(281-282) ਨਾ ਕਿਛੁ ਆਵਤ ਨਾ ਕਿਛੁ ਜਾਵਤ।।।॥ (209)

ਲੇਕਿਨ ਊਰਜਾ ਦੇ ਇਸ ਬਦਲਾਉ ਨੂੰ ਮਨੁੱਖ ਨੇ ਸਿਰਫ਼ ਜ਼ਿੰਦਗੀ ਅਤੇ ਮੌਤ ਅਤੇ ਜੀਵਆਤਮਾ ਤਕ ਹੀ ਸੀਮਤ ਰੱਖਿਆ ਅਤੇ ਭਰਮ 'ਚ ਪਿਆ ਰਿਹਾ। ਉਸ ਨੂੰ ਦਸਿਆ ਗਿਆ ਤੇ ਉਹ ਮੰਨਦਾ ਰਿਹਾ ਕਿ ਮੌਤ ਤੋਂ ਬਾਦ ਜੀਵਆਤਮਾ ਕਿਸੇ ਦੂਸਰੀ ਜੂਨ 'ਚ ਪ੍ਰਵੇਸ਼ ਕਰੇਗੀ। ਲੇਕਿਨ ਗੁਰ ਸਿਧਾਂਤ-ਅਗਲੀ ਕਿਛੁ ਖਬਰਿ ਨ ਪਾਈ॥ ਰੋਵਨਹਾਰੁ ਭਿ ਊਠਿ ਸਿਧਾਈ॥ਭਰਮ ਮੋਹ ਕੇ ਬਾਂਧੇ ਬੰਧ॥ ਸੁਪਨੁ ਭਇਆ ਭਖਲਾਏ ਅੰਧ॥੨॥ (885)

ਗੁਰੂ ਸਾਹਿਬਾਨ ਨੇ ਜੀਵਆਤਮਾ ਤੇ ਆਵਾਗਵਨ ਬਾਰੇ ਮਨੁੱਖ ਦੀਆਂ ਮਾਨੌਤਾਂ ਨੂੰ ਤੋੜਦੇ ਸਪਸ਼ਟ ਕੀਤਾ ਕਿ-ਜੋ ਇਹੁ ਜਾਣਹੁ ਸੋ ਇਹੁ ਨਾਹਿ॥ ਜਾਨਣਹਾਰੇ ਕਉ ਬਲਿ ਜਾਉ॥ਕਹੁ ਨਾਨਕ ਗੁਰਿ ਭਰਮੁ ਚੁਕਾਇਆ॥ ਨਾ ਕੋਈ ਮਰੈ ਨ ਆਵੈ ਜਾਇਆ॥੪॥੧੦॥(885) ਹੇ ਭਾਈ! ਤੁਸੀਂ ਜੀਵਾਤਮਾ ਨੂੰ ਜਿਹੋ ਜਿਹਾ (ਆਵਾਗਮਨ ਵਿੱਚ ਭਟਕਣ ਵਾਲਾ) ਸਮਝ ਰਹੇ ਹੋ ਇਹ ਉਹੋ ਜਿਹਾ ਨਹੀਂ ਹੈ। ਮੈਂ ਉਸ ਮਨੁਖ ਤੋਂ ਕੁਰਬਾਨ ਹਾਂ ਜਿਸ ਨੇ ਇਹ ਅਸਲੀਅਤ ਸਮਝ ਲਈ ਹੈ। ਨਾਨਕ ਆਖਦੈ ਗੁਰੂ ਨੇ ਮੇਰਾ ਭੁਲੇਖਾ ਦੂਰ ਕਰ ਦਿੱਤੈ ਕਿ ਨਾ ਹੀ ਕੋਈ ਮਰਦਾ, ਤੱਤ ਤਤਾਂ ਵਿੱਚ ਰਲ ਜਾਂਦੇ ਅਤੇ ਨਾ ਹੀ ਜਨਮ ਮਰਨ ਦੇ ਗੇੜ ਵਿੱਚ ਪੈਂਦਾ ਹੈ। ਸਾਨੂੰ ਇਸ ਸ਼ਬਦ ਦੀਆਂ ਅਖੀਰਲੀਆਂ ਪੰਕਤੀਆਂ ਦੀ ਵਿਆਖਿਆ ਕਰਨ ਵੇਲੇ ਇਹ ਚੇਤੇ ਰਖਣਾ ਚਾਹੀਦੈ ਕਿ ਜਿਸ ਸਮੇਂ ਇਹ ਸ਼ਬਦ ਉਚਾਰਿਆ ਗਿਆ ਸੀ ਉਸ ਵੇਲੇ ਹਰ ਕੋਈ ਜੀਵਆਤਮਾ ਨੂੰ ਆਵਾਗਮਨ ਵਾਲ਼ੀ ਹੀ ਸਮਝ ਰਿਹਾ ਅਤੇ ਇਸ ਤੋਂ ਮ੍ਰਿਤਕ ਦੀ ਆਤਮਾ ਨੂੰ ਬਚਾਉਂਣ ਲਈ ਕਈ ਪ੍ਰਕਾਰ ਦੇ ਕਰਮਕਾਂਡ ਕਰ ਰਿਹੈ ਅਤੇ ਇਸੇ ਧਾਰਣਾ ਉੱਤੇ ਇੱਕ ਵੱਡਾ ਵਪਾਰ ਖੜਾ ਸੀ। ਇਸੇ ਲਈ ਗੁਰੂ ਸਾਹਿਬ ਆਖਦੇ ਨੇ ਕਿ ਜੋ ਸਮਝਿਆ ਜਾ ਰਿਹੈ ਦਰਅਸਲ ਉਹ ਹੁੰਦਾ ਨਹੀ ਤੇ ਅੱਜ ਵੀ ਉਹੀ ਭੁਲੇਖਾ ਬਰਕਰਾਰ ਹੈ। ਇਸ ਸਾਰੇ ਸ਼ਬਦ ਦੀ ਵਿਆਖਿਆ 'ਚ ਅੱਜ ਤੱਕ ਭੁਲੇਖਾ ਖਾਦਾ ਗਿਆ ਹੈ।ਇੱਕ ਉਦਾਹਰਣ-ਬਬਾ ਬਿੰਦਹਿ ਬਿੰਦ ਮਿਲਾਵਾ॥ ਬਿੰਦਹਿ ਬਿੰਦਿ ਨ ਬਿਛੁਰਨ ਪਾਵਾ॥(341) ਕੁਝ ਚਿਰ ਵਾਸਤੇ ਅਸੀਂ ਇੱਕ ਸਮੁੰਦਰ ਨੂੰ ਕੁਦਰਤ-ਪੁਲਾੜ ਸਮਝ ਇਸ ਸਮੁੰਦਰ 'ਚੋਂ ਇੱਕ ਬੂੰਦ ਲਈਏ ਤੇ ਉਸ ਬੂੰਦ ਨੂੰ ਵਾਪਿਸ ਸਮੁੰਦਰ ਵਿੱਚ ਸੁੱਟੀਏ ਤਾਂ ਉਹ ਸਮੁੰਦਰ ਦਾ ਹਿੱਸਾ ਬਣ ਜਾਂਦੀ ਹੈ। ਕੀ ਅਸੀਂ ਉਸੇ ਬੂੰਦ ਨੂੰ ਦੁਬਾਰਾ ਲੈ ਸਕਦੇ ਹਾਂ? ਬੇਸ਼ੱਕ ਉਹ ਸਮੁੰਦਰ ਵਿੱਚ ਡਿਗਣ ਉਪ੍ਰੰਤ ਸਮੁੰਦਰ ਦੇ ਪਾਣੀ ਦਾ ਹੀ ਹਿੱਸਾ ਬਣੀ ਰਹਿੰਦੀ ਪਰ ਉਹ ਇੱਕ ਬੂੰਦ ਵਜੋਂ ਆਪਣੀ ਸੁਤੰਤਰ ਹੋਂਦ ਗੁਆ ਬੈਠਦੀ ਹੈ। ਉਹ ਵਾਪਸ ਸਮੁੰਦਰ ਵਿੱਚ ਮਿਲ ਜਾਂਦੀ ਅਤੇ ਅਸੀਂ ਉਸ ਨੂੰ ਨਹੀਂ ਪਛਾਣ ਸਕਦੇ ਠੀਕ ਇਸੇ ਤਰ੍ਹਾਂ ਜੀਵ ਕੁਦਰਤੀ-ਪੁਲਾੜ ਚੋਂ ਇੱਕ ਵਿਸ਼ੇਸ਼ ਬਾਇਓਲੌਜੀ ਪ੍ਰੌਸਿਸ ਰਾਹੀਂ ਉਪਜਦੇ ਅਤੇ ਮਰਨ ਉਪ੍ਰੰਤ ਉਸੇ ਕੁਦਰਤੀ-ਪੁਲਾੜ 'ਚ ਸਮਾ ਜਾਂਦੇ ਹਨ। ਫਿਰ ਇੱਕ ਵੱਖਰੀ ਵਿਅਕਤੀਗਤ ਆਤਮਾ ਵਰਗੀ ਕੋਈ ਚੀਜ਼ ਨਹੀਂ ਬਚਦੀ ਤੇ ਨਾਂ ਵਾਪਸ ਆਉਂਦੀ ਹੈ।

ਗੁਰੂ ਸਾਹਿਬ ਦਾ ਫੁਰਮਾਨ-ਉਦਕ ਸਮੁੰਦ ਸਲਲ ਕੀ ਸਾਖਿਆ ਨਦੀ ਤਰੰਗ ਸਮਾਵਹਿਗੇ ਸੁੰਨਹਿ ਸੁੰਨੁ ਮਿਲਿਆ ਸਮਦਰਸੀ ਪਵਨ ਰੂਪ ਹੋਇ ਜਾਵਹਿਗੇ॥੧॥ ਬਹੁਰਿ ਹਮ ਕਾਹੇ ਆਵਹਿਗੇ॥ ਆਵਨ ਜਾਨਾ ਹੁਕਮੁ ਤਿਸੈ ਕਾ ਹੁਕਮੈ ਬੁਝਿ ਸਮਾਵਹਿਗੇ॥੧॥ਰਹਾਉ॥ (1103) ਇਹੁ ਪਰਪੰਚੁ ਕੀਆ ਪ੍ਰਭ ਸੁਆਮੀ ਸਭੁ ਜਗਜੀਵਨੁ ਜੁਗਣੇ॥ ਜਿਉ ਸਲਲੈ ਸਲਲ ਉਠਹਿ ਬਹੁ ਲਹਰੀ ਮਿਲਿ ਸਲਲੈ ਸਲਲ ਸਮਣੇ॥੨॥(976) ਵੇਕੀ ਸ੍ਰਿਸਟਿ ਉਪਾਈਅਨੁ ਸਭ ਹੁਕਮਿ ਆਵੈ ਜਾਇ ਸਮਾਹੀ॥(947) ਇਸਤਰੀ ਪੁਰਖ ਹੋਇ ਕੈ ਕਿਆ ਓਇ ਕਰਮ ਕਮਾਹੀ॥ ਨਾਨਾ ਰੂਪ ਸਦਾ ਹਹਿ ਤੇਰੇ ਤੁਝ ਹੀ ਮਾਹਿ ਸਮਾਹੀ॥੨॥(162) ਕੀ ਇਸਤ੍ਰੀ ਤੇ ਕੀ ਮਰਦ ਤੈਥੋਂ ਆਕੀ ਹੋ ਕੇ ਕੁੱਝ ਨਹੀਂ ਕਰ ਸਕਦੇ। ਇਹ ਸਭ ਸਦਾ ਤੇਰੇ ਹੀ ਵੱਖ-ਵੱਖ ਰੂਪ ਨੇ ਤੇ ਆਖਰ ਤੇਰੇ 'ਚ ਹੀ ਸਮਾ ਜਾਂਦੇ ਹਨ।

ਗੁਰੂ ਸਾਹਿਬ ਨੇ ਜੀਵਨ, ਮੌਤ, ਜੀਵਆਤਮਾ ਅਤੇ ਆਵਾਗਵਨ ਦੀਆਂ ਪੁਰਾਣੀਆਂ ਮਨੌਤਾਂ ਨੂੰ ਨਕਾਰਦੇ ਹੋਏ ਸਾਡੇ ਸਾਹਮਣੇ ਇੱਕ ਐਸੇ ਸੱਚ ਨੂੰ ਰੱਖਿਆ ਜੋ ਵਿਗਿਆਨਕ ਤੇ ਦਾਰਸ਼ਨਕ ਹੈ ਪਰ ਵਿਆਖਿਆਕਾਰਾਂ ਨੇ ਦੂਸਰੇ ਮੱਤਾਂ ਦੇ ਪ੍ਰਭਾਵ ਹੇਠ ਗੁਰਮਤਿ ਸਿਧਾਂਤ ਦੀ ਅਸਲੀਅਤ ਨੂੰ ਸਮਝਣ 'ਚ ਭਾਰੀ ਭੁੱਲ ਕੀਤੀ। ਉਹ ਕੇਵਲ ਉਨ੍ਹਾਂ ਸ਼ਬਦਾਂ ਵਿੱਚ ਉਲਝ ਗਏ ਜਿਨ੍ਹਾਂ ਦੀ ਵਰਤੋਂ ਗੁਰੂ ਸਾਹਿਬ ਨੇ ਕੇਵਲ ਸੰਕੇਤਕ ਤੌਰ ਤੇ ਕੀਤੀ। ਇਹ ਗੱਲ ਚਿੰਤਾ ਦਾ ਵਿਸ਼ੈ ਕਿ ਵੱਖਰੇ-ਵੱਖਰੇ ਟੀਕਾਕਾਰਾਂ ਨੇ ਗੁਰਮਤਿ ਦੀਆਂ ਮੂਲ ਭਾਵਨਾਵਾਂ ਤੋਂ ਬੇਮੁਖ ਹੋ ਕੇ ਦੂਸਰੇ ਮੱਤਾਂ ਦੀਆਂ ਮਾਨਤਾਵਾਂ ਹੇਠ ਆਵਾਗਵਨ ਦੀ ਹੋਂਦ ਨੂੰ ਗੁਰਮਤਿ ਦਾ ਸਿਧਾਂਤ ਬਣਾ ਦਿੱਤਾ ਜੋ ਕਿ ਇੱਕ ਭਰਮ ਜਾਂ ਵਹਿਮ ਸੀ।

ਇਥੇ ਇੱਕ ਗੱਲ ਸਪਸ਼ਟ ਕਰਨੀ ਜ਼ਰੂਰੀ ਹੈ ਕਿ ਗੁਰਮਤਿ ਦੀ ਸੂਝ ਰੱਖਣ ਵਾਲੇ ਵਿਦਵਾਨ ਜਾਂ ਸੰਸਥਾਵਾਂ ਇਸ ਗੱਲ ਤੇ ਸਹਿਮਤ ਨੇ ਕਿ ਸਵਰਗ ਨਰਕ, ਧਰਮਰਾਜ ਦੀ ਅਦਾਲਤ, ਚਿਤ੍ਰਗੁਪਤ, ਜਮਦੂਤ ਅਤੇ ਜਮਦੂਤਾਂ ਵਾਲਾ ਰਸਤਾ ਵੈਤਰਨੀ ਨਦੀ ਆਦਿ ਦੀ ਹੋਂਦ ਅਸਲੀਅਤ ਤੋਂ ਪਰ੍ਹੇ ਹੈ। ਉਹ ਇਸ ਗੱਲ ਤੇ ਵੀ ਸਹਿਮਤ ਹਨ ਕਿ ਗੁਰੂ ਸਾਹਿਬਾਨ ਨੇ ਇਨ੍ਹਾਂ ਸ਼ਬਦਾਂ ਦੀ ਵਰਤੋਂ ਸਿਰਫ਼ ਸੰਕੇਤਕ ਰੂਪ 'ਚ ਕੀਤੀ ਪਰ ਇਹ ਗੱਲ ਬਹੁਤ ਹੈਰਾਨ ਕਰਨ ਵਾਲੀ ਕਿ ਇਨ੍ਹਾਂ ਸਾਰਿਆਂ ਸ਼ਬਦਾਂ ਅਤੇ ਉਨ੍ਹਾਂ ਨਾਲ ਜੁੜੀਆਂ ਮਾਨਤਾਵਾਂ ਆਵਾਗਵਨ ਦੇ ਸਿਧਾਂਤ ਨਾਲ ਸੰਬੰਧਤ ਹੋਣ ਦੇ ਬਾਵਜੂਦ ਜਿੱਥੇ ਇੱਕ ਪਾਸੇ ਵਿਦਵਾਨ ਗੁਰਮਤਿ ਅਨੁਸਾਰ ਇਨ੍ਹਾਂ ਨੂੰ ਨਿਕਾਰਦੇ ਨੇ ਉੱਥੇ ਦੂਜੇ ਪਾਸੇ ਜੀਵਾਤਮਾ ਦੇ ਆਵਾਗਵਨ ਨੂੰ ਗੁਰਮਤਿ ਦਾ ਹਿੱਸਾ ਵੀ ਦੱਸੀ ਜਾਂਦੇ ਹਨ। ਜੇਕਰ ਆਵਾਗਵਨ ਨਾਲ ਜੁੜੀਆਂ ਉੱਪਰਲੀਆਂ ਗੱਲਾਂ ਭੁਲੇਖਾ ਜਾਂ ਸੰਕੇਤਕ ਮਾਤ੍ਰ ਨੇ ਤਾਂ ਫ਼ਿਰ ਆਵਾਗਵਨ ਦੀ ਹੋਂਦ ਜਾਂ ਉਸਦਾ ਜ਼ਿਕਰ ਸੰਕੇਤਕ ਕਿਉਂ ਨਹੀਂ? ਗੁਰੂ ਸਾਹਿਬ ਨੇ ਸਾਫ਼ ਸ਼ਬਦਾਂ ਵਿੱਚ ਸਾਨੂੰ ਐਸੇ ਵਹਿਮਾਂ, ਭਰਮਾਂ ਅਤੇ ਭੁਲੇਖਿਆਂ ਚੋਂ ਨਿਕਲਣ ਦੀ ਪ੍ਰੇਰਨਾ

**(ਬਾਕੀ ਸਫਾ 7 'ਤੇ)**



The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
'ਦੇਸ਼ ਦੁਆਬਾ' ਵਿਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਆਦਿ ਵਿਚਲੇ ਵਿਚਾਰਾਂ/ਦਾਅਵਿਆਂ ਨਾਲ ਅਦਾਰਾ ਦੇਸ਼ ਦੁਆਬਾ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ

# ਅਸ਼ੋਕ ਬਾਂਸਲ ਮਾਨਸਾ ਦੀ ਕਿਤਾਬ 'ਮਿੱਟੀ ਨੂੰ ਫਰੋਲ ਜੋਗੀਆ' ਫਰਿਜ਼ਨੋ ਵਿਖੇ ਲੋਕ ਅਰਪਣ

**ਗੁਰਿੰਦਰਜੀਤ ਨੀਟਾ ਮਾਛੀਕੇ / ਕੁਲਵੰਤ ਧਾਲੀਆਂ**

**ਫਰਿਜ਼ਨੋ (ਕੈਲੇਫੋਰਨੀਆਂ)** –ਬੀਤੇ ਦਿਨੀ "ਮਾਛੀਕੇ ਐਂਡ ਧਾਲੀਆਂ ਮੀਡੀਆ ਗਰੁੱਪ ਫਰਿਜ਼ਨੋ" ਵੱਲੋ ਪੰਜਾਬੀ ਮਾਂ ਬੋਲੀ ਦੇ ਸਪੂਤ ਅਸ਼ੋਕ ਬਾਂਸਲ ਮਾਨਸਾ ਦੀ ਪੰਜਾਬੀ ਗੀਤਕਾਰੀ ਨੂੰ ਸਮਰਪਿਤ ਕਿਤਾਬ 'ਮਿੱਟੀ ਨੂੰ ਫਰੋਲ ਜੋਗੀਆ' ਨੂੰ ਸਥਾਨਿਕ ਵਿਸਟਰਨ ਟਰੱਕਿੰਗ ਵਾਲੇ ਮਿੰਟੂ ਉੱਪਲੀ ਦੇ ਦਫਤਰ ਵਿਖੇ ਖੁੱਲ੍ਹੇ ਸਮਾਗਮ ਰਾਹੀ ਲੋਕ ਅਰਪਣ ਕੀਤੀ ਗਈ। ਇਹ 207 ਸਫਿਆਂ ਦੀ ਪੁਸਤਕ ਗੁੱਡ-ਵਿੱਲ ਪਬਲੀਕੇਸ਼ਨ ਮਾਨਸਾ ਵੱਲੋਂ ਪ੍ਰਕਾਸ਼ਤ ਕੀਤੀ ਗਈ ਹੈ। ਉੱਘੇ ਗੀਤਕਾਰ ਬਾਬੂ ਸਿੰਘ ਮਾਨ ਨੇ ਇੱਕ ਕਵਿਤਾ ਦੇ ਰੂਪ ਵਿੱਚ ਅਸ਼ੋਕ ਬਾਂਸਲ ਮਾਨਸਾ ਲਈ ਬਹੁਤ ਪਿਆਰੇ ਸ਼ਬਦ ਲਿਖੇ ਹਨ। ਜੋ ਕਿਤਾਬ ਦੇ ਪਿਛਲੇ ਪੰਨੇ 'ਤੇ ਉੱਕਰੇ, ਕਿਤਾਬ ਨੂੰ ਹੋਰ ਵੀ ਚਾਰਚੰਨ ਲਾਉਂਦੇ ਹਨ। ਇਸ ਕਿਤਾਬ ਵਿੱਚ ਅਜ਼ਾਦੀ ਤੋਂ ਪਹਿਲਾ ਦੇ ਵੀਹ ਉਹਨਾਂ ਗੀਤਕਾਰਾਂ ਦੀ ਜ਼ਿੰਦਗੀ ਦਰਜ ਕੀਤੀ ਗਈ ਹੈ, ਜਿਹੜੇ ਗੁੰਮਨਾਮ ਹੋ ਗਏ ਸਨ। ਇਸ ਪੁਸਤਕ ਨੂੰ ਐਨੇ ਰੌਚਿਕ ਢੰਗ ਨਾਲ ਲਿਖਿਆ ਗਿਆ ਹੈ ਕਿ ਪਾਠਕ ਦਾ ਜੀਅ ਕਰਦਾ ਇੱਕੋ ਬੈਠਕ ਵਿੱਚ ਪੜ੍ਹਕੇ ਉੱਠਾਂ। ਇਸ ਸਮਾਗਮ ਵਿੱਚ ਜਿੱਥੇ ਸ਼ਹਿਰ ਦੇ ਪਤਵੰਤੇ ਸੱਜਣਾਂ ਦੀ ਭਰਵੀ ਹਾਜ਼ਰੀ ਰਹੀ, ਓਥੇ ਦੂਰ ਦੁਰਾਡੇ ਤੋਂ ਗਾਇਕਾਂ, ਗੀਤਕਾਰਾਂ, ਪੱਤਰਕਾਰਾਂ, ਲੇਖਕਾਂ ਅਤੇ ਰੇਡੀਓ ਹੋਸਟਾਂ ਨੇ ਵੀ ਸ਼ਮੂਲੀਅਤ ਕਰਕੇ ਪ੍ਰੋਗਰਾਮ ਨੂੰ ਸਫਲ ਬਣਾਇਆ। ਪ੍ਰੋਗਰਾਮ ਦੀ ਸ਼ੁਰੂਆਤ ਪੱਤਰਕਾਰ ਨੀਟਾ ਮਾਛੀਕੇ ਨੇ ਅਸ਼ੋਕ ਬਾਂਸਲ ਮਾਨਸਾ ਦੀ ਕਿਤਾਬ 'ਮਿੱਟੀ ਨੂੰ ਫਰੋਲ ਜੋਗੀਆ' 'ਤੇ ਪੰਛੀ ਝਾਤ ਪਵਾਉਂਦਿਆਂ ਸਭਨਾਂ ਨੂੰ ਨਿੱਘਾ ਜੀ ਆਇਆ ਆਖਕੇ ਕੀਤੀ। ਇਸ ਉਪਰੰਤ ਦਿਲਾਵਰ ਚਾਹਲ, ਰਣਜੀਤ ਗਿੱਲ (ਜੱਗਾ), ਸ਼ਾਇਰ ਹਰਜਿੰਦਰ ਕੰਗ, ਸਾਧੂ ਸਿੰਘ ਸੰਘਾ, ਸੰਤੋਖ ਮਨਿਹਾਸ, ਐਚ। ਐਸ। ਭਜਨ ਅਤੇ ਪੱਤਰਕਾਰ ਕੁਲਵੰਤ ਉੱਭੀ ਧਾਲੀਆਂ ਆਦਿ ਨੇ ਕਿਤਾਬ ਸਬੰਧੀ ਆਪਣੀ ਵਿਚਾਰ ਰੱਖੇ। ਇਸ ਉਪਰੰਤ ਅਸ਼ੋਕ ਬਾਂਸਲ ਮਾਨਸਾ ਨੇ ਆਏ ਸਮੂੰਹ ਮਹਿਮਾਨਾਂ ਨੂੰ ਸੰਬੋਧਨ ਕਰਦਿਆਂ ਦੱਸਿਆ ਕਿ ਕਿਵੇ ਉਹਨਾਂ ਦੀ ਜ਼ਿੰਦਗੀ ਦੀ ਵੀਹ ਸਾਲ ਦੀ ਖੋਜ ਤੋ ਬਾਅਦ ਇਹ ਕਿਤਾਬ ਹੋਂਦ ਵਿੱਚ ਆਈ। ਉਹਨਾਂ ਦੱਸਿਆ ਬਹੁਤ ਸਾਰੇ ਗੀਤ ਜਿੰਨਾ ਨੂੰ ਲੋਕ, ਲੋਕ-ਗੀਤ ਹੀ ਸਮਝਦੇ ਰਹੇ, ਮੈ ਉਹਨਾਂ ਗੀਤਾਂ ਦੇ ਰਚਣਹਾਰਾਂ ਨੂੰ ਸਬੂਤਾਂ ਸਮੇਤ ਲੱਭਕੇ ਇਸ ਕਿਤਾਬ ਵਿੱਚ ਅੰਕਿਤ ਕੀਤਾ ਹੈ। ਉਹਨਾਂ ਕਿਹਾ ਕਿ ਹਰਇੱਕ ਉਸ ਪੰਜਾਬੀ ਨੂੰ ਇਹ ਕਿਤਾਬ ਜ਼ਰੂਰ ਪੜ੍ਹਨੀ ਚਾਹੀਦੀ ਹੈ, ਜਿਸਦਾ ਪੰਜਾਬੀ ਸੰਗੀਤ ਨਾਲ ਥੋੜਾ ਬਹੁਤ ਵੀ ਵਾਹ ਵਾਸਤਾ ਹੈ। ਇਸ ਉਪਰੰਤ ਸੌਗੀ ਕਿੰਗ ਸ। ਚਰਨਜੀਤ ਸਿੰਘ ਬਾਠ, ਪੀਸੀਏ ਮੈਂਬਰ, ਇੰਡੋ ਯੂਐਸਏ ਹੈਰੀਟੇਜ ਫਰਿਜ਼ਨੋ ਦੇ ਮੈਂਬਰ, ਗੁੱਲੂ ਬਰਾੜ, ਹਾਕਮ ਸਿੰਘ ਢਿੱਲੋ, ਮਿੰਟੂ ਉੱਪਲੀ, ਜੱਸੀ ਸਟੋਨ ਟਰੱਕਿੰਗ, ਐਚ ਐਸ ਭਜਨ, ਸ਼੍ਰੋਮਣੀ ਕਮੇਟੀ ਮੈਂਬਰ ਜੁਗਰਾਜ ਸਿੰਘ ਦੌਧਰ ਅਤੇ ਰਾਜ ਧਾਲੀਵਾਲ ਆਦਿਕ ਸੱਜਣਾਂ ਨੇ ਪਤਵੰਤਿਆਂ ਦੀ ਹਾਜ਼ਰੀ ਵਿੱਚ ਇਹ ਕਿਤਾਬ ਲੋਕ ਅਰਪਣ ਕੀਤੀ ਗਈ।



ਇਸ ਸਮੇਂ ਫੇਸਬੁੱਕ ਆਦਿਕ ਸ਼ੋਸ਼ਲ ਮੀਡੀਏ ਰਾਹੀ ਚਲ ਰਹੇ ਲਾਈਵ ਪ੍ਰਸਾਰਨ ਰਾਹੀ ਦੁਨੀਆ ਭਰ ਤੋਂ ਬਹੁਤ ਸਾਰੇ ਪੰਜਾਬੀ ਸੰਗੀਤ ਪ੍ਰੇਮੀ ਜੁੜੇ ਹੋਏ ਸਨ। ਜਿੰਨ੍ਹਾਂ ਚੱਲਦੇ ਪ੍ਰੋਗਰਾਮ ਦੌਰਾਨ ਫ਼ੋਨਾਂ ਰਾਹੀ ਹਾਜ਼ਰੀ ਭਰਦੇ ਹੋਏ ਇਸ ਮਹਾਨ ਕਾਰਜ ਲਈ ਜਿੱਥੇ ਅਸ਼ੋਕ ਬਾਂਸਲ ਮਾਨਸਾ ਨੂੰ ਵਧਾਈ ਦਿੱਤੀ ਗਈ, ਉੱਥੇ ਅਜਿਹੇ ਕਾਰਜ ਨੂੰ ਸਹੀ ਢੰਗ ਨਾਲ ਕਰਨ ਲਈ ਸਲਾਹੁਣਾ ਵੀ ਕੀਤੀ ਗਈ। ਅਖੀਰ ਪੰਜਾਬੀ ਗਾਇਕੀ ਦਾ ਖੁੱਲ੍ਹਾ ਅਖਾੜਾ ਚੱਲਿਆ। ਜਿਸ ਵਿੱਚ ਗਾਇਕ ਅਵਤਾਰ ਗਰੇਵਾਲ, ਬਾਈ ਸੁਰਜੀਤ ਮਾਛੀਵਾੜਾ, ਅਮਨਜੋਤ ਸਿੰਘ, ਪੱਪੀ ਭਦੌੜ, ਗੋਗੀ ਸੰਧੂ, ਐਚ। ਐਸ। ਭਜਨ, ਕਮਲਜੀਤ ਸਿੰਘ, ਮਾਸਟਰ ਅਮਨਜੋਤ ਸਿੰਘ, ਨਿਰਮਲ ਨਿੰਮਾ ਅਤੇ ਗੁੱਲੂ ਬਰਾੜ ਆਦਿਕ ਨੇ ਆਪਣੇ ਗੀਤਾਂ ਦੀ ਐਸੀ ਛਹਿਬਰ ਲਾਈ ਕਿ ਹਰਕੋਈ ਅੱਸ਼ ਅੱਸ਼ ਕਰ ਉੱਠਿਆ।

ਇਸ ਸਮਾਗਮ ਲਈ ਚਾਹ ਪਕੌੜਿਆ ਦਾ ਲੰਗਰ ਨਿਊ ਇੰਡੀਆ ਸਵੀਟ ਵਾਲੇ ਜਸਵਿੰਦਰ ਸਿੰਘ ਵੱਲੋ ਫ੍ਰੀ ਲਾਇਆ ਗਿਆ। ਪੱਪੀ ਭਦੌੜ ਅਤੇ ਮੀਕੇ ਦੀਆਂ ਸੰਗੀਤਕ ਧੁੰਨਾਂ ਨੇ ਪ੍ਰੋਗਰਾਮ ਨੂੰ ਚਰਮ ਸ਼ਾਮਾਂ ਤੱਕ ਪਹੁੰਚਾਇਆ। ਅਖੀਰ ਵਿੱਚ ਅਸ਼ੋਕ ਬਾਂਸਲ ਮਾਨਸਾ ਨੂੰ ਸਨਮਾਨ ਚਿੰਨ ਨਾਲ ਸਨਮਾਨਿਆ ਗਿਆ। ਅੰਤ ਮੋਗਾ ਮੀਟ ਦੇ ਸੁਆਦਿਸ਼ਟ ਖਾਣੇ ਨਾਲ ਅਮਿੱਟ ਪੈੜਾ ਛੱਡਦਾ ਇਹ ਪ੍ਰੋਗਰਾਮ ਯਾਦਗਾਰੀ ਹੋ ਨਿਬੜਿਆ।

# ਜੀਵਾਤਮਾਂ ਜਾਂ ਆਤਮਾਂ ਨਹੀਂ ਸਗੋਂ ਜੀਵਨ ਸ਼ਕਤੀ ਪ੍ਰਵਾਹ

**(ਸਫਾ 6 ਦੀ ਬਾਕੀ)**

ਦਿੱਤੀ ਜਿਨ੍ਹਾਂ ਦੇ ਚਲਦੇ ਲੋਕ ਆਵਾਗਵਨ ਨੂੰ ਇੱਕ ਕੁਦਰਤੀ ਕ੍ਰਿਆ ਮੰਨ ਬੈਠੇ ਸਨ-ਜਨਮੁ ਮਰਣੁ ਕੇ ਮਿਟੇ ਅੰਦੇਸੇ॥ ਸਾਧੂ ਕੇ ਪੂਰਣ ਉਪਦੇਸੇ॥(287) ਗੁਰੂ ਦੇ ਸੰਪੂਰਨ ਉਪਦੇਸ਼ ਰਾਹੀਂ ਜਨਮ-ਮਰਨ (ਆਵਾਗਮਨ) ਬਾਰੇ ਅੰਦੇਸ਼ੇ (ਉਹ ਗੱਲ ਜਿਸ ਦੀ ਹੋਣ ਦੀ ਸ਼ੰਕਾ ਹੋਵੇ) ਭਰਮ ਮਿਟ ਜਾਂਦੇ ਹਨ-ਨਾ ਕੋ ਆਵਹਿ ਨਾ ਕੋ ਜਾਵੈ ਗੁਰੁ ਕੀਆ ਭਰਮੀਜਾ ਹੇ॥(1074) ਭਾਵ ਗੁਰ-ਸਿਖਿਆ ਰਾਹੀਂ ਸਮਝ ਪੇਂਦੀ ਹੈ ਕਿ ਨਾ ਤਾਂ ਕੋਈ ਆਂਉਦੈ ਤੇ ਨਾ ਹੀ ਕੋਈ ਜਾਂਦਾ ਹੈ।

ਇੱਥੇ ਕੁੱਝ ਹੋਰ ਨੁਕਤੇ ਸਮਝ ਲੈਣੇ ਵੀ ਜ਼ਰੂਰੀ ਨੇ ਕਿ ਜੇਕਰ ਸਰੀਰ ਵਿੱਚ ਮੌਜੂਦ ਜੀਵਨ ਪ੍ਰਵਾਹ ਨੂੰ ਅਸੀਂ ਜੀਵਾਤਮਾ ਦੀ ਸੰਗਿਆ ਦੇ ਲਈਏ ਤਾਂ ਕੋਈ ਮਾੜੀ ਗੱਲ ਨਹੀਂ ਕਿਉਂਕਿ ਮਨੁੱਖ ਨੇ ਨਜ਼ਰ ਆਉਣ ਵਾਲੀ ਜਾਂ ਅਨੁਭਵ ਕੀਤੀ ਜਾ ਸਕਣ ਵਾਲੀ ਹਰ ਸ਼ੈਅ ਨੂੰ ਕੋਈ ਨਾ ਕੋਈ ਸੰਬੋਧਨ ਦਿੱਤਾ ਹੈ। ਸੰਬੋਧਨ ਦੇਣਾ ਇੱਕ ਹੋਰ ਗੱਲ ਅਤੇ ਇਸ ਨੂੰ ਆਵਾਗਵਨ ਵਰਗੇ ਸਿਧਾਂਤ ਨਾਲ ਜੋੜਨਾ ਵੱਖਰੀ ਗੱਲ ਹੈ। ਬਹਿਸ ਇਹ ਨਹੀਂ ਕਿ ਇਸ ਜੀਵਨ-ਰੌਂ ਦਾ ਨਾਂ ਜੀਵਾਤਮਾ ਜਾਂ ਨਹੀਂ ਬਲਕਿ ਇਸ ਲੇਖ ਦਾ ਮਕਸਦ ਇਸ ਜੀਵਨ-ਰੌਂ ਜਾਂ ਜੀਵਾਤਮਾ ਦੀਆਂ ਬ੍ਰਿਤੀਆਂ ਦੀ ਚਰਚਾ ਕਰਨਾ ਹੈ। ਜੀਵਨ-ਪ੍ਰਵਾਹ ਇੱਕ ਸਚਾਈ ਪਰ ਆਵਾਗਵਨ ਦਾ ਸਿਧਾਂਤ ਇੱਕ ਕਲਪਨਾ ਮਾਤ੍ਰ ਜਾਂ ਵਹਿਮ ਜਿਸ ਨੂੰ ਗੁਰੂ ਸਾਹਿਬ "ਅੰਦੇਸੇ" ਅਤੇ "ਭਰਮੀਜਾ" ਸ਼ਬਦਾਂ ਨਾਲ ਵਰਨਣ ਕਰਦੇ ਹਨ।

ਦੂਜਾ ਨੁਕਤਾ-ਕੁਝ ਥਾਵਾਂ ਤੇ ਗੁਰੂ ਸਾਹਿਬ ਨੇ ਮਨੁੱਖ-ਸਰੀਰ ਵਿੱਚ ਜੋਤ ਹੋਣ ਦੀ ਗੱਲ ਕਹੀ ਇਸ ਨੂੰ ਸਮਝਣ ਦੀ ਲੋੜੈ ਕਿ ਗੁਰੂ ਸਾਹਿਬ ਨੇ ਮਨੁਖ ਦੇ ਮਨ ਨੂੰ ਜੋਤ ਕਿਹਾ ਹੈ-ਮਨ ਤੂ ਜੋਤਿ ਸਰੂਪ ਹੈ॥(441) ਮਨੁਖ ਦੇ ਮਨ ਦਾ ਵਿਵੇਕੀ ਵਿਸ਼ਾ ਈਸ਼ਵਰ ਜੋਤ (ਡੀਵਾਈਨ ਐਲੀਮੈਂਟ) ਹੈ, ਇਹ ਕੋਈ ਜੀਵਾਤਮਾ ਨਹੀਂ। ਕਈ ਵਿਦਵਾਨ ਜੋਤ ਨੂੰ ਜੀਵਾਤਮਾ ਮੰਨਦੇ ਹਨ। "ਜੋਤੀ ਮਹਿ ਜੋਤਿ ਰਲ ਜਾਇਆ" ਫੁਰਮਾਨ ਨੂੰ ਜੀਵਾਤਮਾ ਦੇ ਪ੍ਰਮਾਤਮਾ ਵਿੱਚ ਮਿਲ ਜਾਣ ਦੇ ਰੂਪ ਵਿੱਚ ਸਮਜਿਆ ਜਾਂਦੈ ਪਰ ਇੱਥੋਂ ਹੀ ਅਸੀਂ ਭੁਲੇਖੇ ਦਾ ਸ਼ਿਕਾਰ ਹੁੰਦੇ ਹਾਂ। ਦਰਅਸਲ "ਜੋਤੀ ਮਹਿ ਜੋਤਿ ਰਲ ਜਾਇਆ" ਜੀਵਨ ਸ਼ਕਤੀ ਦਾ ਕੁਦਰਤੀ ਪੁਲਾੜ ਰੂਪੀ ਸ਼ਕਤੀ ਵਿੱਚ ਰਲ ਜਾਣਾ ਹੈ। ਯਾਦ ਰਹੇ ਕਿ ਗੁਰੂ ਸਾਹਿਬ ਦੇ ਫੁਰਮਾਨ "ਇਹ ਮਿਲਾਪ" ਹਰ ਜੀਵ ਦੀ ਮੌਤ ਉਪ੍ਰੰਤ ਹੋਣਾ ਹੀ ਹੈ। ਐਸਾ ਨਹੀਂ ਕਿ ਕੁੱਝ ਵਿਸ਼ੇਸ਼ ਜੋਤਾਂ ਸਰਬਵਿਆਪਕ ਜੋਤ 'ਚ ਰਲ ਜਾਣਗੀਆਂ ਅਤੇ ਬਾਕੀ ਵੱਖਰੀ ਹੋਂਦ ਲੈ ਭਟਕਦੀਆਂ ਰਹਿਣ ਗੀਆਂ। ਭਟਕਣਾਂ ਕੇਵਲ ਸਾਡੀ ਸੋਚ ਵਿੱਚ ਹੈ।

ਤੀਜਾ ਨੁਕਤਾ-ਇਸ ਨੁਕਤੇ ਤੇ ਅਗਾਂਹ ਵਧਣ ਤੋਂ ਪਹਿਲਾਂ ਅਸੀਂ ਇਹ ਸਮਝ ਲਈਏ ਕਿ ਆਪਣੇ ਫ਼ਲਸਫ਼ੇ ਦੇ ਗੂੜ੍ਹ ਸੰਧਰਭ ਵਿੱਚ ਗੁਰੂ ਸਾਹਿਬ ਨੇ ਜੋਤ ਨੂੰ ਮਨ ਕਰ ਕੇ ਸੰਬੋਧਤ ਕੀਤਾ ਹੈ। ਆਓ ਹੁਣ ਵੇਖੀਏ ਕਿ ਇਹ ਜੋਤ ਜਾਂ ਮਨ ਕੀ ਹੈ? ਇਹ ਮਨੁ ਕਰਮਾ ਇਹੁ ਮਨ ਧਰਮਾ॥ਇਹ ਮਨ ਪੰਚ ਤਤ ਤੇ ਜਨਮਾ॥(ਮ:1-415) ਇਹੁ ਮਨ ਸਕਤੀ ਇਹ ਮਨ ਸੀਉ॥ਇਹ ਮਨ ਪੰਚ ਤਤ ਕੋ ਜੀਉ॥(342-ਕਬੀਰ) ਅਰਥਾਤ ਜੋਤ ਜਿਸ ਨੂੰ ਮਨ ਕਿਹਾ ਗਿਐ ਉਸ ਨੂੰ ਵਿਦਵਾਨ ਮੌਤ ਤੋਂ ਬਾਅਦ ਇੱਕ ਭਟਕਣ ਵਾਲੀ ਆਤਮਾ ਜਾਂ ਜੀਵਾਤਮਾ ਕਹਿੰਦੇ ਨੇ ਜਿਹੜੀ ਪੰਚ ਤੱਤਾਂ ਤੋਂ ਵੱਖ ਇੱਕ ਵੱਖਰੀ ਅਤੇ ਸੁਤੰਤਰ ਹੋਂਦ ਰੱਖਦੀ ਹੈ। ਗੁਰੂ ਸਾਹਿਬ ਨੇ ਉਪ੍ਰੋਕਤ ਤੁਕਾਂ ਵਿੱਚ ਸਪਸ਼ਟ ਰੂਪ 'ਚ ਜੋਤਿ ਜਾਂ ਮਨ ਨੂੰ ਪੰਜ-ਤਤਾਂ ਤੋਂ ਪੈਦਾ ਹੋਈ ਇੱਕ ਸ਼ਕਤੀ ਦਸਿਐ ਕਿਉਂਕਿ ਇਹ ਜੋਤਿ ਪੰਜ-ਤਤਾਂ ਦੇ ਮੇਲ ਨਾਲ ਹੀ ਬਣੀ ਹੈ। ਇਸ ਵਾਸਤੇ ਇਹ ਪੰਜ-ਤਤਾਂ ਦੇ ਵਿਖੰਡਨ ਨਾਲ ਹੀ ਖਤਮ ਹੋ ਜਾਂਦੀ ਹੈ।

ਇਸੇ ਤਰ੍ਹਾਂ "ਸ਼ਬਦ ਗੁਰੂ ਗ੍ਰੰਥ ਵਿੱਚ ਦਰਜ ਇੱਕ ਹੋਰ ਮਹੱਤਵ ਪੂਰਨ ਸਵਾਲ-ਇਸੁ ਮਨੁ ਕੋ ਕੋਈ ਖੋਜਉ ਭਾਈ॥ਤਨ ਛੂਟੈ ਮਨ ਕਹਾ ਸਮਾਈ॥ ਇਸ ਸਵਾਲ ਦਾ ਜੁਆਬ-ਇਸ ਮਨ ਕੋ ਰੂਪ ਨ ਰੇਖਿਆ ਕਾਈ॥ਹੁਕਮੈ ਹੋਆ ਹੁਕਮਿ ਬੂਝ ਸਮਾਈ॥(330) ਭਾਵ ਸਵਰੂਪ ਹੀਣ ਮਨ ਵਹਿਮਾਂ 'ਚ ਪਿਆ ਹੋਇਆ ਜਾਂ ਜੋਤ (ਪ੍ਰਭੂ) ਦੇ ਹੁਕਮ (ਪੰਚ ਤਤਾਂ ਦੇ ਮੇਲ ਤੋਂ ਬਣਿਆ ਸਰੀਰ) ਤੋਂ ਉਤਪੰਨ ਇੱਕ ਜੀਵਨ ਊਰਜੈ ਜੋ ਉਸੇ ਦੇ ਹੁਕਮ (ਮੌਤ) ਤੋਂ ਉਸੇ ਦੇ ਹੁਕਮ (ਪ੍ਰਕ੍ਰਿਤੀ) ਵਿੱਚ ਸਮਾ ਜਾਂਦੀ ਏ ਪਰ ਇਹ ਸੱਚ ਤਾਂ ਪਤਾ ਲਗਦੈ ਜੇ ਮਨ ਹੁਕਮ ਦੇ ਸੱਚ ਨੂੰ ਬੁੱਝ ਲਏ। ਪੰਜ-ਤੱਤਾਂ ਦੇ ਮੇਲ (ਸਰੀਰ) ਬਿਨਾਂ ਇਸ (ਮਨ-ਆਤਮਾ) ਦਾ ਕੋਈ ਵੀ ਸੁਤੰਤਰ ਵਜੂਦ ਨਹੀਂ। ਇਹ ਆਵਾਗਵਨ ਨਹੀਂ ਕਰਦੀ ਪਰ ਵਹਿਮ ਕਾਰਨ ਭਟਕਣਾ ਦਾ ਡਰ ਬਣਿਆ ਰਹਿੰਦਾ ਹੈ-ਇਸ ਮਨੁ ਕਉ ਨਹੀ ਆਵਨਜਾਨਾ॥ ਜਿਸ ਕਾ ਭਰਮ ਗਿਆ ਤਿਨੁ ਸਾਚੁ ਸਮਾਨਾ॥(330) ਇਸ ਮਨ (ਆਤਮਾ) ਨੂੰ ਆਵਾਗਮਨ ਦਾ ਗੇੜ ਨਹੀ। ਜਿਸ ਮਨੁੱਖ ਦਾ ਇਹ ਭਰਮ ਦੂਰ ਹੋ ਜਾਂਦੈ ਉਹ ਇਸ ਸੱਚ ਨੂੰ ਪਛਾਣ ਲੈਂਦਾ ਹੈ। ਗੁਰਮਤਿ ਆਵਾਗਵਨ ਨੂੰ ਮਨੁੱਖ ਦਾ ਵਹਿਮ, ਭਰਮ, ਡਰ ਆਦਿ ਮੰਨਦੀ ਅਤੇ ਉਸ ਤੋਂ ਨਿਕਲਣ ਦੀ ਪ੍ਰੇਰਣਾ ਦਿੰਦੀ ਹੈ ਜੋ ਆਪਣੇ ਮੂਲ ਨੂੰ ਪਛਾਨਣਾ ਕਰਤੇ ਨੂੰ ਸਮਝਣ ਦੀ ਦਿਸ਼ਾ ਵੱਲ ਪਹਿਲਾ ਕਦਮ ਹੈ।

ਹਰਿ ਹਰਿ ਮਨਿ ਭਾਇਆ ਪਰਮ ਸੁਖ ਪਾਇਆ ਹਰਿ ਲਾਹਾ ਪਦੁ ਨਿਰਬਾਣੁ ਜੀਉ ॥ ਹਰਿ ਪ੍ਰੀਤਿ ਲਗਾਈ ਹਰਿ ਨਾਮੁ ਸਖਾਈ ਭ੍ਰਮੁ ਚੂਕਾ ਆਵਣੁ ਜਾਣੁ ਜੀਉ ॥ ਆਵਣ ਜਾਣਾ ਭ੍ਰਮੁ ਭਉ ਭਾਗਾ ਹਰਿ ਹਰਿ ਹਰਿ ਗੁਣ ਗਾਇਆ॥ ਜਨਮ ਜਨਮ ਕੇ ਕਿਲਵਿਖ ਦੁਖ ਉਤਰੇ ਹਰਿ ਹਰਿ ਨਾਮਿ ਸਮਾਇਆ॥ (444) ਜਿਹੜਾ ਮਨੁਖ ਗੁਰਮੁਖ ਹੋ ਕੇ ਆਵਾਗਵਨ ਦੀ ਅਸਲੀਅਤ ਨੂੰ ਸਮਝ ਲੈਂਦੈ ਉਹ ਆਵਾਗਵਨ ਦੇ ਭਰਮ ਅਤੇ ਡਰ ਦੇ ਚੱਕਰ 'ਚੋਂ ਨਿਕਲ ਜਾਂਦਾ ਹੈ। ਉਹ ਜਾਣ ਲੈਂਦਾ ਕਿ ਜੀਵਾਤਮਾ ਕੋਈ ਵਿਅਕਤੀਗਤ ਸਥਾਈ ਰੂਪ ਨਹੀਂ ਬਲਕਿ ਊਰਜਾ (ਈਸ਼ਵਰ ਦੇ ਹੁਕਮ ਵਿੱਚ ਬਣੀ ਸ੍ਰਿਸ਼ਟੀ ਤੋਂ ਉੱਤਪਨ ਇੱਕ ਸ਼ਕਤੀ ਪ੍ਰਵਾਹ) ਹੈ। ਆਵਾਗਵਨ ਵਿਅਕਤੀਗਤ ਪੱਧਰ 'ਤੇ ਕੇਵਲ ਇੱਕ ਭਰਮ ਤੇ ਵਹਿਮ ਹੈ। ਹਾਂ! ਸਮੂਹਕ ਪੱਧਰ 'ਤੇ ਮਨੁਖ ਜਾਂ ਜੀਵ ਨਿੱਤ ਜਨਮ ਲੈਂਦੇ ਤੇ ਮਰਦੇ ਰਹਿੰਦੇ ਹਨ।

ਪਵਨ ਜੀਵਨ ਨਹੀਂ ਸਗੋਂ ਜੀਵਨ ਸ਼ਕਤੀ ਹੈ। ਸੂਰਜ ਜੀਵਨ ਨਹੀਂ, ਜੀਵਨ ਸ਼ਕਤੀ ਹੈ। ਜੋਤਿ ਜੀਵਨ ਨਹੀਂ, ਜੀਵਨ ਸ਼ਕਤੀ ਹੈ। ਇਹ ਸਾਰੀਆਂ ਇਕੱਲੀਆਂ ਨਹੀਂ, ਕੇਵਲ ਅੰਦਰ ਤੇ ਬਾਹਰ ਨਹੀਂ ਬਲਕਿ ਸਰਬ ਵਿਆਪਕ ਹਨ। ਇਹ ਅਚਰਜ ਅਤੇ ਜੀਵਨ ਅਤੇ ਵਿਨਾਸ਼ ਦਾ ਕਾਰਨ ਹੈ। ਇਹ ਪ੍ਰਭੂ ਚੇਤਨ ਦਾ ਛੋਟਾ ਜਿਹਾ ਪ੍ਰਗਟਾਵੈ ਜਦਕਿ ਉਹ ਆਪ ਇਸ ਕੁਦਰਤ ਤੋਂ ਬਾਹਰ ਵੀ ਹੈ। ਉਹ ਵਿਸਮਾਦ ਪੱਖੀ ਕੁਦਰਤ ਵਿੱਚ ਵੱਸਿਆ ਸਮਝਣ ਦੀ ਗੱਲ ਪਰ ਕੁਦਰਤ ਤੋਂ ਬਾਹਰ ਸਮਝ ਤੋਂ ਪਰੇ ਕੇਵਲ ਵਿਸਮਾਦ ਹੈ, ਅਕਥ ਹੈ, ਅੰਨਤ ਹੈ ਬੇਅੰਤ ਹੈ, ਅਤੁਲ ਹੈ ਅਤੇ ਅਤੋਲ ਹੈ। ਮਨੁਖ ਜਾਂ ਜੀਵ ਦੇ ਅੰਦਰ ਇੱਕ ਸ਼ਕਤੀ ਹੈ ਜੋ ਜੀਵ ਨਹੀਂ ਅਤੇ ਇਸ ਲਈ ਇਹ ਜਨਮ ਅਤੇ ਮੌਤ ਤੋਂ ਬਾਹਰ ਹੈ। ਇੱਕ ਸਰੀਰ ਵਿੱਚ ਇਸ ਸ਼ਕਤੀ ਦਾ ਅੰਤ ਮੌਤ ਅਤੇ ਇੱਕ ਸਰੀਰ ਵਿੱਚ ਸ਼ਕਤੀ ਦੇ ਇਸ ਰੂਪ ਦਾ ਅੰਤ ਸਥਾਈ ਅੰਤ ਹੈ। ਐਸਾ ਨਹੀਂ ਕਿ ਇਹ ਨਿਕਲਦੀ ਬਲਕਿ ਇਸ ਦੇ ਉਲਟ ਇਹ ਸਮਾਪਤ ਹੋ ਜਾਂਦੀ ਹੈ। ਇਹ ਆਤਮਾ ਜਾਂ ਜੀਵਾਤਮਾ ਨਹੀਂ ਜੈਸਾ ਕਿ ਅਸੀਂ ਸਮਝਦੇ ਹਾਂ, ਇਹ ਫਿਰ ਜਨਮ ਨਹੀਂ ਲੈਂਦੀ ਕਿਉਂਕਿ ਇਸ ਸ਼ਕਤੀ ਦੇ ਕਾਰਣ ਅੰਦਰ ਵੀ ਹਨ। ਬਾਹਰ ਵੀ ਇਸ ਲਈ ਨਵੇਂ ਜੀਵਨ ਦੀ ਪ੍ਰਕ੍ਰਿਆ ਲਗਾਤਾਰ ਹੈ। ਵਿਅਕਤੀ ਜਾਂ ਜੀਵ ਵਿਸ਼ੇਸ਼ ਦੇ ਸੰਧਰਭ ਵਿੱਚ ਇਹ ਖਤਮ ਹੋ ਜਾਂਦੀ ਯਾਤਰਾ ਨਹੀਂ ਕਰਦੀ ਪ੍ਰੰਤੂ ਸਮੂਹਕ ਅਤੇ ਪ੍ਰਕ੍ਰਿਤਕ ਸੰਧਰਭ ਵਿੱਚ ਇਹ ਨਵੇਂ ਜੀਵਨ ਨੂੰ ਕਾਇਮ ਰੱਖਦੀ ਹੈ।

ਇਕ ਹੋਰ ਮਿਸਾਲ-ਅਸੀਂ ਇੱਕ ਮਾਚਸ ਨਾਲ ਇੱਕ ਮੋਮਬਤੀ ਬਾਲ ਦਿੰਦੇ ਹਾਂ। ਮੋਮਬਤੀ ਬਲਦੀ ਰਹਿੰਦੀ ਹੈ। ਕੁੱਝ ਚਿਰ ਬਾਅਦ ਉਸ ਬਲਦੀ ਹੋਈ ਮੋਮਬਤੀ ਦੇ ਨਾਲ ਅਸੀਂ ਇੱਕ ਹੋਰ ਮੋਮ-ਬਤੀ ਬਾਲ ਲੈਂਦੇ ਹਾਂ। ਇਸੇ ਤਰ੍ਹਾਂ ਅਸੀਂ ਕਈ ਸੈਂਕੜੇ ਮੋਮਬਤੀਆਂ ਬਾਲ ਲੈਂਦੇ ਹਾਂ। ਐਸਾ ਕਰਨ ਤੋਂ ਬਾਅਦ ਅਸੀਂ ਦੇਖਾਂ ਗੇ ਕਿ ਬਾਲੀਆਂ ਹੋਈਆਂ ਪਹਿਲੀਆਂ ਮੋਮਬਤੀਆਂ ਬੁਝ ਰਹੀਆਂ ਜਾਂ ਬੁਝ ਗਈਆਂ ਨੇ ਜਦਕਿ ਹੋਰ ਕਈ ਮੋਮਬਤੀਆਂ ਬਲ ਰਹੀਆਂ ਹਨ। ਪਹਿਲੇ ਬਾਲੀਆਂ ਹੋਈਆਂ ਮੋਮਬਤੀਆਂ ਦਾ ਅੰਤ ਹੋ ਰਿਹੈ ਅਤੇ ਨਵੀਆਂ ਬਾਲੀਆਂ ਜਾ ਰਹੀਆਂ ਹਨ। ਇਸ ਵਿੱਚ ਕੋਈ ਸ਼ਕ ਨਹੀਂ ਕਿ ਬਲਦੀਆਂ ਜਾਂ ਬੁਝ ਰਹੀਆਂ ਸਾਰੀਆਂ ਮੋਮਬਤੀਆਂ ਦੀ ਜ਼ਿੰਦਗੀ ਦਾ ਅੰਤ ਹੋ ਰਿਹਾ ਹੈ। ਅਸੀਂ ਇਹ ਨਹੀਂ ਕਹਿ ਸਕਦੇ ਕਿ ਬਾਲੀ ਹੋਈ ਪਹਿਲੀ ਮੋਮਬਤੀ ਜਾਂ ਮੋਮਬਤੀਆਂ ਹੁਣ ਤਕ ਬਲ ਰਹੀਆਂ ਮੋਮਬਤੀਆਂ ਵਿੱਚ ਗਮਨ ਹੋ ਗਈਆਂ ਹਨ। ਦਰਅਸਲ ਉਹ ਕੇਵਲ ਇਸ ਸਾਰੀ ਕਿਰਿਆ ਦਾ ਕਾਰਣ ਮਾਤ੍ਰ ਸਨ। ਇਸੇ ਤਰ੍ਹਾਂ ਮਨੁਖਾਂ ਜਾਂ ਜੀਵਾਂ ਦਾ ਆਉਣਾ ਜਾਣਾ ਜੀਵਾਤਮਾਵਾਂ ਦਾ ਆਵਾਗਵਨ ਨਹੀਂ ਬਲਕਿ ਇੱਕ ਕੁਦਰਤੀ ਨਿਯਮੈ ਜਿਸ ਵਿੱਚ ਮਨੁੱਖ ਜਾਂ ਜੀਵ ਆਪਣਾ ਜੀਵਨ ਸਮਾਂ ਪੂਰਾ ਕਰਣ ਤੋਂ ਪਹਿਲਾਂ ਦੂਸਰੇ ਜੀਵਾਂ ਦੀ ਹੋਂਦ ਦਾ ਕਾਰਣ ਬਣ ਜਾਂਦੇ ਹਨ।

ਇਹ ਸਮਝਣ ਦੇ ਨੁਕਤੇ ਕਿ ਸਾਰੀ ਕੁਦਰਤ ਵਿੱਚ ਕਿਸੇ ਐਸੀ ਆਤਮਾ ਜਾਂ ਜੀਵਾਤਮਾ ਦੀ ਐਸੀ ਕੋਈ ਹੋਂਦ ਨਹੀਂ ਜਿਹੜੀ ਪੁਨਰ ਜਨਮ ਲੈਂਦੀ ਹੈ। ਉਸ ਰੂਪ ਵਿੱਚ ਜੈਸਾ ਕਿ ਆਵਾਗਵਨ ਦੇ ਸਿਧਾਂਤ ਵਿੱਚ ਦੱਸਿਆ ਜਾਂਦਾ ਹੈ। ਇਹ ਕੇਵਲ "ਸ਼ਬਦ" ਮਾਤ੍ਰ ਹਨ ਜਿਨ੍ਹਾਂ ਦਾ ਮਨੁਖਾਂ ਨੂੰ ਸਮਝਾਉਣ ਲਈ ਜਾਂ ਭਟਕਾਉਣ ਲਈ ਸਦ ਉਪਯੋਗ ਅਤੇ ਦੁਰਉਪਯੋਗ ਹੋਇਆ ਹੈ।

ਇਹ ਗੁਰਮਤਿ ਵੀ ਤੇ ਉਸ ਦਾ ਸਿਧਾਂਤ ਵੀ ਹੈ। ਪ੍ਰਚਲਤ ਕਹਾਵਤਾਂ ਅਤੇ ਮਾਨਤਾਵਾਂ ਵਾਲੇ ਸ਼ਬਦਾਂ ਦਾ ਪ੍ਰਯੋਗ ਗੁਰੂ ਸਾਹਿਬਾਂ, ਭਗਤਾਂ ਅਤੇ ਭੱਟਾਂ ਨੇ ਕੇਵਲ ਸੰਕੇਤਕ ਰੂਪ 'ਚ ਨਾ ਕਿ ਦਾਰਸ਼ਨਕ ਰੂਪ ਵਿਚ ਕੀਤਾ ਹੈ। ਇਸ ਵਾਸਤੇ ਸੰਕੇਤਕ ਸ਼ਬਦਾਂ ਨੂੰ ਗੁਰਮਤਿ ਦਾ ਰੂਪ ਦੇਣਾ ਗੁਰਮਤਿ ਤੋਂ ਅਨਜਾਣ ਹੋਣਾ ਹੈ।

ਗੁਰਮਤਿ ਵਿੱਚ ਇੱਕ ਗੱਲ ਸਿਧਾਂਤਕ ਤੋਰ ਤੇ ਸਪਸ਼ਟ ਹੈ ਕਿ ਇਹ ਧਰਤੀ ਹੀ ਧਰਮ-ਸਾਲ ਅਤੇ ਧਰਮ ਰਾਏ (ਕਰਤੇ) ਦਾ ਦਫ਼ਤਰ ਵੀ ਇੱਥੇ ਹੀ ਹੈ। ਇੱਥੇ ਦਾ ਜੀਵਨ ਹੀ ਅਮ੍ਰਿਤ ਵੇਲਾ ਜਿਸ ਵਿੱਚ ਮਿਲਨ ਦਾ ਅਨੁਭਵ ਹੋਣ ਦੀ ਸੰਭਾਵਨਾ ਹੈ। ਇਥੇ ਹੀ ਆਪਣੀ-ਆਪਣੀ ਕਰਣੀ-ਰਹਿਣੀ ਅਨੁਸਾਰ ਅਸੀਂ ਪ੍ਰਭੂ ਦੇ ਨੇੜੇ (ਜੀਵਨ ਮੁਕਤ) ਜਾਂ ਦੂਰ (ਮਨੋਵਿਕਾਰਾਂ ਵਿੱਚ) ਰਹਿੰਦੇ ਹਾਂ। ਚੰਗੇ-ਮੰਦੇ ਕੰਮਾਂ ਦਾ ਪ੍ਰਭਾਵ ਮਨੁਖਾਂ ਨੂੰ ਕੁਦਰਤੀ ਨਿਯਮਾਂ ਵਿੱਚ (ਜੀਵਨ ਵਿੱਚ) ਹੀ ਭੁਗਤਣਾ ਪੈਂਦਾ ਹੈ। ਜੀਵਨ ਮੌਤ, ਜੀਵਾਤਮਾ ਅਤੇ ਆਵਾਗਵਨ ਵਿਸ਼ੇ ਤੇ ਗੁਰਮਤਿ ਫ਼ਲੱਸਫ਼ਾ ਅਨੋਖਾ ਅਤੇ ਨਿਰਾਲਾ ਹੈ। ਸਾਨੂੰ ਚਾਹੀਦੈ ਅਸੀਂ ਇਸ ਨੂੰ ਸਮਝਣ ਦੀ ਕੋਸ਼ਿਸ਼ ਕਰੀਏ। ਸੋ ਗੁਰਮਤਿ ਅਨੁਸਾਰ ਇਹ ਵਰਤਮਾਨ ਜੀਵਨ ਇਕ ਕੁਦਰਤੀ ਸ਼ਕਤੀ ਹੈ ਜਿਸ ਆਸਰੇ ਜੀਵਾਂ ਦੇ ਸਰੀਰ ਚਲਦੇ ਫਿਰਦੇ ਨੇ ਤੇ ਜਦ ਸਰੀਰ ਕਿਸੇ ਦੁਰਘਟਨਾਂ, ਬੁਢੇਪੇ ਜਾਂ ਉੱਮਰ ਪੂਰੀ ਹੋਣ 'ਤੇ ਖਤਮ ਹੋ ਜਾਂਦੈ ਨੇ ਤਾਂ ਸਰੀਰ ਦਾ ਅੰਤ ਹੋ ਜਾਂਦਾ ਹੈ। ਸਰੀਰ ਵਿੱਚ ਕੋਈ ਵੱਖਰੀ ਜੀਵਾਤਮਾਂ ਨਹੀਂ ਜੋ ਕਿਤੇ ਚਲੀ ਜਾਂਦੀ ਨਰਕ ਜਾਂ ਸਵਰਗ ਭੋਗਦੀ ਹੈ।ਇਸ ਲਈ ਇਸ ਵਰਤਮਾਨ ਜੀਵਨ ਨੂੰ ਚੰਗਾ ਜੀਓ ਤਾਂ ਜੀਵਨ ਸਫਲ ਹੋ ਜਾਂਦਾ ਹੈ। ਸਾਨੂੰ ਅੰਧਵਿਸ਼ਵਾਸ਼ ਜਾਂ ਪੁਜਾਰੀ ਕਿਰਤ ਗ੍ਰੰਥਾਂ ਜਾਂ ਮਿੱਥਾਂ 'ਤੇ ਵਿਸ਼ਵਾਸ਼ ਕਰਕੇ ਆਪਣਾ ਅਮੋਲਕ ਮਨੁੱਖਾ ਜੀਵਨ ਭੰਗ ਦੇ ਭਾੜੇ ਬਰਬਾਦ ਨਹੀਂ ਕਰਨਾ ਚਾਹੀਦਾ ਤੇ ਨਾ ਹੀ ਕਿਸੇ ਅਗਲੇ ਛਲਾਵੇ ਵਾਲੇ ਜਨਮ ਦੀ ਆਸ ਹੀ ਰੱਖਣੀ ਚਾਹੀਦੀ ਹੈ। ਜੀਵਾਤਮਾਂ ਕੁਦਰਤ ਸ਼ਕਤੀ ਹੈ ਜੋ ਤੁਹਾਡੀ ਸੰਤਾਨ ਦੇ ਰੂਪ'ਚ ਅੱਗੇ ਪੀੜੀ ਦਰ ਪੀੜੀ ਚਲਦੀ ਰਹਿੰਦੀ ਹੈ ਹੋਰ ਕੋਈ ਆਵਾਗਵਨ ਨਹੀਂ ਹੁੰਦਾ।

## ਕੈਲੀਫੋਰਨੀਆ ਖਬਰਨਾਮਾ (ਹੁਸਨ ਲੜੋਆ ਬੰਗਾ)

# ਅਮਰੀਕਾ ਵਿਚ ਮਨੁੱਖੀ ਤਸਕਰੀ ਦੀਆਂ 3 ਵੱਖ ਵੱਖ ਘਟਨਾਵਾਂ ਵਿਚ 6 ਹੋਰ ਪ੍ਰਵਾਸੀਆਂ ਦੀ ਮੌਤ 10 ਨੂੰ ਬਚਾਇਆ

**ਸੈਕਰਾਮੈਂਟੋ 1 ਜੁਲਾਈ–** ਅਮਰੀਕਾ ਦੇ ਟੈਕਸਾਸ ਰਾਜ ਵਿਚ ਪਿਛਲੇ 24 ਘੰਟਿਆਂ ਦੌਰਾਨ ਮਨੁੱਖੀ ਤਸਕਰੀ ਦੀਆਂ 3 ਵੱਖ ਵੱਖ ਘਟਨਾਵਾਂ ਵਿਚ 6 ਪ੍ਰਵਾਸੀਆਂ ਦੀ ਮੌਤ ਹੋ ਗਈ ਜਦ ਕਿ 10 ਨੂੰ ਬਚਾ ਲਿਆ ਗਿਆ। ਦੋ ਦਿਨ ਪਹਿਲਾਂ ਸੈਨ ਐਨਟੋਨੀਓ, ਟੈਕਸਾਸ ਵਿਚ ਲਾਵਾਰਸ ਖੜੇ ਇਕ ਟਰੱਕ-ਟ੍ਰੇਲਰ ਵਿਚੋਂ ਪ੍ਰਵਾਸੀਆਂ ਦੀਆਂ 53 ਲਾਸ਼ਾਂ ਬਰਾਮਦ ਹੋਈਆਂ ਸਨ। ਅਮਰੀਕਾ ਦੇ ਇਤਿਹਾਸ ਵਿਚ ਮਨੁੱਖੀ ਤਸਕਰੀ ਦੀ ਇਹ ਸਭ ਤੋਂ ਭਿਆਨਕ ਘਟਨਾ ਮੰਨੀ ਜਾ ਰਹੀ ਹੈ।

ਤਾਜਾ ਘਟਨਾ ਵਿਚ ਐਨਸੀਨਲ, ਟੈਕਸਾਸ ਵਿਚ ਯੂ ਐਸ ਬਾਰਡਰ ਗਸ਼ਤੀ ਦਲ ਤੋਂ ਬਚਣ ਦੀ ਕੋਸ਼ਿਸ਼ ਵਿਚ ਇਕ ਚਿੱਟੇ ਰੰਗ ਦੀ ਐਸ ਯੂ ਵੀ ਜੀਪ ਇੰਟਰਸਟੇਟ 35 ਰਾਸ਼ਟਰੀ ਮਾਰਗ ਉਪਰ ਤੇਜ ਰਫਤਾਰ ਨਾਲ ਨਿਕਲ ਗਈ। ਜਿਸ ਦਾ ਪਿੱਛਾ ਕੀਤਾ ਗਿਆ। ਲਾਰੇਡੋ ਦੇ ਉੱਤਰ ਵਿਚ ਤਕਰੀਬਨ 40 ਮੀਲ ਦੂਰ ਜਾ ਕੇ ਇਹ ਜੀਪ ਆਪਣਾ ਸਤੁੰਲਣ ਗਵਾ ਕੇ ਹਾਦਸਾ ਗ੍ਰਸਤ ਹੋ ਗਈ ਜਿਸ ਵਿਚ ਸਵਾਰ 4 ਪ੍ਰਵਾਸੀ ਮੌਕੇ ਉਪਰ ਹੀ ਮ੍ਰਿਤਕ ਐਲਾਨ ਦਿੱਤੇ ਗਏ। ਹਾਈਵੇਅ ਪੈਟਰੋਲ ਸਾਰਜੈਂਟ ਏਰਿਕ ਅਸਟਰਾਡਾ ਅਨੁਸਾਰ ਇਸ ਘਟਨਾ ਦੀ ਮਨੁੱਖੀ ਤਸਕਰੀ ਦੀ ਕੋਸ਼ਿਸ਼ ਵਜੋਂ ਜਾਂਚ ਕੀਤੀ ਜਾ ਰਹੀ ਹੈ। ਜੀਪ ਦੇ ਡਰਾਈਵਰ ਦੀ ਹਾਲਤ ਗੰਭੀਰ ਹੈ ਜਦ ਕਿ ਜੀਪ ਵਿਚ ਸਵਾਰ 2 ਹੋਰ ਵਿਅਕਤੀਆਂ ਨੂੰ ਹਸਪਤਾਲ ਦਾਖਲ ਕਰਵਾਇਆ ਗਿਆ ਹੈ।

ਮਾਰੇ ਗਏ ਦੋ ਵਿਅਕਤੀ ਗੁਆਟੇਮਾਲਾ ਤੇ ਇਕ ਵਿਅਕਤੀ ਮੈਕਸੀਕੋ ਦਾ ਹੈ। ਚੌਥੇ ਮ੍ਰਿਤਕ ਦੀ ਅਜੇ ਪਛਾਣ ਨਹੀਂ ਹੋ ਸਕੀ। ਜਖਮੀ ਹੋਏ ਦੋ ਵਿਅਕਤੀ ਵੀ ਗੁਆਟੇਮਾਲਾ ਦੇ ਹਨ ਜਦ ਕਿ ਡਰਾਈਵਰ ਅਮਰੀਕਾ ਦਾ ਹੈ। ਮਨੁੱਖੀ ਤਸਕਰੀ ਦੀ ਦੂਸਰੀ ਘਟਨਾ ਵਿਚ ਟੈਕਸਾਸ ਦੇ ਪਾਲਮਵਿਊ ਵਿਚ ਮੈਕਐਲਨ ਨੇੜੇ ਇਕ ਵਾਹਣ ਬਾਰਡਰ ਅਧਿਕਾਰੀਆਂ ਤੋਂ ਅੱਖ ਬਚਾ ਕੇ ਨਿਕਲ ਜਾਣ ਦੀ ਕੋਸ਼ਿਸ਼ ਵਿਚ ਹਾਦਸਾ ਗ੍ਰਸਤ ਹੋ ਗਿਆ ਜਿਸ ਵਿਚ ਸਵਾਰ 2 ਵਿਅਕਤੀ ਮਾਰੇ ਗਏ। ਇਕ ਵਿਅਕਤੀ ਤੇ ਇਕ ਔਰਤ ਦੀ ਹਾਲਤ ਗੰਭੀਰ ਹੈ।

ਮਨੁੱਖੀ ਤਸਕਰੀ ਦੇ ਇਕ ਹੋਰ ਮਾਮਲੇ ਵਿਚ ਈਗਲ ਰਸਤੇ ਦੇ ਅਧਿਕਾਰੀਆਂ ਨੇ ਇਕ ਕੰਟੇਨਰ ਵਿਚ ਬੰਦ 10 ਵਿਅਕਤੀਆਂ ਨੂੰ ਹਿਰਾਸਤ ਵਿਚ ਲਿਆ ਹੈ। ਸਮੇ ਸਿਰ ਪਤਾ ਲੱਗ ਜਾਣ ਕਾਰਨ ਇਨਾਂ ਲੋਕਾਂ ਦੀ ਜਾਨ ਬਚ ਗਈ।

4 ਵਿਰੁੱਧ ਦੋਸ਼ ਆਇਦ- ਸੈਨ ਐਨਟੋਨੀਓ ਵਿਚ ਵਾਪਰੀ ਮਨੁੱਖੀ ਤਸਕਰੀ ਦੀ ਘਟਨਾ ਜਿਸ ਵਿਚ 53 ਪ੍ਰਵਾਸੀ ਮਾਰੇ ਗਏ ਸਨ,ਦੇ ਮਾਮਲੇ ਵਿਚ 4 ਵਿਅਕਤੀਆਂ ਵਿਰੁੱਧ ਦੋਸ਼ ਆਇਦ ਕੀਤੇ ਗਏ ਹਨ।

ਇਹ ਚਾਰੇ ਵਿਅਕਤੀ ਪੁਲਿਸ ਹਿਰਾਸਤ ਵਿਚ ਹਨ। ਇਨਾਂ ਵਿਰੁੱਧ ਅਪਰਾਧਿਕ ਦੋਸ਼ ਲਾਏ ਗਏ ਹਨ। 45 ਸਾਲਾ ਹੋਮੇਰੋ ਜ਼ਾਮੋਰਾਨੋ ਜੂਨੀਅਰ ਨੂੰ ਬੁੱਧਵਾਰ ਹੀ ਗ੍ਰਿਫਤਾਰ ਕਰ ਲਿਆ ਗਿਆ ਸੀ।

ਇਹ ਵਿਅਕਤੀ ਪਾਸਾਡੇਨਾ, ਟੈਕਸਾਸ ਦਾ ਵਾਸੀ ਹੈ। ਇਸ ਦਾ ਲੰਬਾ ਅਪਰਾਧਿਕ ਰਿਕਾਰਡ ਹੈ। ਗ੍ਰਿਫਤਾਰ ਦੂਸਰੇ ਵਿਅਕਤੀ ਦਾ ਨਾਂ ਕ੍ਰਿਸਟੀਅਨ ਮਾਰਟੀਨੇਜ਼ ਹੈ। 28ਸਾਲਾ ਮਾਰਟੀਨੇਜ਼ ਨੂੰ ਪੇਲਸਟਾਈਨ, ਟੈਕਸਾਸ ਵਿਚੋਂ ਗ੍ਰਿਫਤਾਰ ਕੀਤਾ ਗਿਆ ਹੈ। ਜੂਆਨ ਕਲੌਡੀਓ ਤੇ ਜੂਆਨ ਫਰਾਂਸਿਸਕੋ ਨਾਮੀ 2 ਹੋਰ ਵਿਅਕਤੀਆਂ ਨੂੰ ਦੋਸ਼ੀ ਵਜੋਂ ਨਾਮਜ਼ਦ ਕੀਤਾ ਗਿਆ ਹੈ।

# ਅਮਰੀਕਾ ਵਿਚ ਵਾਰੰਟਾਂ ਦੀ ਤਾਮੀਲ ਕਰਵਾਉਣ ਗਏ ਪੁਲਿਸ ਅਫਸਰਾਂ 'ਤੇ ਚਲਾਈ ਗੋਲੀ, 2 ਦੀ ਮੌਤ 6 ਜਖਮੀ

**ਸੈਕਰਾਮੈਂਟੋ 2 ਜੁਲਾਈ–** ਅਮਰੀਕਾ ਦੇ ਕੈਂਟੁਕੀ ਰਾਜ ਵਿਚ ਅਦਾਲਤ ਵੱਲੋਂ ਜਾਰੀ ਵਾਰੰਟਾਂ ਦੀ ਤਾਮੀਲ ਕਰਵ-ਾਉਣ ਗਏ ਪੁਲਿਸ ਅਧਿਕਾਰੀਆਂ 'ਤੇ ਸ਼ੱਕੀ ਦੋਸ਼ੀ ਨੇ ਰਾਈਫਲ ਨਾਲ ਗੋਲੀਆਂ ਚਲਾ ਦਿੱਤੀਆਂ ਜਿਸ ਦੇ ਸਿੱਟੇ ਵਜੋਂ 2 ਪੁਲਿਸ ਅਫਸਰਾਂ ਦੀ ਮੌਤ ਹੋ ਗਈ ਤੇ 6 ਹੋਰ ਜਖਮੀ ਹੋ ਗਏ।


ਇਹ ਘਟਨਾ ਪੂਰਬੀ ਕੈਂਟੁਕੀ ਵਿਚ ਵਾਪਰੀ ਜਿਸ ਵਿਚ ਇਕ ਸੂਹੀਆ ਕੁੱਤਾ ਵੀ ਮਾਰਿਆ ਗਿਆ। ਜਖਮੀਆਂ ਵਿਚ 5 ਪੁਲਿਸ ਅਫਸਰ ਤੇ ਐਮਰਜੈਂਸੀ ਮੈਨਜਮੈਂਟ ਦਾ ਇਕ ਡਾਇਰੈਕਟਰ ਸ਼ਾਮਿਲ ਹਨ। ਅਲੈਨ ਵਾਸੀ ਸ਼ੱਕੀ ਦੋਸ਼ੀ 49 ਸਾਲਾ ਲਾਂਸ ਸਟੋਰਜ਼ ਵਿਰੁੱਧ ਕਤਲ ਕਰਨ, ਕਤਲ ਦੀ ਕੋਸ਼ਿਸ਼ ਕਰਨ ਤੇ ਸਰਵਿਸ ਐਨੀਮਲ ਉਪਰ ਫਸਟ ਡਿਗਰੀ ਹਮਲਾ ਕਰਨ ਦੇ ਦੋਸ਼ ਲਾਏ ਗਏ ਹਨ।

ਦੋਸ਼ੀ ਨੂੰ ਮੌਕੇ ਉਪਰ ਕਾਬੂ ਕਰ ਲਿਆ ਗਿਆ ਤੇ ਉਸ ਨੂੰ ਫਲਾਇਡ ਜਿਲਾ ਅਦਾਲਤ ਵਿਚ ਪੇਸ਼ ਕੀਤਾ ਗਿਆ। ਅਦਾਲਤ ਨੇ ਉਸ ਨੂੰ ਇਕ ਕਰੋੜ ਡਾਲਰ ਦੇ ਬਾਂਡ ਉਪਰ ਹਿਰਾਸਤ ਵਿਚ ਰਖਣ ਦਾ ਆਦੇਸ਼ ਦਿੱਤਾ ਹੈ। ਫਲਾਇਡ ਕਾਊਂਟੀ ਦੇ ਸ਼ੈਰਿਫ ਜੌਹਨ ਹੰਟ ਨੇ ਕਿਹਾ ਹੈ ਕਿ ਵਾਰੰਟਾਂ ਦੀ ਤਾਮੀਲ ਕਰਵਾਉਣ ਗਏ ਪੁਲਿਸ ਅਫਸਰਾਂ ਨੂੰ ਆਪਣੇ ਬਚਾਅ ਦਾ ਕੋਈ ਮੌਕਾ ਨਹੀਂ ਮਿਲਿਆ ਤੇ ਸ਼ੱਕੀ ਦੋਸ਼ੀ ਨੇ ਉਨਾਂ ਉਪਰ ਬਿਨਾਂ ਕੋਈ ਦੇਰ ਕੀਤੇ ਗੋਲੀਆਂ ਚਲਾ ਦਿੱਤੀਆਂ। ਉਨਾਂ ਦਸਿਆ ਕਿ ਇਹ ਵਾਰੰਟ ਘਰੇਲੂ ਝਗੜੇ ਨਾਲ ਸਬੰਧਤ ਸਨ। ਕੈਂਟੁਕੀ ਸਟੇਟ ਪੁਲਿਸ ਨੇ ਜਾਰੀ ਬਿਆਨ ਵਿਚ ਕਿਹਾ ਹੈ ਕਿ ਘਟਨਾ ਦੀ ਕ੍ਰਿਟੀਕਲ ਇੰਸੀਡੈਂਟ ਰਿਸਪਾਂਸ ਟੀਮ ਜਾਂਚ ਕਰ ਰਹੀ ਹੈ।

# ਭਾਰਤੀ ਮੂਲ ਦਾ ਉਦਮੀ 4,5 ਕਰੋੜ ਡਾਲਰ ਦੇ ਫਰਾਡ ਕੇਸ ਵਿਚ ਗ੍ਰਿਫਤਾਰ


**ਸੈਕਰਾਮੈਂਟੋ 2 ਜੁਲਾਈ–**ਇਕ ਭਾਰਤੀ ਮੂਲ ਦੇ ਅਮਰੀਕੀ ਉਦਮੀ ਨੂੰ 4,5 ਕਰੋੜ ਡਾਲਰ ਦੇ ਨਿਵੇਸ਼ ਫਰਾਡ ਕੇਸ ਵਿਚ ਗ੍ਰਿਫਤਾਰ ਕੀਤਾ ਹੈ। ਉਸ ਨੇ 10000 ਤੋਂ ਵਧ ਲੋਕਾਂ ਨਾਲ ਠੱਗੀ ਮਾਰੀ। ਯੂ ਐਸ ਅਸਿਸਟੈਂਟ ਅਟਾਰਨੀ ਜਨਰਲ ਕੀਨਥ ਪੋਲਾਈਟ ਨੇ ਕਿਹਾ ਹੈ ਕਿ ਨੀਲ ਚੰਦਰਨ ਨਾਮੀ ਉਦਮੀ ਜਿਸ ਦੀਆਂ 'ਵਰਸ' ਬੈਨਰ ਹੇਠ ਕਈ ਕੰਪਨੀਆਂ ਹਨ, ਵਿਰੁੱਧ ਨੇਬਰਾਸਕਾ ਦੀ ਸੰਘੀ ਅਦਾਲਤ ਵਿਚ ਦੋਸ਼ ਆਇਦ ਕੀਤੇ ਗਏ ਹਨ। ਨਿਆਂ ਵਿਭਾਗ ਅਨੁਸਾਰ 50 ਸਾਲਾ ਚੰਦਰਨ ਨੂੰ ਲਾਸ ਏਂਜਲਸ ਵਿਚੋਂ ਗ੍ਰਿਫਤਾਰ ਕੀਤਾ ਗਿਆ ਹੈ ਤੇ ਉਸ ਨੇ ਲੋਕਾਂ ਨੂੰ ਨਿਵੇਸ਼ ਕਰਨ 'ਤੇ ਵੱਡੇ ਲਾਭ ਨਾਲ ਰਕਮਾਂ ਮੋੜਨ ਦਾ ਵਾਅਦਾ ਕੀਤਾ ਜਦ ਕਿ ਉਸ ਨੇ ਲੋਕਾਂ ਕੋਲੋਂ ਨਿਵੇਸ਼ ਦੇ ਰੂਪ ਵਿਚ ਲਿਆ ਪੈਸਾ ਆਪਣੇ ਹੋਰ ਕਾਰੋਬਾਰ ਵਿਚ ਲਾ ਦਿੱਤਾ।

# ਉਵਾਲਡੇ ਸਕੂਲ ਡਿਸਟ੍ਰਿਕਟ ਦੇ ਪੁਲਿਸ ਮੁੱਖੀ ਨੇ ਸਿਟੀ ਕੌਂਸਲ ਤੋਂ ਦਿੱਤਾ ਅਸਤੀਫਾ





**ਸੈਕਰਾਮੈਂਟੋ 3 ਜੁਲਾਈ–** ਇਸ ਸਾਲ ਮਈ ਦੇ ਆਖਿਰ ਵਿਚ ਰੌਬ ਐਲੀਮੈਂਟਰੀ ਸਕੂਲ ਉਵਾਲਡੇ, ਟੈਕਸਾਸ ਵਿਚ ਹੋਈ ਗੋਲੀਬਾਰੀ ਜਿਸ ਵਿਚ 19 ਵਿਦਿਆਰਥੀ ਤੇ 2 ਅਧਿਆਪਕਾਂ ਦੀ ਮੌਤ ਹੋ ਗਈ ਸੀ, ਮੌਕੇ ਹਮਲਾਵਰ ਵਿਰੁੱਧ ਲੋੜੀਂਦੀ ਕਾਰਵਾਈ ਨਾ ਕਰਨ ਦੀ ਅਲੋਚਨਾ ਦਾ ਸਾਹਮਣਾ ਕਰ ਰਹੇ ਉਵਾਲਡੇ ਸਕੂਲ ਡਿਸਟ੍ਰਿਕਟ ਦੇ ਪੁਲਿਸ ਮੁੱਖੀ ਨੇ ਸਿਟੀ ਕੌਂਸਲ ਤੋਂ ਅਸਤੀਫਾ ਦੇ ਦਿੱਤਾ ਹੈ। ਪੁਲੀਸ ਚੀਫ ਪੇਟੇ ਅਰੈਡੋਨਡੋ ਨੇ ਕਿਹਾ ਹੈ ਕਿ ਉਸ ਨੇ ਸ਼ਹਿਰੀ ਪ੍ਰਸ਼ਾਸਨ ਦੀ ਬੇਹਤਰੀ ਲਈ ਸਿਟੀ ਕੌਂਸਲ ਤੋਂ ਅਸਤੀਫਾ ਦੇਣ ਦਾ ਫੈਸਲਾ ਲਿਆ ਹੈ। ਪੇਟੇ ਅਰੈਡੋਨਡੋ 7 ਮਈ ਨੂੰ ਸਿਟੀ ਕੌਂਸਲ ਲਈ ਚੁਣੇ ਗਏ ਸਨ ਤੇ ਉਨਾਂ ਨੇ ਰੌਬ ਐਲੀਮੈਂਟਰੀ ਸਕੂਲ ਵਿਚ ਹੋਈ ਗੋਲੀਬਾਰੀ ਦੇ ਹਫਤੇ ਬਾਅਦ ਬੰਦ ਕਮਰੇ ਵਿਚ ਹੋਏ ਸਮਾਗਮ ਵਿਚ ਸਹੁੰ ਚੁੱਕੀ ਸੀ। ਉਨਾਂ ਨੇ ਆਪਣੇ ਅਸਤੀਫੇ ਵਿਚ ਲਿਖਿਆ ਹੈ 'ਕਾਫੀ ਸੋਚ ਵਿਚਾਰ ਬਾਅਦ ਮੈ ਉਨਾਂ ਲੋਕਾਂ ਜਿਨਾਂ ਨੇ ਮੈਨੂੰ ਵੋਟਾਂ ਪਾਈਆਂ ਸਨ, ਨੂੰ ਭਰੇ ਮੰਨ ਨਾਲ ਦਸਣਾ ਚਹੁੰਦਾ ਹਾਂ ਕਿ ਮੈ ਸਿਟੀ ਕੌਂਸਲ ਡਿਸਟ੍ਰਿਕਟ 3 ਦੇ ਮੈਂਬਰ ਵਜੋਂ ਅਹੁੱਦਾ ਛੱਡਣ ਦਾ ਨਿਰਨਾ ਕੀਤਾ ਹੈ। ਮੇਅਰ ਤੇ ਸਟਾਫ ਬਿਨਾਂ ਕਿਸੇ ਰੁਕਾਵਟ ਦੇ ਆਪਣਾ ਕੰਮ ਜਾਰੀ ਰਖਣ। ਮੈ ਮਹਿਸੂਸ ਕਰਦਾ ਹਾਂ ਕਿ ਉ-ਵਾਲਡੇ ਲਈ ਇਹ ਵਧੀਆ ਫੈਸਲਾ ਹੈ।''

# ਕੈਲੀਫੋਰਨੀਆ-ਮੈਕਸੀਕੋ ਬਾਰਡਰ 'ਤੇ ਕਾਰ ਵਿਚੋਂ 11 ਲੱਖ ਡਾਲਰ ਤੋਂ ਵਧ ਕੀਮਤ ਦੇ ਨਸ਼ੀਲੇ ਪਦਾਰਥ ਬਰਾਮਦ




**ਸੈਕਰਾਮੈਂਟੋ 3 ਜੁਲਾਈ–** ਯੂ ਐਸ ਕਸਟਮਜ ਐਂਡ ਬਾਰਡਰ ਪ੍ਰੋਟੈਕਸ਼ਨ (ਸੀ ਬੀ ਪੀ) ਦੇ ਅਧਿਕਾਰੀਆਂ ਨੇ ਕੈਲੀਫੋਰਨੀਆ ਮੈਕਸੀਕੋ ਬਾਰਡਰ 'ਤੇ ਇਕ ਕਾਰ ਵਿਚ ਛੁਪਾ ਕੇ ਰਖੇ ਗਏ ਭਾਰੀ ਮਾਤਰਾ ਵਿਚ ਨਸ਼ੀਲੇ ਪਦਾਰਥ ਬਰਾਮਦ ਕੀਤੇ ਹਨ ਜਿਨਾਂ ਦੀ ਕੀਮਤ 11 ਲੱਖ ਡਾਲਰ ਤੋਂ ਵਧ ਬਣਦੀ ਹੈ। ਓਟੇ ਮੈਸਾ ਪੋਰਟ ਰਸਤੇ 'ਤੇ ਮੈਕਸੀਕੋ ਤੋਂ ਆਈ ਕਾਰ ਵਿਚ ਡਰੱਗ ਹੋਣ ਦਾ ਪਤਾ ਸੂਹੀਆ ਕੁੱਤੇ ਨੇ ਲਾਇਆ । ਬਰਾਮਦ ਡਰੱਗ ਵਿਚ ਫੈਂਟਾਨਾਇਲ, ਹੈਰੋਇਨ, ਮੈਥਮਫੈਟਾਮਾਈਨ ਤੇ ਕੋਕੀਨ ਸ਼ਾਮਿਲ ਹੈ। ਸੀ ਬੀ ਪੀ ਨੇ ਜਾਰੀ ਇਕ ਬਿਆਨ ਵਿਚ ਕਿਹਾ ਹੈ ਕਿ ਕਾਰ ਦੇ ਡਰਾਈਵਰ ਨੂੰ ਯੂ ਐਸ ਇਮੀਗ੍ਰੇਸ਼ਨ ਐਂਡ ਕਸਟਮਜ ਇਨਫੋਰਸਮੈਂਟ ਨੇ ਹਿਰਾਸਤ ਵਿਚ ਲੈ ਲਿਆ ਹੈ। ਐਨੇ ਮਰੀਸੀਚ ਡਿਪਟੀ ਡਾਇਰੈਕਟਰ ਫੀਲਡ ਅਪਰੇਸ਼ਨ ਸੈਨ ਡੀਏਗੋ ਨੇ ਇਕ ਬਿਆਨ ਵਿਚ ਅਧਿਕਾਰੀਆਂ ਦੀ ਸ਼ਲਾਘਾ ਕਰਦਿਆਂ ਕਿਹਾ ਹੈ ਮੈਨੂੰ ਸਾਡੇ ਅਫਸਰਾਂ ਉਪਰ ਮਾਣ ਹੈ ਜਿਨਾਂ ਦੀ ਚੌਕਸੀ ਤੇ ਸਾਂਝੀਆਂ ਕੋਸ਼ਿਸ਼ਾਂ ਨਾਲ ਬਰਾਮਦ ਡਰੱਗ ਸਮਾਜ ਤੱਕ ਨਹੀਂ ਪਹੁੰਚ ਸਕਿਆ।

# ਇਲੀਨੋਇਸ ਵਿਚ ਗੋਲੀਬਾਰੀ ਦੌਰਾਨ 6 ਮੌਤਾਂ ਤੇ ਦੋ ਦਰਜਨ ਤੋਂ ਵਧ ਜਖਮੀਆਂ ਦੇ ਦੋਸ਼ੀ ਰਾਬਰਟ ਈ ਕਰੀਮੋ ਨੂੰ ਗ੍ਰਿਫਤਾਰ ਕੀਤਾ



**ਸੈਕਰਾਮੈਂਟੋ 5 ਜੁਲਾਈ–** ਕੱਲ੍ਹ ਇਲੀਨੋਇਸ ਦੇ ਹਾਈਲੈਂਡ ਪਾਰਕ ਵਿਚ 4 ਜੁਲਾਈ ਦੀ ਪਰੇਡ ਉਪਰ ਕੀਤੀ ਗਈ ਗੋਲੀਬਾਰੀ ਵਿਚ 6 ਵਿਅਕਤੀਆਂ ਦੀ ਮੌਤ ਹੋ ਗਈ ਸੀ ਤੇ ਦੋ ਦਰਜਨ ਤੋਂ ਵਧ ਲੋਕ ਜਖਮੀ ਹੋ ਗਏ ਸਨ, ਅੱਜ ਸ਼ਾਮੀ ਹੀ ਪੁਲੀਸ ਨੇ ਦੋਸ਼ੀ ਰਾਬਰਟ ਈ ਕਰੀਮੋ ਨੂੰ ਗ੍ਰਿਫਤਾਰ ਕਰ ਲਿਆ ਹੈ। ਦੋਸ਼ੀ ਵਲੋਂ ਗੋਲੀਬਾਰੀ ਉਸ ਵੇਲੇ ਕੀਤੀ ਗਈ ਜਦੋਂ ਲੋਕ ਪਰੇਡ ਦਾ ਆਨੰਦ ਲੈ ਰਹੇ ਸਨ ਤੇ ਹਰ ਕੋਈ ਆਪਣੇ ਸੰਗੀ ਸਾਥੀਆਂ ਨਾਲ ਗੱਲਬਾਤ ਵਿਚ ਮਸਰੂਫ ਸੀ। ਉਤਰੀ ਸ਼ਿਕਾਗੋ ਪੁਲਿਸ ਨੇ ਸੰਖੇਪ ਪਿੱਛਾ ਕਰਨ ਤੋਂ ਬਾਅਦ ਕਰੀਮੋ ਨੂੰ ਲੇਕ ਫੌਰੈਸਟ ਇਲੀ-ਨੋਇਸ ਨੇੜੇ ਗ੍ਰਿਫਤਾਰ ਕਰ ਲਿਆ। ਉਸ ਨੂੰ ਹਾਈਲੈਂਡ ਪਾਰਕ ਪੁਲਿਸ ਦੇ ਹਵਾਲੇ ਕਰ ਦਿੱਤਾ ਹੈ। ਪੁਲਿਸ ਕਮਾਂਡਰ ਕ੍ਰਿਸ ਓ ਨੀਲ ਨੇ ਕਿਹਾ ਹੈ ਕਿ ਹਾਈਲੈਂਡ ਪਾਰਕ ਨੇੜੇ ਇਕ ਕਾਰੋਬਾਰੀ ਇਮਾਰਤ ਦੀ ਛੱਤ ਤੋਂ ਹਥਿਆਰਾਂ ਸਬੰਧੀ ਸਬੂਤ ਮਿਲੇ ਹਨ। ਹਾਈਲੈਂਡ ਪਾਰਕ ਸ਼ਿਕਾਗੋ ਦੇ ਉਤਰ ਵਿਚ 25 ਮੀਲ ਦੀ ਦੂਰੀ 'ਤੇ ਸਥਿੱਤ ਹੈ।

# ਪੰਜਾਬੀ ਗੀਤਕਾਰੀ ਬਾਰੇ ਲੇਖਕ ਅਸ਼ੋਕ ਬਾਸ਼ਲ ਮਾਨਸਾ ਦੀ ਪੁਸਤਕ "ਮਿੱਟੀ ਨੂੰ ਫਰੋਲ ਜੋਗੀਆ" ਫਰਿਜ਼ਨੋ ਵਿਖੇ ਰੀਲੀਜ ਕੀਤੀ ਗਈ




**ਸੈਕਰਾਮੈਂਟੋ 5 ਜੁਲਾਈ–** ਪੰਜਾਬੀ ਗਾਇਕੀ ਅਤੇ ਗੀਤਕਾਰੀ ਬਾਰੇ ਲੇਖਕ ਅਸ਼ੋਕ ਬੰਸਲ ਮਾਨਸਾ ਦੀ ਕਿਤਾਬ "ਮਿੱਟੀ ਨੂੰ ਫਰੋਲ ਜੋਗੀਆ" ਫਰਿਜ਼ਨੋ ਵਿਖੇ ਮਿੰਟੂ ਉੱਪਲੀ ਦੇ ਯਾਰਡ ਵਿਖੇ ਰਿਲੀਜ਼ ਕੀਤੀ ਗਈ।" ਧਾਲੀਆਂ ਅਤੇ ਮਾਛੀਕੇ ਮੀਚੀਆਂ ਅਮਰੀਕਾ"ਵੱਲੋਂ ਕਰਵਾਏ ਗਏ ਇਸ ਪ੍ਰੋਗਰਾਮ ਵਿੱਚ ਪੰਜਾਬੀ ਮਾਂ ਬੋਲੀ ਨੂੰ ਪਿਆਰ ਕਰਨ ਵਾਲੇ ਲੋਕਾ ਵੱਲੋਂ ਭਰਪੂਰ ਹੁੰਗਾਰਾ ਮਿਲਿਆ। ਇਸ ਪ੍ਰੋ-ਗਰਾਮ ਦੀ ਸ਼ੁਰੂਆਤ ਗੁਰਿੰਦਰਜੀਤ ਨੀਟਾ ਮਾਛੀਕੇ ਨੇ ਸਭ ਨੂੰ ਜੀ ਆਇਆ ਕਹਿਣ ਨਾਲ ਕੀਤੀ। ਇਸ ਸਮੇਂ ਪ੍ਰਮੁੱਖ ਬੁਲਾਰਿਆਂ ਵਿੱਚ ਮੁੱਖ ਮਹਿਮਾਨ ਅਸ਼ੋਕ ਬਾਸ਼ਲ ਤੋਂ ਇਲਾਵਾ ਹਰਜਿੰਦਰ ਕੰਗ, ਦਿਲਾਵਰ ਚਾਹਲ, ਰਣਜੀਤ ਗਿੱਲ ਜੱਗਾ, ਸੰਤੋਖ ਮਿਨਹਾਸ, ਸਾਧੂ ਸਿੰਘ ਸੰਘਾ ਆਦਿਕ ਨੇ ਹਾਜ਼ਰੀ ਭਰੀ। ਜਦ ਕਿ ਗਾਇਕੀ ਦੀ ਖੁੱਲੀ ਮਹਿਫਲ ਵਿੱਚ ਸਮੁੱਚੇ ਕੈਲੇਫੋਰਨੀਆਂ ਤੋਂ ਗਾਇਕੀ ਰਾਹੀ ਹਾਜ਼ਰੀ ਭਰਨ ਵਾਲਿਆਂ ਵਿੱਚ ਐਚ। ਐਸ਼। ਭਜਨ, ਨਿਰਮਲਜੀਤ ਨਿੰਮਾ, ਅਵਤਾਰ ਗਰੇਵਾਲ, ਪੱਪੀ ਭਦੌੜ, ਗੋਗੀ ਸੰਧੂ, ਬਾਈ ਸੁਰਜੀਤ ਮਾਛੀਵਾੜਾ, ਕਮਲਜੀਤ ਸਿੰਘ ਬੈਨੀਪਾਲ, ਗੁੱਲੂ ਬਰਾੜ, ਦੀਪਾ ਢੋਲਕ ਵਾਲਾ, ਮਾਸਟਰ ਅਮਨਜੋਤ ਸਿੰਘ ਆਦਿਕ ਨੇ ਖੂਬ ਰੰਗ ਬੰਨੇ। ਇਸੇ ਤਰਾਂ ਇਲਾਕੇ ਦੀਆਂ ਵੱਖ-ਵੱਖ ਸਾਹਿੱਤਕ ਅਤੇ ਸਮਾਜਿਕ ਸੰਸਥਾਵਾ ਦੇ ਨੁਮਾਇੰਦੇ ਵੀ ਪਹੁੰਚੇ ਹੋਏ ਸਨ। ਜਿੰਨਾ ਵੱਲੋਂ ਅਸ਼ੋਕ ਬਾਂਸਲ ਮਾਨਸਾ ਦਾ ਵਡਮੁੱਲੇ ਯਤਨਾਂ ਲਈ ਵਿਸ਼ੇਸ਼ ਸਨਮਾਨ ਨਿਸ਼ਾਨੀ ਦੇ ਕੇ ਸਨਮਾਨ ਕੀਤਾ ਗਿਆ ਅਤੇ ਇਹੋ ਜਿਹੇ ਹੋਰ ਪ੍ਰੋਜੈਕਟ ਲਈ ਹਰ ਤਰਾਂ ਦੀ ਆਰਥਿਕ ਮਦਦ ਕਰਨ ਦੀ ਵਚਨਬੱਧਤਾ ਪ੍ਰਗਟਾਈ ਗਈ। ਪ੍ਰੋਗਰਾਮ ਦੇ ਅੰਤ ਵਿੱਚ ਕੁਲਵੰਤ ਧਾਲੀਆਂ ਨੇ ਸਮੂੰਹ ਹਾਜ਼ਰੀਨ ਦਾ ਪਹੁੰਚਣ ਅਤੇ ਸਹਿਯੋਗ ਦੇਣ ਬਦਲੇ ਧੰਨਵਾਦ ਕਰਦੇ ਹੋਏ ਇਸ ਪੁਸਤਕ ਨੂੰ ਭੁੱਲੇ ਵਿੱਸਰੇ ਅਨਮੋਲ ਗੀਤਕਾਰਾਂ ਦੇ ਜੀਵਨ ਬਾਰੇ ਦੀ ਪੀ।ਐਚ। ਡੀ। ਲਈ ਇਕ ਵੱਡਾ ਚਾਨਣ ਮੁਨਾਰਾ ਦੱਸਿਆ।

'ਦੇਸ਼ ਦੁਆਬਾ'
'ਅੰਬੇਦਕਰ ਟਾਈਮਜ਼'
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com
www.ambedkartimes.com

# ਸ਼੍ਰੀ ਗੁਰੂ ਰਵਿਦਾਸ ਧਾਰਮਿਕ ਸਭਾ ਪੁਰਾਣਾ ਗੁਰਦੁਆਰਾ ਨੰਗਲ ਜ਼ਿਲ੍ਹਾ ਰੂਪਨਗਰ ਦੀ ਨਵੀਂ ਕਮੇਟੀ ਦੀ ਚੋਣ ਹੋਈ





**ਰੂਪਨਗਰ–** ਸ਼੍ਰੀ ਗੁਰੂ ਰਵਿਦਾਸ ਧਾਰਮਿਕ ਸਭਾ ਪੁਰਾਣਾ ਗੁਰੂਦੁਆਰਾ ਨੰਗਲ ਜ਼ਿਲ੍ਹਾ ਰੂਪਨਗਰ ਦੀ ਨਵੀਂ ਕਾਰਜਕਾਰੀ ਕਮੇਟੀ ਦੀ ਚੋਣ ਕੀਤੀ ਗਈ। ਸ਼੍ਰੀ ਗੁਰੂ ਰਵਿਦਾਸ ਮੰਦਿਰ ਪੁਰਾਣਾ ਗੁਰੂਦੁਆਰਾ ਨੰਗਲ ਦੀ ਜਨਰਲ ਬਾਡੀ ਦੀ ਹੋਈ ਮੀਟਿੰਗ ਵਿੱਚ ਵੱਡੀ ਗਿਣਤੀ ਵਿੱਚ ਮੈਂਬਰਾਂ ਨੇ ਭਾਗ ਲਿਆ। ਸਭ ਤੋਂ ਪਹਿਲਾਂ ਪ੍ਰਧਾਨ ਸੁਰਿੰਦਰ ਸਿੰਘ ਨੇ ਪੁਰ-ਾਣੀ ਕਾਰਜਕਾਰੀ ਕਮੇਟੀ ਨੂੰ ਭੰਗ ਕੀਤਾ ਅਤੇ ਨਵੀਂ ਕਮੇਟੀ ਦੀ ਚੌਣ ਲਈ ਜਨਰਲ ਬਾਡੀ ਦੇ ਸਮੂਹ ਮੈਂਬਰਾਂ ਨੇ ਬਿਹਾਰੀ ਲਾਲ ਨੂੰ ਚੇਅਰਮੈਨ ਬਣਾਇਆ। ਚੇਅਰਮੈਨ ਬਿਹਾਰੀ ਲਾਲ ਦੀ ਦੇਖ ਰੇਖ ਹੇਠ ਨਵੀਂ ਕਾਰਜਕਾਰੀ ਕਮੇਟੀ ਦੀ ਚੌਣ ਕੀਤੀ ਗਈ ਜਿਸ ਵਿੱਚ ਸਰਬ ਸੰਮਤੀ ਨਾਲ ਇੰਜਨੀਅਰ ਸਰਦਾਰੀ ਲਾਲ ਇੰਦਰਾ ਨਗਰ ਨੂੰ ਪ੍ਰਧਾਨ, ਬਿਕਾਨੂੰ ਰਾਮ ਨੂੰ ਉੱਪ ਪ੍ਰਧਾਨ, ਪਰਮਿੰਦਰ ਸੰਧੂ ਨੂੰ ਜਨਰਲ ਸਕੱਤਰ, ਸੁਰਿੰਦਰ ਕੁਮਾਰ ਨੂੰ ਕੈਸ਼ੀਅਰ, ਨਿਰਮਲਜੀਤ ਨੂੰ ਸਹਾਇਕ ਸਕੱਤਰ, ਆਰਗੇਨ-ਾਇਜਿੰਗ ਸਕੱਤਰ ਚੰਨਣ ਸਿੰਘ, ਮਨਜੀਤ ਕੁਮਾਰ ਨੂੰ ਪ੍ਰੋਪੋਗੰਡਾ ਸਕੱਤਰ, ਸੁਨੀਲ ਕੁਮਾਰ ਨੂੰ ਸਟੋਰਕੀਪਰ, ਦੋਲਤ ਰਾਮ ਅਤੇ ਡਾਕਟਰ ਜੇ ਐਸ ਕਹਿਲ ਨੂੰ ਕਨੂੰਨੀ ਸਲਾਹਕਾਰ, ਸਰਦਾਰੀ ਲਾਲ ਰਾਮਨਗਰ ਨੂੰ ਆਡਿਟਰ ਚੁਣਿਆ ਗਿਆ। ਇਸ ਮੌਕੇ ਅਸ਼ੋਕ ਕੁਮਾਰ, ਬਿਹਾਰੀ ਲਾਲ, ਰਾਕੇਸ਼ ਕੁਮਾਰ ਨਰ, ਸ਼ੀਸ਼ ਕੁਮਾਰ, ਪਰਮਜੀਤ ਲਾਲ, ਪਵਨ ਕੁਮਾਰ, ਤਰਸੇਮ ਲਾਲ, ਸੇਵਾ ਸਿੰਘ, ਹਰਬਿਲਾਸ, ਸੁਰਜੀਤ ਸਿੰਘ, ਤਰਸੇਮਚੰਦ ਨੂੰ ਕਾਰ-ਜਕਾਰੀ ਕਮੇਟੀ ਮੈਂਬਰ ਬਣਾਇਆ ਗਿਆ ਹੈ। ਇਸ ਮੌਕੇ ਨਵੇਂ ਚੁਣੇ ਗਏ ਪ੍ਰਧਾਨ ਸਰਦਾਰੀ ਲਾਲ ਨੇ ਕਿਹਾ ਕਿ ਸਭਾ ਵਲੋਂ ਸਮੂਹ ਮੈਂਬਰਾਂ ਦੇ ਸਹਿਯੋਗ ਨਾਲ ਸਮਾਜਿਕ ਵਿਕਾਸ ਦੇ ਕੰਮਾ ਨੂੰ ਜਾਰੀ ਰੱਖਿਆ ਜਾਵੇਗਾ ਅਤੇ ਸ਼੍ਰੀ ਗੁਰੂ ਰਵਿਦਾਸ ਜੀ ਦੇ ਮਿਸ਼ਨ ਅਤੇ ਵਿਚਾਰਧਾਰਾ ਦੇ ਪ੍ਰਚਾਰ ਲਈ ਕੰਮ ਕੀਤਾ ਜਾਵੇਗਾ। ਨਵੀਂ ਚੁਣੀ ਗਈ ਕਮੇਟੀ ਦੇ ਆਗੂਆਂ ਨੇ ਹਾਜਰ ਜਨਰਲ ਬਾਡੀ ਦੇ ਮੈਂਬਰਾਂ ਦਾ ਧੰਨਵਾਦ ਕੀਤਾ ਅਤੇ ਕਿਹਾ ਕਿ ਜੋ ਵਿਸ਼ਵਾਸ਼ ਅਤੇ ਭਰੋਸਾ ਕਰਕੇ ਉਨ੍ਹਾਂ ਨੂੰ ਇਸ ਸੇਵਾ ਲਈ ਚੁਣਿਆ ਗਿਆ ਹੈ ਉਹ ਉਸ ਤੇ ਪੂਰਾ ਉਤਰਨ ਦੀ ਕੋਸਿਸ਼ ਕਰਨਗੇ ਅਤੇ ਗੁਰੂ ਘਰ ਦੇ ਵਿਕਾਸ ਲਈ ਕੰਮ ਕਰਨਗੇ। ਉਨ੍ਹਾਂ ਕਿਹਾ ਕਿ ਉਹ ਪਿਛਲੀ ਪ੍ਰਬੰਧਕੀ ਕਮੇਟੀ ਦੇ ਸਹਿਯੋਗ ਅਤੇ ਸਮੱਰਥਨ ਨਾਲ ਉਨ੍ਹਾਂ ਵਲੋਂ ਚਲਾਏ ਗਏ ਕਾਰਜਾਂ ਨੂੰ ਅੱਗੇ ਲੈਕੇ ਜਾਣਗੇ। ਇਸ ਮੌਕੇ ਸੁਖਵੰਤ ਭਸੀਨ, ਰਾਜੇਸ਼ ਕੁਮਾਰ, ਜਗਮੋਹਣ, ਯਸ਼ਪਾਲ ਸਿੰਘ, ਦਿਆਲਚੰਦ, ਮੰਗਤ ਰਾਮ, ਕੁਲਦੀਪ ਚੰਦ, ਅਵਤਾਰ ਸਿੰਘ, ਸੋਹਣਲਾਲ, ਰਮਿੰਦਰ ਕੁਮਾਰ, ਸੁਰਜੀਤ ਸਿੰਘ, ਰਜਿੰਦਰ ਕੁਮਾਰ, ਮੰਗਾ ਰਾਮ, ਦੇਸਰਾਜ ਮਲਕੀਤ ਚੰਦ, ਦਪਿੰਦਰਸੰਧੂ, ਮਨਪ੍ਰੀਤ ਕੁਮਾਰ, ਕੇਵਲ ਕੁਮਾਰ, ਕਰਨ ਕੁਮਾਰ, ਪਵਨ ਕੁਮਾਰ, ਸੰਦੀਪ ਕੁਮਾਰ, ਨਿਰਮਲ ਸਿੰਘ, ਅਸ਼ਵਨੀ, ਗੌਰਵ, ਨੀਰਜ਼ ਕੁਮਾਰ ਆਦਿ ਹਾਜਰ ਸਨ।


**– ਕੁਲਦੀਪ ਚੰਦ**
91-94175-63054

# ਨਵੀਂ ਵਿਆਹੀ ਜੋੜੀ ਨੇ ਅਨੰਦ ਕਾਰਜ ਮੌਕੇ ਖੁਦ ਕੀਤਾ ਸ਼ਬਦ ਕੀਰਤਨ




**ਫਰਿਜ਼ਨੋ (ਕੁਲਵੀਰ ਹੇਅਰ)–** ਪਿਛਲੇ ਦਿਨੀਂ ਹਰਮਨਪ੍ਰੀਤ ਸਿੰਘ ਅਤੇ ਤਰਨਜੋਤ ਕੌਰ ਦਾ ਅਨੰਦ ਕਾਰਜ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਹੋਇਆ। ਲਾਵਾਂ ਉਪਰੰਤ ਨਵੀਂ ਜੋੜੀ ਨੇ ਬਹੁਤ ਹੀ ਸੁਰੀਲੇ ਸੁਰਾਂ ਨਾਲ ਗੁਰਬਾਣੀ ਕੀਰਤਨ ਕੀਤਾ। ਸਰਦਾਰ ਪ੍ਰਭਜੋਤ ਸਿੰਘ ਅਤੇ ਕੁਲਵਿੰਦਰ ਕੌਰ ਦੇ ਪੋਤਰੇ ਅਤੇ ਸਰਦਾਰ ਅਰਵਿੰਦਰ ਸਿੰਘ ਤੇ ਮਨਪ੍ਰੀਤ ਕੌਰ ਦੇ ਸਪੁੱਤਰ ਹਰਮਨਪ੍ਰੀਤ ਸਿੰਘ ਦਾ ਸ਼ੁਭ ਵਿਆਹ ਤਰਨਜੋਤ ਕੌਰ ਪੁੱਤਰੀ ਸਰਦਾਰ ਗੁਰਚਰਨ ਸਿੰਘ ਅਤੇ ਗੁਰਪ੍ਰੀਤ ਕੌਰ ਨਾਲ ਹੋਇਆ। ਹਰਮਨਪ੍ਰੀਤ ਦੇ ਚਾਚਾ ਭਾਈ ਬਲਵਿੰਦਰ ਸਿੰਘ ਅਤੇ ਭਾਈ ਸੁਰਿੰਦਰਪਾਲ ਸਿੰਘ ਨੇ ਦੱਸਿਆ ਕਿ ਉਨ੍ਹਾਂ ਨੇ ਬਹੁਤ ਹੀ ਮਾਣ ਮਹਿਸੂਸ ਕੀਤਾ ਜਦੋਂ ਬੱਚਿਆਂ ਨੇ ਗੁਰੂ ਗ੍ਰੰਥ ਸਾਹਿਬ ਅਤੇ ਸੰਗਤ ਦੀ ਹਾਜ਼ਰੀ 'ਚ ਸ਼ਬਦ ਕੀਰਤਨ ਕਰ ਕੇ ਗੁਰੂ ਸਾਹਿਬ ਅੱਗੇ ਹਾਜ਼ਰੀ ਲਗਵਾਈ। ਯਾਦ ਰਹੇ ਹਰਮਨਪ੍ਰੀਤ ਸਿੰਘ ਅਤੇ ਤਰਨਜੋਤ ਕੌਰ ਉੱਚ ਪੱਧਰੀ ਜੌਬਾਂ ਕਰਦੇ ਹਨ ਪਰ ਗੁਰੂ ਨਾਲ ਵੀ ਜੁੜੇ ਹੋਏ ਹਨ।ਸੁਭਾਗੀ ਜੋੜੀ ਵਲੋਂ ਆਪਣੇ ਵਿਆਹ ਮੌਕੇ ਖੁਦ ਕੀਰਤਨ ਕਰਨ ਦੀ ਖਬਰ ਭਾਈਚਾਰੇ ਵਿਚ ਬਹੁਤ ਹੀ ਖੁਸ਼ੀ ਨਾਲ ਇਕ ਦੂਸਰੇ ਤੱਕ ਪਹੁੰਚਾਈ ਜਾ ਰਹੀ ਹੈ।


SUNSHINE AUTO CARE INC.
WE REPAIR ALL MAKES & MODELS. AUTO, DIESEL TRUCK & TRAILERS
✓ DPF Filter Cleaning
✓ Clutch
✓ Transmission
✓ New/Used Tires
✓ Oil Changes
✓ Wheel Balancing
✓ Truck & Trailer Repair
✓ All Major & Minor Repairs
✓ We Do Aluminum Welding
✓ Computer Check
✓ Differential
✓ Inspections
✓ Van/Reefer Work
WE PROVIDE SHUTLE SERVICE FOR ALL CUSTOMERS
hablamos español
We Speak English, Spanish & Punjabi
We Provide Towing &
24/7 Mobile Road Services
For All Autos, Trucks & Trailers
Open Monday to Saturday
Com-Check
T-Check
EFS Check
ACCEPTED HERE
VISA MasterCard AMERICAN EXPRESS DISCOVER NETWORK


1003 Moffat Blvd,
Manteca CA 95336
209-239-1551





ਅਮੈਰੀਕਨ ਸੀਨੀਅਰ ਸਿਟੀਜਨਜ਼ ਗਰੁੱਪ ਸੈਕਰਾਮੈਂਟੋ (ਕੈਲੇਫੋਰਨੀਆ) ਵੱਲੋਂ 23 ਜੂਨ 2022 ਨੂੰ ਨਾਪਾ ਵੈਲੀ ਦਾ ਟਰਿੱਪ ਲਗਾਇਆ। ਉਹਨਾਂ ਦਾ ਇਹ ਟਰਿੱਪ ਸਵੇਰੇ 9 ਵਜੇ ਤੋਂ ਸ਼ਾਮ 8 ਵਜੇ ਤੱਕ ਬੜਾ ਸੁਹਾਵਣਾ ਰਿਹਾ ਅਤੇ ਉਹਨਾਂ ਮਾਉਂਟੇਨ ਪੀਜ਼ਾ ਵਿਖੇ ਪੀਜ਼ਾ ਪਾਰਟੀ ਕੀਤੀ। ਇਸ ਮੌਕੇ ਗੋਲਡਨ ਸਟੇਟ ਟਰੱਕ ਸੇਲਜ਼ (ਇੰਕ) ਦੇ ਮਾਲਕ ਸ੍ਰੀ ਧਰਮਿੰਦਰ ਸਿੰਘ ਅਤੇ ਉਹਨਾਂ ਦੇ ਦੋਸਤਾਂ ਨੇ ਉਚੇਚੇ ਤੌਰ 'ਤੇ ਸ਼ਮੂਲੀਅਤ ਕੀਤੀ **–ਫੋਟੋਆਂ ਤੇ ਵੇਰਵਾ– ਸੁਖਚੈਨ ਸਿੰਘ**

# ਅਮਰੀਕਾ ਦੀ ਰਾਜਧਾਨੀ ਵਾਸ਼ਿੰਗਟਨ ਡੀਸੀ 'ਚ ਕੱਢੀ ਗਈ ਆਜ਼ਾਦੀ ਦੀ ਰਾਸ਼ਟਰੀ ਪਰੇਡ 'ਚ ਸਿੱਖਸ ਆਫ ਅਮੈਰਿਕਾ ਦਾ 'ਸਿੱਖ ਫਲੋਟ' ਹੋਇਆ ਸ਼ਾਮਲ

## ਸਿੱਖ ਫਲੋਟ 'ਚ ਸ਼ਾਮਿਲ ਹੋਣ ਲਈ ਵਾਸ਼ਿੰਗਟਨ, ਮੈਰੀਲੈਂਡ ਤੇ ਵਰਜ਼ੀਨੀਆਂ ਤੋਂ ਪਹੁੰਚੀਆਂ ਸਿੱਖ ਸੰਗਤਾਂ





**ਵਾਸ਼ਿੰਗਟਨ (ਰਾਜ ਗੋਗਨਾ )**—ਅਮਰੀਕਾ ਚ' ਵਿੱਚ ਵੱਸਦੇ ਸਮੂਹ ਭਾਈਚਾਰਿਆਂ ਲਈ 4 ਜੁਲਾਈ ਦਾ ਅਮਰੀਕਾ ਦੀ ਅਜ਼ਾਦੀ ਦਾ ਦਿਨ ਬਹੁਤ ਹੀ ਖੁਸ਼ੀਆਂ ਵਾਲਾ ਹੁੰਦਾ ਹੈ ਅਤੇ ਇਸ ਦਿਨ ਰਾਜਧਾਨੀ ਵਾਸ਼ਿੰਗਟਨ ਡੀ।ਸੀ। ਵਿੱਚ ਰਾਸ਼ਟਰੀ ਪੱਧਰ ਦੀ ਇਕ ਅਜ਼ਾਦੀ ਪਰੇਡ ਕੱਢੀ ਜਾਂਦੀ ਹੈ। ਅਤੇ ਕਿਸੇ ਵੀ ਭਾਈਚਾਰੇ ਨੂੰ ਇਸ ਪਰੇਡ ਵਿਚ ਫਲੋਟ ਸ਼ਾਮਿਲ ਕਰਨ ਦੀ ਪ੍ਰਵਾਨਗੀ ਮਿਲਣਾ ਬਹੁਤ ਵੱਡਾ ਕਾਰਜ ਮੰਨਿਆ ਜਾਂਦਾ ਹੈ।ਇਸ ਲੜੀ ਤਹਿਤ ਸਿੱਖਸ ਆਫ ਅਮੈਰਿਕਾ ਵਲੋਂ ਪਿਛਲੇ ਕਈ ਸਾਲਾਂ ਤੋਂ ਆਪਣਾ ਫਲੋਟ ਇਸ ਪਰੇਡ ਵਿਚ ਸ਼ਾਮਿਲ ਕੀਤਾ ਜਾਂਦਾ ਰਿਹਾ ਹੈ ਪਰ ਪਿਛਲੇ ਦੋ ਸਾਲ ਕਰੋਨਾ ਦੀ ਮਹਾਂਮਾਰੀ ਕਾਰਨ ਪਰੇਡ ਕੱਢੀ ਨਹੀਂ ਗਈ ਸੀ।

ਇਸ ਸਾਲ ਵੀ ਸਿੱਖਸ ਆਫ਼ ਅਮੇਰਿਕਾ ਦੇ ਚੇਅਰਮੈਨ ਸ:ਜਸਦੀਪ ਸਿੰਘ ਜੱਸੀ ਦੀ ਅਗਵਾਈ ਵਿਚ ਸਿੱਖਸ ਆਫ ਅਮੈਰਿਕਾ ਨੂੰ ਅਜ਼ਾਦੀ ਦੀ ਰਾਸ਼ਟਰੀ ਪਰੇਡ ਵਿਚ ਸਿੱਖ ਫਲੋਟ ਸ਼ਾਮਿਲ ਕਰਨ ਦੀ ਪ੍ਰਵਾਨਗੀ ਮਿਲੀ ਅਤੇ ਸਿੱਖਸ ਆਫ ਅਮੈਰਿਕਾ ਨੇ ਇਸ ਪਰੇਡ ਵਿਚ ਸਿੱਖ ਫਲੋਟ ਸ਼ਾਮਿਲ ਕਰ ਕੇ ਸਭ ਭਾਈਚਾਰਿਆਂ ਦਾ ਦਿਲ ਜਿੱਤ ਲਿਆ। ਅਧੁਨਿਕ ਤਕਨੀਕ ਦੀ ਵਰਤੋਂ ਕਰਦਿਆਂ ਫਲੋਟ ਨੂੰ ਐਲਈਡੀ ਸਕਰੀਨ ਨਾਲ ਸਜਾਇਆ ਗਿਆ ਸੀ ਜਿਸ ਵਿਚ ਸਿੱਖ ਧਰਮ ਦੇ ਪੁਰਾਤਨ ਅਤੇ ਅਜੋਕੇ ਇਤਿਹਾਸ ਨੂੰ ਦਰਸਾਇਆ ਗਿਆ ਸੀ।

ਫਲੋਟ ਦੇ ਅੱਗੇ ਅੱਗੇ ਭੰਗੜਾ ਟੀਮ ਸੱਭਿਆਚਾਰਕ ਰੰਗ ਪੇਸ਼ ਕਰ ਰਹੀ ਸੀ। ਇਕ ਅੰਦਾਜ਼ੇ ਮੁਤਾਬਿਕ ਸੜਕ ਦੇ ਦੋਵੇਂ ਪਾਸੇ ਬੈਠੇ ਇਕ ਲੱਖ ਤੋਂ ਵੱਧ ਲੋਕਾਂ ਨੇ ਨੇੜਿਓਂ ਫਲੋਟ ਨੂੰ ਦੇਖਿਆ ਤੇ ਹੋਰ ਲੱਖਾਂ ਲੋਕਾਂ ਨੇ ਨੈਸ਼ਨਲ ਟੀਵੀ ਰਾਹੀਂ ਇਸ ਦੀਆਂ ਗਤੀਵਿਧੀਆਂ ਨੂੰ ਵਾਚਿਆ। ਚੇਅਰਮੈਨ ਸ੍ਰ ਜਸਦੀਪ ਸਿੰਘ ਜੱਸੀ ਨੇ ਦੱਸਿਆ ਕਿ ਸਿੱਖਸ ਆਫ ਅਮੈਰਿਕਾ ਦਾ ਮੁੱਖ ਮਕਸਦ ਦੂਜੇ ਭਾਈਚਾਰਿਆਂ ਨੂੰ ਸਿੱਖੀ ਦੀ ਪਛਾਣ ਅਤੇ ਸਿੱਖੀ ਦੇ ਸੰਕਲਪ ਬਾਰੇ ਦੱਸਣ ਤੋਂ ਇਲਾਵਾ ਅਮਰੀਕਾ 'ਚ ਫੌਜ, ਪੁਲਿਸ, ਅਕਾਦਮਿਕ, ਆਰਥਿਕ ਖੇਤਰ, ਬਿਜ਼ਨਸ ਅਤੇ ਸਿਆਸੀ ਯੋਗਦਾਨ ਬਾਰੇ ਵੀ ਦੱਸਣਾ ਸੀ।

ਇਸ ਮੌਕੇ ਸਿੱਖ ਫਲੋਟ ਦੇ ਨਾਲ ਲਾਲ ਪੱਗਾਂ, ਚਿੱਟੀਆਂ ਕਮੀਜ਼ਾਂ, ਨੀਲੀਆਂ ਪੈਂਟਾਂ ਤੇ ਅਮੈਰਿਕਨ ਫ਼ਲੈਗ ਦੀ ਟਾਈ ਪਹਿਨੇ ਮਰਦ ਅਤੇ ਅਮੈਰਿਕਨ ਝੰਡੇ ਦੇ ਸਕਾਰਫ ਅਤੇ ਚਿੱਟੇ ਕੱਪੜੇ ਪਹਿਨੀ ਔਰਤਾਂ ਫਲੋਟ ਦੀ ਸ਼ਾਨ ਨੂੰ ਵਧਾ ਰਹੇ ਸਨ। ਸਿੱਖ ਫਲੋਟ ਵਿਚ ਸਿੱਖਸ ਆਫ ਅਮੈਰਿਕਾ ਦੇ ਨੁਮਾਇੰਦੇ ਜਸਦੀਪ ਸਿੰਘ ਜੱਸੀ ਚੇਅਰਮੈਨ, ਕਮਲਜੀਤ ਸਿੰਘ ਸੋਨੀ ਪ੍ਰਧਾਨ, ਬਲਜਿੰਦਰ ਸਿੰਘ ਸ਼ੰਮੀ ਮੀਤ ਪ੍ਰਧਾਨ, ਮਨਪ੍ਰੀਤ ਸਿੰਘ, ਦਿਲਵੀਰ ਸਿੰਘ, ਸੁਰਿੰਦਰ ਸਿੰਘ ਬੱਬੂ, ਸਾਜਿਦ ਤਰਾਰ, ਵਰਿੰਦਰ ਸਿੰਘ, ਸੁਖਪਾਲ ਧਨੋਆ, ਕੁਲਵਿੰਦਰ ਫਲੋਰਾ, ਸਰਬਜੀਤ ਸਿੰਘ ਬਖਸ਼ੀ, ਬਖਸ਼ੀਸ਼ ਸਿੰਘ, ਚਤਰ ਸਿੰਘ, ਸੁਰਿੰਦਰ ਰਹੇਜਾ, ਫੂਲਾ ਸਿੰਘ, ਮਨਿੰਦਰ ਸੇਠੀ, ਇੰਦਰਜੀਤ ਗੁਜਰਾਲ, ਜਸਵਿੰਦਰ ਸਿੰਘ ਜੌਨੀ, ਡਾਕਟਰ ਦਰਸ਼ਨ ਸਲੂਜਾ, ਮੀਤਾ ਸਲੂਜਾ ਅਤੇ ਹਰਜੀਤ ਸਿੰਘ,ਅਤੇ ਚੱਤਰ ਸਿੰਘ ਸੈਣੀ ਵਿਸ਼ੇਸ਼ ਤੋਰ ਤੇ ਸ਼ਾਮਿਲ ਹੋਏ।

# ਸਿਆਟਲ ਵਿਚ ਬੱਚਿਆਂ ਦਾ ਖੇਡ ਕੈਂਪ ਅਰਦਾਸ ਕਰਕੇ ਧੂੰਮ ਧੜੱਕੇ ਨਾਲ ਸ਼ੁਰੂ

**ਸਿਆਟਲ (ਗੁਰਚਰਨ ਸਿੰਘ ਢਿੱਲੋਂ)**– ਪੰਜਾਬੀ ਭਾਈਚਾਰੇ ਦੀ ਸੰਘਣੀ ਵੱਸੋਂ ਵਾਲੇ ਸ਼ਹਿਰ ਕੈਂਟ ਵਿਚ ਵਿਲਸਨ ਪਲੈਅ ਫੀਲਡਜ਼ ਦੇ ਸ਼ਾਨਦਾਰ ਖੁੱਲ੍ਹੇ ਮੈਦਾਨ ਵਿਚ ਪੰਜਾਬੀ ਭਾਈਚਾਰੇ ਵੱਲੋਂ ਸਾਂਝੇ ਤੌਰ 'ਤੇ ਹੈਡ ਗ੍ਰੰਥੀ ਭਾਈ ਮੋਹਨ ਸਿੰਘ ਨੇ ਬੱਚਿਆਂ ਦੀ ਤੰਦਰੁਸਤੀ, ਸੱਟ ਫੇਟ ਦੇ ਬਚਾਅ ਲਈ ਅਰਦਾਸ ਕਰਕੇ ਸ਼ੁਭ ਆਰੰਭ ਹੋਇਆ। ਪਹਿਲੇ ਦਿਨ ਹੀ 150 ਬੱਚਿਆਂ ਨੇ ਬੜੇ ਉਤਸ਼ਾਹ ਨਾਲ ਹਿੱਸਾ ਲਿਆ। ਇਸ ਮੌਕੇ ਹਰਿ-ਆਣਾ ਦੇ ਮਨਿੰਦਰ ਸਿੰਘ ਬਰਾੜ ਵਿਸ਼ੇਸ਼ ਮਹਿਮਾਨ ਦੇ ਤੌਰ 'ਤੇ ਪਹੁੰਚੇ, ਜਿਹਨਾਂ ਦਾ ਸੇਮ ਵਿਰਕ ਨੇ ਫੁੱਲਾਂ ਦੇ ਗੁਲਦਸਤੇ ਨਾਲ ਸਵਾਗਤ ਕੀਤਾ। ਹਰਦੇਵ ਸਿੰਘ ਜੱਜ ਨੇ ਦੱਸਿਆ ਕਿ ਬੱਚਿਆਂ ਦਾ ਖੇਡ ਕੈਂਪ ਜੁਲਾਈ ਤੇ ਅਗਸਤ ਦੇ ਮਹੀਨੇ ਹਰੇਕ ਸ਼ਨੀਵਾਰ ਅਤੇ ਐਤਵਾਰ ਸ਼ਾਮੀ 5 ਤੋਂ 7 ਵਜੇ ਤੱਕ ਚੱਲੇਗਾ। ਬਲਜੀਤ ਸਿੰਘ ਸੋਹਲ ਨੇ ਦੱਸਿਆ ਕਿ ਬੱਚਿਆਂ ਤੋਂ ਕੋਈ ਫੀਸ ਨਹੀਂ ਲਈ ਜਾਵੇਗੀ, ਸਗੋਂ ਦਾਨੀ ਸੱਜਣਾਂ



ਵੱਲੋਂ ਮੁਫਤ ਖੇਡ ਕਿੱਟਾਂ ਤੇ ਰੀਫ੍ਰੈਸ਼ਮੈਂਟ ਮੁਹੱਈਆ ਕੀਤੀ ਜਾਵੇਗੀ। ਸਿੱਖ ਰਾਈਡਰ ਆਫ ਸਿਆਟਲ ਦੇ ਨੌਜਵਾਨਾਂ ਨੇ ਮੋਟਰ ਸਾਈਕਲਾਂ ਤੇ ਸਵਾਰ ਹੋ ਕੇ ਖੇਡ ਕੈਂਪ ਦੀ ਅਗਵਾਈ ਕੀਤੀ ਅਤੇ ਬੱਚਿਆਂ ਨੂੰ ਖੇਡ ਕੈਂਪ ਤੋਂ ਬਾਅਦ ਪੀਜ਼ੇ ਦੀ ਸੇਵਾ ਕੀਤੀ। ਪੰਜਾਬੀ ਭਾਈਚਾਰੇ ਦੇ ਪਤਵੰਤੇ ਖੇਡ ਪ੍ਰੇਮੀਆਂ ਹਰਦੀਪ ਸਿੰਘ ਗਿੱਲ, ਮਨਮੋਹਣ ਸਿੰਘ ਧਾਲੀਵਾਲ, ਰਾਮ ਸਿੰਘ, ਮਲਕੀਅਤ ਸਿੰਘ ਝੱਲੀ, ਕੁਲਵੰਤ ਸ਼ਾਹ, ਸੁਖਦੇਵ ਸਿੰਘ ਸੰਧੂ (ਰੋੜਾਂਵਾਲਾ), ਸੌਰਬ ਰਿਸ਼ੀ, ਮਹਿੰਦਰ ਸਿੰਘ ਨਿੱਝਰ, ਡਾ. ਜੇ. ਬੀ. ਸਿੰਘ, ਲਿਖਾਰੀ ਹਰਦਿਆਲ ਸਿੰਘ ਚੀਮਾ, ਉਂਕਾਰ ਭੰਡਾਲ, ਦਰਸ਼ਨ ਸਿੰਘ ਬੜਾ ਪਿੰਡ, ਅੰਮ੍ਰਿਤਪਾਲ ਸਿੰਘ ਸਹੋਤਾ ਸਮੇਤ 150 ਤੋਂ ਵੱਧ ਖੇਡ ਪ੍ਰੇਮੀਆਂ ਨੇ ਪਹੁੰਚ ਕੇ ਬੱਚਿਆਂ ਦੀ ਹੌਸਲਾ ਅਫਜਾਈ ਕੀਤੀ। ਬੱਚਿਆਂ ਦੇ ਖੇਡ ਕੈਂਪ ਦਾ ਆਰੰਭ ਸ਼ਾਨੋ ਸ਼ੌਕਤ ਨਾਲ ਹੋਇਆ, ਜਿਸ ਦੀ ਸਭ ਨੇ ਸ਼ਲਾਘਾ ਕੀਤੀ।

# ਗੁਰਦੁਆਰਾ ਸਿੱਖ ਸੋਸਾਇਟੀ ਡੇਟਨ ਵਿਖੇ ਅਮਰੀਕਾ ਦੇ ਆਜ਼ਾਦੀ ਦਿਵਸ 'ਤੇ ਝੰਡਾ ਲਹਿਰਾਇਆ ਗਿਆ

**ਡੇਟਨ (ਅਮਰੀਕਾ)**– ਅਮਰੀਕਾ ਦੇ ਆਜ਼ਾਦੀ ਦਿਵਸ ਦੇ ਮੌਕੇ 'ਤੇ ਓਹਾਇਓ ਸੂਬੇ ਦੇ ਸ਼ਹਿਰ ਡੇਟਨ ਦੇ ਸਿੱਖ ਭਾਈਚਾਰੇ ਵੱਲੋਂ ਆਜ਼ਾਦੀ ਦਿਵਸ ਗੁਰਦੁਆਰਾ ਸਿੱਖ ਸੋਸਾ-ਇਟੀ ਡੇਟਨ ਵਿਖੇ ਅਮਰੀਕਾ ਦਾ ਝੰਡਾ ਲਹਿਰਾ ਕੇ ਮਨਾਇਆ ਗਿਆ। ਬੀਵਰਕਰੀਕ ਦੇ ਮੇਅਰ ਬੌਬ ਸਟੋਨ ਤੇ ਕਮਿਸ਼ਨਰ ਰਿਕ ਪਰੇਲਸ ਮੁੱਖ ਮਹਿਮਾਨ ਸਨ ।ਅਮਰੀਕਾ ਦਾ ਕੌਮੀ ਤਰਾਨਾ ਗਾਇਆ ਗਿਆ । ਗੁਰਦਆਰਾ ਸਾਹਿਬ ਦੀ ਗਰਾਉਂਡ ਵਿਚ ਨਾਖ ਦਾ ਬੂਟਾ ਲਾਉਣ ਦੀ ਰਸਮ ਵੀ ਦੋਵਾਂ ਮਹਿਮਾਨਾਂ ਨੇ ਨਿਭਾਈ।

ਇਨ੍ਹਾਂ ਦੋਵਾਂ ਮਹਿਮਾਨਾਂ ਨੂੰ ਹਰਿਮੰਦਰ ਸਾਹਿਬ 'ਤੇ ਲਿਖੀਆਂ ਪੁਸਤਕਾਂ ਵੀ ਭੇਟ ਕੀਤੀਆਂ ਗਈਆਂ। ਡਾ।ਸਿਮਰਨ ਕੌਰ ਨੇ ਉਨ੍ਹਾਂ ਨੂੰ ਜੀਅ ਆਇਆਂ ਕਿਹਾ।ਉਨ੍ਹਾਂ ਨੇ ਆਪਣੇ ਭਾਸ਼ਨ ਵਿੱਚ ਸਭ ਨੂੰ ਆਜ਼ਾਦੀ ਦਿਵਸ ਦੀਆਂ ਵਧ-ਾਈਆਂ ਦਿੱਤੀਆਂ ਤੇ ਕਮੇਟੀ ਦਾ ਉਨ੍ਹਾਂ ਨੇ ਇਸ ਮੌਕੇ ਬਲਾਓਣ ਲਈ ਧੰਨਵਾਦ ਕੀਤਾ। ਇਸ ਮੌਕੇ ਡਾ ਦਰਸ਼ਨ ਸਿੰਘ, ਲਖਵਿੰਦਰ ਸਿੰਘ, ਪ੍ਰਿਤਪਾਲ ਸਿੰਘ ਤੇ ਅਵਤਾਰ ਸਿੰਘ ਸਪਰਿ-ੰਗਫੀਲਡ ਨੇ ਆਪਣੇ ਵਿਚਾਰ ਪੇਸ਼ ਕੀਤੇ । ਕਮੇਟੀ ਦੇ ਸਕੱਤਰ ਪਿਆਰਾ ਸਿੰਘ ਨੇ ਆਏ ਮਹਿਮਾਨਾਂ, ਸਾਧ ਸੰਗਤ ਤੇ ਉਨ੍ਹਾਂ ਸਭਨਾਂ ਦਾ ਜਿਨ੍ਹਾਂ ਨੇ ਇਸ ਸਮਾਗਮ ਨੂੰ ਸਫ਼ਲਤਾਪੂਰਵਕ ਸਿਰੇ ਚਾੜਿਆ ਦਾ ਧੰਨਵਾਦ ਕੀਤਾ। ਸ ਅਵਤਾਰ ਸਿੰਘ ਸਪਰਿੰਗ-ਫੀਲਡ ਦਾ ਫਲੋਟ ਵਿਸ਼ੇਸ਼ ਖਿੱਚ ਦਾ ਕੇਂਦਰ ਰਿਹਾ। ਇਸ ਤੋਂ ਪਹਿਲਾਂ ਦੋਵਾਂ ਮਹਿਮਾਨਾਂ ਨੇ ਗੁਰਦੁਆਰਾ ਸਾਹਿਬ ਵਿੱਖੇ ਮੱਥਾ ਟੇਕਿਆ ਤੇ ਲੰਗਰ ਹਾਲ ਵਿਚ ਸੰਗਤ ਨਾਲ ਲੰਗਰ ਛਕਿਆ ਤੇ ਵਿਜ਼ਿਟਰ ਬੁਕ ਵਿਚ ਆਪਣੇ ਵਿਚਾਰ ਲਿਖੇ।

# ਗੁਰਭਜਨ ਗਿੱਲ ਦੀ ਕਵਿਤਾ ਵਿੱਚ ਵੇਦਨਾ ਵੀ ਹੈ ਤੇ ਸੰਵੇਦਨਾ ਵੀ- ਡਾ ਦੀਪਕ ਮਨਮੋਹਨ ਸਿੰਘ

**ਲੁਧਿਆਣਾ–** ਵਿਸ਼ਵ ਪੰਜਾਬੀ ਕਾਂਗਰਸ ਦੀ ਭਾਰਤੀ ਇਕਾਈ ਦੇ ਪ੍ਰਧਾਨ ਤੇ ਪ੍ਰਸਿੱਧ ਲੇਖਕ ਡਾ ਦੀਪਕ ਮਨਮੋਹਨ ਸਿੰਘ ਨੇ ਬੀਤੀ ਸ਼ਾਮ ਗੈਰ ਰਸਮੀ ਮਿਲਣੀ ਦੌਰਾਨ ਪੰਜਾਬੀ ਲੋਕ ਵਿਰਾਸਤ ਅਕਾਡਮੀ ਦੇ ਚੇਅਰਮੈਨ ਤੇ ਪੰਜਾਬੀ ਕਵੀ ਗੁਰਭਜਨ ਗਿੱਲ ਦੀ 1885 ਚ ਪਹਿਲੀ ਵਾਰ ਛਪੀ ਪਹਿਲੀ ਗ਼ਜ਼ਲ ਪੁਸਤਕ ਹਰ ਧੁਖਦਾ ਪਿੰਡ ਮੇਰਾ ਹੈ ਦਾ ਚੌਥਾ ਐਡੀਸ਼ਨ ਲੋਕ ਅਰਪਨ ਕਰਦਿਆਂ ਸ਼ਹੀਦ ਭਗਤ ਸਿੰਘ ਨਗਰ ਲੁਧਿਆਣਾ ਵਿਖੇ ਕਿਹਾ ਹੈ ਕਿ ਮੈਂ 1975 ਚੋਂ ਉਸ ਦੀ ਕਵਿਤਾ ਨੂੰ ਲਗਾਤਾਰ ਵਾਚਦਾ ਆ ਰਿਹਾ ਹਾਂ, ਜਦ ਉਸ ਨੂੰ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਨੇ ਸ਼ੀਸ਼ਾ ਝੂਠ ਬੋਲਦਾ ਹੈ ਕਵਿਤਾ ਲਿਖਣ ਬਦਲੇ ਸ਼ਿਵ ਕੁਮਾਰ ਬਟਾਲਵੀ ਯਾਦਗਾਰੀ ਗੋਲਡ ਮੈਡਲ ਨਾਲ ਸਨਮਾਨਿਤ ਕੀਤਾ ਸੀ। ਉਸ ਦੀ ਕਵਿਤਾ ਵਿੱਚ ਵੇਦਨਾ ਵੀ ਹੈ ਤੇ ਸੰਵੇਦਨਾ ਵੀ। ਸ਼ਬਦ ਭੰਡਾਰ ਪੱਖੋਂ ਉਸ ਨੂੰ ਭਾਰਤ ਤੇ ਪਾਕਿਸਤਾਨ ਵਿੱਚ



ਬਹੁਤ ਜ਼ਿਆਦਾ ਸਤਿਕਾਰ ਹਾਸਲ ਹੈ। ਉਨ੍ਹਾਂ ਕਿਹਾ ਕਿ ਪਾਕਿਸਤਾਨ ਵਿੱਚ ਹੋਈਆਂ ਵਿਸ਼ਵ ਅਮਨ ਤੇ ਸਾਹਿਤ ਕਾਨ-ਫਰੰਸਾਂ ਵਿੱਚ ਉਸ ਦੀ ਹਾਜ਼ਰੀ ਹਮੇਸ਼ਾਂ ਗੌਲਣਯੋਗ ਰਹੀ ਹੈ। ਇਸ ਮੌਕੇ ਹਾਜ਼ਰ ਪ੍ਰਸਿੱਧ ਵਿਦ-ਵਾਨ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਯੂਨੀਵਰਸਿਟੀ ਦੇ ਸਾਬਕਾ ਰਜਿ-ਸਟਰਾਰ ਡਾ ਸ਼ਿੰਦਰਪਾਲ ਸਿੰਘ ਨੇ ਕਿਹਾ ਕਿ ਅਸੀਂ ਲਗਪਗ ਇਕੱਠਿਆਂ ਹੀ ਲਿਖਣਾ ਪੜ੍ਹਨਾ ਸ਼ੁਰੂ ਕੀਤਾ ਸੀ ਪਰ ਕਵਿਤਾ ਸਿਰਜਣ ਵਿੱਚ ਬਣਾਈ ਲਗਾਤਾਰਤਾ ਕਾਰਨ ਉਹ ਅੱਜ ਸਾਡੇ ਲਈ ਮਾਣਮੱਤਾ ਸਮਕਾਲੀ ਮਿੱਤਰ ਤੇ ਕਵੀ ਹੈ।

ਧੰਨਵਾਦ ਕਰਦਿਆਂ ਗੁਰਭਜਨ ਗਿੱਲ ਨੇ ਕਿਹਾ ਕਿ ਡਾ਼ ਦੀਪਕ ਮਨਮੋਹਨ ਸਿੰਘ ਸਾਹਿਤ ਸੱਭਿਆਚਾਰ ਤੇ ਵਿਸ਼ਵ ਕਾਨਫਰੰਸਾਂ ਰਾਹੀਂ ਜਿਹੜਾ ਗਲੋਬਲ ਭਾਈਚਾਰਾ ਉਸਾਰ ਚੁਕੇ ਹਨ, ਉਸ ਦੀ ਨਿਰੰਤਰ ਪਰਵਰਿਸ਼ ਕਰਨਾ ਤੇ ਉਸ ਨੂੰ ਯੋਗ ਅਗਵਾਈ ਦੇਣਾ ਵੀ ਸਾਡਾ ਫ਼ਰਜ਼ ਹੈ। ਮੇਰੀ ਪੁਸਤਕ ਦਾ ਚੌਥਾ ਐਡੀਸ਼ਨ ਕੁਝ ਮਹੀਨੇ ਪਹਿਲਾਂ ਛਪ ਕੇ ਆਇਆ ਸੀ ਪਰ ਅੱਜ ਦੋ ਵੱਡੇ ਵੀਰਾਂ ਵੱਲੋਂ ਮੇਰੇ ਪਰਿਵਾਰ ਦੀ ਹਾਜ਼ਰੀ ਚ ਲੋਕ ਅਰਪਨ ਹੋਣਾ ਮੇਰੇ ਲਈ ਸੁਭਾਗੀ ਘੜੀ ਵਰਗਾ ਹੈ। ਇਸ ਮੌਕੇ ਪੁਸਤਕ ਲੋਕ ਅਰਪਨ ਵਿੱਚ ਗੁਰਭਜਨ ਗਿੱਲ ਦੀ ਜੀਵਨ ਸਾਥਣ ਸਰਦਾਰਨੀ ਜਸਵਿੰਦਰ ਕੌਰ ਗਿੱਲ ਤੇ ਅਮਰੀਕਾ ਤੋਂ ਆਏ ਸ ਜਸਜੀਤ ਸਿੰਘ ਨੱਤ ਵੀ ਸ਼ਾਮਿਲ ਹੋਏ।

# ਅਧੂਰੀ ਤੇ ਗਲਤੀਆਂ ਭਰਪੂਰ ਹੈ ਪੰਜਾਬ ਦੇ ਵਿਧਾਇਕਾਂ ਦੀ ਵੈਬਸਾਈਟ : ਡਾ ਗੁਮਟਾਲਾ

**ਅੰਮ੍ਰਿਤਸਰ–** ਕੰਪਿਊਟਰ ਯੁੱਗ ਵਿੱਚ ਵੈਬਸਾਈਟਾਂ ਦਾ ਬਹੁਤ ਮਹੱਤਵ ਹੈ।ਈ-ਮੇਲ ਰਾਹੀਂ ਤੁਸੀਂ ਆਪਣੀ ਚਿੱਠੀ ਇਕ ਬਟਨ ਪ੍ਰੈਸ ਕਰਨ ਨਾਲ ਦੁਨੀਆਂ ਵਿਚ ਕਿਸੇ ਜਗਾਹ ਬੈਠੇ ਵਿਅਕਤੀ ਨੂੰ ਭੇਜ ਸਕਦੇ ਹੋ। ਇਹੋ ਕਾਰਨ ਹੈ ਕਿ ਅੱਜ ਸਰਕਾਰਾਂ ਨੇ ਵੀ ਇਹ ਸਹੂਲਤ ਦਿੱਤੀ ਹੋਈ ਹੈ, ਪਰ ਜਦ ਅਸੀਂ ਪੰਜਾਬ ਦੇ ਵਿਧਾਇਕਾਂ ਦੀ ਵੈਬਸਾਈਟਾਂ ਉਪਰ ਝਾਤ ਮਾਰਦੇ ਹਾਂ ਤਾਂ ਵੈਬਸਾਈਟ ਵਿੱਚ ਕਿਸੇ ਕਿਸੇ ਦੀ ਈ-ਮੇਲ ਦਿੱਤੀ ਗਈ ਹੈ ਜਦਕਿ ਹਰੇਕ ਵਿਧਾਇਕ ਦੀ ਈ-ਮੇਲ ਚਾਹੀਦੀ ਹੈ। ਜਿਹੜੀਆਂ ਈ ਮੇਲਾਂ ਦਿੱਤੀਆਂ ਵੀ ਹੋਈਆਂ ਹਨ ਉਨ੍ਹਾਂ ਵਿੱਚੋਂ ਕਈਆਂ ਦੀਆਂ ਕੰਮ ਨਹੀਂ ਕਰਦੀਆਂ ਵਾਪਿਸ ਆ ਜਾਂਦੀਆਂ ਹਨ, ਜਿਵੇਂ ਕਿ ਸ੍ਰੀ ਅਮਨ ਅਰੋੜਾ ਦੀ।

ਇਕ ਚੰਗੀ ਗੱਲ ਹੈ ਕਿ ਸਭ ਦੇ ਫੋਨ ਨੰਬਰ ਦਿੱਤੇ ਗਏ ਹਨ ਪਰ ਕਈਆਂ ਦੇ ਕੰਮ ਨਹੀਂ ਕਰਦੇ। ਸ੍ਰੀ ਕੁੰਵਰ ਵਿਜੈ ਪ੍ਰਤਾਪ ਸਿੰਘ ਦੀ ਕੋਈ ਈ-ਮੇਲ ਨਹੀਂ ਦਿੱਤੀ ਗਈ। ਜਿਹੜਾ ਫੋਨ ਨੰਬਰ ਦਿੱਤਾ ਗਿਆ ਹੈ, ਉਹ ਹਮੇਸ਼ਾਂ ਸਵਿੱਚ ਆਫ਼ ਆਉਂਦਾ ਹੈ।

ਇਸ ਲਈ ਇਕ ਬਹੁਤ ਹੀ ਸੇਵਾ ਮੁਕਤ ਸੀਨੀਅਰ ਆਈ ਪੀ ਐਸ ਅਧਿਕਾਰੀ ਨਾਲ ਕਿਵੇਂ ਸੰਪਰਕ ਕੀਤਾ ਜਾਵੇ ? ਕਈ ਵਿਧਾਇਕਾਂ ਦੇ ਵੈਬਸਾਈਟ ਉਪਰ ਦਿੱਤੇ ਫੋਨ ਨੰਬਰ ਉਪਰ ਜਦ ਫੋਨ ਕਰੀਦਾ ਹੈ ਤਾਂ ਉਨ੍ਹਾਂ ਨੇ ਪੀ ਏ ਰੱਖੇ ਹੋਏ ਹਨ, ਉਹ ਫੋਨ ਚੁਕ ਲੈਂਦੇ ਹਨ। ਬਹੁਤ ਸਾਰੇ ਸੂਝਵਾਨ ਵਿਧਾਇਕਾਂ ਦੇ ਦਿੱਤੇ ਹੋਏ ਫੋਨ ਉਪਰ ਉਨ੍ਹਾਂ ਦੇ ਵਟਸ ਐਪ ਵੀ ਹੈ, ਜਿਸ ‘ਤੇ ਕੋਈ ਵੀ ਆਪਣਾ ਸੰਦੇਸ਼ ਭੇਜ ਸਕਦਾ ਹੈ।

ਇਸ ਸਬੰਧੀ ਪ੍ਰੈਸ ਨੂੰ ਜਾਰੀ ਬਿਆਨ ਵਿੱਚ ਅੰਮ੍ਰਿਤਸਰ ਵਿਕਾਸ ਮੰਚ ਦੇ ਸਰਪ੍ਰਸਤ ਡਾ। ਚਰਨਜੀਤ ਸਿੰਘ ਗੁਮਟਾਲਾ ਨੇ ਕਿਹਾ ਕਿ ਉਹ 2012 ਤੋਂ ਪੰਜਾਬ ਲਾਇਬ੍ਰੇਰੀ ਐਕਟ ਪਾਸ ਕਰਵਾਉਣ ਚਿੱਠੀ ਪੱਤਰ ਲਿਖਣ ਤੋਂ ਇਲਾਵਾ ਈ-ਮੇਲਾਂ ਭੇਜਦੇ ਰਹਿੰਦੇ ਹਨ। ਹੁਣ ਵੀ ਉਨ੍ਹਾਂ ਨੇ ਅਜਲਾਸ ਤੋਂ ਪਹਿਲਾਂ ਮੁੱਖ-ਮੰਤਰੀ, ਉਚੇਰੀ ਸਿੱਖਿਆ ਮੰਤਰੀ, ਸਪੀਕਰ ਤੋਂ ਇਲਾਵਾ ਸ੍ਰੀ ਅਮਨ ਅਰੋੜਾ, ਵਿਧਾਇਕਾ ਸ੍ਰੀ ਮਤੀ ਜੀਵਨ ਜੋਤ ਕੌਰ, ਸ। ਪ੍ਰਤਾਪ ਸਿੰਘ ਬਾਜਵਾ ਤੇ ਸ। ਸੁਖਪਾਲ ਖਹਿਰਾ ਨੂੰ ਈ-ਮੇਲ ਭੇਜੀ ਸੀ ਕਿ ਪਿਛਲੇ ਕਈ ਸਾਲਾਂ ਖਰੜਾ ਮਿੱਟੀ ਘੱਟਾ ਫੱਕ ਰਿਹਾ ਹੈ,ਪੰਜਾਬ ਸਰਕਾਰ ਨੂੰ ਕਹੋ ਕਿ ਇਸ ਨੂੰ ਹਵਾ ਲਵਾਵੇ ਤੇ ਮੌਜੂਦਾ ਅਜਲਾਸ ਵਿੱਚ ਇਸ ਨੂੰ ਪਾਸ ਕਰੇ ਤਾਂ ਜੋ ਪਿੰਡਾਂ ਤੇ ਸ਼ਹਿਰਾਂ ਵਿੱਚ ਲਾਇਬ੍ਰੇਰੀਆਂ ਦਾ ਜਾਲ ਵਿੱਛ ਸਕੇ। ਮੁੱਖ ਮੰਤਰੀ, ਸਪੀਕਰ, ਸ੍ਰੀ ਅਮਨ ਅਰੋੜਾ, ਉਚੇਰੀ ਸਿੱਖਿਆ ਮੰਤਰੀ ਜਿਨ੍ਹਾਂ ਨੇ ਇਹ ਕਾਨੂੰਨ ਬਣਾਉਣਾ ਹੈ ਕਿਸੇ ਦਾ ਜੁਆਬ ਨਹੀਂ ਆਇਆ।ਹਾਂ ਸ੍ਰੀ ਮਤੀ ਜੀਵਨ ਜੋਤ ਕੌਰ ਅਤੇ ਵਿਰੋਧੀ ਧਿਰ ਦੇ ਨੇਤਾ ਸ। ਪ੍ਰਤਾਪ ਸਿੰਘ ਬਾਜਵਾ ਤੇ ਸ ਸੁਖਪਾਲ ਸਿੰਘ ਖਹਿਰਾ ਦਾ ਜੁਆਬ ਜਰੂਰ ਆਇਆ ਹੈ ।ਉਨ੍ਹਾਂ ਦਾ ਕਹਿਣਾ ਸੀ ਕਿ ਉਹ ਜਰੂਰ ਆਵਾਜ਼ ਉਠਾਣਗੇ।

ਮੰਚ ਆਗੂ ਨੇ ਮੁੱਖ ਮੰਤਰੀ ਨੂੰ ਪੱਤਰ ਲਿਖ ਕੇ ਮੰਗ ਕੀਤੀ ਹੈ ਕਿ ਜਿੱਥੇ ਵੈਬਸਾਈਟ ਉਪਰ ਈ ਮੇਲ ਤੇ ਫੋਨ ਨੰਬਰ ਠੀਕ ਦਿੱਤੇ ਜਾਣ, ਉਥੇ ਹਰੇਕ ਵਿਧਾਇਕ ਦੇ ਪੀ ਏ ਦੀ ਈ ਮੇਲ ਤੇ ਫੋਨ ਨੰਬਰ ਵੀ ਦਿੱਤੇ ਜਾਣ। ਵਿਧਾਇਕਾਂ ਦੇ ਰੁਝੇਵੇਂ ਜਿਆਦਾ ਹੋਣ ਕਰਕੇ ਉਹ ਫੋਨ ਨਹੀਂ ਚੁੱਕਦੇ ਜਾਂ ਉਨ੍ਹਾਂ ਦਾ ਫੋਨ ਰੁਝਿਆ ਹੋਇਆ ਮਿਲਦਾ ਹੈ।

ਦੂਜਾ, ਕੋਈ ਵਿਧੀ ਵਿਧਾਨ ਬਣਾਇਆ ਜਾਵੇ ਜਿਸ ਵਿੱਚ ਹਰੇਕ ਪੱਤਰ ਦਾ ਜੁਆਬ ਦੇਣਾ ਜ਼ਰੂਰੀ ਕੀਤਾ ਜਾਵੇ ਤੇ ਇਸ ਲਈ ਸਮਾਂ ਨਿਰਧਾਰਿਤ ਕੀਤਾ ਜਾਵੇ । ਜੇ ਉਸ ਸਮੇਂ ਤੀਕ ਸਬੰਧਿਤ ਅਧਿਕਾਰੀ ਜੁਆਬ ਨਹੀਂ ਦੇਂਦਾ ਤਾਂ ਉਸ ਨੂੰ ਜੁਰਮਾਨਾ ਕੀਤਾ ਜਾਵੇ।

# ਸਿੱਖ ਕੌਂਸਲ ਆਫ ਸਕਾਟਲੈਂਡ ਨੂੰ ਐਡਿਨਬਰਾ ਗੁਰਦੁਆਰਾ ਸਾਹਿਬ ਵੱਲੋਂ ਸਕੂਲ ਨਿਰਮਾਣ ਲਈ ਆਰਥਿਕ ਸਹਾਇਤਾ

**ਗਲਾਸਗੋ (ਮਨਦੀਪ ਖੁਰਮੀ ਹਿੰਮਤਪੁਰਾ)** ਸਿਕਲੀਗਰ ਵਣਜਾਰੇ ਸਿੱਖਾਂ ਦਾ ਜੀਵਨ ਪੱਧਰ ਉੱਚਾ ਚੁੱਕਣ ਦੇ ਮਨਸ਼ੇ ਨਾਲ ਸੇਵਾ ਕਾਰਜ ਕਰ ਰਹੀ ਸੰਸਥਾ ਸਿੱਖ ਕੌਂਸਲ ਆਫ ਸਕਾਟਲੈਂਡ ਵੱਲੋਂ ਐਡਿਨਬਰਾ ਗੁਰਦੁਆਰਾ ਸਾਹਿਬ ਨਤਮਸਤਕ ਹੋਇਆ ਗਿਆ। ਐਡਿਨਬਰਾ ਗੁਰਦੁਆਰਾ ਸਾਹਿਬ ਦੇ ਮੁੱਖ ਸੇਵਾਦਾਰ ਸੁਖਦੇਵ ਸਿੰਘ, ਬੀਜੇ ਸਿੰਘ, ਸਮੂਹ ਪ੍ਰਬੰਧਕ ਕਮੇਟੀ ਤੇ ਸੰਗਤ ਵੱਲੋਂ ਭਰਵਾਂ ਸਵਾਗਤ ਕੀਤਾ ਗਿਆ। ਇਸ ਸਮੇਂ ਸਿੱਖ ਕੌਂਸਲ ਆਫ ਸਕਾਟਲੈਂਡ ਦੇ ਆਗੂ ਸਾਹਿਬਾਨ ਵੱਲੋਂ ਸੰਸਥਾ ਦੇ ਕੀਤੇ ਕਾਰਜਾਂ ਦੀ ਜਾਣ ਪਹਿਚਾਣ ਕਰਵਾਈ ਗਈ ਤੇ ਮੱਧ ਪ੍ਰਦੇਸ਼ ਵਿੱਚ ਸਿਕਲੀਗਰ ਸਿੱਖਾਂ ਦੇ ਬੱਚਿਆਂ ਲਈ ਬਣਨ ਜਾ ਰਹੇ ਵੱਡ





ਆਕਾਰੀ ਸਕੂਲ ਬਾਰੇ ਵੀ ਜਾਣਕਾਰੀ ਦਿੱਤੀ ਗਈ। ਇਸ ਸਮੇਂ ਪ੍ਰਬੰਧਕ ਕਮੇਟੀ ਤੇ ਸੰਗਤਾਂ ਵੱਲੋਂ ਇਸ ਮਹਾਨ ਕਾਰਜ ਲਈ ਦਿਲ ਖੋਲ੍ਹ ਕੇ ਸਹਿਯੋਗ ਦਿੱਤਾ ਗਿਆ ਤੇ ਸੰਸਥਾ ਅਹੁਦੇਦਾਰਾਂ ਨੂੰ ਕਮੇਟੀ ਤਰਫੋਂ 1001 ਪੌਂਡ ਦਾ ਚੈੱਕ ਵੀ ਭੇਂਟ ਕੀਤਾ ਗਿਆ। ਜਿਸ ਦਾ ਧੰਨਵਾਦ ਕਰਦਿਆਂ ਸੰਸਥਾ ਦੇ ਮੋਢੀ ਸੇਵਾਦਾਰ ਗੁਰ-ਦੀਪ ਸਿੰਘ ਸਮਰਾ, ਸੁਲੱਖਣ ਸਿੰਘ ਸਮਰਾ, ਸਰਦਾਰਾ ਸਿੰਘ ਜੰਡੂ, ਗੁਰਪ੍ਰੀਤ ਸਿੰਘ ਸਮਰਾ ਨੇ ਕਿਹਾ ਕਿ ਜਿਸ ਤਰ੍ਹਾਂ ਐ-ਡਿਨਬਰਾ ਗੁਰੂਘਰ ਦੀਆਂ ਸੰਗਤਾਂ ਤੇ ਕਮੇਟੀ ਨੇ ਕੌਂਸਲ ਦੇ ਨਾਲ ਖੜ੍ਹਨ ਦਾ ਵਾਅਦਾ ਕੀਤਾ ਹੈ, ਸਕੂਲ ਦਾ ਪ੍ਰਾਜੈਕਟ ਨੇਪਰੇ ਚਾੜ੍ਹਨਾ ਬੇਹੱਦ ਸੌਖਾ ਲੱਗਣ ਲੱਗਿਆ ਹੈ।

ਇਸ ਦੌਰਾਨ ਸਿੱਖ ਕੌਂਸਲ ਆਫ ਸਕਾਟਲੈਂਡ ਸੰਸਥਾ ਦੇ ਨਵੇਂ ਬਣੇ ਮੈਂਬਰ ਡਾ। ਸਤਬੀਰ ਕੌਰ ਗਿੱਲ ਵੱਲੋਂ ਬਹੁਤ ਹੀ ਪ੍ਰਭਾਵਸ਼ਾਲੀ ਢੰਗ ਨਾਲ ਸੰਸਥਾ ਦੀ ਪ੍ਰਦਰਸ਼ਨੀ ਦੌਰਾਨ ਸੇਵਾ ਨਿਭਾਈ ਗਈ। ਜਿਸਦੀ ਸੰਗਤਾਂ ਵੱਲੋਂ ਭਰਪੂਰ ਸਰਾਹਨਾ ਕੀਤੀ ਗਈ।

# ਭਾਜਪਾ ਪਰਿਵਾਰਿਕ ਰਾਜਨੀਤੀ ਨਹੀਂ ਕਰਦੀ, ਰਾਸ਼ਟਰ ਨਿਰਮਾਣ ਲਈ ਅਸਲੀ ਲੋਕਤਾਂਤਰਿਕ ਕਦਰਾਂ-ਕੀਮਤਾਂ 'ਚ ਵਿਸ਼ਵਾਸ ਰੱਖਦੀ ਹੈ: ਵੰਸ਼ੀ ਸ਼੍ਰੀਨਿਵਾਸਨ

## ਭਾਜਪਾ ਮਹਿਲਾ ਮੋਰਚਾ ਦਾ ਦੋ ਰੋਜ਼ਾ ਸਿਖਲਾਈ ਕੈਂਪ ਚੰਡੀਗੜ੍ਹ ਵਿੱਚ ਹੋਇਆ ਸੰਪੰਨ





**ਚੰਡੀਗੜ੍ਹ–** ਭਾਜਪਾ ਮਹਿਲਾ ਮੋਰਚਾ ਪੰਜਾਬ ਦੀ ਪ੍ਰਧਾਨ ਮੋਨਾ ਜੈਸਵਾਲ ਦੀ ਪ੍ਰਧਾਨਗੀ ਹੇਠ ਦੋ ਰੋਜ਼ਾ ਸਿਖਲਾਈ ਕੈਂਪ ਲਗਾਇਆ ਗਿਆ, ਜੋ ਅੱਜ ਸਮਾਪਤ ਹੋ ਗਿਆ। ਸਿਖਲਾਈ ਕੈਂਪ ਦੇ ਦੂਜੇ ਦਿਨ ਭਾਜਪਾ ਮਹਿਲਾ ਮੋਰਚਾ ਦੀ ਕੌਮੀ ਪ੍ਰਧਾਨ ਸ੍ਰੀਮਤੀ ਵਨਾਤੀ ਸ੍ਰੀਨਿਵਾਸਨ ਵਿਸ਼ੇਸ਼ ਤੌਰ ’ਤੇ ਹਾਜ਼ਰ ਹੋਏ। ਕੈਂਪ ‘ਚ ਪੁੱਜਣ ਪਹੁੰਚਣ 'ਤੇ ਸੂਬਾ ਪ੍ਰਧਾਨ ਮੋਨਾ ਜੈਸਵਾਲ ਨੇ ਆਪਣੀ ਟੀਮ ਸਮੇਤ ਰਾਸ਼ਟਰੀ ਪ੍ਰਧਾਨ ਵਨਾਤੀ ਸ਼੍ਰੀਨਿਵਾਸਨ ਦਾ ਫੁੱਲਾਂ ਦੇ ਗੁਲਦਸਤੇ ਨਾਲ ਸਵਾਗਤ ਕੀਤਾ। ਦੂਜੇ ਦਿਨ ਦੇ ਕੈਂਪ ਦਾ ਉਦਘਾਟਨ ਦੀਪ ਪ੍ਰਜਵਲਿਤ ਕਰਕੇ ਕੀਤਾ ਗਿਆ। ਇਸ ਮੌਕੇ ਭਾਜਪਾ ਦੇ ਸੂਬਾ ਪ੍ਰਧਾਨ ਅਸ਼ਵਨੀ ਸ਼ਰਮਾ, ਮਹਿਲਾ ਮੋਰਚਾ ਦੀ ਕੌਮੀ ਕਾਰਜਕਾਰਨੀ ਮੈਂਬਰ ਤੇ ਪੰਜਾਬ ਇੰਚਾਰਜ ਸ੍ਰੀਮਤੀ ਉਪਦੇਸ਼ ਅੰਦੋਤਰਾ, ਕੌਮੀ ਕਾਰਜਕਾਰਨੀ ਮੈਂਬਰ ਤੇ ਨੀਤੀ ਤੇ ਅਨੁਸ਼ਾਸਨ ਇੰਚਾਰਜ ਦਿੱਲੀ ਮੋਰਚਾ ਗੀਤਾਂਜਲੀ ਸ਼ਰਮਾ, ਸੂਬਾ ਜਨਰਲ ਸਕੱਤਰ ਜੀਵਨ ਗੁਪਤਾ, ਡਾ। ਸੁਭਾਸ਼ ਸ਼ਰਮਾ, ਰਾਜੇਸ਼ ਬਾਗਾ ਵੀ ਹਾਜ਼ਰ ਸਨ।



ਵਨਾਤੀ ਸ਼੍ਰੀਨਿਵਾਸਨ ਨੇ ਭਾਜਪਾ ਮਹਿਲਾ ਮੋਰਚਾ ਦੇ ਵਰਕਰਾਂ ਨੂੰ ਸੰਬੋਧਨ ਕਰਦੇ ਹੋਏ ਕਿਹਾ ਕਿ ਭਾਜਪਾ ਇਕਲੌਤੀ ਸਿਆਸੀ ਪਾਰਟੀ ਹੈ ਜਿਸ ਨੇ ਵਾਰ-ਵਾਰ ਸਪੱਸ਼ਟ ਤੌਰ 'ਤੇ ਦਿਖਾਇਆ ਹੈ ਕਿ ਉਹ ਔਰਤਾਂ ਦੇ ਸਸ਼ਕਤੀਕਰਨ ਅਤੇ ਉਨ੍ਹਾਂ ਨੂੰ ਰਾਜਨੀਤੀ ਵਿਚ ਪੂਰੀ ਜਗ੍ਹਾ ਦੇਣ ਵਿਚ ਵਿਸ਼ਵਾਸ ਰੱਖਦੀ ਹੈ। ਇਸ ਦੀ ਪ੍ਰਤੱਖ ਉਦਾਹਰਣ ਭਾਰਤ ਦੇ ਰਾਸ਼ਟਰਪਤੀ ਦੇ ਔਹਦੇ ਲਈ ਇੱਕ ਮਹਿਲਾ ਉਮੀਦਵਾਰ ਨੂੰ ਚੋਣ ਮੈਦਾਨ ਵਿੱਚ ਉਤਾਰਨਾ ਹੈ। ਉਨ੍ਹਾਂ ਔਰਤਾਂ ਨੂੰ ਪਾਰਟੀ ਲਈ ਸਰਗਰਮ ਰਹਿਣ ਅਤੇ ਪਾਰਟੀ ਲਈ ਕੰਮ ਕਰਨ ਅਤੇ ਇਸ ਦੀ ਵਿਚਾਰਧਾਰਾ ਨੂੰ ਸੂਬੇ ਦੇ ਕੋਨੇ-ਕੋਨੇ ਤੱਕ ਪਹੁੰਚਾਉਣ ਲਈ ਵੱਧ ਤੋਂ ਵੱਧ ਉਪਰਾਲੇ ਕਰਨ ਦਾ ਸੱਦਾ ਦਿੱਤਾ ਅਤੇ ਕਿਹਾ ਕਿ 2024 ਵਿਚ ਹੋਣ ਵਾਲੀਆਂ ਲੋਕ ਸਭਾ ਚੋਣਾਂ ਵਿਚ ਭਾਜਪਾ ਦੀ ਜਿੱਤ ਹੋਵੇਗੀ ਅਤੇ ਪੰਜਾਬ ਵਿੱਚ ਵੀ ਭਾਜਪਾ ਬਹੁਤ ਵਧੀਆ ਪ੍ਰਦਰਸ਼ਨ ਕਰੇਗੀ।

ਅਸ਼ਵਨੀ ਸ਼ਰਮਾ ਨੇ ਵਰਕਰਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਔਰਤਾਂ ਮਜ਼ਬੂਤ ਸਮਾਜ ਦਾ ਅਹਿਮ ਹਿੱਸਾ ਅਤੇ ਆਧਾਰ ਥੰਮ੍ਹ ਹਨ। ਉਨ੍ਹਾਂ ਕਿਹਾ ਕਿ ਭਾਜਪਾ ਮਹਿਲਾ ਮੋਰਚਾ ਦੀਆਂ ਵਰਕਰਾਂ ਨੇ ਸੂਬੇ ਵਿੱਚ ਔਰਤਾਂ ਨੂੰ ਜਾਗਰੂਕ ਕਰਨ ਵਿੱਚ ਬਹੁਤ ਵਧੀਆ ਭੂਮਿਕਾ ਨਿਭਾਈ ਹੈ। ਉਨ੍ਹਾਂ ਕਿਹਾ ਕਿ ਭਾਰਤੀ ਜਨਤਾ ਪਾਰਟੀ ਦਾ ਮੁੱਖ ਉਦੇਸ਼ ਗਰੀਬਾਂ, ਲੋੜਵੰਦਾਂ, ਪਛੜੇ ਵਰਗਾਂ, ਆਦਿਵਾਸੀਆਂ ਅਤੇ ਔਰਤਾਂ ਦਾ ਵਿਕਾਸ ਹੈ। ਅਸ਼ਵਨੀ ਸ਼ਰਮਾ ਨੇ ਔਰਤਾਂ ਨੂੰ ਸਰਗਰਮ ਰਾਜਨੀਤੀ ਵਿੱਚ ਆਉਣ ਅਤੇ ਸਿਆਸੀ ਗਤੀਵਿਧੀਆਂ ਵਿੱਚ ਸਰਗਰਮੀ ਨਾਲ ਹਿੱਸਾ ਲੈਣ ਦੀ ਸਲਾਹ ਅਤੇ ਸੱਦਾ ਦਿੱਤਾ।

ਭਾਜਪਾ ਮਹਿਲਾ ਮੋਰਚਾ ਦੀ ਜਨਰਲ ਸਕੱਤਰ ਅਤੇ ਰਾਜ ਸਭਾ ਮੈਂਬਰ ਇੰਦੂ ਗੋਸਵਾਮੀ ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਭਾਰਤੀ ਜਨਤਾ ਪਾਰਟੀ ਨਾ ਸਿਰਫ਼ ਸਮਾਜ ਵਿੱਚ ਔਰਤਾਂ ਦੀ ਭੂਮਿਕਾ ਦੀ ਗੱਲ ਕਰਦੀ ਹੈ, ਸਗੋਂ ਮਹਿਲਾ ਸਸ਼ਕਤੀਕਰਨ ਭਾਜਪਾ ਦੀ ਤਰਜੀਹ ਅਤੇ ਵਚਨਬੱਧਤਾ ਹੈ।

ਭਾਜਪਾ ਦੇ ਕੌਮੀ ਸਕੱਤਰ ਅਤੇ ਸਹਿ-ਪ੍ਰਭਾਰੀ ਡਾ: ਨਰਿੰਦਰ ਸਿੰਘ ਰੈਨਾ ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਭਾਜਪਾ ਨਾ ਸਿਰਫ਼ ਔਰਤਾਂ ਦੇ ਦਰਜੇ ਨੂੰ ਉੱਚਾ ਚੁੱਕਣ ਲਈ ਵਚਨਬੱਧ ਹੈ, ਬਲਕਿ ਸਾਡੀ ਵਿਚਾਰਧਾਰਾ ਹੈ ਕਿ ਹਰ ਤਰ੍ਹਾਂ ਦੇ ਯਤਨਾਂ ਵਿੱਚ ਔਰਤਾਂ ਨੂੰ ਬਰਾਬਰੀ ਦੇ ਮੌਕੇ ਦੇਣ ਵਿੱਚ ਵਿਸ਼ਵਾਸ ਰੱਖਦੀ ਹੈ। ਉਨ੍ਹਾਂ ਹਾਜਰ ਵਰਕਰਾਂ ਨੂੰ ਰਾਸ਼ਟਰਵਾਦ ਨੂੰ ਪਹਿਲ ਦੇਣ ਵਿੱਚ ਭਾਜਪਾ ਦੀ ਭੂਮਿਕਾ ਬਾਰੇ ਸੇਧ ਦਿੱਤੀ। ਮੋਨਾ ਜੈਸਵਾਲ ਨੇ ਕੈਂਪ ਵਿੱਚ ਸ਼ਾਮਲ ਹੋਣ ਲਈ ਹਾਜ਼ਰ ਸਾਰਿਆਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਭਾਜਪਾ ਮਹਿਲਾ ਮੋਰਚਾ ਆਉਣ ਵਾਲੀਆਂ ਚੋਣਾਂ ਵਿੱਚ ਅਹਿਮ ਭੂਮਿਕਾ ਨਿਭਾਏਗਾ।

# ਸ੍ਰੀ ਗੁਰੂ ਰਵਿਦਾਸ ਸਭਾ ਵੁਲਵਰਹੈਂਪਟਨ ਵਿਖੇ ਆਦਿ ਧਰਮ ਦਿਵਸ ਮਨਾਇਆ ਗਿਆ











**ਵੁਲਵਰਹੈਂਪਟਨ (ਯੂ. ਕੇ.)–** ਬੀਤੀ 12 ਜੂਨ 2022 ਦਿਨ ਐਤਵਾਰ ਨੂੰ ਸ੍ਰੀ ਗੁਰੂ ਰਵਿਦਾਸ ਟੈਂਪਲ ਵੁਲਵਰਹੈਂਪਟਨ, ਯੂ. ਕੇ. ਵਿਖੇ ਸ੍ਰੀ ਗੁਰੂ ਰਵਿਦਾਸ ਧਾਰਮਿਕ ਸਭਾ ਵੁਲਵਰਹੈਂਪਟਨ ਵਿਖੇ ਭਾਰੀ ਇਕੱਤਰਤਾ ਹੋਈ। ਸੰਗਤਾਂ ਵੱਲੋਂ ਆਦਿ ਧਰਮ ਦਿਵਸ ਬੜੇ ਧੂੰਮ ਧਾਮ ਨਾਲ ਮਨਾਇਆ ਗਿਆ। ਪ੍ਰੋਗਰਾਮ ਦੀ ਸ਼ੁਰੂਆਤ ਸਭਾ ਦੇ ਪ੍ਰਧਾਨ ਐਸ. ਪੀ. ਰੰਧਾਵਾ ਨੇ ਕੀਤੀ। ਉਹਨਾਂ ਨੇ ਆਦਿ ਧਰਮ ਦਿਵਸ ਸਥਾਪਨਾ ਦਿਵਸ 1926 ਦੇ ਇਤਿਹਾਸ ਤੇ ਵਿਸਥਾਰ ਨਾਲ ਚਾਨਣਾ ਪਾਇਆ। ਰੰਧਾਵਾ ਜੀ ਨੇ ਆਪਣੇ ਭਾਸ਼ਣ ਵਿਚ ਕਿਹਾ ਕਿ ਜੇਕਰ ਆਦਿ ਧਰਮ ਮੰਡਲ ਨਾ ਬਣਦਾ ਅਤੇ ਆਦਿ ਧਰਮ ਹੋਂਦ ਵਿਚ ਨਾ ਆਉਂਦਾ ਤਾਂ ਸਾਡੇ ਹੱਕ ਸਾਡੇ ਪਾਸ ਨਹੀਂ ਹੋਣੇ ਸਨ।

ਉਹਨਾਂ ਨੇ ਆਦਿ ਧਰਮ ਮੰਡਲ ਦੀ ਰਿਪੋਰਟ ਵੀ ਪੜ੍ਹ ਕੇ ਸੁਣਾਈ। ਉਹਨਾਂ ਕਿਹਾ ਕਿ 11, 12 ਜੂਨ 1926 ਨੂੰ 36 ਕੌਮਾਂ ਵੱਲੋਂ ਮੁਗੋਵਾਲ ਵਿਚ ਜੋ ਇਕ ਵਿਸ਼ਾਲ ਕਾਨਫਰੰਸ ਜੋ ਬਾਬੂ ਮੰਗੂ ਰਾਮ ਮੁਗੋਵਾਲੀ ਦੀ ਰਹਿਨੁਮਾਈ ਹੇਠ ਹੋਈ ਸੀ, ਜਿਸ ਵਿਚ ਸਮੂਹ ਇਕੱਠ ਵੱਲੋਂ ਸਰਬ ਸੰਮਤੀ ਨਾਲ ਪਾਸ ਹੋਇਆ ਕਿ ਅੱਜ ਤੋਂ ਸਾਡਾ ਧਰਮ ਆਦਿ ਧਰਮ ਹੈ। ਸਤਿਗੁਰੂ ਰਵਿਦਾਸ ਜੀ, ਭਗਵਾਨ ਵਾਲਮੀਕ ਜੀ, ਸਤਿਗੁਰੂ ਨਾਮਦੇਵ ਜੀ ਅਤੇ ਸਤਿਗੁਰੂ ਕਬੀਰ ਜੀ ਸਾਡੇ ਰਹਿਬਰ ਹਨ।

ਅਸੀਂ ਇਕ-ਦੂਜੇ ਨੂੰ 'ਜੈ ਗੁਰਦੇਵ' ਨਾਲ ਪੁਕਾਰਾਂਗੇ ਅਤੇ ਸਾਡਾ ਨਿਸ਼ਾਨ 'ਸੋਹੰ' ਹੋਵੇਗਾ। ਇਸ ਤੋਂ ਉਪਰੰਤ 26 ਫਰਵਰੀ 1930 ਨੂੰ ਬ੍ਰਿਟਿਸ਼ ਸਰਕਾਰ ਵੱਲੋਂ ਆਦਿ ਧਰਮ ਨੂੰ ਇਕ ਵੱਖਰਾ ਧਰਮ ਵਜੋਂ ਮਾਨਤਾ ਦੇ ਦਿੱਤੀ ਗਈ ਸੀ ਅਤੇ 1931 ਦੀ ਮਰਦਮ ਸ਼ੁਮਾਰੀ ਵਿਚ ਆਦਿ ਧਰਮ ਲਿਖਵਾਇਆ ਗਿਆ। ਜਿਸ ਦੀ ਬਦੌਲਤ ਸਾਨੂੰ ਪੜ੍ਹਨ ਦਾ ਅਧਿਕਾਰ ਮਿਲਿਆ। ਇਸ ਤੋਂ ਇਲਾਵਾ ਫੌਜ ਵਿਚ ਭਰਤੀ ਹੋਣ ਅਤੇ ਆਪਣਾ ਘਰ ਬਣਾਉਣ ਦਾ ਵੀ ਹੱਕ ਮਿਲਿਆ। ਰੰਧਾਵਾ ਜੀ ਨੇ ਕਿਹਾ ਕਿ ਜਦੋਂ ਦਾ ਆਦਿ ਧਰਮ ਬਣਿਆ, ਉਦੋਂ ਦਾ ਸਾਨੂੰ ਸਤਿਕਾਰਿਆ ਗਿਆ।

ਉਹਨਾਂ ਨਾਲ ਆਦਿ ਧਰਮ ਦੇ ਬਾਨੀ ਬਾਬੂ ਮੰਗੂ ਰਾਮ ਜੀ ਮੁਗੋਵਾਲੀਆ ਦੇ ਜੀਵਨ ਬਾਰੇ ਵੀ ਦੱਸਿਆ। ਆਖਿਰ ਵਿਚ ਉਹਨਾਂ ਸਭਾ ਵੱਲੋਂ ਆਦਿ ਧਰਮ ਦਿਵਸ ਦੀਆਂ ਸਮੂਹ ਜਗਤ ਨੂੰ ਲੱਖ-ਲੱਖ ਵਧਾਈਆਂ ਦਿੱਤੀਆਂ। ਪ੍ਰਧਾਨ ਤੋਂ ਬਾਅਦ ਗੁਰੂ ਘਰ ਦੇ ਚੇਅਰਮੈਨ ਸ੍ਰੀ ਨਿਰਮਲ ਦਾਸ ਅਤੇ ਸਾਗਰ-ਪੁਰੀਆ ਜੀ ਨੂੰ ਆਦਿ ਧਰਮ ਦਿਵਸ ਦੀਆਂ ਸਾਰਿਆਂ ਨੂੰ ਵਧਾਈਆਂ ਦਿੱਤੀਆਂ। ਉਹਨਾਂ ਨੇ ਆਦਿ ਧਰਮ ਮੰਡਲ ਵਿਚ ਬਹੁਤ ਸਾਰੇ ਬਜ਼ੁਰਗਾਂ ਦੇ ਨਾਮ ਵੀ ਦੱਸੇ। ਉਹਨਾਂ ਦੱਸਿਆ ਕਿ ਆਦਿ ਧਰਮ ਮੰਡਲ ਦਾ ਦਫਤਰ ਜਲੰਧਰ ਵਿਚ ਕਾਇਮ ਕੀਤਾ ਗਿਆ ਸੀ ਅਤੇ ਉਹਨਾਂ ਆਪਣਾ ਅਖਬਾਰ ਵੀ ਚਲਾਇਆ ਸੀ, ਜਿਸ ਦਾ ਨਾਂ 'ਆਦਿ ਡੰਕਾ' ਸੀ। ਉਹਨਾਂ ਦੇ ਐਡੀਟਰ ਸ੍ਰੀ ਰਾਮ ਚੰਦ ਖੇੜਾ ਸੀ। ਉਹਨਾਂ ਆਦਿ ਧਰਮ ਦਿਵਸ ਤੇ ਕਈ ਕਵਿਤਾਵਾਂ ਵੀ ਸੁਣਾਈਆਂ। ਇਹਨਾਂ ਤੋਂ ਉਪਰੰਤ ਸਭਾ ਦੇ ਜਨਰਲ ਸਕੱਤਰ ਸ੍ਰੀ ਬਲਦੇਵ ਮਹੇ ਜੀ ਨੇ ਸਾਰਿਆਂ ਨੂੰ ਵਧਾਈਆਂ ਦਿੱਤੀਆਂ ਅਤੇ ਉਹਨਾਂ ਨੇ ਕਿਹਾ ਕਿ ਉਹਨਾਂ ਦੇ ਬਾਬਾ ਬਾਵਾ ਰਾਮ ਜੀ ਮਹੇ ਪਿੰਡ ਘੁੜਕਾਂ ਜਿਹਨਾਂ ਨੇ ਆਦਿ ਧਰਮ ਮੰਡਲ ਵਿਚ ਬਾਬੂ ਮੰਗੂ ਰਾਮ ਮੁਗੋਵਾਲੀਆ ਜੀ ਨਾਲ ਬਹੁਤ ਕੰਮ ਕੀਤਾ। ਉਹਨਾਂ ਕਿਹਾ ਕਿ ਸਾਡਾ ਫਰਜ਼ ਬਣਦਾ ਹੈ ਕਿ ਅਸੀਂ ਆਉਣ ਵਾਲੀਆਂ ਪੀੜ੍ਹੀਆਂ ਨੂੰ ਆਦਿ ਧਰਮ ਬਾਰੇ ਜਾਣੂ ਕਰਵਾਈਏ। ਉਹਨਾਂ ਤੋਂ ਉਪਰੰਤ ਸ੍ਰੀ ਹਰਬੰਸ ਸਿੰਘ ਹੀਰਾ ਜੀ ਨੇ ਆਦਿ ਧਰਮ ਦਿਵਸ ਦੀਆਂ ਆਈਆਂ ਸੰਗਤਾਂ ਨੂੰ ਵੱਧ ਚੜ੍ਹ ਕੇ ਵਾਈਆਂ ਦਿੱਤੀਆਂ। ਉਹਨਾਂ ਇਹ ਵੀ ਦੱਸਿਆ ਕਿ ਜਦੋਂ ਉਹ ਇੰਗਲੈਂਡ ਆਏ ਸੀ 1973 ਵਿਚ ਉਹਨਾਂ ਤੇ ਉਹਨਾਂ ਦੇ ਬਾਕੀ ਸਾਥੀਆਂ ਨਿਰਮਲ ਮਹੇ, ਮੋਹਿੰਦਰ ਪਾਲ ਰੰਧਾਵਾ, ਨਿਰਮਲ ਸੁੰਮਨ ਤੇ ਹੋਰ ਬਹੁਤ ਸਾਰੇ ਸਾਥੀ, ਜਿਹਨਾਂ ਵੁਲਵਰਹੈਂਪਟਨ ਵਿਚ ਆਦਿ ਧਰਮ ਬ੍ਰਦਰਹੁੱਡ ਬਣਾਈ ਸੀ ਤੇ ਹਰ ਸਾਲ ਆਦਿ ਧਰਮ ਦਿਵਸ ਮਨਾਉਂਦੇ ਆ ਰਹੇ ਹਨ, ਇੱਥੋਂ ਤੱਕਿ ਕਿ ਆਦਿ-ਧਰਮ ਬ੍ਰਦਰਹੁੱਡ 1977 ਨੂੰ ਬਾਬੂ ਮੰਗੂ ਰਾਮ ਬਾਨੀ ਆਦਿ ਧਰਮ ਨੂੰ ਇੰਗਲੈਂਡ ਵਿਚ ਲੈ ਕੇ ਆਏ ਤੇ ਉਹ 6 ਮਹੀਨੇ ਹੀ ਹਰਬੰਸ ਸਿੰਘ ਹੀਰਾ ਦੇ ਘਰ ਵਿਚ ਰਹੇ। ਉਹਨਾਂ ਆਪਣੀਆਂ 1973 ਤੋਂ ਲੈ ਕੇ ਅੱਜ ਤੱਕ ਯਾਦਾਂ ਵੀ ਸਾਂਝੀਆਂ ਕੀਤੀਆਂ।

ਉਹਨਾਂ ਤੋਂ ਬਾਅਦ ਸ੍ਰੀ ਪਿਆਰਾ ਲਾਲ ਬੰਗੜ ਜੀ ਨੇ ਆਦਿ ਧਰਮ ਦਿਵਸ ਤੇ ਆਪਣੀਆਂ ਕਵਿਤਾਵਾਂ ਪੜ੍ਹ ਕੇ ਸੁਣਾਈਆਂ। ਆਖਿਰ ਵਿਚ ਸਭਾ ਦੇ ਪ੍ਰਧਾਨ ਐਚ. ਪੀ. ਰੰਧਾਵਾ ਨੇ ਸਾਰੀ ਸੰਗਤ ਦਾ ਧੰਨਵਾਦ ਕੀਤਾ।







# ਪੰਜਾਬੀ 8 ਕਰੋੜ ਦੀ ਰੋਜ਼ਾਨਾ ਡਕਾਰਦੇ ਨੇ ਸ਼ਰਾਬ, 41 ਫ਼ੀਸਦੀ ਨਸ਼ੇੜੀ ਚਿੱਟੇ 'ਤੇ ਲੱਗੇ

ਚੰਡੀਗੜ- ਸਮੇਂ ਸਮੇਂ ਦੀਆਂ ਸਰਕਾਰਾਂ ਜੋ ਮਰਜ਼ੀ ਆਖੀ ਜਾਣ ਪਰ ਇਹ ਕੌੜਾ ਸੱਚ ਹੈ ਕਿ ਪੰਜਾਬ ਵਿੱਚ ਨਸ਼ੇ ਨਾਲ ਜਵਾਨੀ ਦਾ ਉਜਾੜਾ ਸਰਕਾਰਾਂ ਨਹੀਂ ਰੋਕ ਸਕੀਆਂ। ਪੰਜਾਬ ਵਿਚ ਹਰ ਰੋਜ਼ 2-3 ਨੌਜਵਾਨਾਂ ਦੀਆਂ ਨਸ਼ਿਆਂ ਦੀ ਓਵਰਡੋਜ਼ ਕਾਰਨ ਹੋਈਆਂ ਮੌਤਾਂ ਅਖ਼ਬਾਰਾਂ ਦੀਆਂ ਸੁਰਖੀਆਂ ਬਣਦੀਆਂ ਹਨ। ਇਹ ਤਾਂ ਸਿਰਫ਼ ਉਨ੍ਹਾਂ ਮੌਤਾਂ ਦਾ ਜ਼ਿਕਰ ਹੁੰਦਾ ਹੈ ਜੋ ਮੀਡੀਆ ਰਾਹੀਂ ਜਾਂ ਸੋਸ਼ਲ ਮੀਡੀਆ ਰਾਹੀਂ ਜੱਗ ਜ਼ਾਹਰ ਹੁੰਦੀਆਂ ਹਨ। ਬਹੁਤ ਸਾਰੀਆਂ ਨਸ਼ਿਆਂ ਕਾਰਨ ਹੋਈਆਂ ਮੌਤਾਂ ਸਬੰਧੀ ਮਾਪੇ ਨਾਮੋਸ਼ੀ ਅਤੇ ਸਮਾਜਿਕ ਬਦਨਾਮੀ ਤੋਂ ਬਚਣ ਲਈ 'ਹਾਰਟ ਅਟੈਕ ਨਾਲ ਹੋਈ ਮੌਤ' ਦੱਸ ਦਿੰਦੇ ਹਨ। ਹਸਪਤਾਲਾਂ ਵਿਚ ਨਸ਼ਿਆਂ ਕਾਰਨ ਹੋਈਆਂ ਮੌਤਾਂ, ਝਾੜੀਆਂ, ਖੋਲਿਆਂ, ਜਨਤਕ ਬਾਥਰੂਮਾਂ ਜਾਂ ਫਿਰ ਸੜਕਾਂ ਕੰਢੇ ਮਿਲਦੀਆਂ ਬਹੁਤ ਸਾਰੀਆਂ ਲਾਸ਼ਾਂ ਦੇ ਅੰਕੜੇ ਇਸ ਤੋਂ ਵੱਖਰੇ ਹਨ। ਦੂਜੇ ਪਾਸੇ ਪੰਜਾਬ ਦੇ ਬਹੁਤ ਸਾਰੇ ਪਿੰਡਾਂ ਵਿਚ ਲੋਕਾਂ ਨੇ ਭਰਵਾਂ ਇਕੱਠ ਕਰ ਕੇ ਨਸ਼ਾ ਵੇਚਣ ਵਾਲਿਆਂ ਦਾ ਸੋਸ਼ਲ ਬਾਈਕਾਟ ਕਰਨ ਦੇ ਨਾਲ-ਨਾਲ ਉਨ੍ਹਾਂ ਨੂੰ ਸੋਧਣ ਦੀ ਚਿਤਾਵਨੀ ਵੀ ਦਿੱਤੀ ਹੈ। ਉਨ੍ਹਾਂ ਵੱਲੋਂ ਨਸ਼ਾ ਕਰਨ ਵਾਲੇ ਨੌਜਵਾਨਾਂ ਨੂੰ ਮੁੱਖਧਾਰਾ ਵਿਚ ਲਿਆਉਣ ਅਤੇ ਉਨ੍ਹਾਂ ਦਾ ਇਲਾਜ ਕਰਵਾਉਣ ਦਾ ਬੀੜਾ ਵੀ ਚੁੱਕਿਆ ਹੈ। ਇਸ ਸਭ ਕੁਝ ਦੇ ਬਾਵਜੂਦ ਸੋਸ਼ਲ ਮੀਡੀਆ 'ਤੇ ਸ਼ਰੇਆਮ ਚਿੱਟਾ ਵੇਚ ਰਹੀਆਂ ਔਰਤਾਂ ਅਤੇ ਮਰਦਾਂ ਦੀਆਂ ਮੂਵੀਆਂ ਸਾਹਮਣੇ ਆਉਣ ਨਾਲ ਨਸ਼ਿਆਂ ਵਿਚ ਗਰਕਦੀ ਜਵਾਨੀ ਤੇ ਤਸਕਰਾਂ ਦੇ ਬੁਲੰਦ ਹੌਸਲੇ ਸਮਾਜ ਦੀ ਚਿੰਤਾਜਨਕ ਅਤੇ ਕੋਝੀ ਤਸਵੀਰ ਪੇਸ਼ ਕਰਦੇ ਹਨ।

ਅਤੀਤ ਦੇ ਪੰਨਿਆਂ 'ਤੇ ਜੇਕਰ ਨਜ਼ਰ ਮਾਰਦੇ ਹਾਂ ਤਾਂ ਰਵਾਇਤੀ ਪਾਰਟੀਆਂ ਨੇ ਚੋਣਾਂ ਸਮੇਂ ਨਸ਼ੇ ਨੂੰ ਮੁੱਦਾ ਜ਼ਰੂਰ ਬਣਾਇਆ ਪਰ ਇਹ ਮੁੱਦਾ ਸੱਤਾ ਪ੍ਰਾਪਤੀ ਲਈ ਸਾਧਨ ਹੀ ਬਣਿਆ ਹੈ। ਪਿਛਲੀ ਸਰਕਾਰ ਸਮੇਂ ਸ਼ੰਭੂ ਬੈਰੀਅਰ ਲਾਗੇ ਖੰਨਾ ਦੇ ਨੇੜੇ, ਬਾਦਲ ਪਿੰਡ ਵਿਚ ਧੜੱਲੇ ਨਾਲ ਚੱਲ ਰਹੀਆਂ ਨਾਜਾਇਜ਼ ਸ਼ਰਾਬ ਦੀਆਂ ਫੈਕਟਰੀਆਂ ਵਿੱਚੋਂ ਲੱਖਾਂ ਲੀਟਰ ਸ਼ਰਾਬ ਫੜੀ ਗਈ ਅਤੇ ਇਹ ਕੇਸ ਅਣਪਛਾਤੇ ਵਿਅਕਤੀਆਂ 'ਤੇ ਪਾ ਦੇਣਾ ਲੋਕਤੰਤਰ ਦਾ ਘਾਣ ਹੀ ਸੀ।

ਅੰਮ੍ਰਿਤਸਰ ਅਤੇ ਤਰਨਤਾਰਨ ਦੇ ਇਲਾਕੇ ਵਿਚ ਜ਼ਹਿਰੀਲੀ ਸ਼ਰਾਬ ਕਾਰਨ 137 ਲੋਕਾਂ ਦੀ ਮੌਤ ਨਾਲ ਮਚੀ ਹਾਹਾਕਾਰ ਨੂੰ ਵੀ ਸਿਆਸੀ ਲਾਰਿਆਂ, ਵਾਅਦਿਆਂ ਅਤੇ ਮਾਇਆਜਾਲ ਰਾਹੀਂ ਠੱਲ੍ਹ ਪਾਈ ਗਈ। ਸਰਵੇਖਣ ਵਿਚ ਇਹ ਗੱਲ ਸਾਹਮਣੇ ਆਈ ਹੈ ਕਿ ਪਿਛਲੇ 2 ਦਹਾਕਿਆਂ ਵਿਚ ਨਸ਼ੇੜੀਆਂ ਦੀ ਗਿਣਤੀ ਵਿਚ 213 ਫ਼ੀਸਦੀ ਦਾ ਵਾਧਾ ਹੋਇਆ ਹੈ। ਨਸ਼ਾ ਕਰਨ ਵਾਲਿਆਂ ਵਿਚ 41 ਫ਼ੀਸਦੀ ਨਸ਼ੇੜੀ ਚਿੱਟੇ ਦਾ ਸੇਵਨ ਕਰਦੇ ਹਨ ਅਤੇ ਉਨ੍ਹਾਂ ਦਾ ਪ੍ਰਤੀ ਨਸ਼ੇੜੀ ਔਸਤ ਖ਼ਰਚਾ 1300 ਰੁਪਏ ਰੋਜ਼ਾਨਾ ਹੈ। ਰੋਜ਼ਾਨਾ 5,20 ਲੱਖ ਸ਼ਰਾਬ ਦੀਆਂ ਬੋਤਲਾਂ ਦੇ ਢੱਕਣ ਖੁੱਲ੍ਹਦੇ ਹਨ ਅਤੇ ਪੰਜਾਬੀ 8 ਕਰੋੜ ਦੀ ਸ਼ਰਾਬ ਰੋਜ਼ਾਨਾ ਡਕਾਰ ਜਾਂਦੇ ਹਨ। ਇਹੀ ਨਹੀਂ, 13,70 ਕਰੋੜ ਰੋਜ਼ਾਨਾ ਸਿੰਥੈਟਿਕ ਡਰੱਗ ਅਤੇ ਹੋਰ ਨਸ਼ਿਆਂ ਦੇ ਲੇਖੇ ਲੱਗਦੇ ਹਨ। ਸ਼ਰਾਬ ਪੀਣ ਵਾਲਿਆਂ 'ਚੋਂ 13 ਫ਼ੀਸਦੀ ਹੈਪੇਟਾਈਟਿਸ-ਸੀ ਅਤੇ 20 ਫ਼ੀਸਦੀ ਹੈਪੇਟਾਈਟਿਸ-ਬੀ ਦੀ ਲਪੇਟ ਵਿਚ ਆਏ ਹੋਏ ਹਨ।

ਸੱਤਰ ਹਜ਼ਾਰ ਸ਼ਰਾਬੀਆਂ ਦੇ ਲਿਵਰ ਖ਼ਰਾਬ ਹੋ ਗਏ ਹਨ। ਹਰ ਪਿੰਡ ਵਿਚ ਸ਼ਰਾਬੀਆਂ ਦੀਆਂ ਮੌਤਾਂ ਕਾਰਨ ਔਸਤ 16 ਵਿਧਵਾਵਾਂ ਨਰਕ ਭਰਿਆ ਜੀਵਨ ਬਤੀਤ ਕਰ ਰਹੀਆਂ ਹਨ। ਨਸ਼ਿਆਂ ਕਾਰਨ ਹੀ 60 ਫ਼ੀਸਦੀ ਦੁਰਘਟਨਾਵਾਂ, 90 ਫ਼ੀਸਦੀ ਤੇਜ਼ਧਾਰ ਹਥਿਆਰਾਂ ਨਾਲ ਹਮਲੇ, 69 ਫ਼ੀਸਦੀ ਬਲਾਤਕਾਰ, 74 ਫ਼ੀਸਦੀ ਡਕੈਤੀਆਂ, 80 ਫ਼ੀਸਦੀ ਦੁਸ਼ਮਣੀ ਕੱਢਣ ਵਾਲੇ ਹਮਲੇ, ਚੇਨ ਝਪਟਮਾਰੀ ਅਤੇ ਹੋਰ ਜੁਰਮਾਂ ਦੀਆਂ ਘਟਨਾਵਾਂ ਨਾਲ ਥਾਣਿਆਂ ਦੇ ਰੋਜ਼ਨਾਮਚੇ ਭਰੇ ਜਾ ਰਹੇ ਹਨ। ਪੰਜਾਬ ਦੇ ਅੰਦਾਜ਼ਨ 39,22 ਲੱਖ ਪਰਿਵਾਰਾਂ ਵਿੱਚੋਂ ਕੋਈ ਵਿਰਲਾ ਪਰਿਵਾਰ ਹੀ ਨਸ਼ਿਆਂ ਦੇ ਸੇਕ ਤੋਂ ਬਚਿਆ ਹੈ।

ਸਾਡੇ ਅੱਗੇ ਗੰਭੀਰ ਚਿੰਤਾਜਨਕ ਪ੍ਰਸ਼ਨ ਹੈ ਕਿ ਨਸ਼ਿਆਂ ਦੇ ਦੈਂਤ ਨੂੰ ਕਾਬੂ ਕਰ ਕੇ ਨਸ਼ਿਆਂ ਕਾਰਨ ਬਲਦੇ ਸਿਵਿਆਂ ਦੀ ਪ੍ਰਚੰਡ ਅੱਗ 'ਤੇ ਕਿੰਜ ਕਾਬੂ ਪਾਇਆ ਜਾ ਸਕਦਾ ਹੈ? ਇਸ ਵਿਚ ਕੋਈ ਅਤਿਕਥਨੀ ਨਹੀਂ ਕਿ ਬਿਨਾਂ ਸਿਆਸੀ ਦ੍ਰਿੜ੍ਹ ਇੱਛਾ ਸ਼ਕਤੀ ਦੇ ਇਸ ਗੰਭੀਰ ਸਮੱਸਿਆ 'ਤੇ ਕਾਬੂ ਪਾਉਣਾ ਸੰਭਵ ਹੀ ਨਹੀਂ ਹੈ।

ਮਾਪਿਆਂ ਨੂੰ ਗੰਭੀਰ ਹੋ ਕੇ ਇਹ ਸੋਚਣਾ ਚਾਹੀਦਾ ਹੈ ਕਿ ਉਨ੍ਹਾਂ ਦਾ ਸਰਮਾਇਆ ਉਨ੍ਹਾਂ ਦੀਆਂ ਫੁੱਲੀਆਂ ਜੇਬਾਂ ਨਹੀਂ ਹਨ ਸਗੋਂ ਅਸਲ ਸਰਮਾਇਆ ਉਨ੍ਹਾਂ ਦੀ ਔਲਾਦ ਹੈ। ਔਲਾਦ ਨੂੰ ਨੈਤਿਕ ਕਦਰਾਂ-ਕੀਮਤਾਂ ਦਾ ਗਿਆਨ ਦੇਣ ਦੇ ਨਾਲ-ਨਾਲ ਭਵਿੱਖ ਪ੍ਰਤੀ ਉਸਾਰੂ ਸੋਚ ਦਾ ਧਾਰਨੀ ਬਣਾਉਣ ਲਈ ਮਾਪਿਆਂ ਨੂੰ ਆਪ ਰੋਲ ਮਾਡਲ ਬਣਨਾ ਚਾਹੀਦਾ ਹੈ।

# ਸ਼੍ਰੋਮਣੀ ਕਮੇਟੀ ਦਾ ਵਫਦ ਜਾਵੇਗਾ ਅਫਗਾਨਿਸਤਾਨ



**ਅੰਮ੍ਰਿਤਸਰ-** ਅਫ਼ਗਾਨਿਸਤਾਨ ਵਿਚ ਮੌਜੂਦਾ ਹਾਲਾਤ ਦੇ ਚੱਲਦਿਆਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਇਕ ਉੱਚ ਪੱਧਰੀ ਵਫ਼ਦ ਭੇਜਣ ਸਬੰਧੀ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਭਾਰਤ ਦੇ ਵਿਦੇਸ਼ ਮੰਤਰੀ ਡਾ ਐਸ ਜੈਸ਼ੰਕਰ ਨੂੰ ਪੱਤਰ ਲਿਖ ਕੇ ਲੋੜੀਂਦੀ ਕਾਰਵਾਈ ਮੁਕੰਮਲ ਕਰਨ ਦੀ ਅਪੀਲ ਕੀਤੀ ਹੈ। ਸ਼੍ਰੋਮਣੀ ਕਮੇਟੀ ਇਹ ਵਫ਼ਦ ਜੁਲਾਈ 2022 ਵਿਚ ਅਫ਼ਗਾਨਿਸਤਾਨ ਭੇਜਣਾ ਚਾਹੁੰਦੀ ਹੈ, ਤਾਂ ਜੋ ਉਥੋਂ ਦੇ ਸਿੱਖਾਂ ਦੇ ਹਾਲਾਤ ਬਾਰੇ ਜਾਣਿਆ ਜਾ ਸਕੇ ਅਤੇ ਸਰਕਾਰ ਦੇ ਅਧਿਕਾਰੀਆਂ ਨਾਲ ਸਿੱਖਾਂ ਅਤੇ ਹਿੰਦੂਆਂ ਦੀ ਸੁਰੱਖਿਆ ਬਾਰੇ ਗੱਲਬਾਤ ਕੀਤੀ ਜਾ ਸਕੇ।

ਐਡਵੋਕੇਟ ਧਾਮੀ ਨੇ ਇਸ ਬਾਰੇ ਦੱਸਿਆ ਹੈ ਕਿ ਅਫ਼ਗਾਨਿਸਤਾਨ ਵਿਚ ਮੌਜੂਦਾ ਹਾਲਾਤ ਦੇ ਚੱਲਦਿਆਂ ਉਥੇ ਵੱਸਦੇ ਸਿੱਖ ਚਿੰਤਤ ਹਨ। ਲਿਹਾਜ਼ਾ ਸਿੱਖ ਸੰਸਥਾ ਸ਼੍ਰੋਮਣੀ ਕਮੇਟੀ ਉਨ੍ਹਾਂ ਦੀ ਮੁਸ਼ਕਲਾਂ ਜਾਣਨ ਲਈ ਅਫ਼ਗਾਨਿਸਤਾਨ ਜਾਣਾ ਚਾਹੁੰਦੀ ਹੈ।

ਇਸ ਦੇ ਨਾਲ ਉਥੋਂ ਦੇ ਇਤਿਹਾਸਕ ਅਸਥਾਨਾਂ ਦੇ ਹਾਲਾਤਾਂ, ਲੋੜੀਂਦੀਆਂ ਕਾਰ ਸੇਵਾਵਾਂ ਅਤੇ ਸਾਂਭ-ਸੰਭਾਲ ਵੀ ਬੇਹੱਦ ਜ਼ਰੂਰੀ ਹੈ। ਐਡਵੋਕੇਟ ਧਾਮੀ ਨੇ ਆਖਿਆ ਕਿ ਸ਼੍ਰੋਮਣੀ ਕਮੇਟੀ ਵਫ਼ਦ ਅਫ਼ਗਾਨਿਸਤਾਨ ਦੇ ਸਿੱਖ ਆਗੂਆਂ ਤੋਂ ਇਲਾਵਾ ਉਥੋਂ ਦੀ ਸਰਕਾਰ ਦੇ ਅਧਿਕਾਰੀਆਂ ਨਾਲ ਵੀ ਮੁਲਾਕਾਤ ਕਰਨੀ ਚਾਹੁੰਦਾ ਹੈ, ਤਾਂ ਜੋ ਉਥੇ ਵੱਸਦੇ ਸਿੱਖਾਂ ਦੀ ਸੁਰੱਖਿਆ ਨੂੰ ਯਕੀਨੀ ਬਣਾਇਆ ਜਾ ਸਕੇ। ਉਨ੍ਹਾਂ ਕਿਹਾ ਕਿ ਅਫ਼ਗਾਨਿਸਤਾਨ ਵਿਚ ਸਿੱਖ ਵਿਰਾਸਤ ਅਤੇ ਗੁਰ-ਅਸਥਾਨਾਂ ਦੀ ਸਾਭ-ਸੰਭਾਲ ਦੀ ਜ਼ਿੰਮੇਵਾਰੀ ਵੀ ਸ਼੍ਰੋਮਣੀ ਕਮੇਟੀ ਨਿਭਾਉਣਾ ਚਾਹੁੰਦੀ ਹੈ। ਇਸ ਦੇ ਨਾਲ ਬੀਤੇ ਦਿਨੀਂ ਅਫ਼ਗਾਨਿਸਤਾਨ 'ਚ ਆਏ ਭੂਚਾਲ ਦੇ ਪੀੜਤਾਂ ਦੀ ਮਦਦ ਲਈ ਵੀ ਤਿਆਰ ਹੈ।

ਐਡਵੋਕੇਟ ਧਾਮੀ ਨੇ ਆਖਿਆ ਕਿ ਭਾਰਤ ਸਰਕਾਰ ਨੇ ਬੇਸ਼ੱਕ ਸੰਕਟ ਦੇ ਸਮੇਂ 'ਤੇ ਸਿੱਖਾਂ ਅਤੇ ਹਿੰਦੂਆਂ ਨੂੰ ਭਾਰਤ ਲਿਆਉਣ ਲਈ ਚੰਗਾ ਯਤਨ ਕੀਤਾ ਹੈ ਪਰ ਜ਼ਿੰਮੇਵਾਰ ਸਿੱਖ ਸੰਸਥਾ ਹੁੰਦਿਆਂ ਸ਼੍ਰੋਮਣੀ ਕਮੇਟੀ ਦਾ ਫ਼ਰਜ਼ ਹੈ ਕਿ ਉਹ ਅਫ਼ਗਾਨਿਸਤਾਨ 'ਚ ਸਿੱਖਾਂ ਦੀ ਸਹਾਇਤਾ ਅਤੇ ਗੁਰ-ਅਸਥਾਨਾਂ ਦੀ ਸੰਭਾਲ ਲਈ ਕਾਰਜ ਕਰੇ।

# ਬੋਰਿਸ ਜੌਹਨਸਨ ਦੇ ਦੋ ਮੰਤਰੀਆਂ ਦੇ ਅਸਤੀਫੇ 'ਤੇ ਫਸਟ ਮਨਿਸਟਰ ਨੇ ਕਸਿਆ ਤੰਜ



**ਗਲਾਸਗੋ (ਮਨਦੀਪ ਖੁਰਮੀ ਹਿੰਮਤਪੁਰਾ)** ਬ੍ਰਿਟੇਨ ਦੇ ਪ੍ਰਧਾਨ ਮੰਤਰੀ ਬੋਰਿਸ ਜੌਹਨਸਨ ਦਿਨ ਬ ਦਿਨ ਵਿਰੋਧੀਆਂ ਦੇ ਨਿਸ਼ਾਨੇ 'ਤੇ ਆ ਰਹੇ ਹਨ। ਸਿਹਤ ਮੰਤਰੀ ਸਾਜਿਦ ਜਾਵਿਦ ਅਤੇ ਵਿੱਤ ਮੰਤਰੀ ਰਿਸ਼ੀ ਸੁਨਕ ਨੇ ਮੰਗਲਵਾਰ ਨੂੰ ਇਹ ਕਹਿੰਦੇ ਹੋਏ ਆਪਣੇ ਅਹੁਦਿਆਂ ਤੋਂ ਅਸਤੀਫ਼ਾ ਦੇ ਦਿੱਤਾ ਕਿ "ਉਨ੍ਹਾਂ ਨੇ ਪ੍ਰਧਾਨ ਮੰਤਰੀ ਬੋਰਿਸ ਜਾਨਸਨ ਤੋਂ ਵਿਸ਼ਵਾਸ ਗੁਆ ਦਿੱਤਾ ਹੈ।" ਇਸ ਵੱਡੇ ਸਿਆਸੀ ਭੂਚਾਲ ਦੇ ਚਲਦਿਆਂ ਸਕਾਟਲੈਂਡ ਦੀ ਫਸਟ ਮਨਿਸਟਰ ਨਿਕੋਲਾ ਸਟਰਜਨ ਨੇ ਵਿਅੰਗ ਕਸਦਿਆਂ ਆਪਣੇ ਸ਼ੋਸ਼ਲ ਮੀਡੀਆ ਖਾਤਿਆਂ 'ਤੇ ਕੁਝ ਇਸ ਤਰ੍ਹਾਂ ਦਾ ਪ੍ਰਤੀਕਰਮ ਦਿੱਤਾ ਹੈ। ਨਿਕੋਲਾ ਸਟਰਜਨ ਨੇ ਲਿਖਿਆ ਹੈ ਕਿ "ਅਜਿਹਾ ਲਗਦਾ ਹੈ ਕਿ ਜਾਨਸਨ ਲਈ ਅੰਤ ਨੇੜੇ ਹੋ ਸਕਦਾ ਹੈ- ਇੱਕ ਪਲ ਵੀ ਜਲਦੀ ਨਹੀਂ। ਜ਼ਿਕਰਯੋਗ ਹੈ ਕਿ ਅਸਤੀਫਾ ਦੇਣ ਵਾਲੇ ਮੰਤਰੀ ਉਦੋਂ ਹੀ ਜਾਣ ਲਈ ਤਿਆਰ ਸਨ ਜਦੋਂ ਉਨ੍ਹਾਂ ਨਾਲ ਝੂਠ ਬੋਲਿਆ ਗਿਆ ਸੀ। ਉਨ੍ਹਾਂ ਨੇ ਜਨਤਾ ਦੇ ਸਾਹਮਣੇ ਝੂਠ ਬੋਲਣ ਦਾ ਬਚਾਅ ਕੀਤਾ। ਸਾਰੇ ਦਾਗੀਆਂ ਨੂੰ ਜਾਣ ਦੀ ਲੋੜ ਹੈ। ਸਕਾਟਲੈਂਡ ਨੂੰ ਆਜ਼ਾਦੀ ਦੇ ਸਥਾਈ ਬਦਲ ਦੀ ਲੋੜ ਹੈ।"

# ਟਾਕਾਨੀਨੀ ਮੈਂਬਰ ਪਾਰਲੀਮੈਂਟ ਡਾ ਨੀਰੂ ਲੀਵਾਸਾ ਨੇ ਸਥਾਨਕ ਜੇਪੀਜ਼ ਨਾਲ ਕੀਤੀ ਚਾਹ ਮਿਲਣੀ

**ਔਕਲੈਂਡ (ਹਰਜਿੰਦਰ ਸਿੰਘ ਬਸਿਆਲਾ)-** ਨਿਊਜ਼ੀਲੈਂਡ ਦੇ ਵਿਚ ਹਰੇਕ ਹਲਕੇ ਦਾ ਸਾਂਸਦ (ਮੈਂਬਰ ਪਾਰਲੀਮੈਂਟ) ਆਪਣੇ ਚੋਣ ਖੇਤਰ ਦੀਆਂ ਸਰਗਰਮੀਆਂ ਉਤੇ ਜਿੱਥੇ ਨਿਗ੍ਹਾ ਰੱਖਦਾ ਹੈ ਉਥੇ ਉਸੇ ਖੇਤਰ ਦੇ ਵਿਚ ਨਿਸ਼ਕਾਮ ਸੇਵਾਵਾਂ ਦੇਣ ਵਾਲਿਆਂ ਨਾਲ ਤਾਲਮੇਲ ਅਤੇ ਸਤਿਕਾਰ ਬਣਿਆ ਰਹੇ, ਲਈ ਵੀ ਆਪਣਾ ਯੋਗਦਾਨ ਪਾਉਂਦਾ ਰਹਿੰਦਾ ਹੈ। ਅੱਜ ਹਲਕਾ ਟਾਕਾਨੀਨੀ ਦੇ ਮੈਂਬਰ ਪਾਰਲੀਮੈਂਟ ਡਾ। ਏਨਾਇ ਨੀਰੂ ਲੀਵਾਸਾ ਨੇ ਕੁਝ ਸਥਾਨਕ ਜਸਟਿਸ ਆਫ ਦਾ ਪੀਸ ਦੇ ਨਾਲ ਚਾਹ ਮਿਲਣੀ ਕੀਤੀ। ਇਸ ਪਹਿਲੀ ਮਿਲਣੀ ਦੇ ਵਿਚ ਵਿਸ਼ੇਸ਼ ਤੌਰ 'ਤੇ ਸ੍ਰੀ ਬਰੂਸ ਕਲਮਿਸਟਰ ਰਜਿਸਟਰਾਰ ਅਤੇ ਜੇਪੀ।ਟ੍ਰੇਨਰ, ਸ੍ਰੀ ਰੌਸ ਰੌਬਰਟਸਨ ਪ੍ਰਧਾਨ ਫ੍ਰੈਂਕਲਿਨ ਐਸੋਸੀਏਸ਼ਨ, ਐਨੀ ਲੌਂਗਮਿਊਰ ਕੋਆਰਡੀਨੇਟਰਸ ਇਲਵਿਸੋ ਟੋਗੀਆਮੂਆ ਕਮਿਊਨਿਟੀ ਲੀਡਰ, ਡਿਆਨਾ ਲੇਸਨਬਾਇ, ਸ ਖੜਗ ਸਿੰਘ ਜੇਪੀ, ਸ ਰਣਵੀਰ ਸਿੰਘ ਲਾਲੀ ਜੇਪੀ, ਸ। ਹਰਜਿੰਦਰ ਸਿੰਘ (ਬਸਿਆਲਾ) ਜੇਪੀ, ਐਨ ਸਿੰਘ, ਸ੍ਰੀ ਮੁਹੰਮਦ ਅਫੀਜ਼ ਜੇਪੀ ਆਦਿ ਸ਼ਾਮਿਲ ਹੋਏ।



ਇੰਝ ਕੀਤਾ ਸਵਾਗਤ: ਡਾ ਨੀਰੂ ਲੀਵਾਸਾ ਨੇ ਹਰ ਜੇ।ਪੀ। ਦੇ ਪਹੁੰਚਣ ਵੇਲੇ ਮੁੱਖ ਦਰਵਾਜ਼ੇ ਉਤੇ ਖੜ੍ਹ ਕੇ ਆਪ ਉਨ੍ਹਾਂ ਦੇ ਗਲ ਵਿਚ ਹਾਰ ਪਾ ਕੇ ਸਵਾਗਤ ਕੀਤਾ। ਪੈਸੇਫਿਕ ਲੋਕਾਂ ਦੇ ਵਿਚ ਰਸਮੀ ਸਵਾਗਤ ਕਰਨ ਦੇ ਲਈ ਜਾਂ ਕਿਸੇ ਵਿਸ਼ੇਸ਼ ਸਮਾਗਮ ਦੇ ਵਿਚ ਹੋਰ ਮਿਠਾਸ ਭਰਨ ਅਤੇ ਮਹਿਮਾਨਾਂ ਨੂੰ ਸਤਿਕਾਰ ਦੇਣ ਦੇ ਲਈ ਅਜਿਹਾ ਸਵਾਗਤ ਕੀਤਾ ਜਾਂਦਾ ਹੈ। ਮੁੱਢਲੀ ਮਿਲਣੀ ਉਪਰੰਤ ਡਾ ਨੀਰੂ ਲੀਵਾਸਾ ਨੇ ਆਏ ਸਾਰੇ ਜੇਪੀਜ਼ ਦਾ ਸਵਾਗਤ ਕੀਤਾ। ਸ੍ਰੀ ਬਰੂਸ ਕਲਮਿਸਟਰ ਰਜਿਸਟਰਾਰ ਅਤੇ ਸ੍ਰੀ ਰੌਸ ਰੌਬਰਟਸਨ ਪ੍ਰਧਾਨ ਫ੍ਰੈਂਕਲਿਨ ਐਸੋਸੀਏਸ਼ਨ ਨੇ ਆਪਣੇ ਵਿਚਾਰ ਰੱਖਦਿਆਂ ਹਰ 2 ਸਾਲ ਬਾਅਦ ਜੇਪੀਜ਼ ਦੇ ਲਈ ਆਨ ਲਾਈਨ ਟ੍ਰੇਨਿੰਗ (ਐਕਰੀਡੀਏਸ਼ਨ) ਬਾਰੇ ਚਰਚਾ ਕੀਤੀ ਅਤੇ ਇਹ ਗੱਲ ਵੀ ਸਾਹਮਣੇ ਆਈ ਕਿ ਕੁਝ ਲੋਕ ਕਾਗਜ਼ਾਂ ਦੇ ਵਿਚ ਛੇੜ-ਛਾੜ ਕਰਕੇ ਉਸਨੂੰ ਤਸਦੀਕ ਕਰਾਉਣ ਦੀ ਕੋਸ਼ਿਸ਼ ਵੀ ਕਰਦੇ ਹਨ।

ਸ ਖੜਗ ਸਿੰਘ ਨੇ ਕਿਹਾ ਕਿ ਜਦੋਂ ਦੇ ਉਹ ਜੇਪੀ ਬਣੇ ਹਨ ਅਕਸਰ ਆਪਣੇ ਕੰਮ ਵਾਲੇ ਸਥਾਨ ਉਤੇ ਉਪਲਬਧ ਰਹਿੰਦੇ ਹਨ। ਉਨ੍ਹਾਂ ਇਹ ਗੱਲ ਜਰੂਰ ਧਿਆਨ ਵਿਚ ਲਿਆਂਦੀ ਕਿ ਬਹੁਤ ਸਾਰੇ ਲੋਕ ਇਹ ਸ਼ਿਕਾਇਤ ਕਰਦੇ ਹਨ ਕਿ ਉਨ੍ਹਾਂ ਦੇ ਨੇੜੇ ਵਾਲਾ ਕੋਈ ਵੀ ਜੇਪੀ ਉਪਲਬਧ ਨਹੀਂ ਹੈ, ਇਸ ਕਰਕੇ ਉਹ ਦੂਰੋਂ ਉਨ੍ਹਾਂ ਤੱਕ ਪਹੁੰਚਦੇ ਹਨ। ਸ। ਰਣਵੀਰ ਸਿੰਘ ਲਾਲੀ ਜੇਪੀ ਨੇ ਆਪਣੇ ਵਿਚਾਰ ਰੱਖਦਿਆਂ ਕਿਹਾ ਕਿ ਇਹ ਇਕ ਸੈਟ ਮੋਹਰਾਂ ਦਾ ਕੋਲ ਹੀ ਰੱਖਦੇ ਹਨ ਅਤੇ ਆਪਣੇ ਕੰਮਕਾਰ ਦੌਰਾਨ ਮੌਕਾ ਮਿਲਦੇ ਹੀ ਸੇਵਾਵਾਂ ਦੇ ਦਿੰਦੇ ਹਨ। ਡਾ ਲੀਵਾਸਾ ਨੇ ਹਲਕੇ ਦੇ ਵਿਚ ਨਵੇਂ ਜੇ।ਪੀਜ਼ ਦੀ ਲੋੜ ਸਬੰਧੀ ਵੀ ਆਪਣੇ ਵਿਚਾਰ ਰੱਖੇ ਅਤੇ ਸਥਾਨਕ ਸਾਂਸਦ ਦੀ ਭੂਮਿਕਾ ਦਾ ਵੀ ਜ਼ਿਕਰ ਕੀਤਾ। ਇਸੀ ਤਰ੍ਹਾਂ ਬਾਕੀ ਜੇ।ਪੀਜ਼ ਨੇ ਵੀ ਵਿਚਾਰ ਰੱਖੇ ਅਤੇ ਕਿਹਾ ਕਿ 'ਬੈਕ ਟੂ ਕਮਿਊਨਿਟੀ' ਦੇ ਲਈ ਇਹ ਨਿਸ਼ਕਾਮ ਸੇਵਾਵਾਂ ਕਾਫੀ ਮਹੱਤਵਪੂਰਨ ਹਨ। ਡਾ। ਲੀਵਾਸਾ ਨੇ ਕਮਿਊਨਿਟੀ ਦੀ ਸਹਾਇਤਾ ਵਿਚ ਕੰਮ ਕਰ ਰਹੇ ਸਾਰੇ ਜੇ।ਪੀਜ਼ ਦਾ ਧੰਨਵਾਦ ਕੀਤਾ। ਸਾਰੇ ਜੇ।ਪੀਜ਼ ਦੇ ਲਈ ਚਾਹ-ਪਾਣੀ ਦਾ ਵਧੀਆ ਪ੍ਰਬੰਧ ਕੀਤਾ ਗਿਆ ਸੀ।

# ਖਹਿਰਾ ਨੇ ਬਰਗਾੜੀ ਬੇਅਦਬੀ ਮਾਮਲੇ 'ਤੇ 'ਆਪ' ਵੱਲੋਂ ਬਾਦਲਾਂ ਨੂੰ ਕਲੀਨ ਚਿੱਟ ਦਿੱਤੇ ਜਾਣ 'ਤੇ ਚੁੱਕੇ ਸਵਾਲ

**ਨਿਊਯਾਰਕ/ਚੰਡੀਗੜ੍ਹ (ਰਾਜ ਗੋਗਨਾ)**-ਕਾਂਗਰਸ ਦੇ ਸੀਨੀਅਰ ਆਗੂ ਅਤੇ ਭੁਲੱਥ ਤੋਂ ਵਿਧਾਇਕ ਸੁਖਪਾਲ ਸਿੰਘ ਖਹਿਰਾ ਨੇ ਅੱਜ ਭਗਵੰਤ ਮਾਨ ਦੀ ਅਗਵਾਈ ਵਾਲੀ ਪੰਜਾਬ ਦੀ ਆਮ ਆਦਮੀ ਪਾਰਟੀ ਸਰਕਾਰ 'ਤੇ ਬਾਦਲਾਂ ਨੂੰ ਕਲੀਨ ਚਿੱਟ ਦੇਣ 'ਤੇ ਸਵਾਲ ਚੁੱਕੇ ਹਨ। ਬਰਗਾੜੀ ਬੇਅਦਬੀ ਦੇ ਮੁੱਦੇ 'ਤੇ ਉਹ ਵਿਰੋਧੀ ਧਿਰ ਹੁੰਦਿਆਂ ਅਕਸਰ ਕੈਪਟਨ ਅਮਰਿੰਦਰ ਸਿੰਘ 'ਤੇ ਉਨ੍ਹਾਂ ਨੂੰ ਬਚਾਉਣ ਦੇ ਦੋਸ਼ ਲਾਉਂਦੇ ਰਹਿੰਦੇ ਸਨ। ਅੱਜ ਇੱਥੇ ਜਾਰੀ ਲਿਖਤੀ ਬਿਆਨ 'ਚ ਖਹਿਰਾ ਨੇ ਕਿਹਾ ਕਿ ਵਿਰੋਧੀ ਧਿਰ 'ਚ ਰਹਿੰਦਿਆਂ ਮਾਨ ਅਕਸਰ ਹੀ ਬਾਦਲਾਂ ਅਤੇ ਕੈਪਟਨ 'ਤੇ ਦੋਸ਼ ਲਾਉਂਦੇ ਰਹਿੰਦੇ ਹਨ। ਬਰਗਾੜੀ ਦੇ ਮੁੱਦੇ 'ਤੇ ਅਮਰਿੰਦਰ ਸਿੰਘ ਦਾ ਹੱਥ ਹੈ ਅਤੇ ਕੈਪਟਨ ਅਮਰਿੰਦਰ ਸਿੰਘ ਉਨ੍ਹਾਂ ਦੀ ਰੱਖਿਆ ਕਰ ਰਹੇ ਹਨ।ਬਰਗਾੜੀ ਬੇਅਦਬੀ ਮਾਮਲੇ 'ਤੇ ਵਿਸ਼ੇਸ਼ ਜਾਂਚ ਦੀ ਅੰਤਿਮ ਰਿਪੋਰਟ, ਜਿਸ ਵਿੱਚ ਬਾਦਲਾਂ ਬਾਰੇ ਕੁਝ ਵੀ ਨਹੀਂ ਦੱਸਿਆ ਗਿਆ, ਦਾ ਹਵਾਲਾ ਦਿੰਦਿਆਂ ਕਾਂਗਰਸੀ ਆਗੂ ਨੇ ਸਵਾਲ ਕੀਤਾ ਕਿ ਕੀ ਇਸਦਾ ਮਤਲਬ ਇਹ ਹੈ ਕਿ ਤੁਸੀਂ ਵੀ ਬਾਦਲਾਂ ਨਾਲ ਹੱਥ ਮਿਲਾ ਰਹੇ ਹੋ ਅਤੇ ਹੁਣ ਉਨ੍ਹਾਂ ਨੂੰ ਬਚਾ ਰਹੇ ਹੋ, ਜਿਸ ਤਰ੍ਹਾਂ ਤੁਸੀਂ ਕੈਪਟਨ ਅਮਰਿੰਦਰ 'ਤੇ ਦੋਸ਼ ਲਗਾਇਆ ਸੀ, ਉਹ ਕਰ ਰਹੇ ਹਨ। ਲਾਨ ਫਾਇਰਿੰਗ ਕੇਸ, ਜਿਸ ਵਿੱਚ ਦੋ ਬੇਕਸੂਰ ਪ੍ਰਦਰਸ਼ਨਕਾਰੀਆਂ ਦੀ ਮੌਤ ਹੋ ਗਈ ਸੀ, ਮਾਨ ਸਰਕਾਰ ਨੇ ਚੁੱਪ ਰਹਿਣ ਨੂੰ ਤਰਜੀਹ ਦਿੱਤੀ ਸੀ, ਇਸ ਤਰ੍ਹਾਂ ਬਾਦਲਾਂ ਨੂੰ ਕਲੀਨ ਚਿੱਟ ਦੇ ਦਿੱਤੀ ਗਈ ਸੀ। (ਬਾਦਲਾਂ) ਵਿਰੋਧੀ ਧਿਰ ਵਿੱਚ? ਖਹਿਰਾ ਨੇ ਟਿੱਪਣੀ ਕਰਦਿਆਂ ਪੁੱਛਿਆ, "ਜਾਂ ਤੁਹਾਡੀ ਉਨ੍ਹਾਂ ਨਾਲ ਕੋਈ ਗੁਪਤ ਸਮਝੌਤਾ ਹੋ ਗਿਆ ਹੈ।" ਖਹਿਰਾ ਨੇ ਕਿਹਾ ਕਿ ਇਹ ਇੱਕ ਖੁੱਲਾ ਭੇਤ ਹੈ ਕਿ ਸੁਖਬੀਰ ਬਾਦਲ ਨੇ ਬਤੌਰ ਡਿਪਟੀ ਮੁੱਖ ਮੰਤਰੀ ਡੇਰਾ ਸੱਚਾ ਸੌਦਾ ਮੁਖੀ ਵਿਰੁੱਧ ਬਠਿੰਡਾ ਸੈਸ਼ਨ ਕੋਰਟ ਤੋਂ ਈਸ਼ਨਿੰਦਾ ਦਾ ਕੇਸ ਵਾਪਸ ਲੈ ਲਿਆ ਹੈ। ਇੱਕ ਸੌਦਾ ਕਿ ਵਿਧਾਨ ਸਭਾ ਚੋਣਾਂ ਵਿੱਚ ਡੇਰਾ ਵੋਟਰ ਉਨ੍ਹਾਂ ਦਾ ਸਮਰਥਨ ਕਰਨਗੇ, ਜੋ ਉਨ੍ਹਾਂ ਨੇ ਕੀਤਾ। ਖਹਿਰਾ ਨੇ ਕਿਹਾ ਕਿ ਇਸ ਤੋਂ ਬਾਅਦ ਬਾਦਲਾਂ ਨੇ ਗੁਰੂ ਗੋਬਿੰਦ ਸਿੰਘ ਜੀ ਦੀ ਨਕਲ ਕਰਨ ਦੀ ਕੋਸ਼ਿਸ਼ ਕਰਨ ਵਾਲੇ ਵਿਵਾਦਤ ਡੇਰਾ ਸੱਚਾ ਸੌਦਾ ਮੁਖੀ ਨੂੰ ਮੁਆਫੀ ਦੇਣ ਲਈ ਅਕਾਲ ਤਖਤ ਸਾਹਿਬ ਦੇ ਤਤਕਾਲੀ ਜਥੇਦਾਰ 'ਤੇ ਦਬਾਅ ਪਾਇਆ। ਖਹਿਰਾ ਨੇ ਕਿਹਾ ਕਿ ਗੋਲੀਬਾਰੀ ਕੋਟਕਪੂਰਾ ਅਤੇ ਬਹਿਬਲ ਕਲਾਂ ਵਿਖੇ ਸ਼ੇਖ ਸਿੰਘ ਦੇ ਨਿਰਦੇਸ਼ਾਂ 'ਤੇ ਹੋਈ ਸੀ। ਬਾਦਲ ਨੇ ਤਤਕਾਲੀ ਮੁੱਖ ਮੰਤਰੀ, ਜਿਸ ਨੇ 14 ਅਕਤੂਬਰ 2015 ਨੂੰ ਤੜਕੇ 2 ਵਜੇ ਤਤਕਾਲੀ ਡੀਜੀਪੀ ਸੁਮੇਧ ਸੈਣੀ ਨੂੰ ਫ਼ੋਨ ਕੀਤਾ ਸੀ, ਜੋ ਕਿ ਜਸਟਿਸ ਰਣਜੀਤ ਸਿੰਘ ਕਮਿਸ਼ਨ ਦੀ ਰਿਪੋਰਟ ਦਾ ਹਿੱਸਾ ਹੈ। ਭਾਜਪਾ ਸਰਕਾਰ ਦੀਆਂ ਹਦਾਇਤਾਂ 'ਤੇ ਜਿਸ ਨਾਲ ਬਾਦਲ ਪਰਿਵਾਰ ਨੇ ਇੱਕ ਵਾਰ ਫਿਰ ਗਠਜੋੜ ਕੀਤਾ ਹੈ। ਖਹਿਰਾ ਨੇ ਕਿਹਾ ਕਿ ਇਹ ਇਸ ਗੱਲ ਦੀ ਵੀ ਪੁਸ਼ਟੀ ਕਰਦਾ ਹੈ ਕਿ 'ਆਪ' ਹੁਣ ਭਾਜਪਾ ਦੀ ਬੀ ਟੀਮ ਵਜੋਂ ਕੰਮ ਕਰ ਰਹੀ ਹੈ।



'ਦੇਸ਼ ਦੁਆਬਾ'
'ਅੰਬੇਦਕਰ ਟਾਈਮਜ਼'
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com
www.ambedkartimes.com

# ਇੰਗਲੈਂਡ ਤੇ ਵੇਲਜ ਵਿੱਚ 2021 ਦੀ ਜਨਗਣਨਾ ਮੁਤਾਬਿਕ ਹੋਇਆ ਸਾਢੇ ਤਿੰਨ ਮਿਲੀਅਨ ਦਾ ਵਾਧਾ

**ਲੰਡਨ/ ਗਲਾਸਗੋ (ਮਨਦੀਪ ਖੁਰਮੀ ਹਿੰਮਤਪੁਰਾ)–** ਕਿਸੇ ਵੀ ਖਿੱਤੇ ਦੇ ਵਸਨੀਕਾਂ ਦਾ ਮੁਕੰਮਲ ਅੰਕੜਾ, ਉਹਨਾਂ ਲੋਕਾਂ ਦੇ ਬਿਹਤਰ ਜੀਵਨ ਲਈ ਉਲੀਕੀਆਂ ਜਾਣ ਵਾਲੀਆਂ ਯੋਜਨਾਵਾਂ ਲਈ ਸਹਾਈ ਹੁੰਦਾ ਹੈ। ਇਹਨਾਂ ਅੰਕੜਿਆਂ ਦੇ ਆਧਾਰ 'ਤੇ ਹੀ ਸਿਹਤ, ਵਿੱਦਿਆ, ਰੁਜ਼ਗਾਰ ਸਮੇਤ ਹੋਰ ਸੁਖ ਸਹੂਲਤਾਂ ਮੁਹੱਈਆ ਕਰਵਾਉਣ ਲਈ ਫੰਡਾਂ ਦੀ ਮੱਦ ਮਿਥੀ ਜਾਂਦੀ ਹੈ। ਇੰਗਲੈਂਡ ਤੇ ਵੇਲਜ ਦੀ ਜਨਗਣਨਾ ਨੇ ਬਹੁਤ ਸਾਰੇ ਹੈਰਾਨੀਜਨਕ ਤੱਥ ਪੇਸ਼ ਕੀਤੇ ਹਨ। ਜ਼ਿਕਰਯੋਗ ਹੈ ਕਿ 21 ਮਾਰਚ 2021 ਜਣਗਣਨਾ ਦਿਵਸ ਮੌਕੇ ਇੰਗਲੈਂਡ ਅਤੇ ਵੇਲਜ ਵਿੱਚ ਆਮ ਨਿਵਾਸੀ ਆਬਾਦੀ ਦਾ ਆਕਾਰ 59,597,300 ਸੀ ਜਿਸ ਵਿਚ ਇੰਗਲੈਂਡ ਵਿੱਚ 56,489,800 ਅਤੇ ਵੇਲਜ ਵਿੱਚ 3,107,500 ਆਬਾਦੀ ਦਰਜ ਕੀਤੀ ਗਈ। ਇਹ ਇੰਗਲੈਂਡ ਅਤੇ ਵੇਲਜ ਵਿੱਚ ਜਨਗਣਨਾ ਦੁਆਰਾ ਦਰਜ ਕੀਤੀ ਗਈ ਹੁਣ ਤੱਕ ਦੀ ਸਭ ਤੋਂ ਵੱਡੀ ਆਬਾਦੀ ਸੀ। 2011 ਵਿੱਚ ਇੰਗਲੈਂਡ ਅਤੇ ਵੇਲਜ ਦੀ ਆਬਾਦੀ 56,075,912 ਸੀ ਅਤੇ ਹੁਣ ਇਹ ਆਬਾਦੀ 3,5 ਮਿਲੀਅਨ ਜਾਣੀਕਿ 6,3 ਫੀਸਦੀ ਤੋਂ ਵੱਧ ਵਧੀ ਹੈ। ਜਾਣਕਾਰੀ ਮੁਤਾਬਕ ਸਭ ਤੋਂ ਵੱਧ ਆਬਾਦੀ ਵਾਧੇ ਵਾਲਾ ਖੇਤਰ ਇੰਗਲੈਂਡ ਦਾ ਪੂਰਬ ਸੀ, ਜੋ ਕਿ 2011 ਤੋਂ 2021 ਤੱਕ 8,3 ਫੀਸਦੀ ਵਧਿਆ। ਮਰਦਾਂ ਅਤੇ ਔਰਤਾਂ ਦੀ ਗਿਣਤੀ ਦੀ ਗੱਲ ਕੀਤੀ ਜਾਵੇ ਤਾਂ ਇੰਗਲੈਂਡ ਅਤੇ ਵੇਲਜ ਵਿੱਚ 30,420,100 ਔਰਤਾਂ (ਸਮੁੱਚੀ ਆਬਾਦੀ ਦਾ 51,0%) ਅਤੇ 29,177,200 ਮਰਦ (49,0%) ਸਨ। ਜਨਗਣਨਾ ਵਾਲੇ ਦਿਨ 2011 (6,1%) ਤੋਂ ਬਾਅਦ ਪਰਿਵਾਰਾਂ ਦੀ ਗਿਣਤੀ 1,4 ਮਿਲੀਅਨ ਤੋਂ ਵੱਧ ਵਧੀ ਹੈ। ਇੰਗਲੈਂਡ ਵਿੱਚ 2011 ਦੀ ਮਰਦਮਸ਼ੁਮਾਰੀ ਦੇ ਅੰਦਾਜੇ 53,012,456 ਲੋਕਾਂ ਤੋਂ ਆਬਾਦੀ ਲਗਭਗ 3,5 ਮਿਲੀਅਨ (6,6%) ਵਧੀ ਹੈ। ਵੇਲਜ ਵਿੱਚ ਵਾਧੇ ਦੀ ਦਰ ਕਾਫੀ ਘੱਟ ਸੀ, ਜਿੱਥੇ 2011 ਦੀ ਮਰਦਮਸ਼ੁਮਾਰੀ ਦੇ ਅੰਦਾਜੇ 3,063,456 ਲੋਕਾਂ ਤੋਂ ਆਬਾਦੀ 44,000 (1,4%) ਵਧੀ ਹੈ। ਪਿਛਲੇ ਦਹਾਕੇ ਦੌਰਾਨ ਇੰਗਲੈਂਡ ਅਤੇ ਵੇਲਜ ਵਿੱਚ ਆਬਾਦੀ ਦੇ ਵਾਧੇ ਦੀ ਦਰ 2001 ਅਤੇ 2011 ਦੇ ਵਿਚਕਾਰ ਦੀ ਦਰ ਦੇ ਮੁਕਾਬਲੇ ਥੋੜ੍ਹੀ ਜਿਹੀ ਘਟੀ ਹੈ। 1801 ਵਿੱਚ ਗ੍ਰੇਟ ਬ੍ਰਿਟੇਨ ਦੀ ਪਹਿਲੀ ਮਰਦਮ-ਸੁਮਾਰੀ ਤੋਂ ਬਾਅਦ, ਇੰਗਲੈਂਡ ਅਤੇ ਵੇਲਜ ਵਿੱਚ ਜਨਸੰਖਿਆ ਵਾਧੇ ਦੀ ਦਰ 1801 ਅਤੇ 1911 ਦੇ ਵਿਚਕਾਰ ਸਭ ਤੋਂ ਵੱਧ ਸੀ, ਜਦੋਂ ਆਬਾਦੀ ਹਰ ਦਹਾਕੇ ਵਿੱਚ ਔਸਤਨ 13,6% ਵਧੀ। ਇਸ ਤੋਂ ਬਾਅਦ, 2021 ਤੱਕ ਆਬਾਦੀ ਦੇ ਵਾਧੇ ਦੀ ਦਰ ਘੱਟ ਰਹੀ ਹੈ, 1971 ਤੋਂ 1981 ਨੂੰ ਛੱਡ ਕੇ, ਜਦੋਂ ਆਬਾਦੀ ਵਿੱਚ 0,5% ਦੀ ਗਿਰਾਵਟ ਆਈ ਸੀ, ਹਰ 10 ਸਾਲ ਦੀ ਮਿਆਦ ਵਿੱਚ 2,8% ਅਤੇ 7।8% ਦੇ ਵਿਚਕਾਰ ਦੀ ਦਰ ਨਾਲ ਵਧ ਰਹੀ ਹੈ।



ਆਬਾਦੀ ਦੇ ਆਕਾਰ ਵਿਚ ਤਬਦੀਲੀਆਂ ਜਨਮ, ਮੌਤਾਂ ਅਤੇ ਅੰਦਰੂਨੀ ਅਤੇ ਅੰਤਰਰਾਸਟਰੀ ਪ੍ਰਵਾਸ ਕਾਰਨ ਹੁੰਦੀਆਂ ਹਨ। ਇਸ ਤੋਂ ਬਿਨਾਂ ਮਹੀਨਾਵਾਰ ਅੰਕੜੇ ਦਰਸਾਉਂਦੇ ਹਨ ਕਿ ਅਪ੍ਰੈਲ 2011 ਤੋਂ ਮਾਰਚ 2021 ਦੇ ਅੰਤ ਤੱਕ ਇੰਗਲੈਂਡ ਅਤੇ ਵੇਲਜ ਵਿੱਚ 6।8 ਮਿਲੀਅਨ ਜਨਮ ਅਤੇ 5,3 ਮਿਲੀਅਨ ਮੌਤਾਂ ਦਰਜ ਕੀਤੀਆਂ ਗਈਆਂ ਸਨ। ਇਹ ਲਗਭਗ 1,5 ਮਿਲੀਅਨ ਆਮ ਨਿਵਾਸੀਆਂ ਦੇ ਕੁਦਰਤੀ ਵਾਧੇ ਨੂੰ ਦਰਸਾਉਂਦਾ ਹੈ। ਬਾਕੀ ਦੀ ਆਬਾਦੀ ਵਾਧਾ (ਲਗਭਗ 2।0 ਮਿਲੀਅਨ ਆਮ ਨਿਵਾਸੀ, ਕੁੱਲ ਆਬਾਦੀ ਦੇ ਵਾਧੇ ਦਾ 57,5%) ਇੰਗਲੈਂਡ ਅਤੇ ਵੇਲਜ ਵਿੱਚ ਸ਼ੁੱਧ ਪਰਵਾਸ ਦੇ ਕਾਰਨ ਹੈ। 2011 ਅਤੇ 2021 ਦੇ ਵਿਚਕਾਰ, ਇੰਗਲੈਂਡ ਦੇ ਨੌਂ ਖੇਤਰਾਂ ਵਿੱਚੋਂ ਹਰੇਕ ਵਿੱਚ ਆਬਾਦੀ ਵਧੀ ਹੈ। ਵੇਲਜ ਵਿੱਚ ਸਾਰੇ ਅੰਗਰੇਜੀ ਖੇਤਰਾਂ ਦੇ ਮੁਕਾਬਲੇ ਘੱਟ ਆਬਾਦੀ ਵਿੱਚ ਵਾਧਾ ਹੋਇਆ।

ਬਰਤਾਨੀਆ ਵਿੱਚ ਪੰਜਾਬੀ ਭਾਸ਼ਾ ਦੀ ਬਿਹਤਰੀ ਲਈ ਪਿਛਲੇ ਲੰਮੇ ਸਮੇਂ ਤੋਂ ਸੰਘਰਸ਼ ਕਰਦੇ ਆ ਰਹੇ ਪੰਜਾਬੀ ਭਾਸ਼ਾ ਚੇਤਨਾ ਬੋਰਡ ਦੇ ਡਾਇਰੈਕਟਰ ਹਰਮੀਤ ਸਿੰਘ ਭਕਨਾ ਨੇ ਇਸ ਪੱਤਰਕਾਰ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਇਹ ਅੰਕੜੇ ਫਿਲਹਾਲ ਆਬਾਦੀ ਅਤੇ ਘਰਾਂ ਨਾਲ ਸੰਬੰਧਤ ਹਨ। ਨੇੜ ਭਵਿੱਖ ਵਿੱਚ ਜਦੋਂ ਵੀ ਭਾਸ਼ਾਵਾਂ, ਬੋਲੀਆਂ ਨਾਲ ਸੰਬੰਧਿਤ ਅੰਕੜੇ ਨਸ਼ਰ ਹੋਣਗੇ ਤਾਂ ਉਹਨਾਂ ਵਿੱਚ ਵੀ ਹੈਰਾਨੀ-ਜਨਕ ਤਬਦੀਲੀ ਦੇਖਣ ਨੂੰ ਮਿਲ ਸਕਦੀ ਹੈ। ਜ਼ਿਕਰਯੋਗ ਹੈ ਕਿ ਹਰਮੀਤ ਸਿੰਘ ਭਕਨਾ ਵੱਲੋਂ ਬਰਤਾਨਵੀ ਸਰਕਾਰ ਨੂੰ ਜਲਿਆਂ ਵਾਲਾ ਬਾਗ ਕਤਲੇਆਮ ਸਮੇਤ ਪੰਜਾਬੀ ਬੋਲਦੇ ਹੋਰ ਕਤਲੇਆਮਾਂ ਸੰਬੰਧੀ ਪਾਰਲੀਮੈਂਟ ਵਿੱਚ ਰਸਮੀ ਮੁਆਫੀ ਮੰਗਣ ਲਈ ਮਜਬੂਰ ਕਰਨ ਹਿਤ ਵੱਡੀ ਪੱਧਰ ਮੁਹਿੰਮ ਵਿੱਢੀ ਹੋਈ ਹੈ।

ਜੇਕਰ ਪਰਿਵਾਰਾਂ ਦੇ ਅੰਕੜਿਆਂ ਦਾ ਮੁਲਾਂਕਣ ਕੀਤਾ ਜਾਵੇ ਤਾਂ ਇਹ ਜਾਣਕਾਰੀ ਉੱਭਰ ਕੇ ਸਾਹਮਣੇ ਆਉਂਦੀ ਹੈ ਕਿ ਇੰਗਲੈਂਡ ਵਿੱਚ ਪਰਿਵਾਰਾਂ ਦੀ ਗਿਣਤੀ ਵਿੱਚ ਵਾਧਾ (6,2%) ਵੇਲਜ (3,4%) ਨਾਲੋਂ ਵੱਧ ਸੀ। ਇੰਗਲੈਂਡ ਦੇ ਹਰ ਖੇਤਰ ਵਿੱਚ 2011 ਅਤੇ 2021 ਦੇ ਵਿਚਕਾਰ ਪਰਿਵਾਰਾਂ ਦੀ ਗਿਣਤੀ ਵਿੱਚ ਵਾਧਾ ਹੋਇਆ ਹੈ। ਸਭ ਤੋਂ ਵੱਧ ਪ੍ਰਤੀਸ਼ਤ ਵਾਧੇ ਵਾਲੇ ਖੇਤਰ ਪੂਰਬੀ ਇੰਗਲੈਂਡ (8,5%) ਅਤੇ ਦੱਖਣੀ ਪੱਛਮੀ (8,1%) ਸਨ। ਟਾਵਰ ਹੈਮਲੇਟਸ (19,0%), ਯੂਟਲਸਫੋਰਡ (18,2%) ਅਤੇ ਬੈਡਫੋਰਡ (17,4%) ਵਿੱਚ ਸਭ ਤੋਂ ਉੱਚ ਵਾਧਾ ਦੇਖਣ ਨੂੰ ਮਿਲਿਆ ਹੈ। 2011 ਅਤੇ 2021 ਦੇ ਵਿਚਕਾਰ ਸਿਰਫ 12 ਸਥਾਨਕ ਅਥਾਰਟੀਆਂ ਨੇ ਪਰਿਵਾਰਾਂ ਦੀ ਗਿਣਤੀ ਵਿੱਚ ਗਿਰਾਵਟ ਮਹਿਸੂਸ ਕੀਤੀ ਹੈ।

# ਇੰਗਲੈਂਡ: ਬੈਰਿਸਟਰਾਂ ਨੇ ਤਨਖਾਹ ਵਾਧੇ ਲਈ ਕੀਤੀ ਜ਼ਿੰਦਾਬਾਦ ਮੁਰਦਾਬਾਦ

**ਲੰਡਨ/ ਗਲਾਸਗੋ (ਮਨਦੀਪ ਖੁਰਮੀ ਹਿੰਮਤਪੁਰਾ)–** ਅਜੋਕਾ ਦੌਰ ਅੰਤਾਂ ਦੀ ਮਹਿੰਗਾਈ ਦਾ ਦੌਰ ਹੈ। ਜਿੰਨਾ ਵੱਡਾ ਰੁਤਬਾ, ਓਨੇ ਹੀ ਵੱਡੇ ਖਰਚੇ। ਸਮਾਜ ਦਾ ਹਰ ਵਰਗ ਬਰਤਾਨੀਆ ਵਿੱਚ ਵਧ ਰਹੀ ਮਹਿੰਗਾਈ ਕੋਲੋਂ ਤੰਗ ਹੈ। ਤਨਖ਼ਾਹ ਵਾਧੇ ਨੂੰ ਲੈ ਕੇ ਲੰਬੇ ਸਮੇਂ ਤੋਂ ਚੱਲ ਰਹੇ ਵਿਵਾਦ ਵਿੱਚ ਪੂਰੇ ਇੰਗਲੈਂਡ ਅਤੇ ਵੇਲਜ਼ ਵਿੱਚ ਅਪਰਾਧਿਕ ਮਾਮਲਿਆਂ ਦੇ ਬੈਰਿਸਟਰ ਹੜਤਾਲ 'ਤੇ ਚਲੇ ਗਏ ਹਨ। ਅਦਾਲਤ ਦੇ ਬਾਹਰ ਮੁਜਾਹਰਾ ਕਰਦੇ ਹੋਏ ਬੈਰਿਸਟਰਾਂ ਨੇ ਕਿਹਾ ਕਿ ਲੰਡਨ ਦੇ ਓਲਡ ਬੇਲੀ ਵਿਖੇ 10 ਵਿੱਚੋਂ ਅੱਠ ਕੇਸ ਵਾਕਆਊਟ ਹੋਣ ਨਾਲ ਸਮੱਸਿਆ ਦਾ ਸਾਹਮਣਾ ਕਰ ਰਹੇ ਹਨ। ਨਿਆਂ ਸਕੱਤਰ ਡੋਮਿਨਿਕ ਰਾਅਬ ਨੇ ਕਿਹਾ ਕਿ ਹੜਤਾਲਾਂ ਕਾਰਨ ਨਿਆਂ ਵਿੱਚ ਦੇਰੀ ਹੋਵੇਗੀ, ਕਿਉਂਕਿ ਅਦਾਲਤਾਂ ਪਹਿਲਾਂ ਹੀ 58,000 ਕੇਸਾਂ ਦੇ ਬੈਕਲਾਗ ਦਾ ਸਾਹਮਣਾ ਕਰ ਰਹੀਆਂ ਹਨ। ਬੈਰਿਸਟਰਾਂ ਨੇ ਕਾਨੂੰਨੀ ਸਹਾਇਤਾ ਦੇ ਕੰਮ ਲਈ ਆਪਣੀ ਫੀਸ ਵਿੱਚ ਪ੍ਰਸਤਾਵਿਤ 15% ਵਾਧੇ ਨੂੰ ਰੱਦ ਕਰ ਦਿੱਤਾ ਹੈ ਅਤੇ ਇਸ 'ਤੇ ਅਗਲੇ ਚਾਰ ਹਫ਼ਤਿਆਂ ਵਿੱਚ ਕਾਰਵਾਈ ਕੀਤੀ ਜਾਵੇਗੀ। ਕ੍ਰਿਮੀਨਲ ਬਾਰ ਐਸੋਸੀਏਸ਼ਨ (ਸੀਬੀਏ) ਦੇ ਮੈਂਬਰਾਂ ਨੇ ਕਿਹਾ ਹੈ ਕਿ ਇਹ ਬਹੁਤ ਘੱਟ ਹੈ ਅਤੇ ਘੱਟੋ ਘੱਟ 25% ਤਨਖਾਹ ਵਾਧੇ ਦੀ ਮੰਗ ਕੀਤੀ ਹੈ। ਸੀਬੀਏ ਦੇ ਚੇਅਰ ਜੋ ਸਿੱਧੂ ਕਿਊਸੀ ਨੇ ਕਿਹਾ ਕਿ ਉਹ ਪਿਛਲੇ ਪੰਜ ਸਾਲਾਂ ਵਿੱਚ ਇੱਕ ਚੌਥਾਈ ਵਿਸ਼ੇਸ਼ ਅਪਰਾਧਿਕ ਬੈਰਿਸਟਰਾਂ ਨੂੰ ਗੁਆ ਚੁੱਕੇ ਹਨ, ਜਦੋਂ ਕਿ ਪਿਛਲੇ ਸਾਲ 300 ਨੇ ਛੱਡ ਦਿੱਤਾ ਸੀ। ਡਿਪਟੀ ਚੇਅਰ ਕ੍ਰਿਸਟੀ ਬਰਾਈਮਲੋਅ ਕਿਊ ਸੀ ਨੇ ਕਿਹਾ ਕਿ ਕਾਨੂੰਨੀ ਸਹਾਇਤਾ ਫੀਸਾਂ ਵਿੱਚ ਪ੍ਰਸਤਾਵਿਤ ਵਾਧਾ ਅਗਲੇ ਸਾਲ ਦੇ ਅੰਤ ਤੱਕ ਪੇਸ਼ ਨਹੀਂ ਕੀਤਾ ਜਾਵੇਗਾ। ਉਦੋਂ ਤੱਕ ਮਦਦ ਕਰਨ ਵਿੱਚ ਬਹੁਤ ਦੇਰ ਹੋ ਚੁੱਕੀ ਹੋਵੇਗੀ ਅਤੇ ਬਾਰ ਛੱਡਣ ਵਾਲੇ ਜੂਨੀਅਰ ਬੈਰਿਸਟਰਾਂ ਨੂੰ ਰੋਕਣ ਵਿੱਚ ਦੇਰ ਹੋ ਚੁੱਕੀ ਹੋਵੇਗੀ। ਜ਼ਿਕਰਯੋਗ ਹੈ ਕਿ ਸਰਕਾਰ ਕਾਨੂੰਨੀ ਸਹਾਇਤਾ ਦਾ ਕੰਮ ਕਰਨ ਵਾਲੇ ਬੈਰਿਸਟਰਾਂ ਲਈ ਤਨਖਾਹ ਦਰਾਂ ਨਿਰਧਾਰਤ ਕਰਦੀ ਹੈ।




ਦਰਜਨਾਂ ਬੈਰਿਸਟਰ ਆਪਣੇ ਪੁਸ਼ਾਕਾਂ ਅਤੇ ਵਿੱਗਾਂ ਵਿੱਚ ਓਲਡ ਬੇਲੀ ਦੇ ਬਾਹਰ ਰੈਲੀ ਕਰ ਰਹੇ ਹਨ, ਕਿਉਂਕਿ ਅਦਾਲਤ ਵਿੱਚ ਕਤਲ ਦੇ ਦੋ ਮੁਕੱਦਮੇ ਨੇਪਰੇ ਚੜ੍ਹਨ ਦੀ ਉਡੀਕ ਵਿੱਚ ਹਨ। ਇਹਨਾਂ 'ਚੋਂ ਇੱਕ ਵਿੱਚ ਇੱਕ ਕਿਸ਼ੋਰ ਸ਼ੱਕੀ ਸ਼ਾਮਲ ਸੀ, ਦੀ ਕਾਰਵਾਈ ਅੱਗੇ ਵਧਣ ਵਿੱਚ ਅਸਮਰੱਥ ਹੈ। ਦੂਸਰੇ ਪਾਸੇ ਬਰਮਿੰਘਮ, ਮਾਨਚੈਸਟਰ, ਕਾਰਡਿਫ ਅਤੇ ਬ੍ਰਿਸਟਲ ਕ੍ਰਾਊਨ ਕੋਰਟਾਂ ਸਮੇਤ ਕਈ ਉੱਚ-ਪ੍ਰੋਫਾਈਲ ਅਦਾਲਤਾਂ ਦੇ ਬਾਹਰ ਵੀ ਬੈਰਿਸਟਰ ਹੜਤਾਲ ਕਰ ਰਹੇ ਹਨ। ਬੈਰਿਸਟਰਾਂ ਨੂੰ ਮੁੜ ਕੰਮ 'ਤੇ ਪਰਤਾਉਣ ਲਈ ਡਾਊਨਿੰਗ ਸਟ੍ਰੀਟ ਨੇ ਬੈਰਿਸਟਰਾਂ ਨੂੰ ਪ੍ਰਸਤਾਵਿਤ 15% ਤਨਖਾਹ ਵਾਧੇ ਲਈ ਸਹਿਮਤ ਹੋਣ ਦੀ ਅਪੀਲ ਕੀਤੀ ਹੈ ਜਿਸ ਬਾਰੇ ਇੱਕ ਬੁਲਾਰੇ ਨੇ ਕਿਹਾ ਕਿ ਇੱਕ ਆਮ ਬੈਰਿਸਟਰ ਇੱਕ ਸਾਲ ਵਿੱਚ ਲਗਭਗ £7,000 ਹੋਰ ਕਮਾਏਗਾ।

# ਸਕਾਟਲੈਂਡ: ਪੰਜਾਬੀ ਨੌਜਵਾਨਾਂ ਨੇ ਸਿਮਰਨਜੀਤ ਸਿੰਘ ਮਾਨ ਨੂੰ ਜਿੱਤ ਦੀ ਵਧਾਈ ਪੇਸ਼ ਕੀਤੀ

**ਲੰਡਨ/ ਗਲਾਸਗੋ (ਮਨਦੀਪ ਖੁਰਮੀ ਹਿੰਮਤਪੁਰਾ)–** ਪੰਜਾਬ ਦੀ ਸਿਆਸਤ ਦਾ ਪ੍ਰਭਾਵ ਵਿਦੇਸ਼ਾਂ 'ਚ ਬੈਠੇ ਪੰਜਾਬੀਆਂ 'ਚ ਵੀ ਦੇਖਣ ਨੂੰ ਮਿਲਦਾ ਰਹਿੰਦਾ ਹੈ। ਸਿਆਸਤ ਦੇ ਉਤਰਾਅ ਚੜਾਅ ਪ੍ਰਵਾਸੀ ਪੰਜਾਬੀਆਂ ਨੂੰ ਹਰ ਵਕਤ ਪੰਜਾਬ ਨਾਲ ਜੋੜੀ ਰੱਖਦੇ ਹਨ। ਸੰਗਰੂਰ ਲੋਕ ਸਭਾ ਜ਼ਿਮਨੀ ਚੋਣ ਦੇ ਨਤੀਜਿਆਂ ਕਾਰਨ ਪ੍ਰਦੇਸੀ ਪੰਜਾਬੀ ਸਿਮਰਨਜੀਤ ਸਿੰਘ ਮਾਨ ਨੂੰ ਵਧਾਈਆਂ ਭੇਜ ਰਹੇ ਹਨ। ਸਕਾਟਲੈਂਡ ਦੇ ਪੰਜਾਬੀ ਨੌਜਵਾਨਾਂ ਕੁਲਦੀਪ ਸਿੰਘ ਗਰੇਵਾਲ, ਬਿੱਟੂ ਗਲਾਸਗੋ, ਦਲਬਾਰਾ ਸਿੰਘ ਗਿੱਲ, ਰਵਿੰਦਰ ਸਿੰਘ ਢੋਟ, ਲਵਪ੍ਰੀਤ ਸਿੰਘ, ਸਤਨਾਮ ਸਿੰਘ, ਸੁਖਦੀਪ ਸਿੰਘ, ਅੰਕੁਰ, ਕੁਲਵਿੰਦਰ ਸਿੰਘ, ਪਰਗਣ ਸਿੰਘ ਵਿਰਕ ਵੱਲੋਂ ਵੀ ਆਪਣੇ ਦਿਲ ਦੇ ਵਲਵਲੇ ਸਾਂਝੇ ਕਰਦਿਆਂ ਸਰਦਾਰ ਮਾਨ ਨੂੰ ਮੁਬਾਰਕਬਾਦ ਪੇਸ਼ ਕੀਤੀ ਹੈ। ਇਸ ਸਮੇਂ ਉਹਨਾਂ ਬੋਲਦਿਆਂ ਕਿਹਾ ਕਿ ਸਿਮਰਨਜੀਤ ਸਿੰਘ ਮਾਨ ਦੀ ਜਿੱਤ ਨੇ ਜਿਥੇ ਸਮੂਹ ਵਿਰੋਧੀਆਂ ਨੂੰ ਸ਼ੀਸ਼ਾ ਦਿਖਾਇਆ ਹੈ ਉੱਥੇ ਸਿਮਰਨਜੀਤ ਸਿੰਘ ਮਾਨ ਦੀਆਂ ਜਿੰਮੇਵਾਰੀਆਂ ਵਿੱਚ ਵੀ ਵਾਧਾ ਹੋਇਆ ਹੈ। ਨੌਜਵਾਨਾਂ ਨੇ ਸੰਗਰੂਰ ਹਲਕੇ ਦੇ ਸਮੂਹ ਵੋਟਰਾਂ ਨੂੰ ਵੀ ਵਧਾਈ ਪੇਸ਼ ਕੀਤੀ ਕਿ ਉਹਨਾਂ ਸਿਮਰਨਜੀਤ ਸਿੰਘ ਮਾਨ ਦੇ ਹੱਕ ਵਿੱਚ ਭੁਗਤਣ ਦੀ ਦਲੇਰੀ ਕੀਤੀ ਹੈ। ਨੌਜਵਾਨਾਂ ਨੇ ਸ੍ਰ: ਮਾਨ ਕੋਲੋਂ ਉਮੀਦ ਪ੍ਰਗਟਾਈ ਕਿ ਉਹ ਚੋਣਾਂ ਦੌਰਾਨ ਕੀਤੇ ਵਾਅਦਿਆਂ ਨੂੰ ਤਨਦੇਹੀ ਨਾਲ ਨੇਪਰੇ ਚਾੜ੍ਹਨ ਲਈ ਤਤਪਰ ਹੋਣਗੇ। ਨਾਲ ਹੀ ਉਹਨਾਂ ਸਿਮਰਨਜੀਤ ਸਿੰਘ ਮਾਨ ਦੀ ਸਿਹਤਯਾਬੀ ਦੀ ਕਾਮਨਾ ਵੀ ਕੀਤੀ।



# ਇਮੀਗ੍ਰੇਸ਼ਨ ਨਿਊਜ਼ੀਲੈਂਡ ਵੱਲੋਂ 4 ਜੁਲਾਈ ਤੋਂ ਕੰਮਾਂ ਵਾਲੇ ਵੀਜ਼ੇ ਦੀਆਂ ਅਰਜ਼ੀਆਂ ਖੁੱਲ੍ਹਣਗੀਆਂ

**ਔਕਲੈਂਡ (ਹਰਜਿੰਦਰ ਸਿੰਘ ਬਸਿਆਲਾ)–** ਨਿਊਜ਼ੀਲੈਂਡ ਦੇ ਵਿਚ ਲਗਪਗ ਹਰ ਖੇਤਰ ਦੇ ਵਿਚ ਕਾਮਿਆਂ ਦੀ ਕਮੀ ਮਹਿਸੂਸ ਕੀਤੀ ਜਾ ਰਹੀ ਹੈ। ਪੈਸੇਫਿਕ ਲੋਕਾਂ ਦੇ ਲਈ ਨਿਊਜ਼ੀਲੈਂਡ ਵਿਖੇ ਆ ਕੇ ਕੰਮ ਕਰਨ ਲਈ ਅਰਜ਼ੀਆਂ ਦੀ ਸ਼ੁਰੂਆਤ ਇਸ ਸਾਲ 16 ਮਈ ਨੂੰ ਕਰ ਦਿੱਤੀ ਗਈ ਸੀ ਪਰ ਬਾਕੀ ਦੇਸ਼ਾਂ ਦੇ ਲਈ ਇਹ 4 ਜੁਲਾਈ 2022 ਤੋਂ ਸ਼ੁਰੂ ਹੋਣ ਜਾ ਰਹੀ ਹੈ। ਸਾਰੀਆਂ ਹੀ ਸ਼੍ਰੇਣੀਆਂ ਦੇ ਕੰਮ ਵਾਲੇ ਵੀਜ਼ੇ ਦੀਆਂ ਅਰਜ਼ੀਆਂ ਸੋਮਵਾਰ ਚਾਰ ਜੁਲਾਈ ਤੋਂ ਲਈਆਂ ਜਾਣਗੀਆਂ ਜਿਸ ਦੇ ਵਿਚ ਮਾਨਤਾ ਪ੍ਰਾਪਤ ਰੁਜ਼ਗਾਰ ਦਾਤਾ (ਐਕਰੀਡਿਟਡ ਇੰ-ਪਲਾਇਰ ਰਾਹੀਂ ਮਿਲਣ ਵਾਲੇ ਵੀਜ਼ੇ) ਵੀ ਸ਼ਾਮਿਲ ਹਨ। ਇਥੇ ਔਸਤਨ ਤਨਖਾਹ ਦਰ ਲਾਗੂ ਰਹੇਗੀ। ਸਰਕਾਰ ਵੱਲੋਂ ਬਣਾਈ ਗ੍ਰੀਨ ਲਿਸਟ ਕੰਮਕਾਰ (ਲੋੜੀਂਦੇ ਕਾਮਿਆਂ ਦੀ ਲਿਸਟ) ਮਾਨਤਾ ਪ੍ਰਾਪਤ ਰੁਜ਼ਗਾਰ ਦਾਤਾਵਾਂ ਲਈ ਕਾਫੀ ਸਹਾਈ ਹੋਵੇਗੀ ਜੋ ਕਿ ਪ੍ਰਵਾਸੀ ਲੋਕਾਂ ਨੂੰ ਮੰਗਵਾ ਸਕਣਗੇ। ਗ੍ਰੀਨ (ਹਰਾ) ਰੰਗ ਦਰਸਾਉਂਦਾ ਹੈ ਕਿ ਇਹ ਰਾਹ ਪੱਕੇ ਹੋਣ ਲਈ ਸਹੀ ਹੈ।

ਵਰਕ ਟੂ ਰੈਜੀਡੈਂਸ ਵਾਲੇ ਜਿਹੜੇ 9 ਮਈ ਨੂੰ ਇਥੇ ਸਨ ਅਤੇ ਜਿਨ੍ਹਾਂ ਦੇ ਵੀਜ਼ੇ 31 ਦਸੰਬਰ ਨੂੰ ਖਤਮ ਹੋ ਰਹੇ ਹਨ, ਉਨ੍ਹਾਂ ਦੇ ਵੀਜ਼ੇ 6 ਮਹੀਨਿਆਂ ਵਾਸਤੇ ਵਧਾਏ ਗਏ ਹਨ ਅਤੇ 2 ਸਾਲ ਸਾਲ ਦਾ ਓਪਨ ਵਰਕ ਵੀਜ਼ਾ ਵੀ ਇਸ਼ੈਂਸ਼ੀਅਲ ਸਕਿੱਲ, ਪੋਸਟ ਸਟੱਡੀ ਵਰਕ ਅਤੇ ਪਾਰਟਨਰ ਆਫ ਏ ਨਿਊਜ਼ੀ-ਲੈਂਡ ਵਰਕ ਵੀਜ਼ਾ ਹੋਲਡਰ ਨੂੰ ਦਿੱਤਾ ਜਾ ਰਿਹਾ ਹੈ। ਸਰਕਾਰ ਅਜਿਹੀਆਂ ਸਕੀਮਾਂ ਲਾ ਕੇ ਇਥੇ ਮਾਹਿਰ ਕਾਮਿਆਂ ਦੀ ਪੂਰਤੀ ਕਰਨਾ ਚਾਹੁੰਦੀ ਹੈ। ਸਤੰਬਰ ਮਹੀਨੇ ਪਾਥਵੇਅਜ਼ ਟੂ ਰੈਜ਼ੀਡੈਂਸ ਅਧੀਨ ਗ੍ਰੀਨ ਲਿਸਟ ਵਾਲੇ ਕਾਮਿਆ ਲਈ ਲਾਗੂ ਹੋਵੇਗੀ ਜਾਂ ਜਿਹੜੀ ਔਸਤਨ ਤੋਂ ਦੁੱਗਣੀ ਤਨਖਾਹ ਉਤੇ ਕੰਮ ਕਰ ਰਹੇ ਹੋਣ। ਦਸੰਬਰ ਮਹੀਨੇ ਤੋਂ ਅਸਥਾਈ ਕਾਮਿਆਂ ਨੂੰ ਮਾਨਤਾ ਪ੍ਰਾਪਤ ਰੁਜ਼ਗਾਰ ਦਾਤਾਵਾਂ ਲਈ ਸੈਟ ਕੀਤੇ ਨਿਯਮਾਂ ਅਧੀਨ ਵਰਕ ਵੀਜ਼ਾ ਮਿਲਿਆ ਕਰੇਗਾ ਅਤੇ ਆਪਣੇ ਆਪ ਮਿਲਣ ਵਾਲਾ ਓਪਨ ਵਰਕ ਵੀਜ਼ਾ ਖਤਮ ਹੋਵੇਗਾ। ਸੋ ਜਿਹੜੇ 4 ਜੁਲਾਈ ਉਡੀਕਦੇ ਸੀ ਅਤੇ ਕਮਾਈ ਕਰਨ ਵਾਸਤੇ ਕੰਮ ਵਾਲੇ ਵੀਜ਼ੇ ਲਈ ਟ੍ਰਾਈ ਕਰਨਾ ਚਾਹੁੰਦੇ ਸੀ, ਉਹ ਸਮਾਂ ਹੁਣ ਆ ਗਿਆ ਹੈ। ਵਿਦਿਆਰਥੀਆਂ ਨੂੰ ਇਥੇ ਰਹਿਣ ਲਈ ਆਉਣ ਵਾਲੇ ਖਰਚੇ ਦਾ ਵੀ ਦੁਬਾਰਾ ਹਿਸਾਬ ਕਿਤਾਬ ਵੇਖਿਆ ਜਾ ਰਿਹਾ ਹੈ ਅਤੇ ਇਹ ਵੀ ਵਧ ਸਕਦਾ ਹੈ।




ਵਿਦਿਆਰਥੀ ਅਤੇ ਵਿਜ਼ਟਰ ਵੀਜ਼ੇ: ਨਿਊਜ਼ੀਲੈਂਡ ਦੇ ਵਿਚ ਨਵੇਂ ਵਿਦਿਆਰਥੀਆਂ ਦੇ ਲਈ ਅਤੇ ਸੈਰ ਸਪਾਟਾ ਜਾਂ ਆਪਣੇ ਪਰਿਵਾਰਕ ਮੈਂਬਰਾਂ ਨੂੰ ਮਿਲਣ ਆਉਣ ਵਾਲਿਆਂ ਲਈ ਵਿਜ਼ਟਰ ਵੀਜ਼ਾ ਅਰਜ਼ੀਆਂ 31 ਜੁਲਾਈ ਤੋਂ ਖੁੱਲ੍ਹ ਰਹੀਆਂ ਹਨ। ਇਸੀ ਤਰ੍ਹਾਂ 31 ਜੁਲਾਈ ਤੋਂ ਸਮੁੰਦਰੀ ਰਸਤੇ ਰਾਹੀਂ ਦਾਖਲ ਹੋਣ ਲਈ ਵੀ ਰਸਤੇ ਖੋਲ੍ਹੇ ਜਾ ਰਹੇ ਹਨ। ਕਿਸੇ ਵੇਲੇ ਆਉਣ 'ਤੇ ਲਗਦਾ ਸੀ ਟੈਕਸ: ਨਿਊਜ਼ੀਲੈਂਡ ਦੇ ਇਤਿਹਾਸ ਉਤੇ ਨਿਗ੍ਹਾ ਮਾਰੀਏ ਤਾਂ 5 ਜੁਲਾਈ 1881 ਨੂੰ ਪੋਲ ਟੈਕਸ ਚਾਈਨਜ਼ ਲੋਕਾਂ ਉਤੇ ਲਗਾਇਆ ਗਿਆ ਸੀ।

ਇਕ ਸ਼ਿੱਪ ਦੇ ਵਿਚ 10 ਟਨ ਭਾਰ ਮਗਰ ਇਕ ਵਿਅਕਤੀ ਹੀ ਇਥੇ ਦਾਖਲ ਹੋ ਸਕਦਾ ਸੀ। 1896 ਦੇ ਵਿਚ ਫਿਰ 200 ਟਨ ਪ੍ਰਤੀ ਵਿਅਕਤੀ ਕਰ ਦਿੱਤਾ ਗਿਆ ਸੀ ਤੇ 100 ਪੌਂਡ (20,000 ਡਾਲਰ) ਲਗਦੇ ਸਨ। ਇਹ ਕਾਨੂੰਨ ਦੀ ਕਾਫੀ ਨਿੰਦਾ ਹੋਈ ਸੀ ਅਤੇ ਫਿਰ ਇਹ 1934 ਦੇ ਵਿਚ ਇਹ ਟੈਕਸ ਮਾਫ ਕਰ ਦਿੱਤਾ ਗਿਆ ਸੀ ਤੇ 1944 ਦੇ ਵਿਚ ਕਾਨੂੰਨ ਵਾਪਿਸ ਲਿਆ ਗਿਆ ਸੀ। ਸੰਨ 2002 ਦੇ ਵਿਚ ਸਰਕਾਰ ਨੇ ਇਸ ਕਾਨੂੰਨ ਦੇ ਲਈ ਚਾਈਨਜ਼ ਭਾਈਚਾਰੇ ਤੋਂ ਮਾਫੀ ਵੀ ਮੰਗੀ ਸੀ।

# ਸਾਹਿਤ ਸਮਾਜ ਨੂੰ ਉੱਚੀਆਂ ਮੰਜ਼ਿਲਾਂ ਦੇ ਰਾਹੇ ਪਾਉਂਦਾ ਹੈ - ਬਲਬੀਰ ਪੱਟੀ

**ਮਾਹਿਲਪੁਰ–** ਸਾਹਿਤ ਸਮਾਜ ਨੂੰ ਉੱਚੀਆਂ ਮੰਜ਼ਿਲਾਂ ਦੇ ਰਾਹੇ ਪਾਉਂਦਾ ਹੈ।ਇਹ ਵਿਚਾਰ ਸਟੇਟ ਐਵਾਰਡੀ ਸਮਾਜ ਸੇਵਕ ਅਤੇ ਐੱਨ ਆਰ ਆਈ ਬਲਬੀਰ ਸਿੰਘ ਪੱਟੀ ਨੇ ਸੁਖਮਨ ਸਿੰਘ ਦੁਆਰਾ ਸੰਪਾਦਤ ਪੁਸਤਕ 'ਉੱਚੀਆਂ ਮੰਜ਼ਿਲਾਂ ਦੇ ਰਾਹ' ਨੂੰ ਜਾਰੀ ਕਰਦਿਆਂ ਕਰੂੰਬਲਾਂ ਭਵਨ ਮਾਹਿਲਪੁਰ ਵਿਚ ਆਖੇ। ਉਨ੍ਹਾਂ ਅੱਗੇ ਕਿਹਾ ਕਿ ਨਿੱਕੀਆਂ ਕਰੂੰਬਲਾਂ ਪ੍ਰਕਾਸ਼ਨ ਵੱਲੋਂ ਨਵੀਆਂ ਕਲਮਾਂ ਨੂੰ ਉਤਸ਼ਾਹਿਤ ਕਰਕੇ ਉੱਚੀਆਂ ਮੰਜ਼ਿਲਾਂ ਦੇ ਰਾਹੇ ਪਾਇਆ ਜਾ ਰਿਹਾ ਹੈ, ਜਿਸ ਵਾਸਤੇ ਸ੍ਰੀ ਬਲਜਿੰਦਰ ਮਾਨ ਅਤੇ ਕਰੂੰਬਲਾਂ ਪਰਿਵਾਰ ਵਧਾਈ ਦਾ ਹੱਕਦਾਰ ਹੈ। ਸੁਰ ਸੰਗਮ ਵਿੱਦਿਅਕ ਟਰੱਸਟ ਦੇ ਪ੍ਰਧਾਨ ਅਤੇ ਨਿੱਕੀਆਂ ਕਰੂੰਬਲਾਂ ਦੇ ਸੰਪਾਦਕ ਬਲਜਿੰਦਰ ਮਾਨ ਨੇ ਸੁਖਮਨ ਸਿੰਘ ਬਾਰੇ ਬੋਲਦਿਆਂ ਕਿਹਾ ਕਿ ਉਹ ਬਹੁ ਪੱਖੀ ਪ੍ਰਤਿਭਾ ਵਾਲਾ ਹੋਣਹਾਰ ਸਾਹਿਤਕਾਰ



ਤੇ ਕਲਾਕਾਰ ਹੈ।ਉਸ ਦੀ ਮਾਤਾ ਰਣਦੀਪ ਕੌਰ ਨੇ ਉਸ ਨੂੰ ਨਰੋਈ ਦਿਸ਼ਾ ਦੇਣ ਲਈ ਪਹਾੜਾਂ ਨਾਲ ਮੱਥਾ ਲਾਇਆ। ਉਨ੍ਹਾਂ ਅੱਗੇ ਕਿਹਾ ਕਿ ਸੁਖਮਨ ਸਿੰਘ ਤੋਂ ਸਾਹਿਤ ਅਤੇ ਕਲਾ ਜਗਤ ਨੂੰ ਬਹੁਤ ਉਮੀਦਾਂ ਹਨ। ਇਸ ਪੁਸਤਕ ਵਿੱਚ ਸਤਾਰਾਂ ਨਵੇਂ ਸਾਹਿਤਕਾਰਾਂ ਦੀਆਂ ਸਾਹਿਤਕ ਵੰਨਗੀਆਂ ਸ਼ਾਮਲ ਕੀਤੀਆਂ ਗਈਆਂ ਹਨ। ਪੁਸਤਕ ਰਿਲੀਜ਼ ਸਮਾਰੋਹ ਦੀ ਪ੍ਰਧਾਨਗੀ ਕਰਦਿਆਂ ਸਰਦਾਰ ਬੱਗਾ ਸਿੰਘ ਆਰਟਿਸਟ, ਪੰਮੀ ਖੁਸ਼ਹਾਲਪੁਰੀ, ਕੁਲਬੀਰ ਸਿੰਘ ਗਿੱਲ, ਰਾਜ ਬਹਾਦਰ ਕੌਰ ਨੇ ਕਿਹਾ ਕਿ ਉਨ੍ਹਾਂ ਨੂੰ ਉਸ ਤੇ ਮਣਾਂ ਮੂੰਹੀ ਮਾਣ ਹੈ ਜਿਸ ਨੇ ਉਨ੍ਹਾਂ ਦੇ ਨਾਂ ਨੂੰ ਦੇਸ਼ ਵਿਦੇਸ਼ ਵਿੱਚ ਚਮਕਾਇਆ।

ਸਮਾਰੋਹ ਵਿੱਚ ਸ਼ਾਮਲ ਕਲਾਕਾਰਾਂ ਨੇ ਆਪਣੀਆਂ ਕਲਾਤਮਕ ਵੰਨਗੀਆਂ ਨਾਲ ਸਮੂਹ ਦਰਸ਼ਕਾਂ ਦਾ ਮਨ ਮੋਹਿਆ। ਇਸ ਮੌਕੇ ਸੰਪਾਦਕ ਸੁਖਮਨ ਸਿੰਘ ਅਤੇ ਲੇਖਕ ਸਚਿਨ ਸ਼ਰਮਾ ਦਾ ਮਾਣ ਸਨਮਾਨ ਵੀ ਕੀਤਾ ਗਿਆ। ਇਸ ਆਯੋਜਨ ਨੂੰ ਸਫ਼ਲ ਬਣਾਉਣ ਵਿੱਚ ਹਰਜੋਤ ਸਿੰਘ, ਹਰਵੀਰ ਮਾਨ, ਹਰਮਨਪ੍ਰੀਤ ਕੌਰ,ਰਵਨੀਤ ਕੌਰ,ਕੁਲਦੀਪ ਕੌਰ, ਮਨਜਿੰਦਰ ਸਿੰਘ ਆਦਿ ਨੇ ਅਹਿਮ ਭੂਮਿਕਾ ਨਿਭਾਈ।ਸਭ ਦਾ ਧੰਨਵਾਦ ਪ੍ਰਿੰਸੀਪਲ ਮਨਜੀਤ ਕੌਰ ਵੱਲੋਂ ਕੀਤਾ ਗਿਆ।

# ਜਮਹੂਰੀ ਅਧਿਕਾਰ ਸਭਾ ਦੀ ਅਗਵਾਈ ਵਿੱਚ ਤੀਸਤਾ ਸੀਤਲਵਾੜ ਤੇ ਸਾਥੀਆਂ ਦੀ ਰਿਹਾਈ ਲਈ ਜ਼ੋਰਦਾਰ ਪ੍ਰਦਰਸ਼ਨ

**ਬਠਿੰਡਾ–** ਅੱਜ ਇਥੇ ਜਮਹੂਰੀ ਅਧਿਕਾਰ ਸਭਾ ਦੀ ਅਗਵਾਈ ਵਿੱਚ ਤਰਕਸ਼ੀਲ ਸੁਸਾਇਟੀ,ਡੀਟੀਐਫ (ਦੋਨੋ), ਮੈਡੀਕਲ ਪ੍ਰੈਕਟੀਸ਼ਨਰ ਐਸੋਸੀਏਸ਼ਨ,ਬੀਕੇਯੂ ਉਗਰਾਹਾਂ, ਪੰਜਾਬ ਗੌਰਮਿੰਟ ਪੈਨਸ਼ਨਰ ਐਸੋਸੀਏਸ਼ਨ,ਨੌਜਵਾਨ ਭਾਰਤ ਸਭਾ,ਠੇਕਾ ਮੁਲਾਜ਼ਮ ਸੰਘਰਸ਼ ਕਮੇਟੀ ਆਦਿ ਜਨਤਕ ਜਮਹੂਰੀ ਜਥੇਬੰਦੀਆਂ ਨੇ ਬਲਡੋਜ਼ਰ ਰਾਜ,ਅਗਨੀਪਥ ਯੋਜਨਾ ਤੇ ਫਿਰਕਾਪ੍ਰਸਤੀ ਦਾ ਵਿਰੋਧ ਕਰਦਿਆਂ ਤੀਸਤਾ ਸੀਤਲਵਾੜ ਤੇ ਹੋਰ ਸਾਥੀਆਂ ਦੀ ਰਿਹਾਈ ਲਈ ਫਾਇਰ ਬ੍ਰਿਗੇਡ ਚੌਕ ਵਿੱਚ ਜ਼ੋਰਦਾਰ ਪ੍ਰਦਰਸ਼ਨ ਕੀਤਾ ਅਤੇ ਪਿਛਲੇ ਸਾਲ ਹਕੂਮਤੀ ਹਿਰਾਸਤ ਵਿੱਚ ਸ਼ਹੀਦ ਕੀਤੇ ਗਏ ਉੱਘੇ ਬਜ਼ੁਰਗ ਬੁੱਧੀਜੀਵੀ ਸਟੇਨ ਸੁਆਮੀ ਨੂੰ ਸ਼ਰਧਾਂਜਲੀ ਭੇਟ ਕੀਤੀ। ਇਸ ਸਬੰਧੀ ਜਾਣਕਾਰੀ ਦਿੰਦਿਆਂ ਪ੍ਰੈੱਸ ਸਕੱਤਰ ਡਾ ਅਜੀਤਪਾਲ ਸਿੰਘ ਤੇ ਜਨਰਲ ਸਕੱਤਰ ਪ੍ਰਿਤਪਾਲ ਸਿੰਘ ਨੇ ਦੱਸਿਆ ਕਿ ਤਰਕਸ਼ੀਲ ਸੁਸ–ਾਇਟੀ ਵੱਲੋਂ ਰਾਜਪਾਲ ਸਿੰਘ,ਠੇਕਾ ਮੁਲਾਜ਼ਮ ਯੂਨ–ੀਅਨ ਵੱਲੋਂ ਗੁਰਵਿੰਦਰ ਸਿੰਘ,ਬੀ ਕੇ ਯੂ ਉਗਰਾਹਾਂ ਵੱਲੋਂ ਨਿਰਮਲ ਸਿੰਘ,ਡੀਟੀਐਫ ਵੱਲੋਂ ਰੇਸ਼ਮ ਸਿੰਘ ਅਤੇ ਜਮਹੂਰੀ ਅਧਿਕਾਰ ਸਭਾ ਵੱਲੋਂ ਸੁਦੀਪ ਸਿੰਘ ਨੇ ਸੰਬੋਧਨ ਕਰਦਿਆਂ ਕਿਹਾ ਕਿ ਮੋਦੀ ਹਕੂਮਤ ਨੇ ਜ਼ੁਬਾਨਬੰਦੀ ਅਤੇ ਬਦਲਾਖੋਰੀ ਦੀ ਨੀਤੀ ਤੇ ਚੱਲਦਿਆਂ ਮਨੁੱਖੀ ਹੱਕਾਂ ਦੀ ਉੱਘੀ ਕਾਰਕੁੰਨ ਤੀਸਤਾ ਸੀਤਲਵਾੜ ਨੂੰ ਝੂਠਾ ਕੇਸ ਮੜ੍ਹ ਕੇ ਜੇਲ੍ਹ ਅੰਦਰ ਡੱਕਿਆ ਹੋਇਆ ਹੈ। ਉਸ ਦਾ ਕਸੂਰ ਇਹ ਹੈ ਕਿ ਉਸ ਨੇ 2002 ਦੇ ਗੁਜਰਾਤ ਦੰਗਿਆਂ ਦੇ ਪੀੜਤਾਂ ਨੂੰ ਨਿਆਂ ਦਿਵ–ਾਉਣ ਵਾਸਤੇ ਕਾਨੂੰਨੀ ਚਾਰਾਜੋਈ ਕੀਤੀ। ਇਨ੍ਹਾਂ ਦੰਗਿਆਂ ਦੌਰਾਨ ਸੈਂਕੜੇ ਜਾਨਾਂ ਜਾਂਦੀਆਂ ਰਹੀਆਂ ਸਨ। ਸੰਜੀਵ ਭੱਟ ਤੇ ਆਰ ਬੀ ਸ੍ਰੀ ਕੁਮਾਰ ਵਰਗੇ ਸੀਨੀਅਰ ਪੁਲਸ ਅਫਸਰਾਂ ਨੇ ਗੁਜਰਾਤ ਦੀ ਤਤਕਲੀਨ ਮੋਦੀ ਸਰਕਾਰ ਤੇ ਫਸਾਦੀਆਂ ਦੀ ਪੁਸ਼ਤਪਨਾਹੀ ਕਰਨ ਦੇ ਦੋਸ਼ ਲਾਏ ਸਨ ਅਤੇ ਅਦਾਲਤ ਵਿੱਚ ਗਵਾਹੀਆਂ ਦਿ–ੱਤੀਆਂ ਸਨ। ਤੀਸਤਾ ਸੀਤਲਵਾੜ ਨੇ ਤਾਂ ਬੈਸਟ ਬੇਕਰੀ ਕੇਸ,ਗੁਲਬਰਗ ਸੁਸਾਇਟੀ ਤੇ ਨਰੋਦਾ ਪਾਟੀਆ ਕੇਸ ਵਿਚ ਇਨਸਾਫ ਲੈਣ ਵਿਚ ਸਫਲਤਾ ਹਾਸਲ ਕੀਤੀ ਸੀ ਅਤੇ ਉਸ ਵੇਲੇ ਦੇ ਮੰਤਰੀ ਮਾਇਆ ਕੋਡਨਾਨੀ ਤੇ ਬਾਬੂ ਬਜਰੰਗੀ ਨੂੰ ਉਮਰ ਕੈਦ ਦੀ ਸਜ਼ਾ ਕਰਵਾਈ ਸੀ। ਤੀਸਤਾ ਸੀਤਲਵਾੜ ਦੀ ਗ੍ਰਿਫ਼ਤਾਰੀ ਨਾਲ ਇਹ ਸੁਨੇਹਾ ਦਿੱਤਾ ਗਿਆ ਹੈ ਕਿ ਜੇ ਕੋਈ ਸਰਕਾਰ ਦੀਆਂ ਨੀਤੀਆਂ ਖਿਲਾਫ ਅਦਾਲਤ ਦਾ ਰੁਖ ਕਰਗਾ ਤਾਂ ਉਸ ਨੂੰ ਬਖਸ਼ਿਆ ਨਹੀਂ ਜਾਵੇਗਾ। ਸਭਾ ਦੇ ਜ਼ਿਲ੍ਹਾ ਪ੍ਰਧਾਨ ਪ੍ਰਿੰਸੀਪਲ ਬੱਗਾ ਸਿੰਘ ਨੇ ਧੰਨਵਾਦੀ ਭਾਸ਼ਨ ਸਮੇਂ ਆਪਣੇ ਵਿਚਾਰ ਰੱਖਦਿਆਂ ਕਿਹਾ ਕਿ ਹੋਰ ਤਾਂ ਹੋਰ ਭਾਰਤ ਦੀ ਨਿਆਂ ਪ੍ਰਣਾਲੀ ਵੀ ਨਿਰਪੱਖ ਨਾ ਰਹਿ ਕੇ ਅਸਿੱਧੇ ਢੰਗ ਨਾਲ ਹੁਣ ਸੱਤਾਧਾਰੀਆਂ ਦੇ ਪੱਖ ਵਿੱਚ ਭੁਗਤਣ ਲੱਗੀ ਹੈ। ਗੋਦੀ ਮੀਡੀਆ ਵੀ ਹਕੂਮਤ ਦਾ ਬੁਲਾਰਾ ਬਣ ਕੇ ਰਹਿ ਗਿਆ ਹੈ।




ਬੇਰੁਜ਼ਗਾਰੀ ਦਾ ਪੱਕਾ ਹੱਲ ਕਰਨ ਦੀ ਬਜਾਏ ਭਾਰਤ ਸਰਕਾਰ ਵੱਲੋਂ ਫੌਜ ਦੀ ਭਰਤੀ ਲਈ ਲਿਆਂਦੀ ਅਗਨੀਪੱਥ ਯੋਜਨਾ ਦਾ ਵਿਰੋਧ ਕਰਨਾ ਜਾਇਜ਼ ਹੈ। ਦੁਨੀਆਂ ਭਰ ਚ ਤੀਸਤਾ ਸੀਤਲਵਾੜ ਦੀ ਗ੍ਰਿਫ਼ਤਾਰੀ ਦਾ ਜ਼ੋਰਦਾਰ ਵਿਰੋਧ ਹੋ ਰਿਹਾ ਹੈ। ਸਭਾ ਮੋਦੀ ਸਰਕਾਰ ਦੀ ਇਸ ਦਹਿਸ਼ਤ ਪਾਊ ਨੀਤੀ ਦਾ ਵਿਰੋਧ ਕਰਦੀ ਹੋਈ ਘੱਟ ਗਿਣਤੀਆਂ ਖਾਸ ਕਰਕੇ ਮੁਸਲਮਾਨ ਭਾਈਚਾਰੇ ਨਾਲ ਦੂਜੇ ਦਰਜੇ ਦੇ ਇਨਸਾਨਾਂ ਵਾਲਾ ਸਲੂਕ ਕਰਨ ਦਾ ਵਿਰੋਧ ਕਰਦੀ ਹੈ ਅਤੇ ਕਿਰਤੀ ਲੋਕਾਂ ਦੀ ਭਾਈਚਾਰਕ ਏਕਤਾ ਦੀ ਰਾਖੀ ਕਰਨ ਤੇ ਸਮੂਹ ਬੁੱਧੀਜੀਵੀਆਂ ਦੀ ਰਿਹਾਈ ਵਾਸਤੇ ਆਵਾਜ਼ ਬੁਲੰਦ ਕਰਨ ਦਾ ਸੱਦਾ ਦਿੰਦੀ ਹੈ।

NSB Insurance
NIRMAL SINGH BADHAN
for Insurance Call:
NIRMAL SINGH BADHAN
707-228-2020
HEALTH INSURANCE | RETIREMENT
LIFE INSURANCE | COLLEGE PLANNING
LONG TERM CARE INS | AUTO * HOME
FUNERAL EXPENSE | BUSINESS
Call: 707-228-2020,
Fax: 707-260-2813
Lic #0144676
www.nsbinsures.com
1519 Gary CT., Rohnert Park, CA 94928



RE/MAX Gold
Each Office Independently Owned and Operated
ਰਿਹਾਇਸ਼ੀ ਜਾਂ ਵਪਾਰਕ ਸੰਪਤੀਆਂ ਵੇਚਣ ਅਤੇ ਖਰੀਦਣ ਲਈ ਸੰਪਰਕ ਕਰੋ ਜੀ
Dil Nijjar REALTOR ®
CalBRE # 01418648
Honesty Starts From Here
SELL OR BUY
Residential • Business • Commercial
Lease • Investment Property and Land
Serving in Greater Sacramento area since 2004
Cell: 916-628-2210
Fax: 916-745-3424
Office: 916-285-1000
Email : Dil.Realtor@gmail.com
2081 Arena Blvd #
100 Sacramento, CA 95834



# ਸ੍ਰੀ ਗੁਰੂ ਰਵਿਦਾਸ ਸਭਾ ਬੇ-ਏਰੀਆ ਵੱਲੋਂ ਮਹੀਨਾਵਾਰ ਸਮਾਗਮ

## ਇਸ ਮੌਕੇ ਡਾ. ਰੌਣਕੀ ਰਾਮ, ਡਾ. ਬਦਰੀ ਨਰਾਇਣ ਅਤੇ ਸ੍ਰੀ ਇਸ਼ਵਰ ਦਾਸ ਪਵਾਰ ਆਦਿ ਕਿਤਾਬਾਂ ਰਿਲੀਜ਼ ਕੀਤੀਆਂ

















**ਯੂਨੀਅਨ ਸਿਟੀ (ਡੀ. ਡੀ. ਬੀ.)-** ਸ੍ਰੀ ਗੁਰੂ ਰਵਿਦਾਸ ਸਭਾ ਬੇ-ਏਰੀਆ (ਕੈਲੇਫੋਰਨੀਆ) ਵੱਲੋਂ 26 ਜੂਨ ਦਿਨ ਐਤਵਾਰ ਨੂੰ ਸ੍ਰੀ ਗੁਰੂ ਰਵਿਦਾਸ ਟੈਂਪਲ ਯੂਨੀਅਨ ਸਿਟੀ (ਪ੍ਰਾਪਰਟੀ ਵਿਖੇ) ਸੰਗਤ ਦੇ ਸਹਿਯੋਗ ਨਾਲ ਮਹੀਨਾਵਾਰ ਪ੍ਰੋ-ਗਰਾਮ ਕੀਤਾ ਗਿਆ। ਇਸ ਦੌਰਾਨ ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸੁਖਮਨੀ ਸਾਹਿਬ ਦੇ ਪਾਠ ਕੀਤੇ ਗਏ ਤੇ ਭੋਗ ਉਪਰੰਤ ਗੁਰੂ ਘਰ ਦੇ ਮੁੱਖ ਗ੍ਰੰਥੀ ਭਾਈ ਸਾਹਿਬ ਭਾਈ ਬਲਦੇਵ ਸਿੰਘ ਤੇ ਜਥੇ ਨੇ ਰਸਭਿੰਨਾ ਸ਼ਬਦ ਗਾਇਨ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ ਅਤੇ ਇਹਨਾਂ ਤੋਂ ਇਲਾਵਾ ਉਘੇ ਸਮਾਜ ਸੇਵੀ ਅਤੇ ਗੁਰੂ ਘਰ ਦੀ ਉਸਾਰੀ ਜਾਣ ਵਾਲੀ ਬਿਲਡਿੰਗ ਲਈ ਵਿਸ਼ੇਸ਼ ਯੋਗਦਾਨ ਪਾਉਣ ਵਾਲੇ ਸ੍ਰੀਮਾਨ ਸੁਖਰਾਜ ਚੋਪੜਾ ਜੀ ਨੇ ਵੀ ਸ਼ਬਦ ਗਾਇਨ ਕੀਤਾ।

ਅੱਜ ਦੇ ਇਸ ਮਹੀਨਾਵਾਰ ਸਮਾਗਮ ਦੀ ਵਿਸ਼ੇਸ਼ਤਾ ਇਹ ਰਹੀ ਕਿ ਇਸ ਮੌਕੇ ਪ੍ਰੋਫੈਸਰ (ਡਾ.) ਰੌਣਕੀ ਰਾਮ ਜੀ ਦੁਆਰਾ ਲਿਖੀ ਕਿਤਾਬ ''ਪੰਜਾਬ ਕਿਸਾਨ ਘੋਲ ਦੇ ਸੌ ਸਾਲ 'ਪਗੜੀ ਸੰਭਾਲ ਲਹਿਰ ਤੋਂ ਸੰਯੁਕਤ ਕਿਸਾਨ ਮੋਰਚੇ ਤੱਕ'' ਅੰਗਰੇਜ਼ੀ ਵਿਚ ਰਿਲੀਜ਼ ਕੀਤੀ ਗਈ ਤੇ ਇਸ ਕਿਤਾਬ ਲਈ ਪਾਏ ਗਏ ਵਿਸ਼ੇਸ਼ ਸਹਿਯੋਗ ਲਈ ਸ੍ਰੀ ਪ੍ਰੇਮ ਕੁਮਾਰ ਚੁੰਬਰ ਮੁੱਖ ਸੰਪਾਦਕ ''ਅੰਬੇਦਕਰ ਟਾਈਮਜ਼'' ਅਤੇ ''ਦੇਸ਼ ਦੁਆਬਾ'' ਨੇ ਸ. ਜਸਵੀਰ ਸਿੰਘ ਤੱਖਰ ਅਤੇ ਸ. ਸੁਦੇਸ਼ ਸਿੰਘ ਅਟਵਾਲ ਜੀ ਦਾ ਧੰਨਵਾਦ ਕਰਦਿਆਂ ਉਹਨਾਂ ਨੂੰ ਤੇ ਕਮੇਟੀ ਨੂੰ ਕਿਤਾਬਾਂ ਭੇਂਟ ਕੀਤੀਆਂ ਗਈਆਂ।

ਇਸ ਤੋਂ ਇਲਾਵਾ ਡਾ. ਬਦਰੀ ਨਾਰਾਇਣ ਦੁਆਰਾ ਇੰਗਲਿਸ਼ 'ਚ ਲਿਖੀ ਕਿਤਾਬ ਦਾ ਡਾ. ਪਰਮਜੀਤ ਚੁੰਬਰ ਅਤੇ ਡਾ. ਹਰਜਿੰਦਰ ਕੁਮਾਰ ਦੁਆਰਾ ਪੰਜਾਬੀ ਅਨੁਵਾਦ ਕੀਤੀ ਕਿਤਾਬ 'ਬਹੁਜਨਾਂ ਦੇ ਨਾਇਕ ਕਾਂਸ਼ੀ ਰਾਮ' ਰਿਲੀਜ਼ ਕੀਤੀ ਗਈ। ਇਸ ਕਿਤਾਬ ਬਾਰੇ ਸੰਖੇਪ ਜਾਣਕਾਰੀ ਦਿੰਦਿਆਂ, ਇਸ ਕਿਤਾਬ ਦੇ ਅਨੁਵਾਦਕਾਂ ਡਾ. ਪਰਮਜੀਤ ਚੁੰਬਰ ਅਤੇ ਡਾ. ਹਰਜਿੰਦਰ ਕੁਮਾਰ 'ਚੋਂ ਡਾ. ਹਰਜਿੰਦਰ ਕੁਮਾਰ ਉਚੇਚੇ ਤੌਰ 'ਤੇ ਆਪਣੀ ਮਿਸਿਜ਼ ਨਾਲ ਇਸ ਕਿਤਾਬ ਨੂੰ ਰਿਲੀਜ਼ ਕਰਨ ਅਤੇ ਜਾਣਕਾਰੀ ਦੇਣ ਲਈ ਮੈਰੀਲੈਂਡ (ਅਮਰੀਕਾ) ਤੋਂ ਇਸ ਸਮਾਗਮ 'ਚ ਹਾਜ਼ਰ ਹੋਏ ਅਤੇ ਉਹਨਾਂ ਕਿਤਾਬ ਬਾਰੇ ਅਤੇ ਸਾਹਿਬ ਕਾਂਸ਼ੀ ਰਾਮ ਜੀ ਤੇ ਉਹਨਾਂ ਦੇ ਸੰਘਰਸ਼ ਬਾਰੇ ਆਪਣੇ ਵਿਚਾਰਾਂ ਦੀ ਸਾਂਝ ਪਾਉਂਦਿਆਂ ਸ੍ਰੀ ਗੁਰੂ ਰਵਿਦਾਸ ਸਭਾ ਬੇ-ਏਰੀਆ (ਕੈਲੇਫੋਰਨੀਆ) ਅਤੇ ਮੁੱਖ ਸੰਪਾਦਕ ਸ੍ਰੀ ਪ੍ਰੇਮ ਕੁਮਾਰ ਚੁੰਬਰ ਦਾ ਵਿਸ਼ੇਸ਼ ਧੰਨਵਾਦ ਕੀਤਾ, ਜਿਹਨਾਂ ਇਸ ਕਿਤਾਬ ਨੂੰ ਰਿਲੀਜ਼ ਕਰਨ ਦੀ ਪੂਰੀ ਦਿਲਚਸਪੀ ਦਿਖਾਈ।

ਇਹੀ ਕਿਤਾਬਾਂ ਕੁਝ ਦਿਨ ਪਹਿਲਾਂ ਭਾਰਤ ਰਤਨ ਡਾ. ਬੀ. ਆਰ. ਅੰਬੇਦਕਰ ਦੇ ਜਨਮ ਦਿਨ ਮਨਾਏ ਜਾਣ ਤੇ ਸ੍ਰੀ ਗੁਰੂ ਰਵਿਦਾਸ ਸਭਾ ਸੈਕਰਾਮੈਂਟੋ (ਕੈਲੇਫੋਰਨੀਆ) ਨੂੰ ਸ੍ਰੀ ਪ੍ਰੇਮ ਕੁਮਾਰ ਚੁੰਬਰ ਮੁੱਖ ਸੰਪਾਦਕ 'ਅੰਬੇਦਕਰ ਟਾਈਮਜ਼' ਅਤੇ 'ਦੇਸ਼ ਦੁਆਬਾ' ਨੇ ਸਨਿਮਰ ਭੇਂਟ ਕੀਤੀਆਂ ਤੇ ਜਾਣਕਾਰੀ ਮੁਹੱਈਆ ਕਰਵਾਉਂਦਿਆਂ ਸਭਾ ਦੇ ਧੰਨਵਾਦ ਵੀ ਕੀਤਾ।

ਡਾ. ਹਰਜਿੰਦਰ ਕੁਮਾਰ ਤੇ ਉਹਨਾਂ ਦੀ ਧਰਮ ਪਤਨੀ ਤੋਂ ਇਲਾਵਾ ਸ. ਸੁਦੇਸ਼ ਸਿੰਘ ਅਟਵਾਲ, ਸ. ਜਸਵੀਰ ਸਿੰਘ ਤੱਖਰ ਅਤੇ ਸ੍ਰੀ ਪ੍ਰੇਮ ਕੁਮਾਰ ਚੁੰਬਰ, ਸ੍ਰੀ ਚੇਮਸ ਭੱਟੀ ਅਤੇ ਸ੍ਰੀ ਪਾਮਸ ਭੱਟੀ ਆਦਿ ਦਾ ਸਿਰੋਪਾਓ ਨਾਲ ਸਨਮਾਨ ਕੀਤਾ।

ਇਸ ਮੌਕੇ ਸਾਬਕਾ ਜੱਜ ਅਤੇ ਪਾਸਪੋਰਟ ਅਫਸਰ ਮਰਹੂਮ ਦੀ ਕਿਤਾਬ 'ਮਾਈ ਸਟ੍ਰਗਲ ਇਨ ਲਾਈਫ' ਭੱਟੀ ਬ੍ਰਦਰਜ਼ ਦੁਆਰਾ ਭੇਂਟ ਕੀਤੀ ਗਈ।

ਮਹੀਨਾਵਾਰ ਸਮਾਗਮ ਦੀ ਸੇਵਾ ਸ੍ਰੀ ਬਲਵਿੰਦਰ ਸਿੰਘ ਬਸਰਾ ਅਤੇ ਮਿਸਿਜ਼ ਰਾਜ ਰਾਣੀ ਪਰਿਵਾਰ ਦੁਆਰਾ ਕੀਤੀ ਗਈ ਤੇ ਗੁਰੂ ਘਰ ਦੀ ਪ੍ਰਬੰਧਕ ਕਮੇਟੀ ਵੱਲੋਂ ਉਹਨਾਂ ਦਾ ਧੰਨਵਾਦ ਕੀਤਾ ਗਿਆ।

ਸਟੇਜ ਦੀ ਸੇਵਾ ਸਭਾ ਦੇ ਜਨਰਲ ਸਕੱਤਰ ਸ੍ਰੀ ਨਰੇਸ਼ ਕੁਮਾਰ ਗੱਡੂ ਨੇ ਬਾਖੂਬੀ ਨਾਲ ਨਿਭਾਈ ਅਤੇ ਚੇਅਰਮੈਨ ਸ੍ਰੀ ਵਿਨੋਦ ਕੁਮਾਰ ਚੁੰਬਰ ਨੇ ਸਮੂਹ ਗੁਰੂਪਿਆਰੀ ਸੰਗਤ ਦਾ ਕੋਟਿਨ-ਕੋਟਿ ਧੰਨਵਾਦ ਕਰਦਿਆਂ ਗੁਰੂ ਘਰ ਉਸਾਰੇ ਜਾਣ ਲਈ ਵੱਧ ਤੋਂ ਵੱਧ ਮਾਇਆ ਨਾਲ ਸਹਿਯੋਗ ਕਰਨ ਦੀ ਸਨਿਮਰ ਬੇਨਤੀ ਕਰਦਿਆਂ, ਇਸ ਸਮਾਗਮ ਦੀ ਉਚੇਰੇ ਤੌਰ ਤੇ ਮੀਡੀਆ ਕਵਰੇਜ਼ ਲਈ ਸ੍ਰੀ ਪ੍ਰੇਮ ਕੁਮਾਰ ਚੁੰਬਰ, ਭੱਟੀ ਬ੍ਰਦਰਜ਼ ਸ੍ਰੀ ਚੇਮਸ ਭੱਟੀ ਤੇ ਪਾਮਸ ਭੱਟੀ ਦਾ ਧੰਨਵਾਦ ਕੀਤਾ।


---

# ਸ੍ਰੀ ਗੁਰੂ ਰਵਿਦਾਸ ਸਭਾ ਬੇ-ਏਰੀਆ ਵੱਲੋਂ ਮਹੀਨਾਵਾਰ ਸਮਾਗਮ

















ਪੰਜਾਬੀ ਭਾਈਚਾਰੇ ਦੀ ਨਾਮਵਰ ਸ਼ਖਸੀਅਤ ਸ੍ਰੀ ਅਮਰੀਕ ਚੰਦ ਲਾਖਾ ਸੀਪੀਏ ਜੀ ਨੂੰ ਭੱਟੀ ਬ੍ਰਦਰਜ਼ ਸ੍ਰੀ ਇਸ਼ਵਰ ਦਾਸ ਪਵਾਰ ਜੀ ਦੀ ਕਿਤਾਬ ਭੇਂਟ ਕਰਦੇ ਹੋਏ।




















### ਪ੍ਰਕਾਸ਼ ਪੁਰਬ 'ਤੇ ਵਿਸ਼ੇਸ਼

# 'ਮੀਰੀ-ਪੀਰੀ ਦੇ ਸੱਚੇ ਪਾਤਸ਼ਾਹ' ਤੇ 'ਸੰਤ-ਸਿਪਾਹੀ' ਸ੍ਰੀ ਗੁਰੂ ਹਰਗੋਬਿੰਦ ਜੀ

'ਮੀਰੀ- ਪੀਰੀ ਦੇ ਸੱਚੇ ਪਾਤਸ਼ਾਹ' ਸ੍ਰੀ ਗੁਰੂ ਹਰਗੋਬਿੰਦ ਜੀ ਦਾ ਜਨਮ 19 ਜੂਨ, 1595 ਈਸਵੀ ਨੂੰ ਪਿੰਡ ਗੁਰੂ ਕੀ ਵਡਾਲੀ, ਜ਼ਿਲ੍ਹਾ ਅੰਮ੍ਰਿਤਸਰ ਵਿਖੇ ਹੋਇਆ। ਉਹ ਗੁਰੂ ਅਰਜਨ ਦੇਵ ਜੀ ਦੇ ਇਕਲੌਤੇ ਪੁੱਤਰ ਸਨ। ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਤੋਂ ਕੁਝ ਦਿਨ ਪਹਿਲਾਂ 25 ਮਈ, 1606 ਈਸਵੀ ਨੂੰ ਉਹ ਗੁਰੂ ਨਾਨਕ ਦੇਵ ਜੀ ਦੀ ਗੁਰਗੱਦੀ ਦੇ ਛੇਵੇਂ ਗੁਰੂ ਨਿਯੁਕਤ ਹੋਏ। ਥੋੜ੍ਹੇ ਵੱਡੇ ਹੋਣ 'ਤੇ ਜਿਵੇਂ ਉਨ੍ਹਾਂ ਦੇ ਪਿਤਾ ਜੀ ਨੇ ਕਿਹਾ ਸੀ ਉਵੇਂ ਹੀ ਉਨ੍ਹਾਂ ਨੇ ਯੁੱਧ ਕਲਾ, ਗਤਕਾ ਤੇ ਧਾਰਮਿਕ ਸਿੱਖਿਆ ਪ੍ਰਾਪਤ ਕੀਤੀ ਤੇ ਬਾਬਾ ਬੁੱਢਾ ਜੀ ਨੇ ਉਹਨਾਂ ਨੂੰ ਧਾਰਮਿਕ ਸਿੱਖਿਆ ਦੇਣ ਦੀ ਜ਼ਿੰਮੇਵਾਰੀ ਨਿਭਾਈ।

ਗੁਰਗੱਦੀ ਪ੍ਰਾਪਤੀ ਵਾਲੇ ਦਿਨ ਗੁਰੂ ਹਰਗੋਬਿੰਦ ਜੀ ਨੇ ਐਲਾਨ ਕੀਤਾ ਕਿ ਉਹ ਆਪਣੇ ਸਿਰ ਨੂੰ ਢਕਣ ਲਈ ਗਰਮ ਊਨੀ ਡੋਰੇਦਾਰ ਕੱਪੜਾ ਪਹਿਨਣਗੇ ਜਿਵੇਂ ਕਿ ਉਨ੍ਹਾਂ ਤੋਂ ਪਹਿਲਾਂ ਸਾਰੇ ਗੁਰੂ ਸਾਹਿਬਾਨ ਨੇ ਗੁਰਗੱਦੀ ਨਸ਼ੀਨੀ ਸਮੇਂ ਪਹਿਨਿਆ ਸੀ। ਬਾਬਾ ਬੁੱਢਾ ਜੀ ਨੇ ਇਸ ਤੋਂ ਪਹਿਲਾਂ ਗੁਰਗੱਦੀ ਦੀ ਰਸਮ ਨਿਭਾਉਣ ਸਮੇਂ ਕਦੀ ਵੀ ਆਪਣੇ ਹੱਥਾਂ 'ਚ ਤਲਵਾਰ ਨਹੀਂ ਫੜੀ ਸੀ ਕਿ ਉਹਨਾਂ ਨੇ ਪਹਿਲੇ ਗੁਰੂ ਸਾਹਿਬਾਨ ਨੂੰ ਇਸ ਰਸਮ 'ਚ ਤਲਵਾਰ ਪਹਿਨਾਈ ਹੋਵੇ ਪਰ ਅੱਜ ਉਨ੍ਹਾਂ ਨੂੰ ਗੁਰੂ ਸਾਹਿਬ ਨੇ ਕਿਹਾ ਕਿ, "ਅੱਜ ਉਹ ਇਕ ਨਹੀਂ ਸਗੋਂ ਦੋ ਤਲਵਾਰਾਂ ਪਹਿਨਣਗੇ, ਇਕ ਸ਼ਕਤੀ (ਮੀਰੀ) ਦੀ ਤੇ ਦੂਸਰੀ ਭਗਤੀ (ਪੀਰੀ) ਦੀ।'' ਅੱਜ ਤੋਂ ਉਹ ਆਪਣੇ ਨਾਲ ਹਮੇਸ਼ਾ ਦੋ ਤਲਵਾਰਾਂ ਪਹਿਨ ਕੇ ਰੱਖਣਗੇ, ਜਿਹੜੀਆਂ ਕਿ ਦੋ-ਪੱਖੀ ਪ੍ਰਤੀਕੀਕਰਣ ਦਾ ਸੰਕੇਤ ਦੇਣਗੀਆਂ।' ਇਕ ਸੰਸਾਰਕ ਸ਼ਕਤੀ 'ਮੀਰੀ' ਤੇ ਦੂਸਰੀ ਰੂਹਾਨੀਅਤ 'ਪੀਰੀ' ਦੀ।

ਗੁਰੂ ਹਰਗੋਬਿੰਦ ਜੀ ਨੇ 25 ਮਈ, 1606 ਈਸਵੀ ਨੂੰ ਗੁਰਗੱਦੀ ਦੀ ਰਸਮ ਉਠਾਈ ਤੋਂ ਥੋੜ੍ਹਾ ਹੀ ਸਮਾਂ ਬਾਅਦ ਇਕ ਨਵੇਂ ਮੰਦਰ ਦੀ ਉਸਾਰੀ ਅੰਮ੍ਰਿਤਸਰ ਸਾਹਿਬ 'ਚ ਹੀ ਸ਼ੁਰੂ ਕਰਵਾਈ, ਜਿਸ ਦਾ ਨਾਮ ਸੀ 'ਸ੍ਰੀ ਅਕਾਲ ਤਖਤ ਸਾਹਿਬ' ਤੇ ਇਸਨੂੰ 'ਸ੍ਰੀ ਹਰਿਮੰਦਰ ਸਾਹਿਬ' ਦੇ ਬਿਲਕੁਲ ਸਾਹਮਣੇ ਹੀ ਬਣਵਾਇਆ। ਇਸ 'ਅਕਾਲ ਤਖਤ ਸਾਹਿਬ' ਦੀ ਉਸਾਰੀ ਦਾ ਮੰਤਵ ਸੀ ਕਿ ਸਿੱਖ ਮਸਲਿਆਂ ਨੂੰ ਇੱਥੇ ਹੱਲ ਕੀਤਾ ਜਾਇਆ ਕਰੇਗਾ। 'ਅਕਾਲ ਤਖਤ ਸਾਹਿਬ' 'ਤੇ ਸਿੱਖ ਜਗਤ ਦੇ ਸੰਸਾਰਕ ਮਸਲਿਆਂ ਤੇ 'ਸ੍ਰੀ ਹਰਿਮੰਦਰ ਸਾਹਿਬ' ਤੋਂ ਰੂਹਾਨੀਅਤ ਦਾ ਸੰਦੇਸ਼ ਦੇ ਕੇ ਬਰਾਬਰ ਸੰਤੁਲਨ ਰੱਖਿਆ ਜਾਵੇਗਾ। ਇਸ ਤਰ੍ਹਾਂ ਗੁਰੂ ਸਾਹਿਬ ਦਾ ਇਹ ਦੋਰੁਖੀ ਸੰਕਲਪ 'ਮੀਰੀ ਤੇ ਪੀਰੀ' 'ਤੇ ਜ਼ੋਰ ਦੇਣਾ ਸੀ। ਇਸ ਤਰ੍ਹਾਂ ਗੁਰੂ ਸਾਹਿਬ ਦਾ ਇਹ ਬਾਦਸ਼ਾਹਾਂ ਵਾਲਾ ਰਾਜ-ਅਧਿਕਾਰ ਜਾਂ ਰਾਜ ਚਿੰਨ੍ਹ ਸਿੱਖ ਜਗਤ 'ਚ 'ਸੱਚੇ ਪਾਤਸ਼ਾਹ' ਦੇ ਰੂਪ 'ਚ ਜਾਣਿਆ ਜਾਣ ਲੱਗਾ ਸੀ।

ਗੁਰੂ ਹਰਗੋਬਿੰਦ ਜੀ ਇਹ ਗੱਲ ਚੰਗੀ ਤਰ੍ਹਾਂ ਜਾਣਦੇ ਸਨ ਕਿ ਸਿੱਖਾਂ ਨੂੰ ਇਹ ਆਜ਼ਾਦੀ ਇੰਨੀ ਜਲਦੀ ਮਿਲਣ ਵਾਲੀ ਨਹੀਂ ਹੈ ਪਰ ਉਹਨਾਂ ਨੂੰ ਜ਼ੁਲਮ ਤੇ ਅੱਤਿਆਚਾਰ ਦੇ ਵਿਰੁੱਧ ਲਾਮਬੰਦ ਹੋਣ ਲਈ ਸ਼ਸਤਰਧਾਰੀ ਹੋਣਾ ਹੀ ਪਵੇਗਾ। ਗੁਰੂ ਹਰਗੋਬਿੰਦ ਸਾਹਿਬ ਨੇ ਮਸੰਦਾਂ ਤੇ ਆਪਣੇ ਸਿੱਖ ਸ਼ਰਧਾਲੂਆਂ ਨੂੰ ਇਹ ਆਦੇਸ਼ ਦਿੱਤਾ ਕਿ ਅੱਗੋਂ ਤੋਂ ਜਿਹੜਾ ਵੀ ਸਿੱਖ ਉਹਨਾਂ ਦੇ ਦਰਸ਼ਨਾਂ ਲਈ, ਉਹਨਾਂ ਦੇ ਦਰਬਾਰ 'ਚ ਆਵੇ, ਉਹ ਮਾਇਆ ਦੇ ਚੜ੍ਹਾਵੇ ਦੇ ਨਾਲ-ਨਾਲ ਆਪਣੀ ਸਮਰੱਥਾ ਅਨੁਸਾਰ ਹਥਿਆਰ ਤੇ ਘੋੜੇ ਆਦਿ ਵੀ ਲਿਆਵੇ। ਉਸ ਸਮੇਂ ਹਿੰਦੂ ਸਮਾਜ ਬਹੁਤ ਕਮਜ਼ੋਰ ਹੋ ਚੁੱਕਾ ਸੀ, ਜਿਹੜਾ ਕਿ ਸਮੇਂ ਦੀ ਸਰਕਾਰ ਨੂੰ ਜ਼ੁਲਮ ਤੇ ਅੱਤਿਆਚਾਰ ਦੇ ਖਿਲਾਫ ਟੱਕਰ ਨਹੀਂ ਦੇ ਸਕਦਾ ਸੀ। ਸਿੱਖ ਅਜੇ ਇਕੱਲੇ ਵੀ ਉਸ ਸਮੇਂ ਇੰਨੇ ਸ਼ਕਤੀਸ਼ਾਲੀ ਨਹੀਂ ਸਨ ਕਿ ਉਹ ਇੱਡੀ ਵੱਡੀ ਮੁਗਲ ਸਲਤਨਤ ਨਾਲ ਟੱਕਰ ਲੈ ਸਕਣ। ਉਨ੍ਹਾਂ ਨੂੰ ਅਜੇ ਆਪਣੇ ਹੱਕਾਂ ਤੇ ਅਧਿਕਾਰਾਂ ਦੀ ਪ੍ਰਾਪਤੀ ਲਈ ਤੇ ਜ਼ੁਲਮ ਨਾਲ ਟੱਕਰ ਲੈਣ ਲਈ ਕਾਫੀ ਜਾਗਰੂਕਤਾ ਦੀ ਲੋੜ ਸੀ।

ਉਹ ਹਥਿਆਰ ਸੰਭਾਲਣ ਤੇ ਆਪਣਾ ਰੋਜ਼ਾਨਾ ਜੀਵਨ ਚੁਸਤ-ਦਰੁਸਤ ਹੋ ਕੇ ਬਸਰ ਕਰਨ, ਘੋੜ ਸਵਾਰੀ ਸਿੱਖਣ, ਘੋੜ ਦੌੜ 'ਚ ਭਾਗ ਲੈਣ ਤੇ ਆਪਣਾ ਚੰਗਾ ਸਮਾਂ ਬਤੀਤ ਕਰਨ ਲਈ ਸ਼ਿਕਾਰ ਖੇਡਿਆ ਕਰਨ।ਪ੍ਰਮਾਤਮਾ ਦਾ ਨਾਮ ਜਪਣ ਦੇ ਨਾਲ ਨਾਲ ਉਹ ਆਪਣੇ ਸਰੀਰ ਨੂੰ ਸੁਡੌਲ ਬਣਾਉਣ ਲਈ ਕਸਰਤ ਕਰਨ ਤੇ ਹਥਿਆਰਾਂ ਨੂੰ ਚਲਾਉਣ ਦੀ ਸਿੱਖਿਆ ਵੀ ਪ੍ਰਾਪਤ ਕਰਨ। ਇਸ ਤਰ੍ਹਾਂ ਗੁਰੂ ਸਾਹਿਬ ਦੇ ਇਹਨਾਂ ਆਦੇਸ਼ਾਂ ਦੇ ਥੋੜ੍ਹੇ ਸਮੇਂ ਬਾਅਦ ਹੀ ਉਹਨਾਂ ਪਾਸ ਇਕ ਹਜ਼ਾਰ ਘੋੜ ਸਵਾਰ ਸੈਨਾ ਤਿਆਰ ਹੋ ਗਈ। ਇਸ ਦੇ ਨਾਲ-ਨਾਲ ਰੂਹਾਨੀਅਤ ਦੀ ਸਿੱਖਿਆ ਵੀ ਬਰਾਬਰ ਚਲਦੀ ਰਹੀ। ਗੁਰੂ ਸਾਹਿਬ ਸੂਰਜ ਨਿਕਲਣ ਤੋਂ ਕਾਫੀ ਸਮਾਂ ਪਹਿਲਾਂ ਉਠਦੇ। ਸ੍ਰੀ ਹਰਿਮੰਦਰ ਸਾਹਿਬ ਦੇ ਪਵਿੱਤਰ ਸਰੋਵਰ 'ਚ ਰੋਜ਼ਾਨਾ ਇਸ਼ਨਾਨ ਕਰਨ ਉਪਰੰਤ ਪ੍ਰਮਾਤਮਾ ਦੀ ਭਗਤੀ 'ਚ ਅੰਤਰ ਧਿਆਨ ਹੋ ਜਾਂਦੇ। ਇਸ ਤਰ੍ਹਾਂ ਉਹ ਸਵੇਰੇ ਤੇ ਸ਼ਾਮ ਆਪਣੇ ਸਿੱਖ ਸ਼ਰਧਾਲੂਆਂ ਨਾਲ ਪ੍ਰਮਾਤਮਾ ਦੀ ਬੰਦਗੀ 'ਚ ਸ਼ਾਮਲ ਹੁੰਦੇ। ਗੁਰੂ ਸਾਹਿਬ ਨਹੀਂ ਚਾਹੁੰਦੇ ਸਨ ਕਿ ਉਹਨਾਂ ਦੀ ਪ੍ਰਬਲਤਾ, ਸੰਸਾਰਕ ਮਸਲਿਆਂ ਨੂੰ ਹੱਲ ਕਰਨ ਲਈ ਕੋਈ ਯੁੱਧ ਕਰਕੇ ਪ੍ਰਾਪਤ ਕੀਤੀ ਜਾਵੇ, ਜਿਸ ਨਾਲ ਉਹਨਾਂ ਦੇ ਸ਼ਰਧਾਲੂਆਂ ਦੀ ਰੂਹਾਨੀਅਤ 'ਤੇ ਕੋਈ ਪ੍ਰਭਾਵ ਪਵੇ।

ਚੰਦੂ ਸ਼ਾਹ ਜਿਸ ਦੀ ਲੜਕੀ ਨਾਲ ਗੁਰੂ ਸਾਹਿਬ ਨੇ ਸ਼ਾਦੀ ਕਰਨ ਤੋਂ ਇਨਕਾਰ ਕਰ ਦਿੱਤਾ ਸੀ, ਨੇ ਅਜੇ ਆਪਣੇ ਮਨ 'ਚੋਂ ਗੁਰੂ ਸਾਹਿਬ ਪ੍ਰਤੀ ਈਰਖਾ ਛੱਡੀ ਨਹੀਂ ਸੀ। ਉਸ ਨੇ ਗੁਰੂ ਸਾਹਿਬ ਦੀਆਂ ਫੌਜੀ ਗਤੀਵਿਧੀਆਂ ਦੀ ਬਾਦਸ਼ਾਹ ਜਹਾਂਗੀਰ ਪਾਸ ਸ਼ਿਕਾਇਤ ਕਰ ਦਿੱਤੀ। ਬਾਦਸ਼ਾਹ ਜਹਾਂਗੀਰ ਨੇ ਗੁਰੂ ਹਰਗੋਬਿੰਦ ਜੀ ਦੇ ਸੰਮਨ ਜਾਰੀ ਕਰਕੇ ਆਪਣੇ ਸਨਮੁੱਖ ਪੇਸ਼ ਹੋਣ ਲਈ ਦਿੱਲੀ ਬੁਲਾਇਆ। ਬਹੁਤ ਸਾਰੀ ਸਿੱਖ ਸੰਗਤ ਇਸ ਗੱਲ ਲਈ ਚਿੰਤਤ ਸੀ ਕਿ ਗੁਰੂ ਸਾਹਿਬ ਦੀ ਜ਼ਿੰਦਗੀ ਨੂੰ ਖਤਰਾ ਹੈ। ਦਿੱਲੀ ਨੂੰ ਰਵਾਨਾ ਹੋਣ ਤੋਂ ਪਹਿਲਾਂ ਗੁਰੂ ਸਾਹਿਬ ਨੇ ਸਿੱਖ ਸੰਗਤ ਨੂੰ ਆਦੇਸ਼ ਦਿੱਤੇ ਕਿ ਸ੍ਰੀ ਹਰਿਮੰਦਰ ਸਾਹਿਬ ਦੇ ਰੋਜ਼ਾਨਾ ਦੇ ਕੰਮਕਾਰ ਦੀ ਜ਼ਿੰਮੇਵਾਰੀ ਬਾਬਾ ਬੁੱਢਾ



ਜੀ ਦੀ ਨਿਗਰਾਨੀ 'ਚ ਹੋਵੇਗੀ ਤੇ ਇਹਨਾਂ ਦਾ ਮਾਣ ਸਤਿਕਾਰ ਪੂਰਾ ਕੀਤਾ ਜਾਵੇ ਤੇ 'ਗੁਰੂ ਗ੍ਰੰਥ ਸਾਹਿਬ' 'ਚੋਂ ਰੂਹਾਨੀਅਤ ਦੀ ਸਿੱਖਿਆ ਭਾਈ ਗੁਰਦਾਸ ਜੀ ਤੇ ਦੂਸਰੇ ਸਿੱਖ ਵਿਦਵਾਨਾਂ ਦੀ ਨਿਗਰਾਨੀ ਹੇਠ ਨਿਰਵਿਘਨ ਦਿੱਤੀ ਜਾਵੇ। ਇਸ ਉਪਰੰਤ ਗੁਰੂ ਸਾਹਿਬ ਤਿੰਨ ਸੌ ਘੋੜ ਸਵਾਰ ਜਥੇ ਨੂੰ ਨਾਲ ਲੈ ਕੇ ਦਿੱਲੀ ਲਈ ਰਵਾਨਾ ਹੋ ਗਏ।

ਬਾਦਸ਼ਾਹ ਜਹਾਂਗੀਰ ਜਦੋਂ ਗੁਰੂ ਹਰਗੋਬਿੰਦ ਜੀ ਨੂੰ ਮਿਲੇ ਤਾਂ ਉਹ ਗੁਰੂ ਸਾਹਿਬ ਦੀ ਨਿਮਰਤਾ ਤੇ ਗਿਆਨ ਭਰਪੂਰ ਸ਼ਖਸੀਅਤ ਤੋਂ ਬਹੁਤ ਪ੍ਰਭਾਵਿਤ ਹੋਏ। ਗੁਰੂ ਸਾਹਿਬ ਨੇ ਬਾਦਸ਼ਾਹ ਜਹਾਂਗੀਰ ਨਾਲ ਕਈ ਧਾਰਮਿਕ ਵਿਸ਼ਿਆਂ 'ਤੇ ਗੋਸ਼ਟੀ ਕੀਤੀ ਤੇ ਬਾਦਸ਼ਾਹ ਜਹਾਂਗੀਰ ਨੇ ਮਹਿਸੂਸ ਕੀਤਾ ਕਿ ਸਿੱਖ ਧਰਮ ਦੇ ਪ੍ਰਚਾਰ ਨਾਲ ਇਸਲਾਮ ਧਰਮ ਨੂੰ ਕੋਈ ਖਤਰਾ ਨਹੀਂ ਹੈ। ਜਹਾਂਗੀਰ ਨੇ ਗੁਰੂ ਸਾਹਿਬ ਨੂੰ ਇਕ ਪ੍ਰਸ਼ਨ ਕੀਤਾ ਕਿ ਤੁਹਾਨੂੰ ਕਿਹੜਾ ਧਰਮ ਚੰਗਾ ਲੱਗਦਾ ਹੈ 'ਹਿੰਦੂ ਧਰਮ ਜਾਂ ਮੁਸਲਮਾਨ ਧਰਮ'? ਗੁਰੂ ਜੀ ਨੇ ਇਸ ਪ੍ਰਸ਼ਨ ਦਾ ਉੱਤਰ ਦੇਣ ਲਈ ਸਤਿਗੁਰੂ ਕਬੀਰ ਦਾਸ ਜੀ ਦੇ ਵਿਚਾਰਾਂ ਦੀ ਵਿਆਖਿਆ ਨਿਮਨ-ਲਿਖਤ ਅਨੁਸਾਰ ਕੀਤੀ:



ਪ੍ਰੋ. ਐਚ.ਐਲ.ਕਪੂਰ

"ਪ੍ਰਮਾਤਮਾ ਨੇ ਸਭ ਤੋਂ ਪਹਿਲਾਂ ਜੋਤ (ਰੋਸ਼ਨੀ) ਪੈਦਾ ਕੀਤੀ। ਸਭ ਜੀਵਾਂ ਦੀ ਉਤਪਤੀ ਉਸ ਜੋਤ 'ਚੋਂ ਹੋਈ ਹੈ। ਸਾਰੇ ਸੰਸਾਰ ਦੀ ਰਚਨਾ ਇਸ ਜੋਤ ਦੀ ਇਕੋ ਚੰਗਿਆੜੀ 'ਚੋਂ ਹੋਈ ਹੈ। ਕੌਣ ਚੰਗਾ ਹੈ ਤੇ ਕੌਣ ਮਾੜਾ ਹੈ? ਇਸ ਰਚਨਾ ਦਾ ਕਰਤਾ ਵੀ ਇਸ ਸੰਸਾਰਕ ਰਚਨਾ 'ਚ ਹੀ ਹੈ ਤੇ ਇਹ ਸਾਰੀ ਰਚਨਾ ਵੀ ਉਸ ਕਰਤਾ 'ਚ ਹੀ ਸਮਾਈ ਹੋਈ ਹੈ। ਉਹ ਸਰਵ ਵਿਆਪੀ ਹੈ। ਮਿੱਟੀ ਸਭ ਦੀ ਇਕੋ ਜਿਹੀ ਹੈ ਪ੍ਰੰਤੂ ਉਸ ਕਰਤਾ ਨੇ ਜੀਵਾਂ ਦੀ ਰਚਨਾ ਅਲੱਗ-ਅਲੱਗ ਰੂਪਾਂ 'ਚ ਕੀਤੀ ਹੈ। ਮਿੱਟੀ ਤੇ ਕਰਤਾ 'ਚ ਕੋਈ ਫਰਕ ਨਹੀਂ ਹੈ ਇਹ ਸਭ ਉਹ ਕਰਤਾ ਹੀ ਜਾਣਦਾ ਹੈ। ਜਿਹੜਾ ਜੀਵ ਉਸ ਕਰਤਾ ਅੱਗੇ ਆਪਣੇ ਆਪ ਨੂੰ ਅਰਪਣ ਕਰ ਦਿੰਦਾ ਹੈ, ਉਹ ਹੀ ਉਸ ਕਰਤਾ ਨੂੰ ਪ੍ਰਾਪਤ ਕਰ ਲੈਂਦਾ ਹੈ। ਜੀਵ ਉਸ ਕਰਤਾ ਦਾ ਗੁਲਾਮ ਹੈ। ਉਹ ਕਰਤਾ ਦਿਸਦਾ ਨਹੀਂ ਹੈ ਤੇ ਅਤਿ ਸੂਖਮ ਹੈ ਤੇ ਸਿਰਫ ਮਹਿਸੂਸ ਹੀ ਹੁੰਦਾ ਹੈ। ਪ੍ਰਮਾਤਮਾ ਨੇ ਇਹ ਮਿਠਾਸ ਭਰਿਆ ਤੋਹਫਾ ਮੈਨੂੰ ਬਖਸ਼ਿਆ ਹੈ ਤੇ ਇਹ ਮਹਾਨ ਵਿਚਾਰ ਸਤਿਗੁਰੂ ਕਬੀਰ ਦਾਸ ਜੀ ਦੇ ਹਨ, ਜਿਹਨਾਂ ਨੇ ਮੇਰੇ ਇਸ ਪ੍ਰਤੀ ਸਾਰੇ ਭਰਮ-ਭੁਲੇਖੇ ਦੂਰ ਕਰ ਦਿੱਤੇ ਹਨ। ਮੈਂ ਉਸ ਪਵਿੱਤਰ ਕਰਤਾ ਦੇ ਅੰਮ੍ਰਿਤ ਵੇਲੇ ਹਰ ਰੋਜ਼ ਦਰਸ਼ਨ ਆਪਣੀਆਂ ਅੱਖਾਂ ਨਾਲ ਕਰਦਾ ਹਾਂ।''

ਜਦੋਂ ਜਹਾਂਗੀਰ ਨੇ ਦੇਖਿਆ ਕਿ ਗੁਰੂ ਜੀ ਖੇਡਾਂ ਤੇ ਸ਼ਿਕਾਰ ਖੇਡਣ ਦੇ ਬਹੁਤ ਸ਼ੌਕੀਨ ਹਨ ਤਾਂ ਉਸ ਨੇ ਗੁਰੂ ਜੀ ਨੂੰ ਬਾਘ ਦਾ ਸ਼ਿਕਾਰ ਕਰਨ ਲਈ ਨਿਮੰਤਰਣ ਦਿੱਤਾ। ਜਦੋਂ ਉਹ ਜੰਗਲ 'ਚ ਸ਼ਿਕਾਰ ਦਾ ਪਿੱਛਾ ਕਰ ਰਹੇ ਸਨ ਤਾਂ ਇਕ ਬਹੁਤ ਹੀ ਖੂੰਖਾਰ ਬਾਘ ਨੇ ਬਾਦਸ਼ਾਹ ਜਹਾਂਗੀਰ 'ਤੇ ਹਮਲਾ ਕਰ ਦਿੱਤਾ। ਇਹ ਸ਼ਾਹੀ ਸ਼ਿਕਾਰੀ ਗਰੁੱਪ ਬਹੁਤ ਘਬਰਾ ਗਿਆ ਤੇ ਇਨ੍ਹਾਂ ਦੇ ਸਭ ਹਾਥੀ ਤੇ ਘੋੜੇ ਵੀ ਬਹੁਤ ਭੈ-ਭੀਤ ਹੋ ਗਏ। ਗੁਰੂ ਹਰਗੋਬਿੰਦ ਜੀ ਨੇ ਇਕ ਦਮ ਆਪਣਾ ਘੋੜਾ ਉਸ ਹਮਲਾਵਰ ਬਾਘ ਵੱਲ ਦੁੜਾਇਆ ਤੇ ਆਪਣੇ ਮਿਆਨ 'ਚ ਇਕ ਦਮ ਤਲਵਾਰ ਕੱਢ ਕੇ ਆਪਣੇ ਇਕੋ ਹੱਥ ਨਾਲ ਬਾਘ ਦੇ ਮਾਰੀ ਤੇ ਉਸ ਖਤਰਨਾਕ ਬਾਘ ਨੂੰ ਢੇਰੀ ਕਰ ਦਿੱਤਾ। ਜਹਾਂਗੀਰ ਇਕ ਦਮ ਗੁਰੂ ਜੀ ਦਾ ਸ਼ੁਕਰੀਆ ਕਰਨ ਲਈ ਅੱਗੇ ਵਧਿਆ ਕਿ ਉਹਨਾਂ ਨੇ ਆਪਣੇ ਆਪ ਨੂੰ ਖ਼ਤਰੇ 'ਚ ਪਾ ਕੇ ਜਹਾਂਗੀਰ ਦੀ ਜਾਨ ਬਚਾਈ ਹੈ। ਜਹਾਂਗੀਰ, ਗੁਰੂ ਜੀ ਦਾ ਬਹੁਤ ਅਹਿਸਾਨਮੰਦ ਹੋ ਗਿਆ ਤੇ ਉਸਨੇ ਗੁਰੂ ਜੀ ਨੂੰ ਕਿਹਾ ਕਿ, 'ਆਪਾਂ ਅੱਗੇ ਤੋਂ ਵੀ ਸ਼ਿਕਾਰ ਲਈ ਇਕੱਠੇ ਜਾਇਆ ਕਰਾਂਗੇ'। ਇਕ ਵਾਰ ਜਦੋਂ ਗੁਰੂ ਜੀ ਆਗਰੇ ਵੱਲ ਜਾ ਰਹੇ ਸਨ ਤਾਂ ਉਨ੍ਹਾਂ ਦਾ ਇਕ ਸ਼ਰਧਾਲੂ ਘਸੇਰਾ (ਘਾਹ ਕੱਟਣ ਵਾਲਾ) ਉਹਨਾਂ ਦੇ ਦਰਸ਼ਨਾਂ ਲਈ ਆਇਆ। ਘਸੇਰਾ ਗੁਰੂ ਸਾਹਿਬ ਦੇ ਦਰਸ਼ਨਾਂ ਨੂੰ ਕੁਰਲਾ ਰਿਹਾ ਸੀ ਤੇ ਬਾਦਸ਼ਾਹ ਜਹਾਂਗੀਰ ਦੇ ਸ਼ਾਹੀ ਕਾਫਲੇ ਦੀ ਅਗਵਾਈ ਸ਼ਾਹੀ ਰੱਖਿਅਕ ਕਰ ਰਹੇ ਸਨ। ਉਸ ਘਸੇਰੇ ਨੇ ਉਹਨਾਂ ਅੱਗੇ ਇਕ ਸਿੱਕਾ ਸੁੱਟਿਆ ਤੇ ਆਪਣੇ ਹੱਥ ਜੋੜ ਕੇ ਖੜ੍ਹ ਗਿਆ ਤੇ ਦੁਆ ਕਰਦਿਆਂ ਉਸ ਦੀਆਂ ਅੱਖਾਂ 'ਚੋਂ ਹੰਝੂ ਵੱਗ ਰਹੇ ਸਨ ਤੇ ਉਸ ਦਾ ਗ਼ਲਾ ਭਾਵੁਕਤਾ ਨਾਲ ਭਰਿਆ ਹੋਇਆ ਸੀ। ਬਾਦਸ਼ਾਹ ਗੁਰੂ ਜੀ ਦੇ ਉਸ ਸ਼ਰਧਾਲੂ ਦੀਆਂ ਭਾਵਨਾਵਾਂ ਦੇਖ ਕੇ ਬਹੁਤ ਪ੍ਰਭਾਵਿਤ ਹੋਇਆ ਤੇ ਉਸ ਸ਼ਰਧਾਲੂ ਨੂੰ ਬਹੁਤ ਸਾਰੇ ਤੋਹਫ਼ੇ ਦੇਣ ਦੀ ਪੇਸ਼ਕਸ਼ ਕੀਤੀ। ਉਸ ਸ਼ਰਧਾਲੂ ਸਿੱਖ ਨੇ ਉੱਤਰ ਦਿੱਤਾ, ਹੇ! ਮੇਰੇ ਸੱਚੇ ਪਾਤਸ਼ਾਹ, ਜੇਕਰ ਤੁਸੀਂ ਮੇਰੇ 'ਤੇ ਬਹੁਤ ਪ੍ਰਸੰਨ ਹੋ ਤਾਂ ਮੇਰੇ 'ਤੇ ਉਸ ਸੱਚੇ ਪ੍ਰਮਾਤਮਾ ਦੇ ਨਾਮ ਦੀ ਮਿਹਰ ਕਰੋ ਤਾਂ ਜੋ ਮੈਂ ਮੁਕਤੀ ਪ੍ਰਾਪਤ ਕਰ ਸਕਾਂ।' ਜਦੋਂ ਉਸ ਸ਼ਰਧਾਲੂ ਨੂੰ ਇਹ ਦੱਸਿਆ ਗਿਆ ਕਿ ਤੁਸੀਂ ਗਲਤ ਕੈਂਪ 'ਚ ਆ ਗਏ ਹੋ ਤੇ ਤੁਹਾਡਾ ਮੁਕਤੀ ਦਾਤਾ ਸਾਹਮਣੇ ਵਾਲੇ ਕੈਂਪ 'ਚ ਹੈ ਤਾਂ ਉਸ ਸ਼ਰਧਾਲੂ ਨੇ ਇਕ ਦਮ ਬੇਝਿਜਕ ਕੇ ਬਾਦਸ਼ਾਹ ਜਹਾਂਗੀਰ ਦਾ ਕੈਂਪ ਛੱਡ ਦਿੱਤਾ ਤੇ ਆਪਣਾ ਸੁੱਟਿਆ ਹੋਇਆ ਸਿੱਕਾ ਚੁੱਕ ਲਿਆ ਤੇ ਕਿਹਾ, 'ਇਸ ਲਈ ਮੇਰਾ ਇਹ ਸਿੱਕਾ ਬਾਦਸ਼ਾਹ ਲਈ ਨਹੀਂ ਹੈ ਸਗੋਂ ਉਸ 'ਸੱਚੇ ਪਾਤਸ਼ਾਹ' ਲਈ ਹੈ।

ਆਗਰੇ ਪੜਾਅ ਕਰਦਿਆਂ ਇਕ ਦਿਨ ਬਾਦਸ਼ਾਹ ਜਹਾਂਗੀਰ ਅਚਾਨਕ ਬਿਮਾਰ ਹੋ ਗਿਆ। ਉਹ ਸਾਜ਼ਸ਼ੀ ਚੰਦੂ ਸ਼ਾਹ ਵੀ ਬਾਦਸ਼ਾਹ ਦੇ ਨਾਲ ਹੀ ਸੀ, ਉਸ ਨੇ ਫਿਰ ਸਾਜ਼ਿਸ਼ ਰਚੀ ਤੇ ਬਾਦਸ਼ਾਹ ਨੂੰ ਕਿਹਾ ਕਿ ਜੇਕਰ ਕਿਸੇ ਪਵਿੱਤਰ ਮਹਾਂਪੁਰਸ਼ ਨੂੰ ਗਵਾਲੀਅਰ ਦੇ ਕਿਲ੍ਹੇ 'ਚ ਭੇਜਿਆ ਜਾਵੇ ਤਾਂ ਹੀ ਉਨ੍ਹਾਂ ਦਾ ਬੁਖਾਰ ਹਟ ਸਕਦਾ ਹੈ ਤੇ ਉਹ ਬਾਦਸ਼ਾਹ ਲਈ ਆਪਣੀ ਜ਼ਿੰਮੇਵਾਰੀ ਲੈ ਕੇ ਪ੍ਰਾਸਚਿਤ ਕਰੇ। ਇਸ ਕੰਮ ਲਈ ਗੁਰੂ ਜੀ ਨੂੰ ਗਵਾਲੀਅਰ ਕਿਲ੍ਹੇ 'ਚ ਜਾਣ ਲਈ ਬੇਨਤੀ ਕੀਤੀ ਗਈ। ਚੰਦੂ ਸ਼ਾਹ ਇਸ ਸਾਜ਼ਿਸ਼ ਨੂੰ ਚੰਗੀ ਤਰ੍ਹਾਂ ਜਾਣਦਾ ਸੀ ਤੇ ਗੁਰੂ ਜੀ ਉਥੇ ਜਾਣ ਲਈ ਮਨ ਗਏ ਤੇ ਉਨ੍ਹਾਂ ਨਾਲ ਗੁਰੂ ਜੀ ਦੇ ਪੰਜ ਸਿੱਖ ਵੀ ਰੱਖਿਅਕ ਵਜੋਂ ਭੇਜ ਦਿੱਤੇ। ਗੁਰੂ ਜੀ ਗਵਾਲੀਅਰ ਦੇ ਕਿਲ੍ਹੇ 'ਚ 1617 ਤੋਂ 1619 ਦੇ ਵਿਚਕਾਰ ਕਈ ਮਹੀਨਿਆਂ ਤੱਕ ਅਸਲੀ ਕੈਦੀ ਵਜੋਂ ਰਹੇ। ਉਸ ਸਮੇਂ ਉਸ ਕਿਲ੍ਹੇ 'ਚ ਭਾਰਤ ਦੇ ਵੱਖ-ਵੱਖ ਸੂਬਿਆਂ ਦੇ 52 ਰਾਜੇ ਵੀ ਕੈਦੀ ਬਣਾਏ ਹੋਏ ਸਨ। ਜਿਹਨਾਂ ਨਾਲ ਬੜਾ ਭੈੜਾ ਸਲੂਕ ਕੀਤਾ ਜਾਂਦਾ ਸੀ। ਗੁਰੂ ਜੀ ਰੋਜ਼ ਨਿਤਨੇਮ ਦਾ ਪਾਠ ਕਰਦੇ ਤੇ ਉਨ੍ਹਾਂ ਕੈਦੀਆਂ ਦਾ ਮਨੋਬਲ ਵਧਾਉਣ ਲਈ ਉਹਨਾਂ ਨੂੰ ਵੀ ਪਾਠ ਕਰਨ ਨੂੰ ਆਖਦੇ। ਇਸ ਦੇ ਨਾਲ ਹੀ ਗੁਰੂ ਜੀ ਨੇ ਜੇਲ੍ਹ 'ਚ ਦਿੱਤੀ ਜਾਂਦੀ ਭੈੜੀ ਖੁਰਾਕ 'ਚ ਵੀ ਸੁਧਾਰ ਕਰਵਾਇਆ। ਚੰਦੂ ਸ਼ਾਹ ਨੇ ਗੁਰੂ ਜੀ ਨੂੰ ਮਾਰਨ ਲਈ ਖੁਰਾਕ 'ਚ ਜ਼ਹਿਰ ਮਿਲਾਉਣ ਦਾ ਯਤਨ ਵੀ ਕੀਤਾ ਪਰ ਉਹ ਇਸ 'ਚ ਕਾਮਯਾਬ ਨਾ ਹੋਇਆ। ਕਈ ਮਹੀਨੇ ਬੀਤ ਜਾਣ ਬਾਅਦ ਜਦੋਂ ਜਹਾਂਗੀਰ ਠੀਕ ਹੋਇਆ ਤਾਂ ਆਖਿਰ ਵਜ਼ੀਰ ਖਾਨ ਜਿਹੜਾ ਕਿ ਗੁਰੂ ਜੀ ਦਾ ਬਹੁਤ ਪ੍ਰਸ਼ੰਸਕ ਸੀ, ਨੇ ਬਾਦਸ਼ਾਹ ਨੂੰ ਮਨਾ ਲਿਆ ਕਿ ਗੁਰੂ ਜੀ ਨੂੰ ਜੇਲ੍ਹ 'ਚੋਂ ਰਿਹਾਅ ਕਰ ਦਿੱਤਾ ਜਾਵੇ ਤੇ ਉਨ੍ਹਾਂ ਨੂੰ ਦਿੱਲੀ ਬੁਲਾਇਆ ਜਾਵੇ। ਗੁਰੂ ਜੀ ਨੇ ਉਨਾ ਚਿਰ ਜੇਲ੍ਹ 'ਚੋਂ ਰਿਹਾਅ ਹੋਣ ਤੋਂ ਇਨਕਾਰ ਕਰ ਦਿੱਤਾ, ਜਿੰਨਾ ਚਿਰ ਉਹਨਾਂ ਦੇ ਨਾਲ ਦੂਸਰੇ 52 ਰਾਜਨੀਤਿਕ ਰਾਜੇ ਕੈਦੀਆਂ ਨੂੰ ਵੀ ਰਿਹਾਅ ਨਹੀਂ ਕੀਤਾ ਜਾਂਦਾ। ਜਹਾਂਗੀਰ ਗੁਰੂ ਜੀ ਦੀ ਇਹ ਸ਼ਰਤ ਮੰਨ ਗਿਆ ਤੇ ਵਜ਼ੀਰ ਖਾਨ ਨੇ ਗੁਰੂ ਜੀ ਨੂੰ ਇਹ ਗੱਲ ਕਹੀ ਕਿ ਬਾਦਸ਼ਾਹ ਜਹਾਂਗੀਰ ਆਪ ਜੀ ਦਾ ਸਾਰੀ ਉਮਰ ਲਈ ਬਹੁਤ ਰਿਣੀ ਬਣ ਗਿਆ ਹੈ।

ਜਦੋਂ ਗੁਰੂ ਜੀ ਦਿੱਲੀ ਬਾਦਸ਼ਾਹ ਜਹਾਂਗੀਰ ਕੋਲ ਆਏ ਤਾਂ ਉਹਨਾਂ ਨੇ ਬਾਦਸ਼ਾਹ ਨੂੰ ਕਿਹਾ ਕਿ ਚੰਦੂ ਸ਼ਾਹ ਨੇ ਉਹਨਾਂ ਨਾਲ ਸਾਜ਼ਿਸ਼ ਕਰਕੇ ਉਹਨਾਂ ਨੂੰ ਗਵਾਲੀਅਰ ਦੀ ਜੇਲ੍ਹ 'ਚ ਭੇਜਿਆ ਹੈ। ਜਹਾਂਗੀਰ ਨੇ ਚੰਦੂ ਸ਼ਾਹ ਨੂੰ ਗੁਰੂ ਜੀ ਦੇ ਹਵਾਲੇ ਕਰ ਦਿੱਤਾ ਤੇ ਕਿਹਾ ਕਿ, ''ਤੁਹਾਡੇ ਪਿਤਾ ਗੁਰੂ ਅਰਜਨ ਦੇਵ ਜੀ ਦੀ ਮੌਤ ਦਾ ਵੀ ਇਹੀ ਜ਼ਿੰਮੇਵਾਰ ਹੈ ਤੇ ਇਸ ਤੋਂ ਤੁਸੀਂ ਬਦਲਾ ਲੈ ਸਕਦੇ ਹੋ।'' ਗੁਰੂ ਹਰਗੋਬਿੰਦ ਜੀ ਨੇ ਚੰਦੂ ਸ਼ਾਹ ਨੂੰ ਸਿੱਖ ਸ਼ਰਧਾਲੂਆਂ ਦੇ ਹਵਾਲੇ ਕਰ ਦਿੱਤਾ। ਸ਼ਰਧਾਲੂ ਸਿੱਖ ਉਸ ਨੂੰ ਲਾਹੌਰ ਲੈ ਆਏ। ਆਖਿਰਕਾਰ ਉਹਨਾਂ ਕ੍ਰੋਧਵਾਨ ਸਿੱਖਾਂ ਨੇ ਚੰਦੂ ਸ਼ਾਹ ਨੂੰ ਮੌਤ ਦੇ ਘਾਟ ਉਤਾਰ ਦਿੱਤਾ ਕਿਉਂਕਿ ਉਹਨਾਂ 'ਚੋਂ ਬਹੁਤ ਸਾਰੇ ਸਿੱਖਾਂ ਨੇ ਲਾਹੌਰ ਵਿਖੇ ਗੁਰੂ ਅਰਜਨ ਦੇਵ ਜੀ 'ਤੇ ਆਪਣੀਆਂ ਅੱਖਾਂ ਨਾਲ ਤਸ਼ੱਦਦ ਹੁੰਦੇ ਦੇਖੇ ਸਨ। ਚੰਦੂ ਸ਼ਾਹ ਦੀ ਮੌਤ ਦੀ ਖ਼ਬਰ ਸੁਣ ਕੇ ਗੁਰੂ ਹਰਗੋਬਿੰਦ ਜੀ ਨੇ ਕਿਹਾ ਕਿ, ''ਹੇ! ਪ੍ਰਮਾਤਮਾ ਇਸ ਚੰਦੂ ਸ਼ਾਹ ਪਾਪੀ ਨੂੰ ਮੁਆਫ਼ ਕਰ ਦੇਣਾ।''

ਇਸ ਉਪਰੰਤ ਗੁਰੂ ਹਰਗੋਬਿੰਦ ਜੀ ਲਾਹੌਰ ਲਈ ਰਵਾਨਾ ਹੋ ਗਏ। ਉਹਨਾਂ ਦਿਨਾਂ 'ਚ ਕਾਬੁਲ ਤੋਂ ਇਕ ਸ਼ਰਧਾਲੂ ਸਿੱਖ ਜਿਸ ਦਾ ਨਾਮ ਸੁਜਾਨ ਸੀ, ਗੁਰੂ ਜੀ ਨੂੰ ਤੋਹਫ਼ੇ ਵਜੋਂ ਇਕ ਘੋੜਾ ਦੇਣ ਲਈ ਲਿਆ ਰਿਹਾ ਸੀ। ਉਹ ਘੋੜਾ ਇਕ ਮੁਸਲਮਾਨ ਕਾਜ਼ੀ ਨੇ ਰਸਤੇ 'ਚ ਉਸ ਤੋਂ ਖੋਹ ਲਿਆ ਤੇ ਉਸ ਘੋੜੇ ਨੂੰ ਮੋੜਨ ਬਦਲੇ ਮੁਆਵਜ਼ਾ ਮੰਗਣ ਲੱਗਾ। ਗੁਰੂ ਹਰਗੋਬਿੰਦ ਜੀ ਨੇ ਕਿਹਾ, 'ਘੋੜਾ ਉਸ ਸ਼ਰਧਾਲੂ ਪਾਸ ਜ਼ਰੂਰ ਆਉਣਾ ਚਾਹੀਦਾ ਹੈ, ਜਿਸ ਨੇ ਇਹ ਸਾਨੂੰ ਦੇਣ ਦਾ ਇਰਾਦਾ ਕੀਤਾ ਹੋਇਆ ਹੈ। ਛੇਤੀ ਹੀ ਉਹ ਘੋੜਾ ਬਿਮਾਰ ਹੋ ਗਿਆ ਤੇ ਉਸ ਨੇ ਖਾਣਾ-ਪੀਣਾ ਛੱਡ ਦਿੱਤਾ ਤੇ ਉਸ ਦੀ ਸਿਹਤ ਵਿਗੜਨ ਲੱਗ ਪਈ। ਉਸ ਕਾਜ਼ੀ ਨੇ ਇਹ ਘੋੜਾ ਗੁਰੂ ਜੀ ਨੂੰ ਘੱਟ ਤੋਂ ਘੱਟ ਰਕਮ 'ਚ ਵੇਚ ਦਿੱਤਾ ਕਿ ਘੋੜਾ ਛੇਤੀ ਹੀ ਮਰਨ ਵਾਲਾ ਹੈ। ਪ੍ਰੰਤੂ ਇਹ ਘੋੜਾ ਥੋੜ੍ਹਾ ਜਿਹਾ ਹੀ ਇਲਾਜ ਕਰਨ ਨਾਲ ਤੰਦਰੁਸਤ ਹੋ ਗਿਆ ਤੇ ਗੁਰੂ ਜੀ ਇਸ ਘੋੜੇ 'ਤੇ ਰੋਜ਼ ਸਵਾਰੀ ਕਰਨ ਲੱਗੇ। ਕਾਜ਼ੀ ਬਹੁਤ ਗੁੱਸੇ 'ਚ ਆ ਗਿਆ ਤੇ ਸਮਝਣ ਲੱਗਾ ਕਿ ਉਸ ਨਾਲ ਧੋਖਾ ਹੋਇਆ ਹੈ ਤੇ ਉਸ ਨੇ ਸਰਕਾਰ ਕੋਲ ਗੁਰੂ ਜੀ ਦੀ ਸ਼ਿਕਾਇਤ ਕਰ ਦਿੱਤੀ। ਸਰਕਾਰ ਨੇ ਗੁਰੂ ਜੀ ਖਿਲਾਫ ਕੋਈ ਕਾਰਵਾਈ ਨਹੀਂ ਕੀਤੀ। ਇਸੇ ਦੌਰਾਨ ਉਸ ਅੱਤਿਆਚਾਰੀ ਕਾਜ਼ੀ ਦੀ ਲੜਕੀ ਘਰੋਂ ਦੌੜ ਗਈ ਤੇ ਉਹ ਅੰਮ੍ਰਿਤਸਰ ਸਾਹਿਬ ਵਿਖੇ ਗੁਰੂ ਜੀ ਦੀ ਸ਼ਰਨ 'ਚ ਰਫੂਜੀ ਬਣ ਕੇ ਆ ਗਈ। ਉਸ ਲੜਕੀ ਦਾ ਨਾਮ ਕੁਮਾਰੀ ਕੌਲਾਂ ਸੀ। ਉਹ ਸਾਰੀ ਉਮਰ ਇੱਥੇ ਗੁਰੂ ਘਰ ਦੀ ਸ਼ਰਧਾਲੂ ਬਣ ਕੇ ਰਹੀ ਤੇ ਗੁਰੂ ਹਰਗੋਬਿੰਦ ਜੀ ਨੇ ਉਸ ਔਰਤ ਦੀ ਯਾਦ 'ਚ 'ਕੌਲਸਰ' ਨਾਮ ਦੇ ਸਰੋਵਰ ਦੀ ਖੁਦਾਈ ਕਰਵਾਈ।

ਹੁਣ ਗੁਰੂ ਹਰਗੋਬਿੰਦ ਸਾਹਿਬ ਜੀ ਨੇ ਆਪਣੇ ਮੀਰੀ-ਪੀਰੀ ਦੇ ਮਿਸ਼ਨ ਨੂੰ ਹੋਰ ਅੱਗੇ ਵਧਾਉਣ ਦੀ ਜ਼ਿੰਮੇਵਾਰੀ ਲਈ ਤੇ ਇਸ ਕੰਮ ਲਈ ਆਪਣੀਆਂ ਯਾਤਰਾਵਾਂ ਸ਼ੁਰੂ ਕਰ ਦਿੱਤੀਆਂ। ਉਹ 1626 'ਚ ਕੀਰਤਪੁਰ ਨਾਮ ਦੇ ਕਸਬੇ 'ਚ ਆ ਗਏ। ਇੱਥੇ ਉਹਨਾਂ ਨੂੰ ਉਸ ਕੈਦੀ ਰਾਜੇ ਨੇ ਜ਼ਮੀਨ ਤੋਹਫ਼ੇ ਵਜੋਂ ਦਿੱਤੀ, ਜਿਸ ਨੂੰ ਗੁਰੂ ਜੀ ਨੇ ਗਵਾਲੀਅਰ ਦੇ ਕਿਲ੍ਹੇ 'ਚੋਂ ਆਪਣੀ ਰਿਹਾਈ ਦੇ ਨਾਲ ਹੀ ਛੁਡਵਾਇਆ ਸੀ। ਆਪਣੀ ਸ੍ਰੀਨਗਰ ਦੀ ਯਾਤਰਾ ਸਮੇਂ ਗੁਰੂ ਜੀ ਨੇ ਸਵਾਮੀ ਰਾਮਦਾਸ ਸਾਮਰਥ ਜਿਹੜੇ ਕਿ ਰੂਹਾਨੀਅਤ ਦੇ ਇਕ ਵੱਡੇ ਵਿਦਵਾਨ ਸਨ, ਨਾਲ ਗੋਸ਼ਟੀ ਕੀਤੀ। ਇਸੇ ਸਵਾਮੀ ਜੀ ਨੇ ਮਗਰੋਂਜਾ ਕੇ ਮਰਾਠਾ ਸਾਮਰਾਜ ਦੇ ਬਾਨੀ ਸ਼ਿਵਾ ਜੀ ਭੌਂਸਲੇ ਨੂੰ ਰੂਹਾਨੀਅਤ ਦਾ ਪਾਠ ਪੜ੍ਹਾਇਆ ਸੀ। ਸਵਾਮੀ ਰਾਮਦਾਸ ਜੀ ਨੇ ਗੁਰੂ ਜੀ ਨੂੰ ਪੁੱਛਿਆ ਕਿ, ''ਤੁਸੀਂ ਰੂਹਾਨੀਅਤ ਦੇ ਮਹਾਨ ਸੰਤ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸਿੰਘਾਸਨ 'ਤੇ ਬਿਰਾਜਮਾਨ ਹੋ। ਤੁਸੀਂ ਲੜਾਈ ਕਰਨ ਵਾਲੇ ਸ਼ਸਤਰ ਪਹਿਨੇ ਹੋਏ ਹਨ ਤੇ ਤੁਹਾਡੇ ਨਾਲ ਘੋੜਿਆਂ ਤੇ ਸਵਾਰ ਵੱਡੀ ਫੌਜ ਹੈ। ਤੁਸੀਂ ਆਪਣੇ ਆਪ ਨੂੰ 'ਸੱਚਾ ਪਾਤਸ਼ਾਹ' (ਸੱਚਾ ਬਾਦਸ਼ਾਹ) ਵੀ ਅਖਵਾਉਂਦੇ ਹੋ। ਤੁਸੀਂ ਇਹ ਕਿਸ ਤਰ੍ਹਾਂ ਦੇ ਸੰਤ ਹੋ? ਗੁਰੂ ਹਰਗੋਬਿੰਦ ਜੀ ਨੇ ਉਤਰ ਦਿੱਤਾ ਕਿ, ''ਮੇਰੀ ਇਹ ਬਾਦਸ਼ਾਹਤ ਦਿਖਾਵੇ ਦੀ ਹੀ ਹੈ। ਅਸਲ 'ਚ ਮੈਂ ਅੰਦਰੋਂ ਇਸ ਦਿਖਾਵੇ ਨੂੰ ਵੱਖ ਕੀਤਾ ਹੋਇਆ ਹੈ ਤੇ ਅਸਲ 'ਚ ਇਕ ਇਕਾਂਤਵਾਸੀ ਸੰਤ ਜਾਂ ਸੰਨਿਆਸੀ ਹੀ ਹਾਂ। ਗੁਰੂ ਨਾਨਕ ਦੇਵ ਜੀ ਨੇ ਵੀ ਇਸ ਸੰਸਾਰ ਨੂੰ ਨਹੀਂ ਤਿਆਗਿਆ ਸੀ। ਉਹਨਾਂ ਨੇ ਸਿਰਫ ਮਾਇਆ, ਛੱਲ, ਫਰੇਬ, ਭਰਮ-ਵਹਿਮ, ਅੰਧ-ਵਿਸ਼ਵਾਸ ਤੇ ਹਉਮੈ ਨੂੰ ਤਿਆਗਿਆ ਸੀ। ਸਵਾਮੀ ਜੀ ਨੇ ਉੱਤਰ ਦਿੱਤਾ ਹਾਂ ਮੈਂ ਉਹਨਾਂ ਦੇ ਇਹਨਾਂ ਵਿਚਾਰਾਂ ਨਾਲ ਸਹਿਮਤ ਹਾਂ ਤੇ ਇਸ ਲਈ ਹੀ ਉਹਨਾਂ ਨੇ ਇੰਝ ਕਰਕੇ ਹਿੰਦੂ ਮੱਤ ਦੀਆਂ ਸਿੱਖਿਆਵਾਂ ਦਾ ਤਿਆਗ ਕੀਤਾ ਸੀ।

ਆਪਣੀਆਂ ਯਾਤਰਾਵਾਂ ਦੇ ਦੌਰਾਨ ਗੁਰੂ ਜੀ ਜਦੋਂ ਗੁਰੂ ਨਾਨਕ ਦੇਵ ਜੀ ਦੇ ਤੀਰਥ ਸਥਾਨ 'ਤੇ ਗਏ ਤਾਂ ਉਥੇ ਉਹਨਾਂ ਨੇ ਬਾਬਾ ਸ੍ਰੀ ਚੰਦ ਜੀ ਜੋ ਕਿ ਗੁਰੂ ਨਾਨਕ ਦੇਵ ਜੀ ਦੇ ਸਪੁੱਤਰ ਸਨ, ਤੋਂ ਆਸ਼ੀਰਵਾਦ ਲਿਆ। ਛੇਤੀ ਹੀ ਉਸ ਤੋਂ ਬਾਅਦ 1613 'ਚ ਉਹਨਾਂ ਦੇ ਘਰ ਇਕ ਪੁੱਤਰ ਨੇ ਜਨਮ ਲਿਆ, ਜਿਸ ਦਾ ਨਾਮ ਭਾਈ ਗੁਰਦਿੱਤਾ ਸੀ। ਸੰਨ 1617 'ਚ

(ਬਾਕੀ ਅਗਲੇ ਸਫੇ 'ਤੇ)

# 'ਮੀਰੀ-ਪੀਰੀ ਦੇ ਸੱਚੇ ਪਾਤਸ਼ਾਹ' ਤੇ 'ਸੰਤ-ਸਿਪਾਹੀ' ਸ੍ਰੀ ਗੁਰੂ ਹਰਗੋਬਿੰਦ ਜੀ

ਉਹਨਾਂ ਦੇ ਦੂਸਰੇ ਪੁੱਤਰ ਭਾਈ ਸੂਰਜ ਮੱਲ ਜੀ ਦਾ ਜਨਮ ਹੋਇਆ। ਸੰਨ 1618 ਈਸਵੀ 'ਚ ਉਹਨਾਂ ਦੇ ਤੀਸਰੇ ਪੁੱਤਰ ਭਾਈ ਐਨੀ ਰਾਏ ਦਾ ਜਨਮ ਹੋਇਆ। ਸੰਨ 1620 'ਚ ਉਨ੍ਹਾਂ ਦੇ ਚੌਥੇ ਪੁੱਤਰ ਭਾਈ ਆਤੁੱਲ ਰਾਏ ਦਾ ਜਨਮ ਹੋਇਆ। ਅਖੀਰ 'ਚ 1622 ਈਸਵੀ ਨੂੰ ਉਹਨਾਂ ਦੇ ਆਖਰੀ ਪੰਜਵੇ ਪੁੱਤਰ ਭਾਈ ਤੇਗ ਬਹਾਦਰ ਜੀ ਦਾ ਜਨਮ ਹੋਇਆ। ਗੁਰੂ ਹਰਗੋਬਿੰਦ ਜੀ ਦੇ ਜੀਵਨ ਕਾਲ 'ਚ ਸਿੱਖ ਧਰਮ ਦੇ ਕੁਝ ਬਹੁਤ ਹੀ ਪ੍ਰਭਾਵਸ਼ਾਲੀ ਤੇ ਮਹਾਨ ਸਿੱਖਾਂ ਦਾ ਦੇਹਾਂਤ ਹੋਇਆ। ਬਾਬਾ ਬੁੱਢਾ ਜੀ ਦਾ ਦੇਹਾਂਤ 1631 ਈਸਵੀ ਨੂੰ ਰਾਮਦਾਸ ਵਿਖੇ, ਭਾਈ ਗੁਰਦਾਸ ਜੀ ਦਾ ਦੇਹਾਂਤ 1636 ਨੂੰ ਗੋਇੰਦਵਾਲ ਸਾਹਿਬ ਵਿਖੇ ਤੇ ਬਾਬਾ ਸ੍ਰੀ ਚੰਦ ਜੀ ਦਾ ਦੇਹਾਂਤ 1629 'ਚ ਕੀਰਤਪੁਰ ਸਾਹਿਬ ਵਿਖੇ ਹੋਇਆ। ਅਕਤੂਬਰ 1627 ਈਸਵੀ ਨੂੰ ਬਾਦਸ਼ਾਹ ਜਹਾਂਗੀਰ ਦਾ ਦੇਹਾਂਤ ਹੋਇਆ ਤੇ ਉਸ ਤੋਂ ਬਾਅਦ ਸ਼ਾਹ ਜਹਾਨ ਦਿੱਲੀ ਦੇ ਤਖਤ 'ਤੇ ਬੈਠਾ।

ਇਕ ਦਿਨ ਬਾਦਸ਼ਾਹ ਜਹਾਂਗੀਰ ਅੰਮ੍ਰਿਤਸਰ ਦੇ ਜੰਗਲ 'ਚ ਸ਼ਿਕਾਰ ਖੇਡ ਰਿਹਾ ਸੀ। ਉਹਨਾਂ ਦਾ ਸ਼ਿਕਰਾ (ਬਾਜ) ਪੰਛੀ ਇਕ ਖਾਸ ਮਨਭਾਉਂਦਾ ਸ਼ਿਕਾਰ ਹੁੰਦਾ ਸੀ। ਉਹ ਪੰਛੀ ਉਡਾਰੀ ਮਾਰ ਕੇ ਗੁਰੂ ਹਰਗੋਬਿੰਦ ਜੀ ਦੇ ਕੈਂਪ 'ਚ ਆ ਗਿਆ, ਕਿਉਂਕਿ ਉਹ ਵੀ ਜੰਗਲ 'ਚ ਸ਼ਿਕਾਰ ਖੇਡ ਰਹੇ ਸਨ। ਜਦੋਂ ਬਾਦਸ਼ਾਹ ਦੇ ਸਿਪਾਹੀ ਆਪਣੇ ਸ਼ਿਕਾਰ ਦਾ ਪਿੱਛਾ ਕਰਦੇ ਹੋਏ ਮਗਰ ਆਏ ਤਾਂ ਉਹਨਾਂ ਨੇ ਆਪਣੇ ਸ਼ਿਕਾਰ ਦੀ ਮੰਗ ਕੀਤੀ ਤਾਂ ਗੁਰੂ ਸਾਹਿਬ ਨੇ ਨਾਂਹ ਕਰ ਦਿੱਤੀ ਤਾਂ ਇਸ 'ਤੇ ਉਹਨਾਂ ਦੀ ਸਿਪਾਹੀਆਂ ਨਾਲ ਛੋਟੀ ਜਿਹੀ ਝੜੱਪ ਹੋ ਗਈ ਪਰ ਸ਼ਿਕਾਰ ਵਾਪਸ ਨਹੀਂ ਕੀਤਾ। ਬਾਦਸ਼ਾਹ ਨੂੰ ਬਹੁਤ ਕ੍ਰੋਧ ਆ ਗਿਆ ਤੇ ਉਸ ਨੇ 7 ਹਜ਼ਾਰ ਘੋੜ ਸਵਾਰਾਂ ਦਾ ਫੌਜੀ ਦਸਤਾ ਆਪਣੇ ਜਨਰਲ ਮੁਖਲਿਸ ਖਾਨ ਦੀ ਅਗਵਾਈ 'ਚ, ਦੋਹਾਂ ਨੂੰ, ਗੁਰੂ ਜੀ ਤੇ ਸ਼ਿਕਰਾ ਨੂੰ ਗ੍ਰਿਫ਼ਤਾਰ ਕਰਕੇ ਲਿਆਉਣ ਲਈ ਭੇਜਿਆ ਕਿਉਂਕਿ ਗੁਰੂ ਜੀ ਨੇ ਉਹਨਾਂ ਦਾ ਸ਼ਿਕਾਰ ਵਾਪਸ ਨਾ ਕਰਨ ਦੀ ਗੁਸਤਾਖ਼ੀ ਕੀਤੀ ਹੈ। ਬੜਾ ਘਮਸਾਨ ਦਾ ਯੁੱਧ ਹੋਇਆ। ਮੁਖਲਿਸ ਖਾਨ ਗੁਰੂ ਜੀ ਦੇ ਇਕੋ ਤਲਵਾਰ ਦੇ ਵਾਰ ਨਾਲ ਮਾਰਿਆ ਗਿਆ ਤੇ ਗੁਰੂ ਜੀ ਦੀ ਜਿੱਤ ਹੋਈ। ਇਹ ਲੜਾਈ 1634 'ਚ ਹੋਈ। ਇਸ ਲੜਾਈ ਨੇ ਸਿੱਖਾਂ ਤੇ ਮੁਗਲ ਸਰਕਾਰ 'ਚ ਇਕ ਨਵਾਂ ਮੋੜ ਲੈਆਂਦਾ। ਸਿੱਖਾਂ ਨੇ ਮੁਗਲ ਸਰਕਾਰ ਦੇ ਜ਼ੁਲਮ ਖਿਲਾਫ ਉਗਰ ਰੂਪ ਧਾਰਨ ਕਰ ਲਿਆ।

ਇਸ ਲੜਾਈ ਤੋਂ ਪਿੱਛੋਂ ਗੁਰੂ ਸਾਹਿਬ ਨੇ ਅੰਮ੍ਰਿਤਸਰ ਛੱਡ ਦਿੱਤਾ ਤੇ ਉਹ ਮੁੜ ਦੁਬਾਰਾ ਇੱਧਰ ਨਹੀਂ ਆਏ। ਗੁਰੂ ਜੀ ਕਰਤਾਰਪੁਰ ਆ ਗਏ ਤੇ ਇੱਥੇ ਆ ਕੇ ਬਿਆਸ ਨਦੀ ਦੇ ਕਿਨਾਰੇ 'ਤੇ ਵਸਾਏ ਨਵੇਂ ਸ਼ਹਿਰ ਹਰਗੋਬਿੰਦਪੁਰ ਦੀ ਉਸਾਰੀ 'ਚ ਜੁਟ ਗਏ। ਉਸ ਪਿੰਡ ਦੇ ਘੀਰਾਰ ਕਬੀਲੇ ਦੇ ਲੋਕ ਬੜੇ ਉਤਸ਼ਾਹਿਤ ਸਨ ਕਿ ਗੁਰੂ ਜੀ ਇਸ ਨਗਰ 'ਚ ਆ ਕੇ ਵੱਸ ਜਾਣ ਪਰ ਉਸ ਕਬੀਲੇ ਦਾ ਸਰਦਾਰ ਭਗਵਾਨ ਦਾਸ ਨਹੀਂ ਚਾਹੁੰਦਾ ਸੀ ਕਿ ਗੁਰੂ ਜੀ ਇਸ ਨਗਰ ਨੂੰ ਆਪਣਾ ਪੱਕਾ ਟਿਕਾਣਾ ਬਣਾਉਣ ਕਿਉਂਕਿ ਭਗਵਾਨ ਦਾਸ ਦੀ ਮੁਗਲ ਅਧਿ-ਕਾਰੀਆਂ ਨਾਲ ਚੰਗੀ ਦੋਸਤੀ ਸੀ। ਉਹ ਗੁਰੂ ਸਾਹਿਬ ਦੀ ਸ਼ਾਨ ਦੇ ਖਿਲਾਫ ਅਪਸ਼ਬਦ ਬੋਲਦਾ ਸੀ ਤੇ ਇਸ 'ਤੇ ਸਿੱਖਾਂ ਨੂੰ ਗੁੱਸਾ ਆ ਗਿਆ। ਇਸ ਝੜੱਪ 'ਚ ਭਗਵਾਨ ਦਾਸ ਮਾਰਿਆ ਗਿਆ। ਉਸ ਦਾ ਪੁੱਤਰ ਰਤਨ ਚੰਦ, ਅਬਦੁਲ ਖਾਨ ਪਾਸ ਗਿਆ, ਜਿਹੜਾ ਕਿ ਜਲੰਧਰ ਦਾ ਸੂਬੇਦਾਰ ਸੀ ਤੇ ਉਸ ਸੂਬੇਦਾਰ ਨੂੰ ਗੁਰੂ ਸਾਹਿਬ 'ਤੇ ਹਰਗੋਬਿੰਦਪੁਰ ਵਿਖੇ ਹਮਲਾ ਕਰਨ ਲਈ ਮਨਾ ਲਿਆ। ਸੂਬੇਦਾਰ ਨੇ ਦਸ ਹਜ਼ਾਰ ਫੌਜੀਆਂ ਦੀ ਟੁਕੜੀ ਗੁਰੂ ਜੀ 'ਤੇ ਹਮਲਾ ਕਰਨ ਲਈ ਭੇਜ ਦਿੱਤੀ। ਗੁਰੂ ਸਾਹਿਬ ਨੇ ਮਹਿਸੂਸ ਕੀਤਾ ਕਿ ਸਾਨੂੰ ਲੜਨ ਲਈ ਮਜਬੂਰ ਕੀਤਾ ਜਾ ਰਿਹਾ ਹੈ ਜਦਕਿ ਇਹ ਇਕ ਧਾਰਮਿਕ ਮਸਲਾ ਹੈ, ਜਿਸ ਨੂੰ ਮਿਲ ਬੈਠ ਕੇ ਇਕੱਲਿਆਂ ਵੀ ਸੁਲਝਾਇਆ ਜਾ ਸਕਦਾ ਹੈ। ਗੁਰੂ ਜੀ ਨੇ ਕਿਹਾ ਕਿ, ''ਅਸੀਂ ਦਿਆਨਤਦਾਰੀ ਦੇ ਮੰਤਵ ਨਾਲ ਲੜ ਰਹੇ ਹਾਂ, ਅਸੀਂ ਚਾਹੁੰਦੇ ਹਾਂ ਕਿ ਅਸੀਂ ਆਰਾਮ ਨਾਲ, ਸ਼ਾਨ ਨਾਲ ਤੇ ਸ਼ਾਂਤੀ ਨਾਲ ਰਹੀਏ- ਨਾ ਕਿ ਆਪਣੀ ਸ਼ਾਨ ਬਣਾਉਣ ਦੀ ਖਾਤਰ ਜਾਂ ਦੂਸਰਿਆਂ 'ਤੇ ਹਕੂਮਤ ਕਰਨ ਦੀ ਖਾਤਰ ਲੜੀਏ।'' ਬਹੁਤ ਹੀ ਘਮਾਸਾਨ ਦਾ ਯੁੱਧ ਹੋਇਆ, ਭਾਵੇਂ ਮੁਗਲਾਂ ਦੀ ਫੌਜ ਦੇ ਮੁਕਾਬਲੇ 'ਚ ਗੁਰੂ ਜੀ ਦੀ ਫੌਜ ਗਿਣਤੀ 'ਚ ਅੱਧੀ ਹੀ ਸੀ। ਕਰਮ ਚੰਦ ਜਿਹੜਾ ਕਿ ਚੰਦੂ ਸ਼ਾਹ ਦਾ ਪੁੱਤਰ ਵੀ ਸੀ ਰਤਨ ਚੰਦ ਪੁੱਤਰ ਭਗਵਾਨ ਦਾਸ ਦੀ ਸੈਨਾ ਨਾਲ ਮਿਲ ਗਿਆ। ਕਿਉਂਕਿ ਉਹ ਵੀ ਆਪਣੇ ਬਾਪ ਦੀ ਮੌਤ ਦਾ ਬਦਲਾ ਲੈਣਾ ਚਾਹੁੰਦਾ ਸੀ। ਇਸ ਘਮਾਸਾਨ ਦੀ ਲੜਾਈ 'ਚ ਸੂਬੇਦਾਰ ਅਬਦੁਲਾ ਖਾਨ ਤੇ ਉਸ ਦਾ ਪੁੱਤਰ ਦੋਵੇਂ ਮਾਰੇ ਗਏ। ਰਤਨ ਚੰਦ ਵੀ ਮਾਰਿਆ ਗਿਆ ਤੇ ਰਤਨ ਚੰਦ ਨੂੰ ਸਿੱਖ ਭਾਈ ਬਿਧੀ ਚੰਦ ਨੇ ਬੰਦੀ ਬਣਾ ਲਿਆ। ਗੁਰੂ ਹਰਗੋਬਿੰਦ ਸਾਹਿਬ ਜੀ ਨੇ ਆਦੇਸ਼ ਦਿੱਤਾ ਕਿ ਕਰਮ ਚੰਦ ਨੂੰ ਛੱਡ ਦਿੱਤਾ ਜਾਵੇ ਪ੍ਰੰਤੂ ਉਹ ਰਿਹਾਅ ਹੋਣ ਤੋਂ ਬਾਅਦ ਛੇਤੀ ਹੀ ਫਿਰ ਲੜਾਈ ਦੇ ਮੈਦਾਨ 'ਚ ਆ ਟਪਕਿਆ। ਹੁਣ ਗੁਰੂ ਹਰਗੋਬਿੰਦ ਜੀ ਦਾ ਸਿੱਧਾ ਇਕੱਲਿਆਂ ਸਾਹਮਣਾ ਰਤਨ ਚੰਦ ਨਾਲ ਹੋ ਗਿਆ। ਆਹਮੋ-ਸਾਹਮਣੇ ਸਿੱਧੀ ਲੜਾਈ, ਬਿਨਾਂ ਹਥਿਆਰਾਂ ਤੋਂ ਹੋਈ ਤੇ ਗੁਰੂ ਜੀ ਨੇ ਬਿਨਾਂ ਕਿਸੇ ਹਥਿਆਰ ਦੇ ਖਾਲੀ ਹੱਥਾਂ ਨਾਲ ਰਤਨ ਚੰਦ ਨੂੰ ਮਾਰ ਦਿੱਤਾ। ਮੁਗਲ ਫੌਜ ਦੀ ਬੁਰੀ ਤਰ੍ਹਾਂ ਹਾਰ ਹੋਈ ਤੇ ਮਜਬੂਰਨ ਉਹਨਾਂ ਨੂੰ ਪਿੱਛੇ ਹਟਣਾ ਪਿਆ। ਲੜਾਈ ਖਤਮ ਹੋਣ ਤੋਂ ਬਾਅਦ ਗੁਰੂ ਸਾਹਿਬ ਨੇ ਹਰਗੋਬਿੰਦਪੁਰ 'ਚ ਗੁਰਦੁਆਰੇ ਦੀ ਉਸਾਰੀ ਪੂਰੀ ਕਰਵਾਈ ਤੇ ਇਸ ਦੇ ਨਾਲ ਹੀ ਗੁਰੂ ਜੀ ਨੇ ਮੁਸਲਮਾਨਾਂ ਲਈ ਵੀ ਇਸੇ ਹੀ ਨਗਰ 'ਚ ਇਕ ਮਸਜਿਦ ਦੀ ਉਸਾਰੀ ਵੀ ਕਰਵਾਈ।

ਮੁਗਲ ਹਕੂਮਤ ਨਾਲ ਖਹਿਬਾਜ਼ੀ ਚੱਲਦੀ ਰਹੀ। ਅਫ਼ਗਾਨਿਸਤਾਨ ਤੋਂ ਇਕ ਸਿੱਖ ਸ਼ਰਧਾਲੂਆਂ ਦਾ ਜਥਾ ਗੁਰੂ ਸਾਹਿਬ ਦੇ ਦਰਸ਼ਨਾਂ ਲਈ ਤੇ ਤੋਹਫ਼ੇ ਵਜੋਂ ਦੋ ਸ਼ਾਨਦਾਰ ਘੋੜੇ ਦੇਣ ਲਈ ਲਿਆ ਰਹੇ ਸਨ। ਰਸਤੇ 'ਚ ਲਾਹੌਰ ਵਿਖੇ ਮੁਗਲ ਹਕੂਮਤ ਦੇ ਅਧਿਕਾਰੀਆਂ ਨੇ ਉਹ ਦੋਵੇਂ ਘੋੜੇ ਸ਼ਰਧਾਲੂਆਂ ਪਾਸੋਂ ਖੋਹ ਲਏ ਤੇ ਬਾਦਸ਼ਾਹ ਸ਼ਾਹ ਜਹਾਨ ਜਿਹੜਾ ਕਿ ਉਹਨਾਂ ਦਿਨਾਂ ਵਿਚ ਲਾਹੌਰ ਦੌਰੇ ਤੇ ਆਇਆ ਹੋਇਆ ਸੀ, ਨੂੰ ਦੇ ਦਿੱਤੇ। ਜਦੋਂ ਸਿੱਖਾਂ ਨੂੰ ਇਸ ਘਟਨਾ ਦਾ ਪਤਾ ਲੱਗਾ ਤਾਂ ਭਾਈ ਬਿਧੀ ਚੰਦ ਜੀ ਨੇ ਆਪਣਾ ਮਨ ਬਣਾ ਲਿਆ ਕਿ ਉਹ ਇਹ ਘੋੜੇ ਜ਼ਰੂਰ ਗੁਰੂ ਸਾਹਿਬ ਲਈ ਲੈ ਕੇ ਆਵੇਗਾ। ਉਸ ਨੇ ਸਭ ਤੋਂ ਪਹਿਲਾਂ ਮੁਗਲ ਹਕੂਮਤ ਦੇ ਅਧਿਕਾਰੀਆਂ ਨਾਲ ਇਕ ਘਸੇਰੇ ਦੇ ਰੂਪ 'ਚ ਚੰਗੀ ਸਾਂਝ ਪੈਦਾ ਕਰ ਲਈ ਤੇ ਉਹ ਘੋੜਿਆਂ ਲਈ ਹਰ ਰੋਜ਼ ਵਧੀਆ-ਵਧੀਆ ਘਾਹ ਲਿਆਉਂਦਾ ਰਿਹਾ ਤੇ ਦੂਸਰੀ ਵਾਰ ਉਸ ਨੇ ਇਕ ਜਾਦੂਗਰ ਤੇ ਜੋਤਸ਼ੀ ਦੇ ਰੂਪ 'ਚ ਅਧਿਕਾਰੀਆਂ ਨਾਲ ਨੇੜਤਾ ਪੈਦਾ ਕਰ ਲਈ। ਇਸ ਤਰ੍ਹਾਂ ਉਹ ਦੋਵੇਂ ਘੋੜਿਆਂ ਨੂੰ ਗੁਰੂ ਜੀ ਵਾਸਤੇ ਲਿਆਉਣ 'ਚ ਸਫਲ ਹੋ ਗਿਆ। ਗੁਰੂ ਜੀ ਨੂੰ ਪਤਾ ਸੀ ਇਸ ਦਾ ਬਦਲਾ ਲੈਣ ਲਈ ਮੁਗਲ ਫੌਜ ਜ਼ਰੂਰ ਉਹਨਾਂ 'ਤੇ ਹਮਲਾ ਕਰੇਗੀ। ਇਸ ਲਈ ਗੁਰੂ ਜੀ ਨੇ ਆਪਣਾ ਠਿਕਾਣਾ ਹਰਗੋਬਿੰਦਪੁਰ ਨੂੰ ਛੱਡ ਕੇ ਨਾਭੇ ਜ਼ਿਲ੍ਹੇ ਦੇ ਘਣੇ ਜੰਗਲਾਂ 'ਚ ਕਰ ਲਿਆ। ਮੁਗਲ ਬਾਦਸ਼ਾਹ ਨੇ ਲਾਲ ਵੇਗ ਦੀ ਅਗਵਾਈ 'ਚ ਕੋਈ 18 ਘੰਟੇ ਦਾ ਖ਼ੂਨੀ ਯੁੱਧ ਹੋਇਆ, ਜਿਸ 'ਚ ਸਿੱਖ ਫੌਜ ਦਾ 1200 ਜਵਾਨ ਫੱਟੜ ਹੋਇਆ ਤੇ ਵੱਡੀ ਗਿਣਤੀ 'ਚ ਸਿੱਖ ਮਾਰੇ ਵੀ ਗਏ। ਇਸ ਦੇ ਨਾਲ ਹੀ ਮੁਗਲ ਫੌਜ ਦਾ ਵੀ ਜਾਨੀ ਤੇ ਮਾਲੀ ਨੁਕਸਾਨ ਵੱਡੀ ਪੱਧਰ 'ਤੇ ਹੋਇਆ ਤੇ ਮੁਗਲ ਫੌਜਾਂ ਨੂੰ ਪਿੱਛੇ ਹਟਣਾ ਪਿਆ ਤੇ ਜਿੱਤ ਗੁਰੂ ਸਾਹਿਬ ਦੀ ਹੋਈ। ਇਹ ਯੁੱਧ 1631 ਈਸਵੀ 'ਚ ਹੋਇਆ।

ਗੁਰੂ ਨਾਨਕ ਦੇਵ ਜੀ ਦੇ ਵੱਡੇ ਪੁੱਤਰ ਬਾਬਾ ਸ੍ਰੀ ਚੰਦ ਜੀ ਨੇ ਗੁਰੂ ਹਰਗੋਬਿੰਦ ਜੀ ਨੂੰ ਕਿਹਾ ਕਿ ਅਗਰ ਉਹ ਆਪਣੇ ਇਕ ਪੁੱਤਰ ਨੂੰ ਮੇਰਾ ਮੁਤਬੰਨਾ ਬਣਾ ਦੇਣ ਤਾਂ ਬਹੁਤ ਚੰਗਾ ਹੋਵੇਗਾ। ਕਿਉਂਕਿ ਮੇਰਾ ਕੋਈ ਬੱਚਾ ਨਹੀਂ ਹੈ। ਸਤਿਕਾਰ ਵਜੋਂ ਗੁਰੂ ਜੀ ਨੇ ਆਪਣੇ ਵੱਡੇ ਪੁੱਤਰ ਬਾਬਾ ਗੁਰਦਿੱਤਾ ਜੀ ਲਈ ਹਾਂ ਕਰ ਦਿੱਤੀ। ਬਾਬਾ ਸ੍ਰੀ ਚੰਦ ਜੀ ਨੇ ਬਾਬਾ ਗੁਰਦਿੱਤਾ ਜੀ ਨੂੰ ਆਪਣਾ ਮੁਤਬੰਨਾ ਪੁੱਤਰ ਬਣਾ ਲਿਆ ਤੇ ਉਸ ਨੂੰ ਆਪਣੀ ਗੁਰਗੱਦੀ ਦਾ ਵਾਰਿਸ ਐਲਾਨ ਕਰ ਦਿੱਤਾ। ਬਾਬਾ ਗੁਰਦਿੱਤਾ ਜੀ ਦੀ ਸ਼ਾਦੀ ਬੀਬੀ ਨਾਤੀ ਜੀ ਨਾਲ ਹੋਈ-ਹੋਈ ਸੀ ਤੇ ਉਹਨਾਂ ਦੇ ਘਰ ਇਕ ਪੁੱਤਰ ਨੇ ਜਨਮ ਲਿਆ, ਜਿਸ ਦਾ ਨਾਮ ਧੀਰ ਮੱਲ ਰੱਖਿਆ ਗਿਆ, ਜਿਸ ਨੇ ਵੱਡੇ ਹੋ ਕੇ ਗੁਰੂ ਹਰਗੋਬਿੰਦ ਜੀ ਤੇ ਉਹਨਾਂ ਦੇ ਬਾਕੀ ਪਰਿਵਾਰ ਨੂੰ ਕਈ ਮੁਸ਼ਕਿਲਾਂ 'ਚ ਪਾ ਦਿੱਤਾ। ਸੰਨ 1630 ਈਸਵੀ ਨੂੰ ਬਾਬਾ ਗੁਰਦਿੱਤਾ ਜੀ ਦੇ ਘਰ ਦੂਸਰੇ ਪੁੱਤਰ ਨੇ ਜਨਮ ਲਿਆ, ਜਿਸ ਦਾ ਨਾਮ ਹਰ ਰਾਏ ਰੱਖਿਆ ਗਿਆ। ਇਹ ਬਾਲਕ ਗੁਰੂ ਜੀ ਦੇ ਪਰਿਵਾਰ ਲਈ ਬੜਾ ਹੋਣਹਾਰ ਸਾਬਤ ਹੋਇਆ। ਗੁਰੂ ਹਰਗੋਬਿੰਦ ਜੀ ਦੇ ਸਪੁੱਤਰ ਬਾਬਾ ਅਟੱਲ ਰਾਏ ਜੀ ਨੇ ਅਲੌਕਿਕ ਚਮਤਕਾਰਾਂ ਦਾ ਢੌਂਗ ਦਿਖਾਉਣਾ ਸ਼ੁਰੂ ਕਰ ਦਿੱਤਾ। ਜਦੋਂ ਅਜਿਹੀਆਂ ਢੌਂਗੀ ਗੱਲਾਂ ਦਾ ਗੁਰੂ ਹਰਗੋਬਿੰਦ ਜੀ ਨੂੰ ਪਤਾ ਲੱਗਾ ਤਾਂ ਉਹਨਾਂ ਨੇ ਆਪਣੇ ਪੁੱਤਰ ਨੂੰ ਝਿੜਕਦਿਆਂ ਹੋਇਆਂ ਕਿਹਾ ਕਿ 'ਮੇਰਾ ਪੁੱਤਰ ਅਵਾਰਾ ਤੇ ਅਯਾਸ਼ ਹੋ ਗਿਆ ਹੈ ਤੇ ਬਿਨਾਂ ਕਿਸੇ ਨਾਲ ਭੇਦ-ਭਾਵ ਕੀਤਿਆਂ ਅਜਿਹਾ ਕਰ ਰਿਹਾ ਹੈ। ਇਹ ਵੀ ਕਿਹਾ ਕਿ ਇਹ ਸਾਡਾ ਪੇਸ਼ਾ ਨਹੀਂ ਹੈ ਕਿ ਅਸੀਂ ਪ੍ਰਮਾਤਮਾ ਦੇ ਕੰਮਾਂ 'ਚ ਦਖਲ ਦੇਈਏ। ਜੋ ਵੀ ਚੰਗਾ ਜਾਂ ਮਾੜਾ ਹੋ ਰਿਹਾ ਹੈ, ਉਹ ਪ੍ਰਮਾਤਮਾ ਦੀ ਖੁਸ਼ੀ 'ਚ ਹੋ ਰਿਹਾ ਹੈ। ਗੁਰੂ ਸਾਹਿਬ ਨੇ ਆਪਣੇ ਪੁੱਤਰ 'ਤੇ ਕਾਫੀ ਸਖ਼ਤੀ ਕੀਤੀ ਤੇ ਉਸ ਤੋਂ ਬਾਅਦ ਅਟੱਲ ਰਾਏ ਜੀ ਦੀ ਜਲਦੀ ਹੀ 9 ਸਾਲ ਦੀ ਛੋਟੀ ਉਮਰ 'ਚ ਮੌਤ ਹੋ ਗਈ। ਆਪਣੇ ਪੁੱਤਰ ਦੀ ਮੌਤ 'ਤੇ ਗੁਰੂ ਜੀ ਨੇ ਕਾਫੀ ਦੁੱਖ ਮਹਿਸੂਸ ਕੀਤਾ ਤੇ ਆਪਣੇ ਪੁੱਤਰ ਦੀ ਯਾਦ 'ਚ 9 ਮੰਜ਼ਿਲਾ ਬੁੰਗਾ ਬਣਵਾਇਆ ਤੇ ਉਸ ਦਾ ਨਾਮ 'ਬੁੰਗਾ ਬਾਬਾ ਅਟੱਲ' ਰੱਖਿਆ। ਇਹ ਅੱਜ ਵੀ ਅੰਮ੍ਰਿਤਸਰ ਸਾਹਿਬ ਵਿਖੇ ਮੌਜੂਦ ਹੈ।

ਛੇਤੀ ਹੀ ਗੁਰੂ ਸਾਹਿਬ ਦੀਆਂ ਫੌਜਾਂ 'ਚ ਆਪਸੀ ਵਿਰੋਧ ਪੈਦਾ ਹੋ ਗਿਆ। ਗੁਰੂ ਸਾਹਿਬ ਦੇ ਬਹੁਤ ਹੀ ਚਹੇਤੇ ਯੋਧੇ ਪੈਂਦੇ ਖਾਨ ਨੂੰ ਗੁਰੂ ਸਾਹਿਬ ਨੇ ਲੜਾਈਆਂ 'ਚ ਬਹਾਦਰੀ ਦਿਖਾਉਣ ਬਦਲੇ ਕਈ ਤੋਹਫ਼ੇ ਦੇ ਕੇ ਨਿਵਾਜਿਆ। ਇਹਨਾਂ ਤੋਹਫਿਆਂ 'ਚੋਂ ਕੁਝ ਤੋਹਫ਼ੇ ਉਸ ਨੇ ਆਪਣੇ ਜਵਾਈ ਅਸਮਾਨ ਖਾਨ ਨੂੰ ਦੇ ਦਿੱਤੇ। ਉਸ ਕੋਲ ਪਹਿਲਾਂ ਵੀ ਗੁਰੂ ਸਾਹਿਬ ਜੀ ਦਾ ਬਹੁਤ ਹੀ ਚਹੇਤਾ ਬਾਜ ਸੀ, ਜਿਹੜਾ ਕਿ ਉਸ ਨੇ ਗੁਰੂ ਸਾਹਿਬ ਨੂੰ ਵਾਪਸ ਕਰਨ ਤੋਂ ਇਨਕਾਰ ਕਰ ਦਿੱਤਾ ਸੀ। ਜਦੋਂ ਗੁਰੂ ਸਾਹਿਬ ਨੇ ਪੈਂਦੇ ਖਾਨ ਦੀ ਜਵਾਬਤਲਬੀ ਕੀਤੀ ਤਾਂ ਉਸ ਨੇ ਗੁਰੂ ਸਾਹਿਬ ਨੂੰ ਅਪਸ਼ਬਦ ਬੋਲ ਕੇ ਬੇਇੱਜ਼ਤੀ ਕੀਤੀ। ਪੈਂਦੇ ਖਾਨ ਦਾ ਇਸ ਤਰ੍ਹਾਂ ਦਾ ਬੁਰਾ ਵਿਵਹਾਰ ਦੇਖ ਕੇ ਗੁਰੂ ਜੀ ਨੇ ਉਸ ਦੀਆਂ ਆਪਣੀ ਫੌਜ 'ਚੋਂ ਸੇਵਾਵਾਂ ਖਤਮ ਕਰਨ ਦਾ ਫੈਸਲਾ ਲੈ ਲਿਆ। ਗੁੱਸੇ 'ਚ ਆਏ ਪੈਂਦੇ ਖਾਨ ਨੇ ਆਪਣੇ 500 ਵਫ਼ਾਦਾਰ ਫੌਜੀ ਗੁਰੂ ਸਾਹਿਬ ਦੀ ਸੈਨਾ 'ਚੋਂ ਕੱਢ ਲਏ ਤੇ ਲਾਹੌਰ ਵਿਖੇ ਮੁਗਲ ਬਾਦਸ਼ਾਹ ਨੂੰ ਪਹੁੰਚ ਕਰਕੇ, ਗੁਰੂ ਜੀ ਦੇ ਖਿਲਾਫ ਕਾਰਵਾਈ ਕਰਨ ਲਈ ਮੁਗਲ ਬਾਦਸ਼ਾਹ ਦੀ ਸ਼ਾਹੀ ਸੈਨਾ 'ਚ ਜਾ ਮਿਲਿਆ। ਬਾਦਸ਼ਾਹ ਬਹੁਤ ਖੁਸ਼ ਹੋਇਆ ਕਿ ਗੁਰੂ ਸਾਹਿਬ ਦਾ ਇਕ ਨਜ਼ਦੀਕੀ ਤੇ ਵਫ਼ਾਦਾਰ ਸੈਨਾਪਤੀ ਬਾਗੀ ਹੋ ਕੇ ਬਾਦਸ਼ਾਹ ਦੀ ਮਦਦ ਕਰਨ ਲਈ ਉਸ ਨਾਲ ਆ ਮਿਲਿਆ ਹੈ। ਪੈਂਦੇ ਖਾਨ ਨੇ ਮੁਗਲ ਬਾਦਸ਼ਾਹ ਨੂੰ ਦੱਸਿਆ ਕਿ ਗੁਰੂ ਸਾਹਿਬ ਦੀ ਸੈਨਾ 'ਚ ਭਰਤੀ ਉਹੀ ਲੋਕ ਹਨ ਜੋ ਗਰੀਬ, ਕਿਸਾਨ, ਖੇਤੀਬਾੜੀ ਦਾ ਧੰਦਾ ਕਰਦੇ ਹਨ। ਸੰਨ 1634 ਈਸਵੀ 'ਚ ਕਾਲੇ ਖਾਨ ਦੀ ਅਗਵਾਈ 'ਚ ਤੇ ਪੈਂਦੇ ਖਾਨ ਦੀ ਮਦਦ ਨਾਲ ਪੰਜਾਹ ਹਜ਼ਾਰ ਮੁਗਲ ਫੌਜੀਆਂ ਨੇ ਮਿਲ ਕੇ ਕਰਤਾਰਪੁਰ ਵਿਖੇ ਗੁਰੂ ਸਾਹਿਬ ਦੀ ਸਿੱਖ ਫੌਜ 'ਤੇ ਹਮਲਾ ਕਰ ਦਿੱਤਾ। ਜਦੋਂ ਗੁਰੂ ਸਾਹਿਬ ਦੀਆਂ ਫੌਜਾਂ ਨੂੰ ਇਸ ਹਮਲੇ ਦਾ ਪਤਾ ਲੱਗਾ, ਧੀਰ ਮੱਲ ਜਿਹੜਾ ਕਿ ਗੁਰੂ ਸਾਹਿਬ ਦਾ ਪੋਤਰਾ ਸੀ, ਉਸ ਨੇ ਪੈਂਦੇ ਖਾਨ ਨੂੰ ਉਸਦੀ ਪੂਰੀ ਮਦਦ ਕਰਨ ਲਈ ਇਕ ਗੁਪਤ ਚਿੱਠੀ ਲਿਖੀ। ਮੁਗਲ ਫੌਜ ਨਾਲ ਲੜਾਈ ਗੁਰੂ ਸਾਹਿਬ ਤੇ ਉਹਨਾਂ ਦੇ ਦੋ ਪੁੱਤਰਾਂ ਭਾਈ ਗੁਰਦਿੱਤਾ ਤੇ ਤੇਗ ਬਹਾਦਰ ਜੀ ਨੇ ਕੀਤੀ। ਲੜਾਈ ਦੇ ਮੈਦਾਨ 'ਚ ਕਾਲੇ ਖਾਨ ਸਮੇਤ ਕਈ ਮਹਾਨ ਯੋਧੇ ਮਾਰੇ ਗਏ। ਮੁਗਲ ਬਾਦਸ਼ਾਹ ਦੀ ਫੌਜ 'ਚ ਪੈਂਦੇ ਖਾਨ ਸਮੇਤ ਦਸਵਾਂ ਹਿੱਸਾ ਤਾਂ ਗੱਦਾਰ ਫੌਜ ਦਾ ਹੀ ਸੀ, ਜਿਹੜੇ ਕਿ ਗੁਰੂ ਸਾਹਿਬ ਨਾਲ ਗੱਦਾਰੀ ਕਰਕੇ ਮੁਗਲ ਫੌਜ 'ਚ ਸ਼ਾਮਲ ਹੋਏ ਸਨ। ਪੈਂਦੇ ਖਾਨ ਨਾਲ ਗੁਰੂ ਸਾਹਿਬ ਦਾ ਬਚਪਨ ਤੋਂ ਹੀ ਪਿਆਰ ਬਹੁਤ ਸੀ ਤੇ ਉਹਨਾਂ ਦੀ ਇੰਨੀ ਸਾਂਝ ਸੀ ਕਿ ਗੁਰੂ ਸਾਹਿਬ ਉਸ ਨੂੰ ਆਪਣੇ ਪੁੱਤਰਾਂ ਵਾਂਗ ਹੀ ਪਿਆਰ ਕਰਦੇ ਸਨ। ਇਸ ਲਈ ਗੁਰੂ ਸਾਹਿਬ ਨੇ ਲੜਾਈ ਦੇ ਮੈਦਾਨ 'ਚ ਪਹਿਲਾਂ ਪੈਂਦੇ ਖਾਨ 'ਤੇ ਵਾਰ ਨਹੀਂ ਕੀਤਾ। ਸਗੋਂ ਪੈਂਦੇ ਖਾਨ ਨੇ ਗੁਰੂ ਜੀ ਤੇ ਦੋ ਵਾਰੀ ਵਾਰ ਕੀਤਾ ਪਰ ਗੁਰੂ ਜੀ ਨੇ ਉਸ ਦੇ ਦੋਵੇਂ ਵਾਰ ਰੋਕ ਲਏ। ਪੈਂਦੇ ਖਾਨ ਵਾਰ ਕਰਨ ਸਮੇਂ ਗੁਰੂ ਜੀ ਨੂੰ ਅੱਪਸ਼ਬਦ ਬੋਲਦਾ ਤੇ ਬੇਇੱਜ਼ਤੀ ਕਰਦਾ। ਅਖੀਰ ਗੁਰੂ ਜੀ ਨੇ ਪੈਂਦੇ ਖਾਨ 'ਤੇ ਤਲਵਾਰ ਦੇ ਇਕੋ ਵਾਰ ਨਾਲ ਹਮਲਾ ਕਰਕੇ ਉਸਨੂੰ ਮਾਰ ਦਿੱਤਾ। ਉਸ ਦਾ ਸਰੀਰ ਮਿੱਟੀ ਨਾਲ ਭਰਿਆ ਹੋਇਆ ਜ਼ਮੀਨ 'ਤੇ ਡਿੱਗਿਆ ਪਿਆਸੀ ਤੇ ਗੁਰੂ ਜੀ ਨੇ ਆਪਣੇ ਪੁਰਾਣੇ ਸਾਥੀ ਨੂੰ ਆਪਣੀ ਗਲਵੱਕੜੀ 'ਚ ਲਿਆ ਤੇ ਉਸ ਦੇ ਮੂੰਹ ਤੇ ਪੈ ਰਹੀ ਸੂਰਜ ਦੀ ਤੇਜ ਧੁੱਪ ਨੂੰ ਆਪਣੀ ਢਾਲ ਨਾਲ ਰੋਕ ਕੇ ਛਾਂ ਕਰ ਦਿੱਤੀ। ਇਸ ਦਰਦਨਾਕ ਦ੍ਰਿਸ਼ ਨੂੰ ਦੇਖ ਕੇ ਗੁਰੂ ਸਾਹਿਬ ਦੀਆਂ ਧਾਹਾਂ ਨਿਕਲ ਗਈਆਂ ਕਿ ਇਹ ਮੇਰਾ ਬਚਪਨ ਦਾ ਬਹੁਤ ਹੀ ਪਿਆਰਾ ਸਾਥੀ ਸੀ। ਗੁਰੂ ਸਾਹਿਬ ਨੇ ਉਸ ਦੀ ਆਤਮਕ ਸ਼ਾਂਤੀ ਲਈ ਅਰਦਾਸ ਕੀਤੀ ਤੇ ਕਿਹਾ, 'ਹੇ ਪ੍ਰਮਾਤਮਾ ਪੈਂਦੇ ਖਾਨ ਨੂੰ ਮੁਆਫ਼ ਕਰਨਾ ਤੇ ਇਸ ਦਾ ਸਵਰਗ 'ਚ ਵਾਸਾ ਕਰਨਾ।' ਲੜਾਈ ਦੇ ਮੈਦਾਨ ਦੇ ਦੂਸਰੇ ਹਿੱਸੇ 'ਚ ਬਾਬਾ ਗੁਰਦਿੱਤਾ ਜੀ ਦੇ ਹੱਥੋਂ ਮੁਗਲ ਜਰਨੈਲ ਅਸਮਾਨ ਖਾਨ ਮਾਰਿਆ ਗਿਆ। ਇਸ ਦੀ ਮੌਤ 'ਤੇ ਵੀ ਬਾਬਾ ਗੁਰਦਿੱਤਾ ਜੀ ਨੇ ਹੰਝੂ ਵਹਾਏ ਕਿਉਂਕਿ ਇਹ ਵੀ ਉਹਨਾਂ ਦਾ ਬਚਪਨ ਦਾ ਦੋਸਤ ਸੀ। ਮੁਗਲ ਫੌਜ ਦਾ ਜਾਨੀ ਤੇ ਮਾਲੀ ਨੁਕਸਾਨ ਬਹੁਤ ਹੋਇਆ ਤੇ ਮਜਬੂਰਨ ਉਹਨਾਂ ਨੂੰ ਪਿੱਛੇ ਹਟਣਾ ਪਿਆ। ਇਸ ਲੜਾਈ 'ਚ ਸੱਤ ਸੌ ਸਿੱਖ ਜਵਾਨ ਮਾਰਿਆ ਗਿਆ ਤੇ ਵੱਡੀ ਗਿਣਤੀ 'ਚ ਜਵਾਨ ਜ਼ਖਮੀ ਵੀ ਹੋਏ। ਇਹ ਗੁਰੂ ਸਾਹਿਬ ਦੇ ਜੀਵਨ ਦੀ ਆਖਰੀ ਲੜਾਈ ਸੀ।

ਇਸ ਆਖਰੀ ਲੜਾਈ ਤੋਂ ਜਲਦੀ ਹੀ ਬਾਅਦ ਗੁਰੂ ਹਰਗੋਬਿੰਦ ਜੀ ਨੇ ਕਰਤਾਰਪੁਰ ਛੱਡ ਦਿੱਤਾ ਤੇ ਸ਼ਾਂਤੀਪੂਰਵਕ ਜੀਵਨ ਬਤੀਤ ਕਰਨ ਲਈ ਤੇ ਅੱਗੋਂ ਤੋਂ ਖ਼ੂਨੀ ਸੰਘਰਸ਼ ਤੋਂ ਬਚਣ ਲਈ ਉਹ ਕੀਰਤਪੁਰ ਸਾਹਿਬ ਵਿਖੇ ਆ ਵੱਸੇ। ਇੱਥੋਂ ਗੁਰੂ ਸਾਹਿਬ ਨੇ ਆਪਣਾ ਮਨ ਸਿੱਖ ਸ਼ਰਧਾਲੂ ਬੁੱਢਣ ਸ਼ਾਹ ਨੂੰ ਮਿਲਣ ਦਾ ਬਣਾਇਆ, ਜਿਹੜਾ ਕਿ ਬਹੁਤ ਬਿਰਧ ਅਵਸਥਾ 'ਚ ਸੀ ਤੇ ਉਹ ਗੁਰੂ ਨਾਨਕ ਦੇਵ ਜੀ ਨੂੰ ਮਿਲਿਆ ਵੀ ਸੀ। ਗੁਰੂ ਸਾਹਿਬ ਦੇ ਪੋਤਰੇ ਧੀਰ ਮੱਲ ਨੇ ਕਰਤਾਰਪੁਰ ਛੱਡਣ ਤੋਂ ਇਨਕਾਰ ਕਰ ਦਿੱਤਾ ਤੇ ਉਹ ਉਥੇ ਹੀ ਟਿਕਿਆ ਰਿਹਾ। ਉਸ ਕੋਲ 'ਆਦਿ (ਗੁਰੂ) ਗ੍ਰੰਥ' ਸਾਹਿਬ ਦੀ ਅਸਲੀ ਹੱਥ ਲਿਖਤ ਕਾਪੀ ਸੀ ਤੇ ਉਹ ਹੱਥ ਲਿਖਤ ਕਾਪੀ ਉਸ ਨੇ ਗੁਰੂ ਸਾਹਿਬ ਨੂੰ ਦੇਣ ਤੋਂ ਇਨਕਾਰ ਕਰ ਦਿੱਤਾ। ਉਹ ਆਪਣੇ ਆਪ ਨੂੰ ਗੁਰੂ ਹਰਗੋਬਿੰਦ ਸਾਹਿਬ ਜੀ ਤੋਂ ਬਾਅਦ 'ਸੱਤਵਾਂ ਸਿੱਖ ਗੁਰੂ' ਹੋਣ ਦਾ ਦਾਅਵਾ ਪੇਸ਼ ਕਰਦਾ ਸੀ ਤੇ ਕਹਿੰਦਾ ਸੀ ਕਿ ਸਿਰਫ ਮੇਰੇ ਪਾਸ ਹੀ ਪਵਿੱਤਰ 'ਆਦਿ (ਗੁਰੂ) ਗ੍ਰੰਥ' ਸਾਹਿਬ ਦੀ ਕਾਪੀ ਹੈ।

ਕੀਰਤਪੁਰ ਸਾਹਿਬ ਆ ਕੇ ਗੁਰੂ ਹਰਗੋਬਿੰਦ ਜੀ ਨੇ ਆਪਣੇ ਜੀਵਨ ਦੇ ਬਾਕੀ ਦਿਨ ਬੜੇ ਸ਼ਾਂਤੀਪੂਰਵਕ ਤਰੀਕੇ ਨਾਲ ਬਤੀਤ ਕੀਤੇ। ਉਨ੍ਹਾਂ ਨੇ ਆਪਣੇ ਪਾਸ ਸਿਰਫ ਆਪਣੀ ਸੁਰੱਖਿਆ ਲਈ ਹੀ 900 ਸਿੱਖ ਸਿਪਾਹੀ ਰੱਖੇ। ਕੀਰਤਪੁਰ ਸਾਹਿਬ ਵਿਖੇ ਉਨ੍ਹਾਂ ਦੇ ਹਜ਼ਾਰਾਂ ਦੀ ਗਿਣਤੀ 'ਚ ਸ਼ਰਧਾਲੂ ਸਿੱਖ ਜੁੜਨ ਲੱਗੇ। ਗੁਰੂ ਸਾਹਿਬ ਨੇ ਸਿੱਖ ਧਰਮ ਦੇ ਫੈਲਾਅ ਲਈ ਸਾਰੇ ਭਾਰਤ ਵਰਸ਼ 'ਚ ਯਤਨ ਕੀਤੇ। ਉਸ ਸਮੇਂ ਸਿੱਖ ਧਰਮ ਦੇ ਫੈਲਾਅ ਲਈ ਕੀਤੀਆਂ ਜਾ ਰਹੀਆਂ ਕੋਸ਼ਿਸ਼ਾਂ ਨੂੰ ਇਕ ਮਸ਼ਹੂਰ ਮੁਸਲਮਾਨ ਲਿਖਾਰੀ ਮੁਹਸਿਨ ਫਾਨੀ ਦੀ ਲਿਖੀ ਹੋਈ ਪੁਸਤਕ 'ਦਾਵਿਸਥਾਨ-ਏ-ਮਜ਼ਹਬ' ਵਿਚ ਅੱਖੀਂ ਦੇਖਿਆ ਹਾਲ ਵਰਣਨ ਕੀਤਾ ਗਿਆ ਹੈ। ਇਸ ਸਮੇਂ ਸਿੱਖ ਧਰਮ ਭਾਰਤ 'ਚ ਆਪਣੀ ਵੱਡੀ ਪਹਿਚਾਣ ਬਣਾ ਚੁੱਕਾ ਸੀ। ਇਸ ਪੁਸਤਕ 'ਚ ਇਹ ਲਿਖਾਰੀ ਸਿੱਖਾਂ ਬਾਰੇ ਲਿਖਦਾ ਹੈ ਕਿ, "ਗੁਰੂ ਇਕ ਪ੍ਰਮਾਤਮਾ 'ਚ ਵਿਸ਼ਵਾਸ ਰੱਖਦਾ ਹੈ। ਉਸ ਦੇ ਸ਼ਰਧਾਲੂ ਪਾਠ-ਪੂਜਾ 'ਚ ਵਿਸ਼ਵਾਸ ਨਹੀਂ ਰੱਖਦੇ। ਉਹ ਹਿੰਦੂਆਂ ਦੀ ਤਰ੍ਹਾਂ ਬੁੱਤ ਪੂਜਾ ਨਹੀਂ ਕਰਦੇ। ਉਹ ਦੇਹਧਾਰੀ ਗੁਰੂਆਂ ਨੂੰ ਨਹੀਂ ਮੰਨਦੇ। ਉਹ ਤੀਰਥ ਯਾਤਰਾਵਾਂ ਤੇ ਜਾਣ ਦੀ ਮਨਾਹੀ ਕਰਦੇ ਹਨ ਤੇ ਨਾ ਹੀ ਉਹ ਸੰਸਕ੍ਰਿਤ ਭਾਸ਼ਾ ਨੂੰ ਹਿੰਦੂਆਂ ਦੀ ਤਰ੍ਹਾਂ ਰੱਬ ਦੀ ਭਾਸ਼ਾ ਮੰਨਦੇ ਹਨ। ਉਹ ਇਹ ਵੀ ਮੰਨਦੇ ਹਨ ਕਿ ਸਾਰੇ ਗੁਰੂ, ਗੁਰੂ ਨਾਨਕ ਦੇਵ ਜੀ ਦੇ ਸਮਾਨ ਹੀ ਹਨ। ਉਹਨਾਂ ਨੂੰ ਖਾਣ-ਪੀਣ ਦੀ ਵੀ ਕੋਈ ਮਨਾਹੀ ਨਹੀਂ ਹੈ।'

ਛੇਤੀ ਹੀ ਇੱਥੇ ਆਉਣ ਉਪਰੰਤ ਉਹਨਾਂ ਨੂੰ ਆਪਣੇ ਸਭ ਤੋਂ ਵੱਡੇ ਪੁੱਤਰ ਬਾਬਾ ਗੁਰਦਿੱਤਾ ਜੀ ਦੀ ਦੁਖਦਾਇਕ ਮੌਤ ਦੀ ਖ਼ਬਰ ਮਿਲੀ। ਉਹਨਾਂ ਦੀ ਉਸ ਸਮੇਂ ਉਮਰ ਸਿਰਫ 24 ਸਾਲ ਦੀ ਹੀ ਸੀ। ਗੁਰੂ ਜੀ ਦਾ ਇਹ ਪੁੱਤਰ ਵੀ ਅਟੱਲ ਰਾਏ ਵਾਂਗ ਰਿੱਧੀਆਂ-ਸਿੱਧੀਆਂ ਤੇ ਚਮਤਕਾਰ ਕਰਨ 'ਚ ਵਿਸ਼ਵਾਸ ਰੱਖਦਾ ਸੀ ਪਰ ਸਿੱਖ ਧਰਮ ਅਜਿਹੇ ਕਰਮ-ਕਾਂਡਾਂ ਨੂੰ ਢੌਂਗ ਮੰਨਦਾ ਹੈ ਤੇ ਅਜਿਹੇ ਕਰਮ-ਕਾਂਡਾਂ ਦਾ ਰੱਜ ਕੇ ਵਿਰੋਧ ਕਰਦਾ ਹੈ।

ਗੁਰੂ ਹਰਗੋਬਿੰਦ ਜੀ ਨੇ ਆਪਣੇ ਪੁੱਤਰ ਦੀ ਮੌਤ 'ਤੇ ਬੜਾ ਦੁੱਖ ਮਹਿਸੂਸ ਕੀਤਾ ਤੇ ਆਪਣੇ ਪੋਤਰੇ ਬਾਬਾ ਧੀਰ ਮੱਲ ਜੀ ਨੂੰ ਕਿਹਾ ਕਿ ਉਹ, ਉਸ ਦੀ ਮੌਤ 'ਤੇ ਹੋਣ ਵਾਲੀਆਂ ਸਾਰੀਆਂ ਆਖਰੀ ਰਸਮਾਂ 'ਤੇ ਮੇਰੀ ਥਾਂ ਤੇ ਜਾ ਕੇ ਨਿਭਾਉਣ ਤੇ ਪਗੜੀ ਵੀ ਬਨ੍ਹਵਾਉਣ ਪਰ ਧੀਰ ਮੱਲ ਨੇ ਅਜਿਹੀਆਂ ਰਸਮਾਂ 'ਤੇ ਜਾਣ ਤੋਂ ਇਨਕਾਰ ਕਰ ਦਿੱਤਾ ਤੇ ਇੱਥੋਂ ਤੱਕ ਕਿ ਉਸ ਨੇ ਗੁਰੂ ਸਾਹਿਬ ਨਾਲ ਮੌਤ 'ਤੇ ਅਫਸੋਸ ਵੀ ਪ੍ਰਗਟ ਨਹੀਂ ਕੀਤਾ ਸਗੋਂ ਆਪਣੇ ਆਪ ਨੂੰ ਸੱਤਵਾਂ ਸਿੱਖ ਗੁਰੂ ਹੋਣ ਦੀ ਰੱਟ ਹੀ ਲਾਉਂਦਾ ਰਿਹਾ।

ਹੁਣ ਗੁਰੂ ਹਰਗੋਬਿੰਦ ਜੀ ਨੇ ਆਪਣੇ ਪੋਤਰੇ ਹਰਰਾਏ ਜੀ ਜਿਹੜਾ ਕਿ ਬਾਬਾ ਗੁਰਦਿੱਤਾ ਜੀ ਦਾ ਦੂਸਰਾ ਪੁੱਤਰ ਸੀ, ਨੂੰ ਆਪਣੀ ਗੁਰਗੱਦੀ ਦਾ ਵਾਰਸ ਥਾਪਣ ਲਈ ਸਿੱਖਿਅਤ ਕਰਨਾ ਸ਼ੁਰੂ ਕਰ ਦਿੱਤਾ।

ਗੁਰੂ ਜੀ ਦਾ ਆਪਣਾ ਪੁੱਤਰ ਬਾਬਾ ਗੁਰਦਿੱਤਾ ਜੀ ਵੀ ਚਲਾਣਾ ਕਰ ਚੁੱਕੇ ਸਨ। ਸੂਰਜ ਮੱਲ ਤੇ ਅਨੀ ਰਾਏ ਬਹੁਤ ਹੀ ਸੰਸਾਰਕ ਰੁਚੀਆਂ ਦੇ ਮਾਲਕ ਸਨ, ਸਿਰਫ ਤੇਗ ਬਹਾਦਰ ਜੀ ਹੀ ਇਕਾਂਤਚਿੱਤ ਤੇ ਅਧਿਆਤਮਕ ਰੁਚੀਆਂ ਦੇ ਮਾਲਕ ਸਨ। ਹਰ ਰਾਏ ਜੀ ਬਹੁਤ ਹੀ ਧਾਰਮਿਕ ਰੁਚੀਆਂ ਵਾਲੇ ਨੌਜਵਾਨ ਸਨ ਤੇ ਗੁਰੂ ਹਰਗੋਬਿੰਦ ਜੀ ਨੇ ਉਹਨਾਂ ਨੂੰ ਹੀ ਆਪਣੇ ਆਸ਼ੇ ਮੁਤਾਬਕ ਮੀਰੀ-ਪੀਰੀ ਦੇ ਸਿਧਾਂਤ ਅਨੁਸਾਰ ਸਿੱਖਿਅਤ ਕੀਤਾ। ਚੌਦਾਂ ਸਾਲ ਦੀ ਉਮਰ 'ਚ ਹਰਰਾਏ ਜੀ ਨੂੰ ਗੁਰੂ ਹਰਗੋਬਿੰਦ ਜੀ ਨੇ ਆਪਣੀ ਗੁਰਗੱਦੀ ਦਾ 'ਸੱਤਵਾਂ ਸਿੱਖ ਗੁਰੂ' ਐਲਾਨ ਕਰ ਦਿੱਤਾ ਤੇ ਉਨ੍ਹਾਂ ਨੂੰ ਆਪਣਾ ਸਿਰ ਝੁਕਾਅ ਕੇ ਨਮਸਕਾਰ ਕੀਤਾ।

ਇਸ ਉਪਰੰਤ ਗੁਰੂ ਹਰਗੋਬਿੰਦ ਜੀ 19 ਮਾਰਚ, 1644 ਈਸਵੀ ਨੂੰ ਜੋਤੀ-ਜੋਤ ਸਮਾਅ ਗਏ। ਉਹਨਾਂ ਨੇ ਆਪਣਾ ਸਾਰਾ ਜੀਵਨ ਇਕ ਸੰਤ-ਸਿਪਾਹੀ ਵਜੋਂ ਬਤੀਤ ਕੀਤਾ ਤੇ ਆਪਣੇ ਸਿੱਖ ਸ਼ਰਧਾਲੂਆਂ ਨੂੰ ਵੀ ਵਰਤਮਾਨ ਤੇ ਭਵਿੱਖ 'ਚ ਅਜਿਹਾ ਜੀਵਨ ਜਿਊਣ ਦੀ ਪ੍ਰੇਰਨਾ ਦਿੱਤੀ।



## ਕਾਵਿ ਵਿਅੰਗ/ ਵੋਟ ਏਦਾਂ ਪਾਉਨੇ ਆਂ !

ਸੱਤਾ ਦਿੰਦੇ ਰਹੇ ਨੀਲਿਆਂ ਚਿੱਟਿਆਂ ਨੂੰ
ਰਲ਼ਕੇ ਲਿਆ ਪੰਜਾਬ ਨੂੰ ਭੋਟ ਯਾਰੋ।
ਪਹਿਲਾਂ ਜਾਣੀਏਂ ਪਾਰਟੀ ਸ਼ੁੱਧ ਸੋਨਾ
ਫੇਰ ਲੱਭੀਏ 'ਅੰਦਰਲੇ' ਖੋਟ ਯਾਰੋ।
ਆ ਕੇ ਜੋਸ਼ ਵਿੱਚ ਹੋਸ਼ ਨੂੰ ਰੱਖ ਪਾਸੇ
ਲਾ ਦੇਈਏ 'ਨਗਾਰੇ' 'ਤੇ ਚੋਟ ਯਾਰੋ।
ਸਾਡੀ ਅਣਖ ਸਿਆਣਪ ਦੀ ਕਰੇ ਸੋਭਾ
ਜਿਹਦਾ ਕੰਮ ਆ ਜਾਂਦਾ ਏ 'ਲੋਟ' ਯਾਰੋ।
ਕਾਹਲ਼ੀ ਏਨੀ ਕਿ ਨਹੀਂ ਉਡੀਕ ਹੁੰਦੀ
ਚਾਹੀਏ ਰੱਖਣਾ ਕੋਲ਼ 'ਰਿਮੋਟ' ਯਾਰੋ।
ਗੱਫਾ ਕਿਸੇ ਨੂੰ ਮਾਰੀ ਦਾ ਕਿਸੇ ਧੱਫਾ
ਪਾਉਣੀ ਹੁੰਦੀ ਐ ਗੁੱਸੇ 'ਚ ਵੋਟ ਯਾਰੋ।

-ਤਰਲੋਚਨ ਸਿੰਘ ਦੁਪਾਲ ਪੁਰ
001-408-915-1268

'ਦੇਸ਼ ਦੁਆਬਾ' 'ਅੰਬੇਦਕਰ ਟਾਈਮਜ਼'
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com
www.ambedkartimes.com

# 'ਮੇਰਾ ਸਿਰ ਜਾਵੇ ਤਾਂ ਜਾਵੇ, ਪਰ ਮੇਰੀ ਸਿੱਖੀ ਸਿਦਕ ਨਾ ਜਾਵੇ'

'ਚ ਕਈ ਗ੍ਰੰਥਾਂ ਦਾ ਅਧਿਐਨ ਕੀਤਾ ਤੇ ਇਕ ਨਿਪੁੰਨ ਬ੍ਰਹਮ ਗਿਆਨੀ ਬਣ ਗਏ। ਉਹਨਾਂ ਨੇ ਗੁਰਬਾਣੀ ਨੂੰ ਸਮਝਣ ਲਈ ਉਸ ਦਾ ਬਹੁਤ ਡੂੰਘਾਈ 'ਚ ਵਿਸ਼ਲੇਸ਼ਣ ਕਰਕੇ ਗਿਆਨ ਪ੍ਰਾਪਤ ਕੀਤਾ ਤੇ ਇਸ ਗਿਆਨ ਦਾ ਇਕ ਵਧੀਆ ਕਥਾਵਾਚਕ ਵਜੋਂ ਆਨੰਦਪੁਰ ਸਾਹਿਬ ਤੇ ਪਿੱਛੋਂ ਹਰਿਮੰਦਰ ਸਾਹਿਬ ਵਿਖੇ ਪ੍ਰਗਟਾ ਵੀ ਕੀਤਾ।

1685 'ਚ ਜਦੋਂ ਗੁਰੂ ਗੋਬਿੰਦ ਸਿੰਘ ਜੀ ਨਾਹਨ ਦੇ ਰਾਜਾ ਮੇਦਨੀ ਪ੍ਰਕਾਸ਼ ਦੇ ਸੱਦੇ 'ਤੇ ਨਾਹਨ ਵਿਖੇ ਗਏ ਤਾਂ ਉਹਨਾਂ ਨਾਲ ਪ੍ਰਮੁੱਖ ਤੌਰ 'ਤੇ ਭਾਈ ਮਨੀ ਸਿੰਘ ਜੀ ਤੇ ਹੋਰ ਸਿੱਖ ਵੀ ਨਾਲ ਗਏ।

1687 'ਚ ਜਦੋਂ ਗੁਰੂ ਜੀ ਨੇ ਬਾਬਾ ਰਾਮ ਰਾਏ ਦੀ ਵਿਧਵਾ ਪਤਨੀ ਦੀ ਬੇਨਤੀ 'ਤੇ ਉਸ ਦੀ ਮਦਦ ਕਰਨ ਲਈ, ਦੇਹਰਾਦੂਨ ਗਏ ਕਿਉਂਕਿ ਉਥੋਂ ਦੇ ਮਸੰਦ ਉਨ੍ਹਾਂ ਨਾਲ ਦੁਰਵਿਵਹਾਰ ਕਰਦੇ ਸਨ, ਨਾਲ ਭਾਈ ਮਨੀ ਸਿੰਘ ਵੀ ਸਨ। ਉਹਨਾਂ ਨੇ ਮਸੰਦਾਂ ਨੂੰ ਖੂਬ ਸਬਕ ਸਿਖਾਇਆ ਅਤੇ ਉਹਨਾਂ ਨੂੰ ਸਿੱਧੇ ਰਸਤੇ 'ਤੇ ਲੈ ਆਂਦਾ।

1688 'ਚ ਬਾਬਾ ਰਾਮਰਾਏ ਜੀ ਦੀ ਬਰਸੀ 'ਤੇ ਗੁਰੂ ਗੋਬਿੰਦ ਸਿੰਘ ਜੀ ਨੇ ਭਾਈ ਮਨੀ ਸਿੰਘ ਜੀ ਦੀ ਅਗਵਾਈ 'ਚ 50 ਸਿੱਖਾਂ ਦਾ ਜਥਾ ਭੇਜ ਕੇ ਬਰਸੀ 'ਚ ਸ਼ਾਮਲ ਹੋਣ ਲਈ ਕਿਹਾ।

ਭਾਈ ਮਨੀ ਸਿੰਘ ਜੀ ਉਸ ਸਮੇਂ ਵੀ ਗੁਰੂ ਗੋਬਿੰਦ ਸਿੰਘ ਜੀ ਨਾਲ ਗਏ ਜਦੋਂ ਉਹਨਾਂ ਨੇ ਜਮਨਾ ਨਦੀ ਨੂੰ ਪਾਰ ਕਰਕੇ ਹਿਮਾਚਲ ਪ੍ਰਦੇਸ਼ ਸਥਿਤ ਪਾਉਂਟਾ ਸਾਹਿਬ ਵਿਖੇ ਜਾਣਾ ਸੀ। ਭਾਈ ਮਨੀ ਸਿੰਘ ਜੀ ਨੇ ਭੰਗਾਣੀ ਦਾ ਯੁੱਧ ਵੀ 1688 'ਚ ਲੜਿਆ ਕਿਉਂਕਿ ਸਭ ਪਹਾੜੀ ਰਾਜੇ ਇਕੱਠੇ ਹੋ ਕੇ ਪਾਉਂਟਾ ਸਾਹਿਬ 'ਤੇ ਕਬਜ਼ਾ ਕਰਨਾ ਚਾਹੁੰਦੇ ਸਨ। ਭਾਈ ਮਨੀ ਸਿੰਘ ਜੀ ਨੇ ਇਸ ਲੜਾਈ 'ਚ ਆਪਣੀ ਤਲਵਾਰ ਦੇ ਜੌਹਰ ਦਿਖਾਏ। ਇਸ ਲੜਾਈ 'ਚ ਉਹਨਾਂ ਦਾ ਛੋਟਾ ਭਰਾ ਹਟੀ ਚੰਦ ਮਾਰਿਆ ਗਿਆ ਸੀ।

1690 'ਚ ਨਦੌਂਣ ਦੀ ਜੰਗ 'ਚ ਵੀ ਭਾਈ ਮਨੀ ਸਿੰਘ ਨੇ ਆਪਣੀ ਤਲਵਾਰ ਦੇ ਜੌਹਰ ਦਿਖਾਏ ਤੇ ਇੱਥੇ ਵੀ ਜਿੱਤ ਪ੍ਰਾਪਤ ਕੀਤੀ। ਗੁਰੂ ਗੋਬਿੰਦ ਸਿੰਘ ਜੀ ਨੇ ਭਾਈ ਮਨੀ ਸਿੰਘ ਜੀ ਦੀ ਇਸ ਜਿੱਤ ਤੋਂ ਖੁਸ਼ ਹੋ ਕੇ ਉਹਨਾਂ ਨੂੰ 'ਦੀਵਾਨ' ਦੇ ਖਿਤਾਬ ਨਾਲ ਨਿਵਾਜਿਆ।

1699 'ਚ ਵਿਸਾਖੀ ਵਾਲੇ ਦਿਨ ਜਦੋਂ ਗੁਰੂ ਗੋਬਿੰਦ ਸਿੰਘ ਜੀ ਨੇ 'ਖਾਲਸਾ ਪੰਥ' ਦੀ ਸਥਾਪਨਾ ਕੀਤੀ ਤਾਂ ਭਾਈ ਮਨੀ ਸਿੰਘ ਜੀ ਨੇ ਗੁਰੂ ਗੋਬਿੰਦ ਸਿੰਘ ਜੀ ਦੇ ਹੱਥਾਂ ਨਾਲ ਖੁਦ ਅੰਮ੍ਰਿਤ ਛਕਿਆ ਤੇ ਉਹ ਮਨੀ ਰਾਮ (ਮਨੀਆ) ਤੋਂ ਭਾਈ ਮਨੀ ਸਿੰਘ ਜੀ ਬਣ ਗਏ। ਇਸੇ ਹੀ ਦਿਨ ਭਾਈ ਮਨੀ ਸਿੰਘ ਜੀ ਦੇ ਭਰਾਵਾਂ, ਜਿਹਨਾਂ 'ਚ ਰਾਏ ਸਿੰਘ, ਰੂਪ ਸਿੰਘ ਤੇ ਮਾਨ ਸਿੰਘ ਨੇ ਵੀ ਤੇ ਉਹਨਾਂ ਦੇ ਪੰਜ ਪੁੱਤਰਾਂ, ਜਿਹਨਾਂ ਦੇ ਨਾਮ ਬਚਿੱਤਰ ਸਿੰਘ, ਉਦੈ ਸਿੰਘ, ਇਨਾਇਕ ਸਿੰਘ, ਅਜਾਬ ਸਿੰਘ ਤੇ ਅਜਾਇਬ ਸਿੰਘ ਨੇ ਵੀ ਅੰਮ੍ਰਿਤ ਛਕਿਆ ਤੇ ਸਿੰਘ ਸਜ ਗਏ।

1699 'ਚ ਖਾਲਸਾ ਪੰਥ ਦੀ ਸਥਾਪਨਾ ਬਾਅਦ ਬਹੁਤ ਸਾਰੇ ਸਿੱਖ ਸ਼ਰਧਾਲੂ ਅੰਮ੍ਰਿਤ ਛਕ ਕੇ ਸਿੰਘ ਸਜ ਗਏ ਤੇ ਗੁਰੂ ਸਾਹਿਬ ਨੇ ਇਸ ਸਮੇਂ 'ਰਹਿਤ ਮਰਿਆਦਾ' 'ਚ ਰਹਿਣ ਦੇ, ਸਭ ਸਿੰਘਾਂ ਨੂੰ ਆਦੇਸ਼ ਦਿੱਤੇ। ਇਸ ਤੋਂ ਕੁਝ ਦਿਨ ਬਾਅਦ ਗੁਰੂ ਗੋਬਿੰਦ ਸਿੰਘ ਜੀ ਨੇ ਭਾਈ ਮਨੀ ਸਿੰਘ ਤੇ ਪੰਜ ਸਿੰਘਾਂ ਨੂੰ ਹਦਾਇਤ ਦੇ ਕੇ ਅੰਮ੍ਰਿਤਸਰ, ਸ੍ਰੀ ਹਰਿਮੰਦਰ ਸਾਹਿਬ ਦਾ ਕਬਜ਼ਾ ਲੈਣ ਲਈ ਭੇਜਿਆ। ਭਾਈ ਮਨੀ ਸਿੰਘ ਜੀ ਨੂੰ ਸ੍ਰੀ ਹਰਿਮੰਦਰ ਸਾਹਿਬ ਦਾ ਮੁੱਖ ਗ੍ਰੰਥੀ ਤੇ ਸ੍ਰੀ ਅਕਾਲ ਤਖਤ ਸਾਹਿਬ ਦਾ ਜਥੇਦਾਰ ਨਿਯੁਕਤ ਕੀਤਾ। ਇਸ ਤਰ੍ਹਾਂ ਭਾਈ ਮਨੀ ਸਿੰਘ ਜੀ, ਬਾਬਾ ਬੁੱਢਾ ਤੇ ਭਾਈ ਗੁਰਦਾਸ ਜੀ ਤੋਂ ਬਾਅਦ ਹਰਿ-ਮੰਦਰ ਸਾਹਿਬ ਦੇ ਤੀਸਰੇ ਮੁੱਖ ਗ੍ਰੰਥੀ ਬਣੇ। ਭਾਈ ਮਨੀ ਸਿੰਘ ਜੀ ਨੇ ਪੂਜਾ-ਪਾਠ ਦੀਆਂ ਸਭ ਹਿੰਦੂ ਵਿਧਾਵਾਂ ਨੂੰ ਹਰਿਮੰਦਰ ਸਾਹਿਬ 'ਚੋਂ ਖਤਮ ਕੀਤਾ ਤੇ ਨਾਲ-ਨਾਲ ਰੋਜ਼ਾਨਾ ਭਾਈ ਮਨੀ ਸਿੰਘ ਜੀ, ਗੁਰਬਾਣੀ ਦੀ ਕਥਾ ਕਰਦੇ ਸਨ ਜਿਹੜੀ ਕਿ ਸਿੱਖ ਧਰਮ ਦੇ ਪ੍ਰਸਾਰ ਲਈ ਬਹੁਤ ਹੀ ਜਲਦ ਆਪਣੀ ਚਰਮ ਸੀਮਾ 'ਤੇ ਪਹੁੰਚ ਗਈ। ਕਥਾ, ਕੀਰਤਨ ਦੇ ਨਾਲ, ਸਿੱਖ ਸੰਗਤ ਨੂੰ ਰਹਿਤ ਮਰਿਆਦਾ ਦੀਆਂ ਹਦਾਇਤਾਂ ਵੀ ਦਿੱਤੀਆਂ ਜਾਂਦੀਆਂ ਤੇ ਇਸ ਦੇ ਨਾਲ, ਸਿੱਖ ਧਰਮ 'ਚ ਸ਼ਾਮਲ ਹੋਣ ਵਾਲੇ, ਨਵੇਂ ਸ਼ਰਧਾਲੂਆਂ ਨੂੰ ਖੰਡੇ-ਬਾਟੇ ਦਾ ਪਾਹੁਲ ਵੀ ਦਿੱਤਾ ਜਾਂਦਾ ਤੇ ਸਿੰਘ ਸਜਾਇਆ ਜਾਂਦਾ। ਇਸ ਤਰ੍ਹਾਂ ਭਾਈ ਮਨੀ ਸਿੰਘ ਜੀ ਦੀਆਂ ਕੋਸ਼ਿਸ਼ਾਂ ਨਾਲ ਉੱਤਰੀ ਪੰਜਾਬ ਦੇ ਜੱਟ, ਕਿਸਾਨ ਵਰਗ ਦੇ ਵੱਡੀ ਗਿਣਤੀ 'ਚ ਲੋਕ, ਅੰਮ੍ਰਿਤ ਛਕ ਕੇ ਸਿੰਘ ਸਜ ਗਏ। ਇਸ ਤਰ੍ਹਾਂ ਇਸ ਵਰਗ ਦੇ ਲੋਕਾਂ ਦੀ ਦਿਨ-ਪ੍ਰਤੀ-ਦਿਨ ਸਿੱਖ ਧਰਮ 'ਚ ਗਿਣਤੀ ਵਧਣ ਲੱਗੀ। ਇਸ ਤਰ੍ਹਾਂ ਜਦੋਂ ਇਹ ਲੋਕ ਅੰਮ੍ਰਿਤ ਛਕ ਕੇ ਆਪਣੇ ਪਿੰਡਾਂ 'ਚ ਵਾਪਸ ਜਾਂਦੇ ਤਾਂ ਉਹ ਅੰਮ੍ਰਿਤ ਛਕਣ ਤੇ ਸਿੰਘ ਸਜਣ ਦੀ ਪ੍ਰੇਰਨਾ, ਦੂਸਰੇ ਲੋਕਾਂ ਨੂੰ ਵੀ ਦਿੰਦੇ। ਇਸ ਤਰ੍ਹਾਂ ਸਮੇਂ-ਸਮੇਂ 'ਤੇ ਭਾਈ ਮਨੀ ਸਿੰਘ ਜੀ ਗੁਰੂ ਗੋਬਿੰਦ ਸਿੰਘ ਜੀ ਨੂੰ, ਸਤਿਕਾਰ ਦੇਣ ਲਈ ਆਨੰਦਪੁਰ ਸਾਹਿਬ ਜਾਂਦੇ ਰਹਿੰਦੇ ਤੇ ਅੰਮ੍ਰਿਤਸਰ ਦੀਆਂ ਸਾਰੀਆਂ ਗਤੀਵਿਧੀਆਂ ਦੀ ਜਾਣਕਾਰੀ ਵੀ ਗੁਰੂ ਸਾਹਿਬ ਨੂੰ ਦਿੰਦੇ ਰਹਿੰਦੇ ਸਨ।

1699 'ਚ ਖਾਲਸਾ ਪੰਥ ਦੀ ਸਾਜਨਾ ਉਪਰੰਤ ਰਾਜਾ ਅਜਮੇਰ ਚੰਦ ਤੇ ਉਸ ਦੇ ਮੁਗ਼ਲ ਮਦਦਗਾਰਾਂ ਵਿਰੁੱਧ, ਲੜੀ ਗਈ ਪਹਿਲੀ ਲੜਾਈ 'ਚ ਭਾਈ ਮਨੀ ਸਿੰਘ ਜੀ ਤੇ ਉਹਨਾਂ ਦੇ ਪੁੱਤਰ, ਗੁਰ ਸਾਹਿਬ ਦੀਆਂ ਫੌਜਾਂ 'ਚ, ਮੈਦਾਨ-ਏ-ਜੰਗ 'ਚ ਮੋਹਰਲੀ ਕਤਾਰ 'ਚ ਸ਼ਾਮਲ ਸਨ। ਗੁਰੂ ਗੋਬਿੰਦ ਸਿੰਘ ਜੀ, ਭਾਈ ਮਨੀ ਸਿੰਘ ਤੇ ਉਹਨਾਂ ਦੇ ਪੁੱਤਰਾਂ 'ਤੇ ਖ਼ਾਲਸੇ ਨੂੰ ਹੋਈ ਜਿੱਤ ਉਪਰੰਤ, ਬਹੁਤ ਪ੍ਰਸੰਨ ਸਨ। ਗੁਰੂ ਜੀ ਨੇ ਇਹਨਾਂ ਦੀ ਪ੍ਰਸ਼ੰਸਾ ਕਰਨ ਲਈ ਉਚੇਚਿਆਂ ਤੌਰ 'ਤੇ, ਇਕ ਹੁਕਮਨਾਮਾ ਜਾਰੀ ਕੀਤਾ। ਇਸ ਹੁਕਮਨਾਮੇ 'ਚ ਭਾਈ ਮਨੀ ਸਿੰਘ ਜੀ ਤੇ ਉਹਨਾਂ ਦੇ ਪੁੱਤਰਾਂ ਬਚਿੱਤਰ ਸਿੰਘ, ਉਦੈ ਸਿੰਘ, ਅਨਾਇਕ ਸਿੰਘ, ਅਜਬ ਸਿੰਘ ਤੇ ਅਜਾਇਬ ਸਿੰਘ ਦਾ ਜ਼ਿਕਰ ਕੀਤਾ।

ਭਾਈ ਮਨੀ ਸਿੰਘ ਜੀ ਨੇ 1704 ਦੀ ਨਦੌਣ ਦੀ ਲੜਾਈ 'ਚ ਬੜਾ ਮਹੱਤਵਪੂਰਨ ਯੋਗਦਾਨ ਪਾਇਆ, ਜਦੋਂ ਗੁਰੂ ਗੋਬਿੰਦ ਸਿੰਘ ਜੀ ਨੇ ਆਨੰਦਪੁਰ ਸਾਹਿਬ 20 ਦਸੰਬਰ 1704 ਦੀ ਰਾਤ ਨੂੰ ਛੱਡਿਆ, ਗੁਰੂ ਜੀ ਦਾ ਆਪਣੇ ਪਰਿਵਾਰ ਨਾਲੋਂ, ਸਿਰਸਾ ਨਦੀ 'ਤੇ, ਪਿੱਛੋਂ ਮੁਗ਼ਲ ਫੌਜ ਵੱਲੋਂ ਹਮਲਾ ਕਰਨ 'ਤੇ ਵਿਛੋੜਾ ਹੋ ਗਿਆ। ਭਾਈ ਮਨੀ ਸਿੰਘ ਜੀ ਨੇ, ਆਪਣੇ ਨਾਲ ਮਾਤਾ ਸੁੰਦਰ ਕੌਰ ਤੇ ਮਾਤਾ ਸਾਹਿਬ ਕੌਰ ਨੂੰ ਵਰਾਸਤਾ ਅੰਬਾਲਾ ਹੁੰਦੇ ਹੋਏ, ਦਿੱਲੀ ਲੈ ਆਏ।

1704 'ਚ ਭਾਈ ਮਨੀ ਸਿੰਘ ਜੀ ਆਪਣੀ ਹਿਫ਼ਾਜ਼ਤ 'ਚ ਗੁਰੂ ਸਾਹਿਬ ਦੀ ਪਤਨੀ ਤੇ ਮਾਤਾ ਸਾਹਿਬ ਦੇਵਾ ਨੂੰ ਤਲਵੰਡੀ ਸਾਬੋ ਲੈ ਆਏ, ਜਿੱਥੇ ਕਿ ਗੁਰੂ ਗੋਬਿੰਦ ਸਿੰਘ ਜੀ ਮੁਗ਼ਲ ਫੌਜਾਂ ਨੂੰ ਮੁਕਤਸਰ ਵਿਖੇ ਹਰਾ ਕੇ ਠਹਿਰੇ ਹੋਏ ਸਨ। ਇੱਥੇ ਰਹਿੰਦਿਆਂ ਗੁਰੂ ਗੋਬਿੰਦ ਸਿੰਘ ਜੀ ਨੇ ਅਜੋਕੇ ਗੁਰੂ ਗ੍ਰੰਥ ਸਾਹਿਬ ਦਾ ਭਾਈ ਮਨੀ ਸਿੰਘ ਜੀ ਤੋਂ ਉਤਾਰਾ ਕਰਵਾਇਆ। ਜਦੋਂ ਗੁਰੂ ਸਾਹਿਬ 1707 'ਚ ਆਗਰਾ ਤੋਂ ਬਾਦਸ਼ਾਹ ਬਹਾਦਰ ਸ਼ਾਹ ਨਾਲ ਨਾਂਦੇੜ ਲਈ ਰਵਾਨਾ ਹੋਏ, ਮਾਤਾ ਸਾਹਿਬ ਦੇਵਾ ਤੇ ਭਾਈ ਮਨੀ ਸਿੰਘ ਜੀ ਉਨ੍ਹਾਂ ਨਾਲ ਸਨ। ਇਸ ਤੋਂ ਪਿੱਛੋਂ ਭਾਈ ਮਨੀ ਸਿੰਘ ਜੀ ਆਪਣੀ ਹਿਫ਼ਾਜ਼ਤ 'ਚ ਮਾਤਾ ਸਾਹਿਬ ਦੇਵਾ ਜੀ ਨੂੰ ਦਿੱਲੀ ਵਾਪਸ ਲੈ ਆਏ। ਇੱਥੇ ਪਹੁੰਚ ਕੇ ਮਾਤਾ ਸਾਹਿਬ ਦੇਵਾ ਜੀ, ਮਾਤਾ ਸੁੰਦਰੀ ਜੀ ਨਾਲ, ਆਪਣੇ ਅੰਤਿਮ ਸੁਆਸਾਂ ਤੱਕ ਰਹੇ।

1716 'ਚ ਬੰਦਾ ਬਹਾਦਰ ਦੀ ਸ਼ਹੀਦੀ ਉਪਰੰਤ ਖਾਲਸਾ ਸਿੰਘਾਂ ਨੇ ਆਪਣੇ ਘਰ ਬਾਰ ਤਿਆਗ ਕੇ ਪੰਜਾਬ ਦਿਆਂ ਜੰਗਲਾਂ 'ਚ ਸ਼ਿਵਾਲਕ ਦੀਆਂ ਪਹਾੜੀਆਂ 'ਚ ਤੇ ਰਾਜਸਥਾਨ ਦੇ ਮਾਰੂਥਲਾਂ 'ਚ ਗੁਪਤ ਅਵਾਸ ਵਜੋਂ, ਡੇਰੇ ਲਾ ਲਏ ਤੇ ਪੰਜਾਬੀ ਬੋਲੀ ਤਿਆਗ ਕੇ, ਬਾਹਰ ਜਦੋਂ ਆਪਸ 'ਚ ਮਿਲਦੇ ਤਾਂ ਉਹ ਆਪਣੀ ਗੁਪਤ ਭਾਸ਼ਾ 'ਚ, ਜਿਸ ਨੂੰ 'ਗੜਗੱਜ' ਬੋਲੇ ਆਖਦੇ ਹਨ 'ਚ ਗੱਲ ਕਰਦੇ ਸਨ ਤਾਂ ਕਿ ਲੋਕ ਉਹਨਾਂ ਨੂੰ ਪਛਾਣ ਨਾ ਸਕਣ ਕਿ ਉਹ ਸਿੱਖ ਹਨ।

ਭਾਈ ਮਨੀ ਸਿੰਘ ਜੀ ਨੇ 'ਗੁਰੂ ਗ੍ਰੰਥ ਸਾਹਿਬ' ਲਿਖਣ ਦਾ ਕੰਮ ਵੀ ਕੀਤਾ, ਗੁਰੂ ਗੋਬਿੰਦ ਸਿੰਘ ਜੀ, ਗੁਰਬਾਣੀ ਉਹਨਾਂ ਨੂੰ ਆਪ ਬੋਲ ਕੇ ਲਿਖਵਾਉਂਦੇ ਸਨ। ਭਾਈ ਮਨੀ ਸਿੰਘ ਜੀ ਨੇ ਗੁਰੂ ਗੋਬਿੰਦ ਸਿੰਘ ਜੀ ਦੀ ਸਾਰੀ ਬਾਣੀ, ਸਾਹਿਤਕ ਰੂਪ 'ਚ ਇਕੱਤਰ ਕੀਤੀ ਤੇ ਇਸ ਦਾ ਨਾਂ 'ਦਸਮ ਗ੍ਰੰਥ' ਰੱਖ ਦਿੱਤਾ। ਇਸ 'ਦਸਮ ਗ੍ਰੰਥ' 'ਚ ਗੁਰੂ ਸਾਹਿਬ ਵੱਲੋਂ, ਵੱਖ-ਵੱਖ ਸਮਿਆਂ ਤੇ ਰਚੀ ਗਈ ਬਾਣੀ ਤੇ ਨਾਲ ਉਹਨਾਂ ਦੇ ਦਰਬਾਰ 'ਚ ਮੌਜੂਦ 52 ਕਵੀਆਂ ਵੱਲੋਂ ਰਚੇ ਗਏ ਸਾਹਿਤ ਨੂੰ ਵੀ ਦਰਜ ਕਰ ਦਿੱਤਾ। ਇਹ 'ਦਸਮ ਗ੍ਰੰਥ' ਗੁਰੂ ਗੋਬਿੰਦ ਸਿੰਘ ਜੀ ਦੀਆਂ ਰਚਨਾਵਾਂ ਤੇ ਉਹਨਾਂ ਦੇ ਦਰਬਾਰੀ ਵਿਦਵਾਨ ਸਾਹਿਤਕਾਰਾਂ ਦੀਆਂ ਰਚਨਾਵਾਂ ਦਾ ਇਕ ਸਮਿਲਤ ਗ੍ਰੰਥ ਹੈ। ਇਹ ਰਚਨਾ ਨਿਰੋਲ ਗੁਰੂ ਸਾਹਿਬ ਦੀ ਨਹੀਂ ਹੈ ਸਗੋਂ ਅਲੱਗ-ਅਲੱਗ ਸਾਹਿਤਕਾਰਾਂ, ਸਮੇਤ ਗੁਰੂ ਸਾਹਿਬ ਦੀਆਂ ਬਾਣੀਆਂ ਦਾ ਸੰਗ੍ਰਹਿ ਹੈ।

ਭਾਈ ਮਨੀ ਸਿੰਘ ਜੀ ਨੇ 'ਜਪੁਜੀ ਸਾਹਿਬ ਦਾ ਗਰਬ ਗੰਜਨੀ ਟੀਕਾ' ਵੀ ਲਿਖਿਆ। ਉਹਨਾਂ ਨੇ ਭਾਈ ਗੁਰਦਾਸ ਜੀ ਦੀ ਪਹਿਲੀ ਵਾਰ ਨੂੰ ਆਧਾਰ ਬਣਾ ਕੇ ਗੁਰੂ ਨਾਨਕ ਦੇਵ ਜੀ ਦੀ ਜੀਵਨੀ ਵੀ ਲਿਖੀ ਤੇ ਇਸ ਦਾ ਨਾਂ 'ਗਿਆਨ ਰਤਨਾਵਲੀ' ਰੱਖਿਆ। ਇਸ ਤੋਂ ਇਲਾਵਾ ਉਹਨਾਂ ਦੀਆਂ ਹੋਰ ਰਚਨਾਵਾਂ ਦੇ ਨਾਮ ਇਸ ਤਰ੍ਹਾਂ ਹਨ:- 'ਭਗਤ ਰਤਨਾਵਲੀ' (ਇਸ ਨੂੰ ਸਿੱਖਾਂ ਦੀ ਭਗਤਮਾਲਾ ਵੀ ਕਿਹਾ ਜਾਂਦਾ ਹੈ)। ਇਸ ਤੋਂ ਇਲਾਵਾ ਉਹਨਾਂ ਨੇ ਭਾਈ ਗੁਰਦਾਸ ਜੀ ਦੀ ਗਿਆਰਵੀਂ 'ਵਾਰ' ਜਿਸ 'ਚ ਸਿੱਖ ਧਰਮ ਦੇ ਪ੍ਰਸਿੱਧ ਸਿੱਖ ਮਹਾਂਪੁਰਸ਼ਾਂ, ਜੋ ਕਿ ਗੁਰੂ ਹਰਿਗੋਬਿੰਦ ਸਾਹਿਬ ਦੇ ਸਮੇਂ ਤੱਕ ਹੋਏ ਹਨ, ਬਾਰੇ ਵਰਣਨ ਹੈ, ਦੀਆਂ ਜੀਵਨੀਆਂ ਦਾ ਹੋਰ ਵਿਸਥਾਰ ਲਿਖਿਆ ਗਿਆ ਹੈ।

ਸ੍ਰੀ ਹਰਿਮੰਦਰ ਸਾਹਿਬ 'ਚ ਮੁੱਖ-ਗ੍ਰੰਥੀ ਦੇ ਤੌਰ 'ਤੇ ਕੰਮ ਕਰਦੇ ਸਮੇਂ ਉਨ੍ਹਾਂ ਨੇ 'ਸਿੱਖ ਅਰਦਾਸ' ਨੂੰ ਹੋਰ ਵਿਸਥਾਰ ਦਿੱਤਾ ਜੋ ਅਜੋਕੇ ਸਮੇਂ ਦੀ ਅਰਦਾਸ 'ਚ ਹੁਣ ਤੱਕ ਮੌਜੂਦ ਹੈ। ਉਹਨਾਂ ਨੇ ਗੁਰੂ ਸਾਹਿਬ ਤੋਂ ਬਿਨਾਂ ਹੋਰ ਪ੍ਰਸਿੱਧ ਸਿੱਖ ਸ਼ਖਸੀਅਤਾਂ ਦੀ ਬੇਨਤੀ 'ਤੇ, ਉਹਨਾਂ ਦੇ ਕੀਤੇ ਗਏ ਚੰਗੇ ਕੰਮ ਨੂੰ ਵੀ ਲਿਖਣ ਦੀ ਰਵਾਇਤ ਤੋਰੀ।

ਭਾਈ ਮਨੀ ਸਿੰਘ ਜੀ ਨੇ ਹੋਰ ਵੀ ਕਈ ਪਵਿੱਤਰ ਸਿੱਖ ਗ੍ਰੰਥਾਂ ਦੇ ਉਤਾਰੇ ਲਿਖੇ ਤੇ ਉਹਨਾਂ ਨੂੰ ਭਾਰਤ ਦੇ ਕਈ ਸਿੱਖ ਕੇਂਦਰਾਂ 'ਚ ਭੇਜਿਆ। ਉਹਨਾਂ ਨੇ ਗੁਰਬਾਣੀ ਦੇ ਸ਼ੁੱਧ ਉੱਚਾਰਣ ਕਰਨ ਦੀ ਤੇ ਇਸ ਦੇ ਨਾਲ ਸਿੱਖ ਸਿਧਾਂਤਾਂ ਬਾਰੇ ਸਿੱਖਾਂ ਨੂੰ ਸਿੱਖਿਆ ਵੀ ਦਿੱਤੀ।

1699 ਦੇ ਮੱਧ 'ਚ ਗੁਰੂ ਗੋਬਿੰਦ ਸਿੰਘ ਜੀ ਦੀ ਹਾਜ਼ਰੀ 'ਚ ਉਹਨਾਂ ਦੀ ਆਗਿਆ ਨਾਲ, ਭਾਈ ਮਨੀ ਸਿੰਘ ਜੀਨੇ ਮੀਨਿਆਂ ਤੋਂ ਅੰਮ੍ਰਿਤਸਰ ਵਿਖੇ, ਸ੍ਰੀ ਹਰਿਮੰਦਰ ਸਾਹਿਬ ਦਾ ਪ੍ਰਬੰਧ ਲੈ ਲਿਆ, ਜਿਸ ਦਾ ਉਹਨਾਂ ਨੂੰ ਬੜੇ ਵੱਡੇ ਵਿਰੋਧ ਦਾ ਸਾਹਮਣਾ ਵੀ ਕਰਨਾ ਪਿਆ। ਬੜੀ ਵੱਡੀ ਗਿਣਤੀ 'ਚ ਮਾਝੇ ਦੇ ਲੋਕ, ਸਿੱਖ ਧਰਮ ਦੀ ਭਾਈ ਮਨੀ ਸਿੰਘ ਜੀ ਤੋਂ ਦੀਖਿਆ ਪ੍ਰਾਪਤ ਕਰਕੇ 'ਖਾਲਸਾ ਪੰਥ' 'ਚ ਸ਼ਾਮਲ ਹੋ ਗਏ ਤੇ ਉਸ ਤੋਂ ਉਪਰੰਤ ਉਹ ਆਨੰਦਪੁਰ ਸਾਹਿਬ ਆ ਗਏ। ਭਾਈ ਮਨੀ ਸਿੰਘ ਜੀ ਨੇ ਬੜੀ ਤੇਜ਼ੀ ਨਾਲ ਗੁਰਬਾਣੀ ਤੇ ਸਿੱਖ ਸਿਧਾਂਤਾਂ ਦਾ ਪ੍ਰਚਾਰ ਕੀਤਾ।

ਗੁਰੂ ਸਾਹਿਬ ਦੇ ਕਈ ਹੁਕਮਨਾਮਿਆਂ ਅਨੁਸਾਰ, ਭਾਈ ਮਨੀ ਸਿੰਘ 1716 'ਚ ਅੰਮ੍ਰਿਤਸਰ ਦੇ ਹਰਿਮੰਦਰ ਸਾਹਿਬ ਦੇ ਮੁੱਖ ਪ੍ਰਬੰਧਕ ਤੇ ਸੇਵਾਦਾਰ ਸਨ। ਇਸ ਸਮੇਂ ਦੌਰਾਨ ਉਹਨਾਂ ਨੂੰ ਕਈ ਮੁਸੀਬਤਾਂ ਦਾ ਸਾਹਮਣਾ ਵੀ ਕਰਨਾ ਪਿਆ, ਜਿਹਨਾਂ 'ਚ ਝੰਗ ਜ਼ਿਲ੍ਹੇ ਦੇ ਪਿੰਡ ਬਾਗਨਵਾਲਾ ਦੀ ਘਟਨਾ ਦਾ ਉਚੇਚਾ ਜ਼ਿਕਰ ਆਉਂਦਾ ਹੈ।

1720 'ਚ ਮਾਤਾ ਸੁੰਦਰ ਕੌਰ ਨੂੰ ਜਾਣਕਾਰੀ ਮਿਲੀ ਕਿ 'ਤੱਤ ਖਾਲਸਾ' (ਜੋ ਗੁਰੂ ਗੋਬਿੰਦ ਸਿੰਘ ਜੀ ਦੇ ਉਪਾਸ਼ਕਾਂ ਦਾ ਖਾਲਸਾ ਸਮੂਹ) ਤੇ 'ਬੰਦਈ ਖਾਲਸਾ' (ਉਹ ਖਾਲਸਾ ਜੋ ਬੰਦਾ ਬਹਾਦਰ ਨੂੰ ਆਪਣਾ ਗੁਰੂ ਮੰਨਦੇ ਹਨ) ਨੇ ਗੋਂਦ ਗੁੰਦੀ ਤੇ ਮਾਤਾ ਸੁੰਦਰ ਕੌਰ ਜੀ ਨੇ ਭਾਈ ਮਨੀ ਸਿੰਘ ਜੀ ਨੂੰ ਹਰਿਮੰਦਰ ਸਾਹਿਬ ਦਾ ਮੁੱਖ ਗ੍ਰੰਥੀ ਨਿਯੁਕਤ ਕੀਤਾ ਤੇ ਉਹਨਾਂ ਨਾਲ ਗੁਰੂ ਗੋਬਿੰਦ ਸਿੰਘ ਜੀ ਦੇ ਮਾਮਾ ਕ੍ਰਿਪਾਲ ਸਿੰਘ (ਚੰਦ) ਨੂੰ ਸਹਾਇਤਾ ਲਈ ਅੰਮ੍ਰਿਤਸਰ ਵਿਖੇ ਭੇਜ ਦਿੱਤਾ। ਭਾਈ ਮਨੀ ਸਿੰਘ ਜੀ 1721 'ਚ ਅੰਮ੍ਰਿਤਸਰ 'ਚ ਪਹੁੰਚ ਗਏ ਤੇ ਉਹਨਾਂ ਆਪਣੇ ਅਣਥੱਕ ਯਤਨਾਂ ਨਾਲ ਖ਼ਾਲਸੇ ਦੇ ਦੋਹਾਂ ਗੁੱਟਾਂ 'ਚ ਹੋਣ ਵਾਲੇ ਟਕਰਾਅ ਨੂੰ ਰੋਕ ਦਿੱਤਾ ਤੇ ਹਰਿਮੰਦਰ ਸਾਹਿਬ ਵਿਖੇ ਸ਼ਾਂਤੀ ਬਹਾਲ ਕਰ ਦਿੱਤੀ ਤੇ ਇਸ 'ਚ 'ਤੱਤ ਖਾਲਸਾ' ਗੁੱਟ ਦੀ ਜਿੱਤ ਹੋਈ।

1737 'ਚ ਭਾਈ ਮਨੀ ਸਿੰਘ ਜੀ ਨੇ ਲਾਹੌਰ ਦੇ ਗਵਰਨਰ ਜ਼ਕਰੀਆ ਖਾਨ ਤੋਂ ਦੀਵਾਲੀ ਵਾਲੇ ਦਿਨ 'ਬੰਦੀ ਛੋੜ' ਦਿਵਸ ਮਨਾਉਣ ਤੇ ਦੀਵਾਲੀ ਦਾ ਤਿਉਹਾਰ ਸ੍ਰੀ ਹਰਿਮੰਦਰ ਸਾਹਿਬ ਵਿਖੇ ਮਨਾਉਣ ਦੀ ਆਗਿਆ ਮੰਗੀ। ਗਵਰਨਰ ਨੇ ਆਗਿਆ 5000 ਰੁਪਏ ਕਰ ਵਜੋਂ ਜਾਂ ਭੇਟਾ ਵਜੋਂ ਜਮ੍ਹਾ ਕਰਾਉਣ ਦੀ ਸ਼ਰਤ 'ਤੇ ਦੇ ਦਿੱਤੀ।

ਭਾਈ ਮਨੀ ਸਿੰਘ ਜੀ ਨੂੰ ਇਹ ਉਮੀਦ ਸੀ ਕਿ ਇਸ ਦਿਵਸ 'ਤੇ ਕਾਫ਼ੀ ਸੰਗਤ ਸ੍ਰੀ ਹਰਿਮੰਦਰ ਸਾਹਿਬ ਆਏਗੀ ਤੇ ਕਾਫ਼ੀ ਰੁਪਿਆ ਇਕੱਠਾ ਹੋ ਜਾਵੇਗਾ।

ਉਨ੍ਹਾਂ ਨੇ ਦੂਰ-ਦੂਰ ਤੱਕ, ਸਿੱਖ ਸੰਗਤਾਂ ਨੂੰ ਅੰਮ੍ਰਿਤਸਰ, ਸ੍ਰੀ ਹਰਿਮੰਦਰ ਸਾਹਿਬ ਵਿਖੇ ਇਸ ਦਿਵਸ ਤੇ ਪਹੁੰਚਣ ਲਈ ਸੁਨੇਹੇ ਭੇਜ ਦਿੱਤੇ। ਗਵਰਨਰ ਜ਼ਕਰੀਆ ਖ਼ਾਨ ਨੇ ਦੀਵਾਨ ਲੱਖਪਤ ਰਾਏ ਨਾਲ ਮਿਲ ਕੇ, ਇਕ ਗੋਂਦ ਗੁੰਦੀ ਤੇ ਆਪਣੀਆਂ ਸੈਨਾਵਾਂ ਨੂੰ ਇਕ ਗੁਪਤ ਸੁਨੇਹਾ ਭੇਜ ਦਿੱਤਾ ਕਿ ਮੇਲੇ ਤੇ ਇਕੱਠੇ ਹੋਏ ਲੋਕਾਂ 'ਤੇ ਅਚਾਨਕ ਹਮਲਾ ਕਰ ਦਿੱਤਾ ਜਾਵੇ।

ਇਸ ਸਾਜ਼ਿਸ਼ ਦਾ ਭਾਈ ਮਨੀ ਸਿੰਘ ਜੀ ਨੂੰ ਪਤਾ ਲੱਗ ਗਿਆ ਤੇ ਉਹਨਾਂ ਨੇ ਸਿੱਖ ਸੰਗਤਾਂ ਨੂੰ ਸੁਨੇਹਾ ਭੇਜਿਆ ਕਿ ਉਹ ਦੀਵਾਲੀ ਵਾਲੇ ਦਿਨ 'ਬੰਦੀ ਛੋੜ' ਦਿਵਸ ਮਨਾਉਣ ਲਈ ਅੰਮ੍ਰਿਤਸਰ ਨਾ ਆਉਣ। ਜਿਹੜੇ ਸਿੱਖ ਇਹ ਦਿਨ ਮਨਾਉਣ ਲਈ ਇੱਥੇ ਆਏ ਵੀ ਸਨ, ਉਹ ਵੀ ਭਾਰੀ ਫੌਜ ਦੀ ਤਾਇਨਾਤੀ ਦੇਖ ਕੇ ਵਾਪਸ ਮੁੜ ਗਏ।

ਇਸ ਤਰ੍ਹਾਂ ਕੋਈ ਪੈਸਾ ਇਕੱਠਾ ਨਾ ਹੋ ਸਕਿਆ ਜੋ ਸਰਕਾਰ ਨੂੰ ਕਰ ਦੇ ਰੂਪ 'ਚ ਦੇਣਾ ਸੀ। ਇਸ ਦੇ ਬਦਲੇ 'ਚ ਗਵਰਨਰ ਜ਼ਕਰੀਆ ਖਾਨ ਨੇ ਭਾਈ ਮਨੀ ਸਿੰਘ ਜੀ ਨੂੰ ਪੋਟਾ-ਪੋਟਾ ਕੱਟਕੇ ਕਤਲ ਕਰਨ ਦੇ ਹੁਕਮ ਜਾਰੀ ਕਰ ਦਿੱਤੇ। ਭਾਈ ਮਨੀ ਸਿੰਘ ਜੀ ਨੂੰ ਜ਼ੰਜੀਰਾਂ ਨਾਲ ਜਕੜ ਕੇ ਲਾਹੌਰ ਲਿਆਂਦਾ ਗਿਆ। ਉਨ੍ਹਾਂ ਤੋਂ ਕਰ ਦੀ ਰਕਮ ਫਿਰ ਮੰਗੀ ਗਈ। ਭਾਈ ਮਨੀ ਸਿੰਘ ਜੀ ਨੇ ਬਿਨਾਂ ਕਿਸੇ ਡਰ ਖ਼ੌਫ ਦੇ ਉੱਤਰ ਦਿੱਤਾ ਕਿ "ਜਦੋਂ ਦੀਵਾਲੀ ਤੇ ਬੰਦੀ ਛੋੜ ਦਿਵਸ ਮਨਾਉਣ ਹੀ ਨਹੀਂ ਦਿੱਤਾ ਤਾਂ ਪੈਸੇ ਕਿਉਂ ਦੇਈਏ।" ਜਦੋਂ ਕਿ ਉਹ ਪਹਿਲਾ ਬੰਦੀ ਛੋੜ ਦਿਵਸ ਮਨਾਉਣ ਦੀ ਆਗਿਆ ਲੈਣ ਸਮੇਂ, ਇਹ ਕਰ ਮੁਗ਼ਲ ਸਰਕਾਰ ਪਾਸ ਜਮ੍ਹਾ ਕਰਵਾਉਣ ਲਈ ਹਾਂ ਕੀਤੀ ਸੀ। ਫਿਰ ਭਾਈ ਮਨੀ ਸਿੰਘ ਜੀ ਨੂੰ ਇਸਲਾਮ ਧਰਮ ਧਾਰਨ ਕਰਨ ਲਈ ਕਿਹਾ ਗਿਆ, ਉਹਨਾਂ ਨੇ ਆਪਣਾ ਧਰਮ ਬਦਲਣ ਤੋਂ ਇਨਕਾਰ ਕਰ ਦਿੱਤਾ।

ਫਿਰ ਜਲਾਦ ਪਹਿਲਾ ਗੁਟ ਵੱਢਣ ਦੀ ਸ਼ੁਰੂਆਤ ਕਰਨ ਲੱਗਾ ਪਰ ਭਾਈ ਮਨੀ ਸਿੰਘ ਜੀ ਨੇ ਜਲਾਦ ਨੂੰ ਕਿਹਾ, ਮੇਰਾ ਬੰਦ-ਬੰਦ ਕੱਟਣ ਦਾ ਹੁਕਮ ਜਾਰੀ ਹੋਇਆ ਹੈ। ਇਸ ਲਈ ਪਹਿਲਾਂ ਮੇਰੇ ਹੱਥ ਦੇ ਪੋਟੇ ਕੱਟਣੇ ਸ਼ੁਰੂ ਕੀਤੇ ਜਾਣ। ਜਲਾਦ ਸਰੀਰ ਦਾ ਇਕ-ਇਕ ਬੰਦ ਕੱਟਦਾ ਗਿਆ ਤੇ ਭਾਈ ਮਨੀ ਸਿੰਘ ਜੀ ਵਾਹਿਗੁਰੂ! ਵਾਹਿਗੁਰੂ!! ਅਲਾਪਦੇ ਰਹੇ। ਇਸ ਦੇ ਨਾਲ ਨਾਲ ਉਹ ਆਪਣੇ ਮਨੋਬਲ ਦੇ ਪੱਕੇ ਰਹੇ ਤੇ ਬੜੀ ਦ੍ਰਿੜ੍ਹਤਾ ਨਾਲ ਇਹ ਵੀ ਕਹਿੰਦੇ ਰਹੇ ਕਿ 'ਮੇਰਾ ਸਿਰ ਜਾਵੇ ਤਾਂ ਜਾਵੇ ਪਰ ਮੇਰੀ ਸਿੱਖੀ ਸਿਦਕ ਨਾ ਜਾਵੇ' 'ਤੇ ਪੱਕੇ ਰਹੇ। ਉਹ ਕਬੀਰ ਸਾਹਿਬ ਦੇ ਇਹਨਾਂ ਭਾਵਾਂ ਤੇ ਵੀ ਪੂਰੀ ਤਰ੍ਹਾਂ ਖਰੇ ਉਤਰੇ, "ਸੂਰਾ ਸੋ ਪਹਿਚਾਨੀਐ, ਜੁ ਲਰੈ ਦੀਨ ਕੇ ਹੇਤੁ। ਪੁਰਜਾ ਪੁਰਜਾ ਕੱਟਿ ਮਰੈ, ਕਬਹੁ ਨਾ ਛਾਡੇ ਖੇਤ।"

ਇਸ ਤਰ੍ਹਾਂ ਲਾਹੌਰ ਦੇ ਨਿਖ਼ਾਸ ਚੌਂਕ 'ਚ ਭਾਈ ਮਨੀ ਸਿੰਘ ਜੀ ਨੂੰ ਦਸੰਬਰ 1738 ਨੂੰ ਬੰਦ-ਬੰਦ ਕੱਟ ਕੇ ਸ਼ਹੀਦ ਕਰ ਦਿੱਤਾ। ਕਈ ਇਤਿਹਾਸਕਾਰ ਇਸ ਸਾਕੇ ਨੂੰ 9 ਜੁਲਾਈ 1737 ਤੇ ਕਈ 14 ਜੂਨ 1738 ਨੂੰ ਹੋਇਆ ਵੀ ਦੱਸਦੇ ਹਨ। ਇਸ ਨਿਖ਼ਾਸ ਚੌਂਕ ਨੂੰ ਅੱਜ ਵੀ 'ਸ਼ਹੀਦ ਗੰਜ' ਦੇ ਨਾਮ ਨਾਲ ਯਾਦ ਕੀਤਾ ਜਾਂਦਾ ਹੈ।

ਸੰਨ 1900 'ਚ ਭਾਈ ਮਨੀ ਸਿੰਘ ਜੀ ਦੀ ਯਾਦ 'ਚ ਲੌਂਗੋਵਾਲ ਦੇ ਨੇੜੇ, ਉਹਨਾਂ ਦੇ ਪਿੰਡ ਕੰਬੋਵਾਲ 'ਚ ਗੁਰਦੁਆਰਾ ਸਾਹਿਬ ਬਣਾਇਆ ਗਿਆ ਹੈ ਕਿਉਂਕਿ ਭਾਈ ਮਨੀ ਸਿੰਘ ਜੀ ਇਸ ਪਿੰਡ ਦੇ ਜੰਮਪਲ ਸਨ। ਸੰਨ 1737 'ਚ ਲਾਹੌਰ ਮੁਗ਼ਲ ਸਰਕਾਰ ਨੇ ਸਿੱਖਾਂ ਤੇ ਪਾਬੰਦੀ ਲਾ ਦਿੱਤੀ ਸੀ ਕਿ ਉਹ ਸ੍ਰੀ ਹਰਿਮੰਦਰ ਸਾਹਿਬ ਵਿਖੇ ਆ ਕੇ ਮੱਥਾ ਨਹੀਂ ਟੇਕ ਸਕਦੇ ਤੇ ਨਾ ਹੀ ਪਵਿੱਤਰ ਸਰੋਵਰ 'ਚ ਇਸ਼ਨਾਨ ਕਰ ਸਕਦੇ ਹਨ। ਜ਼ਕਰੀਆ ਖਾਨ ਦੀ 1745 'ਚ ਮੌਤ ਹੋ ਗਈ ਸੀ। ਭਾਈ ਮਨੀ ਸਿੰਘ ਜੀ ਦੀ ਸ਼ਹੀਦੀ ਤੋਂ ਬਾਅਦ ਸਿੱਖ ਇਤਿਹਾਸ 'ਚ ਪ੍ਰਸਿੱਧ ਹਸਤੀ ਨਵਾਬ ਕਪੂਰ ਸਿੰਘ 1675-1753 ਜੀ ਹੋਏ ਹਨ।

ਮੈਂ ਭਾਈ ਮਨੀ ਸਿੰਘ ਜੀ ਵਰਗੇ ਮਹਾਨ ਯੋਧੇ, ਵਿਦਵਾਨ, ਦੇਸ਼ ਭਗਤ ਤੇ ਸਿੱਖੀ ਸਿਦਕ ਦੇ ਪੂਰੇ ਮਹਾਂ-ਪੁਰਸ਼ ਨੂੰ ਉਹਨਾਂ ਦੀ ਬਰਸੀ 'ਤੇ ਆਪਣੇ ਸ਼ਰਧਾ ਸੁੰਮਨ ਪੇਸ਼ ਕਰਦਾ ਹਾਂ ਤੇ ਨਵੀਂ ਪੀੜ੍ਹੀ ਨੂੰ ਅਜਿਹੀ ਮਹਾਨ ਸ਼ਖਸੀਅਤ ਤੋਂ ਪ੍ਰੇਰਨਾ ਲੈਣ ਦੀ ਬੇਨਤੀ ਕਰਦਾ ਹਾਂ।

# ਐੱਸਸੀ/ਬੀਸੀ ਅਧਿਆਪਕ ਯੂਨੀਅਨ ਪੰਜਾਬ ਦੀ ਜ਼ਰੂਰੀ ਤੇ ਅਹਿਮ ਮੀਟਿੰਗ

ਐੱਸਸੀ/ਬੀਸੀ ਅਧਿਆਪਕ ਯੂਨੀਅਨ ਪੰਜਾਬ ਦੀ ਜ਼ਰੂਰੀ ਤੇ ਅਹਿਮ ਮੀਟਿੰਗ 02 ਜੁਲਾਈ 2022 ਨੂੰ 6635 ਈ ਟੀ ਟੀ ਅਧਿਆਪਕਾਂ ਦੀ ਭਰਤੀ ਸਬੰਧੀ ਬਲਜੀਤ ਸਿੰਘ ਸਲਾਣਾ ਦੀ ਅਗਵਾਈ ਵਿੱਚ ਮੋਹਾਲੀ ਵਿਖੇ ਹੋਈ। ਆਗੂਆਂ ਨੇ ਮੀਟਿੰਗ ਚ ਕਿਹਾ ਕਿ ਪੰਜਾਬ ਦੀ ਆਮ ਆਦਮੀ ਪਾਰਟੀ ਦੀ ਸਰਕਾਰ ਵੱਡੇ-ਵੱਡੇ ਦਾਅਵੇ ਕਰਦੀ ਹੈ ਕਿ ਹਰ ਕੰਮ/ ਭਰਤੀ ਪਾਰਦਰਸ਼ੀ ਤੇ ਮੈਰਿਟ ਨੂੰ ਆਧਾਰ ਬਣਾ ਕੇ ਕੀਤੀ ਜਾਵੇਗੀ। ਪਰ 6635 ਅਧਿਆਪਕਾ ਦੀ ਭਰਤੀ 'ਚ ਦੇਖਣ ਵਿਚ ਆਇਆ ਹੈ ਕਿ ਮੈਰਿਟ ਸੂਚੀ ਜਾਰੀ ਕਰਨ ਤੋਂ ਬਿਨਾਂ ਹੀ ਸਿੱਖਿਆ ਵਿਭਾਗ ਉਮੀਦਵਾਰਾਂ ਨੂੰ ਸਟੇਸ਼ਨ ਚੋਣ ਕਰਵਾ ਕੇ ਆਰਡਰ ਮੁੱਖ ਦਫਤਰ ਵੱਲੋਂ ਜ਼ਿਲ੍ਹਾ ਸਿੱਖਿਆ ਅਫ਼ਸਰ ਐਲੀਮੈਂਟਰੀ ਦਫ਼ਤਰਾਂ ਨੂੰ ਭੇਜੇ ਜਾ ਰਹੇ ਹਨ। ਜਿਸ ਵਿੱਚ ਹੋਰ ਵੀ ਵੱਡਾ ਧੱਕਾ ਉਮੀਦਵਾਰਾਂ ਨਾਲ ਇਹ ਕੀਤਾ ਜਾ ਰਿਹਾ ਕਿ ਉਮੀਦਵਾਰਾਂ ਦੇ ਪਿੱਤਰੀ ਜਿਲ੍ਹਿਆਂ ਚ ਪੋਸਟਾਂ ਖ਼ਾਲੀ ਹੋਣ ਦੇ ਬਾਵਜੂਦ ਉਹਨਾਂ ਨੂੰ ਕੋਈ 100-100 ਕਿਲੋਮੀਟਰ ਦੂਰ ਦੂਜੇ ਜਿਲ੍ਹਿਆਂ ਚ ਸਟੇਸ਼ਨ ਦਿੱਤੇ ਜਾ ਰਹੇ ਹਨ। ਇਸ ਭਰਤੀ ਪ੍ਰਕਿਰਿਆ ਵਿੱਚ



ਪੰਜਾਬ ਦੇ ਸਮਾਜਿਕ ਨਿਆਂ, ਅਧਿਕਾਰਤਾ ਅਤੇ ਘੱਟ ਗਿਣਤੀ ਵਿਭਾਗ ਦੇ ਨਿਯਮਾਂ ਅਤੇ ਰਾਖਵਾਂਕਰਨ ਨੀਤੀ ਨੂੰ ਛਿੱਕੇ ਟੰਗ ਕੇ ਕੰਮ ਕੀਤਾ ਜਾ ਰਿਹਾ। ਜਿਸ ਦਾ ਜੱਥੇਬੰਦੀ ਨੇ ਗੰਭੀਰ ਨੋਟਿਸ ਲੈਂਦਿਆਂ, ਆਉਣ ਵਾਲੇ ਦਿਨਾਂ ਚ ਪੰਜਾਬ ਦੇ ਸਿੱਖਿਆ ਮੰਤਰੀ ਦੇ ਖਿਲਾਫ਼ ਸੰਘਰਸ਼ ਵਿੱਢਣ ਦਾ ਐਲਾਨ ਕੀਤਾ ਜਾਵੇਗਾ। ਆਗੂਆਂ ਨੇ ਕਿਹਾ ਕਿ ਸਰਕਾਰ ਦੇ ਪਾਰਦਰਸ਼ੀ ਹੋਣ ਦੇ ਢੰਗ ਦੀ ਪੋਲ ਪਹਿਲੀ ਹੀ ਭਰਤੀ 'ਚ ਖੁੱਲ੍ਹ ਗਈ। ਇਸ ਮੀਟਿੰਗ 'ਚ ਜੱਥੇਬੰਦੀ ਦੇ ਕਾਰਜਕਾਰੀ ਪ੍ਰਧਾਨ ਕਰਿਸ਼ਨ ਸਿੰਘ ਦੁੱਗਾਂ, ਜਨਰਲ ਸਕੱਤਰ ਲਛਮਣ ਸਿੰਘ ਨਬੀਪੁਰ, ਸੀਨੀਅਰ ਮੀਤ ਪ੍ਰਧਾਨ, ਬਲਵਿੰਦਰ ਲਤਾਲਾ, ਹਰਬੰਸ ਲਾਲ ਪਰਜੀਆਂ, ਮੀਤ ਪ੍ਰਧਾਨ ਗੁਰਸੇਵਕ ਸਿੰਘ ਕਲੇਰ, ਪਰਵਿੰਦਰ ਭਾਰਤੀ, ਵਿੱਤ ਸਕੱਤਰ ਗੁਰਪ੍ਰੀਤ ਸਿੰਘ ਗੁਰੂ, ਹਰਪਾਲ ਤਰਨਤਾਰਨ, ਹਰਦੀਪ ਤੂਰ, ਵੀਰ ਸਿੰਘ ਮੋਗਾ, ਹਰਜਿੰਦਰ ਪੁਰਾਣੇਵਾਲਾ, ਗੁਰਜੈਪਾਲ ਲੁਧਿਆਣਾ, ਕੁਲਵੰਤ ਦਸੂਹਾ, ਸੁਖਦੇਵ ਕਾਜ਼ਲ, ਗੁਰਮੇਜ਼ ਅਹੀਰ, ਮੇਹਰ ਸਿੰਘ ਅਮਲੋਹ, ਰਾਜ ਚੌਹਾਨ ਰੋਪੜ, ਜਤਿੰਦਰ ਤਰਨਤਾਰਨ, ਦਿਲਬਾਗ ਤਰਨਤਾਰਨ, ਨਰਿੰਦਰਜੀਤ ਕਪੂਰਥਲਾ, ਜਸਵੀਰ ਬਰਨਾਲਾ, ਹਰਜਿੰਦਰ ਮਲੇਰਕੋਟਲਾ, ਜਰਨੈਲ ਸਿੰਘ ਫ਼ਤਹਿਗੜ੍ਹ ਸਾਹਿਬ, ਗੁਰਟੇਕ ਫ਼ਰੀਦਕੋਟ, ਅਮਿੰਦਰਪਾਲ ਮੁਕਤਸਰ, ਪਰਸਨ ਬਠਿੰਡਾ ਅਤੇ ਵਿਜੇ ਮਾਨਸਾ ਸਮੇਤ ਵੱਖ-ਵੱਖ ਜਿਲ੍ਹਿਆਂ ਦੇ ਆਗੂ ਸ਼ਾਮਿਲ ਹੋਏ।

# ਭਗਵੰਤ ਮਾਨ ਕਰਵਾ ਰਹੇ ਨੇ ਦੁਬਾਰਾ ਵਿਆਹ

**ਚੰਡੀਗੜ੍ਹ (ਬਿਊਰੋ)–** ਹਾਲ ਹੀ ਵਿਚ ਮਿਲੀਆਂ ਸੂਚਨਾਵਾਂ ਮੁਤਾਬਕ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਦੁਬਾਰਾ ਵਿਆਹ ਕਰਵਾਉਣ ਜਾ ਰਹੇ ਹਨ। ਉਹਨਾਂ ਦਾ ਵਿਆਹ ਵੀਰਵਾਰ ਨੂੰ ਡਾ. ਗੁਰਪ੍ਰੀਤ ਕੌਰ ਨਾਲ ਹੋਵੇਗਾ। ਇਹ ਵਿਆਹ ਸਮਾਗਮ ਚੰਡੀਗੜ੍ਹ 'ਚ ਹੋਵੇਗਾ, ਜਿਸ ਦੌਰਾਨ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਆਪਣੇ ਪਰਿਵਾਰ ਸਮੇਤ ਪਹੁੰਚਣਗੇ। ਇਸ ਤੋਂ ਇਲਾਵਾ ਬਹੁਤ ਹੀ ਸੀਮਤ ਮਹਿਮਾਨਾਂ ਨੂੰ ਇਸ ਵਿਆਹ 'ਚ ਬੁਲਾਇਆ ਗਿਆ ਹੈ। ਜ਼ਿਕਰਯੋਗ ਹੈ ਕਿ ਸਾਲ 2015 'ਚ ਭਗਵੰਤ ਮਾਨ ਦਾ ਆਪਣੀ ਪਹਿਲੀ ਪਤਨੀ ਇੰਦਰਪ੍ਰੀਤ ਕੌਰ ਨਾਲ ਕਾਨੂੰਨੀ ਤਲਾਕ ਹੋ ਗਿਆ ਸੀ। ਇਸ ਵੇਲੇ ਉਹ ਦੋ ਬੱਚਿਆਂ ਸਮੇਤ ਅਮਰੀਕਾ 'ਚ ਰਹਿ ਰਹੇ ਹਨ। ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਦੀ ਪਤਨੀ ਬਣਨ ਵਾਲੀ ਡਾ ਗੁਰਪ੍ਰੀਤ ਕੌਰ ਕੁਰੂਕਸ਼ੇਤਰ ਦੇ ਪਿਹੋਵਾ ਦੀ ਦੱਸੀ ਜਾ ਰਹੀ ਹੈ। ਡਾ: ਗੁਰਪ੍ਰੀਤ ਕੌਰ ਦੀਆਂ ਤਿੰਨ



ਭੈਣਾਂ ਹਨ। ਦੋ ਵੱਡੀਆਂ ਭੈਣਾਂ ਅਮਰੀਕਾ ਅਤੇ ਆਸਟ੍ਰੇਲੀਆ ਵਿਚ ਰਹਿੰਦੀਆਂ ਹਨ, ਜਦਕਿ ਗੁਰਪ੍ਰੀਤ ਕੌਰ ਪੰਜਾਬ ਵਿਚ ਰਹਿੰਦੀ ਹੈ। 2013 'ਚ ਗੁਰਪ੍ਰੀਤ ਕੌਰ ਨੇ ਅੰਬਾਲਾ ਦੇ ਮੌਲਾਨਾ ਮੈਡੀਕਲ ਕਾਲਜ 'ਚ ਦਾਖਲਾ ਲਿਆ। 2017 'ਚ ਉਸ ਨੇ ਡਾਕਟਰੀ ਦੀ ਪੜ੍ਹਾਈ ਪੂਰੀ ਕੀਤੀ। 2019 'ਚ ਉਨ੍ਹਾਂ ਦੀ ਮੁਲਾਕਾਤ ਭਗਵੰਤ ਮਾਨ ਨਾਲ ਹੋਈ। ਭਗਵੰਤ ਮਾਨ ਉਦੋਂ ਸੰਗਰੂਰ ਤੋਂ ਲੋਕ ਸਭਾ ਮੈਂਬਰ ਸਨ। ਇਸ ਤੋਂ ਬਾਅਦ ਉਹ ਸੀਐੱਮ ਮਾਨ ਦੇ ਵਿਸ਼ੇਸ਼ ਪ੍ਰੋਗਰਾਮਾਂ 'ਚ ਸ਼ਾਮਲ ਹੁੰਦੀ ਰਹੀ। ਸੀਐੱਮ ਅਹੁਦੇ ਦੇ ਸਹੁੰ ਚੁੱਕ ਸਮਾਗਮ 'ਚ ਵੀ ਗੁਰਪ੍ਰੀਤ ਮੌਜੂਦ ਸੀ। ਉਸ ਦੇ ਪਿਤਾ ਇੰਦਰਜੀਤ ਸਿੰਘ ਨੱਤ ਪਿਹੋਵਾ ਬਲਾਕ ਦੇ ਪਿੰਡ ਮਦਨਪੁਰ ਦੇ ਸਾਬਕਾ ਸਰਪੰਚ ਹਨ। ਹੁਣ ਉਹ ਆਪਣੇ ਪਰਿਵਾਰ ਨਾਲ ਪੰਜਾਬ ਦੇ ਮੋਹਾਲੀ ਵਿੱਚ ਰਹਿੰਦੇ ਹਨ। ਡਾ: ਗੁਰਪ੍ਰੀਤ ਕੌਰ ਹੁਣ ਰਾਜਪੁਰਾ, ਪੰਜਾਬ ਵਿੱਚ ਰਹਿੰਦੀ ਹੈ

# ਸ਼ਾਹਪੁਰ ਦੀ ਰੋਬਨਦੀਪ ਨੇ ਈਬੀਸੀ ਮੁਕਾਬਲਾ ਜਿੱਤਿਆ

**ਭਵਾਨੀਗੜ (ਚਮਨਦੀਪ ਸ਼ਰਮਾ)** ਇੱਥੋਂ ਨਜ਼ਦੀਕ ਸਰਕਾਰੀ ਮਿਡਲ ਸਮਾਰਟ ਸਕੂਲ ਸ਼ਾਹਪੁਰ ਦੇ ਵਿਦਿਆਰਥੀ ਸਕੂਲ ਇਨਚਾਰਜ਼ ਵਰਿੰਦਰ ਮੋਹਨ ਦੀ ਯੋਗ ਅਗਵਾਈ ਹੇਠ ਇੰਗਲਿਸ ਬੂਸਟਰ ਕਲੱਬ ਤਹਿਤ ਕਰਵਾਏ ਜਾ ਰਹੇ ਰੋਜ਼ਾਨਾ ਆਨਲਾਈਨ ਮੁਕਾਬਲੇ ਵਿੱਚ ਲਗਾਤਾਰ ਚੰਗਾ ਪ੍ਰਦਰਸ਼ਨ ਕਰ ਰਹੇ ਹਨ। ਬੀਤੇ ਦਿਨੀਂ ਅੰਗਰੇਜ਼ੀ ਬੋਲਣ ਦੇ ਜਿਲ੍ਹਾ ਪੱਧਰੀ ਮੁਕਾਬਲੇ ਵਿੱਚ ਸਕੂਲ ਦੀ ਛੇਵੀਂ ਕਲਾਸ ਦੀ



ਵਿਦਿਆਰਥਣ ਰੋਬਨਦੀਪ ਕੌਰ ਨੇ ਪਹਿਲਾ ਸਥਾਨ ਪ੍ਰਾਪਤ ਕਰਕੇ ਸਟਾਰ ਆਫ ਦਾ ਡੇਅ ਖਿਤਾਬ ਜਿੱਤਿਆ ਹੈ। ਗਾਈਡ ਅਧਿਆਪਕਾ ਗੁਰਪ੍ਰੀਤ ਕੌਰ ਸਸ ਮਿਸਟ੍ਰੈ ਨੇ ਦੱਸਿਆ ਕਿ ਵਿਦਿਆਰਥੀਆਂ ਨੂੰ ਅੰਗਰੇਜ਼ੀ ਭਾਸ਼ਾ ਦੀ ਮਹੱਤਤਾ ਤੋਂ ਜਾਣੂ ਕਰਵਾਉਂਦੇ ਹੋਏ ਇੰਗਲਿਸ ਬੂਸਟਰ ਕਲੱਬ ਦੇ ਮੁਕਾਬਲਿਆਂ ਵਿੱਚ ਵੱਧ ਚੜ ਕੇ ਹਿੱਸਾ ਲੈਣ ਲਈ ਪ੍ਰੇਰਿਤ ਕੀਤਾ ਜਾ ਰਿਹਾ ਹੈ। ਇਹ ਮੁਕਾਬਲੇ ਪੜ੍ਹੋ ਪੰਜਾਬ, ਪੜ੍ਹਾਓ ਪੰਜਾਬ ਦੇ ਤਹਿਤ ਵਿਭਾਗ ਵੱਲੋਂ ਬੱਚਿਆਂ ਵਿੱਚ ਅੰਗਰੇਜ਼ੀ ਬੋਲਣ ਦੇ ਸੁਧਾਰ ਹਿੱਤ ਰੋਜ਼ਾਨਾ ਆਨਲਾਈਨ ਛੁੱਟੀਆਂ ਦੌਰਾਨ ਵੀ ਕਰਵਾਏ ਗਏ ਸਨ। ਸਕੂਲਾਂ ਅੰਦਰ ਇੰਗਲਿਸ਼ ਬੂਸਟਰ ਕਲੱਬ ਦੀ ਸਥਾਪਨਾ ਕੀਤੀ ਹੋਈ ਹੈ। ਉਹਨਾਂ ਦੱਸਿਆ ਕਿ ਇਹ ਮੁਕਾਬਲੇ ਪਹਿਲਾਂ ਸਕੂਲੀ ਪੱਧਰ ਤੇ ਕਰਨ ਉਪਰੰਤ ਬਲਾਕ ਅਤੇ ਜਿਲ੍ਹਾ ਪੱਧਰ ਤੇ ਆਯੋਜਿਤ ਹੁੰਦੇ ਹਨ। ਇਸ ਦੀ ਤਿਆਰੀ ਸਬੰਧੀ ਸਟੇਟ ਟੀਮ ਵੱਲੋਂ ਹਫਤਾ ਪਹਿਲਾ ਹੀ ਕੰਨਟੈਂਟ ਭੇਜ਼ ਦਿੱਤਾ ਜਾਂਦਾ ਹੈ। ਇਸ ਸਫਲਤਾ ਦੇ ਲਈ ਜਿਲਾ ਸਿੱਖਿਆ ਅਫਸਰ (ਸੈਸਿ) ਕੁਲਤਰਨਜੀਤ ਸਿੰਘ, ਡਿਪਟੀ ਡੀਈਓ ਅੰਮ੍ਰਿਤਪਾਲ ਸਿੰਘ, ਬਲਾਕ ਨੋਡਲ ਅਫਸਰ ਪ੍ਰੀਤਇੰਦਰ ਘਈ, ਡੀਐੱਮ ਅੰਗਰੇਜ਼ੀ ਦਵਿੰਦਰ ਸਿੰਘ, ਗੁਰਪ੍ਰੀਤ ਸਿੰਘ ਸਾਇੰਸ ਅਧਿਆਪਕ, ਰਘਵੀਰ ਸਿੰਘ ਪੰਜਾਬੀ ਮਾਸਟਰ, ਜਰਨੈਲ ਸਿੰਘ ਪੀਟੀਆਈ, ਹਰਪ੍ਰੀਤ ਕੌਰ ਕੰਪਿਊਟਰ ਟੀਚਰ ਨੇ ਵਿਦਿਆਰਥਣ ਨੂੰ ਵਧਾਈ ਦਿੱਤੀ।

# ਵਿਦੇਸ਼ੀ ਚੰਦੇ 'ਚੋਂ ਵੀਹ ਫੀਸਦੀ ਤੋ ਵਧ ਪੈਸਾ ਪ੍ਰਸ਼ਾਸਨਿਕ ਕੰਮਾਂ ਤੇ ਖਰਚ ਨਹੀਂ ਹੋਵੇਗਾ

**ਨਵੀਂ ਦਿੱਲੀ–** ਵਿਦੇਸ਼ਾਂ ਤੋਂ ਚੰਦਾ ਲੈਣ ਵਾਲੇ ਅਫਸਰਾਂ ਅਤੇ ਐਨ ਜੀ ਓਜ਼ ਬਾਰੇ ਸਰਕਾਰ ਨੇ ਵੱਡਾ ਫੇਰਬਦਲ ਕੀਤਾ ਹੈ। ਵਿਦੇਸ਼ੀ ਚੰਦਾ ਹਾਸਲ ਕਰਨ ਵਾਲੇ ਸੰਗਠਨ ਪ੍ਰਾਪਤ ਰਾਸ਼ੀ ਦੀ 20 ਫ਼ੀਸਦੀ ਤੋਂ ਜ਼ਿਆਦਾ ਰਕਮ ਪ੍ਰਸ਼ਾਸਨਿਕ ਕੰਮਾਂ ਲਈ ਖ਼ਰਚ ਨਹੀਂ ਕਰ ਸਕਦੇ। ਪਹਿਲਾਂ ਇਹ ਹੱਦ 50 ਫ਼ੀਸਦੀ ਰਾਸ਼ੀ ਦੀ ਸੀ। ਵਿਦੇਸ਼ੀ ਚੰਦਾ ਪ੍ਰਾਪਤ ਕਰਨ ਵਾਲੇ ਸਾਰੇ ਗ਼ੈਰ-ਸਰਕਾਰੀ ਸੰਗਠਨਾਂ ਨੂੰ ਐੱਫਸੀਆਰਏ ਤਹਿਤ ਰਜਿਸਟ੍ਰੇਸ਼ਨ ਕਰਨਾ ਲਾਜ਼ਮੀ ਹੋਵੇਗਾ।

ਸਰਕਾਰ ਨੇ ਇਸ ਦੇ ਲਈ ਵਿਦੇਸ਼ੀ ਅੰਸ਼ਦਾਨ ਨਾਲ ਸਬੰਧਿਤ ਬੈਂਕ ਖਾਤਿਆਂ ਨਾਲ ਜੁੜੇ ਨਿਯਮ 9 'ਚ ਵੀ ਬਦਲਾਅ ਕੀਤਾ ਗਿਆ ਹੈ। ਇਸ ਦੇ ਲਈ ਮੌਜੂਦਾ ਵਿਦੇਸ਼ੀ ਅੰਸ਼ਦਾਨ (ਰੈਗੂਲੇਸ਼ਨ) ਐਕਟ, 2011 ਦੇ ਨਿਯਮਾਂ 'ਚ ਸੱਤ ਬਦਲਾਅ ਕੀਤੇ ਹਨ। ਬਦਲੇ ਹੋਏ ਨਿਯਮ ਪਹਿਲੀ ਜੁਲਾਈ ਤੋਂ ਲਾਗੂ ਹੋ ਗਏ ਹਨ। ਕੇਂਦਰੀ ਗ੍ਰਹਿ ਮੰਤਰਾਲੇ ਵੱਲੋਂ ਇਕ ਗਜ਼ਟ ਨੋਟੀ-ਫਿਕੇਸ਼ਨ ਜ਼ਰੀਏ ਸ਼ੁੱਕਰਵਾਰ ਦੀ ਰਾਤ ਵਿਦੇਸ਼ੀ ਅੰਸ਼ਦਾਨ (ਰੈਗੂਲੇਸ਼ਨ) ਸੋਧ ਨਿਯਮ, 2022 ਨੂੰ ਨੋਟੀਫਾਈ ਕੀਤਾ ਗਿਆ।

ਨੋਟੀਫਿਕੇਸ਼ਨ 'ਚ ਗ੍ਰਹਿ ਮੰਤਰਾਲੇ ਨੇ ਇਹ ਵੀ ਕਿਹਾ ਹੈ ਕਿ ਜੇਕਰ ਵਿਦੇਸ਼ੀ ਅੰਸ਼ਦਾਨ ਦੀ ਰਕਮ 10 ਲੱਖ ਰੁਪਏ ਤੋਂ ਜ਼ਿਆਦਾ ਹੋਵੇਗੀ ਤਾਂ ਪ੍ਰਾਪਤਕਰਤਾ 90 ਦਿਨਾਂ ਅੰਦਰ ਉਸ ਦੀ ਸੂਚਨਾ ਸਰਕਾਰ ਨੂੰ ਦੇ ਸਕਦਾ ਹੈ, ਪਹਿਲਾਂ 30 ਦਿਨਾਂ 'ਚ ਹੀ ਸੂਚਨਾ ਦੇਣ ਦੀ ਤਜਵੀਜ਼ ਸੀ। ਇਸ ਦੇ ਲਈ ਨਿਯਮ 6 'ਚ ਬਦਲਾਅ ਕੀਤਾ ਗਿਆ ਹੈ। ਨਵੇਂ ਨਿਯਮਾਂ ਮੁਤਾਬਕ, ਜੇਕਰ ਤੁਹਾਡਾ ਕੋਈ ਰਿਸ਼ਤੇਦਾਰ ਵਿਦੇਸ਼ 'ਚ ਰਹਿੰਦਾ ਹੈ ਤਾਂ ਉਹ ਬਿਨਾਂ ਕਿਸੇ ਰੁਕਾਵਟ ਦੇ ਤੁਹਾਨੂੰ ਸਾਲ 'ਚ 10 ਲੱਖ ਰੁਪਏ ਤਕ ਭੇਜ ਸਕਦਾ ਹੈ। ਇਸ ਦੇ ਲਈ ਤੁਹਾਨੂੰ ਕਿਸੇ ਸਰਕਾਰੀ ਵਿਭਾਗ ਜਾਂ ਪ੍ਰਸ਼ਾਸਨਿਕ ਇਕਾਈ ਨੂੰ ਸੂਚਨਾ ਦੇਣ ਦੀ ਲੋੜ ਵੀ ਨਹੀਂ ਪਵੇਗੀ।

ਪਹਿਲਾਂ ਅੰਸ਼ਦਾਨ ਦੀ ਇਹ ਹੱਦ ਇਕ ਲੱਖ ਰੁਪਏ ਸੀ। ਜੇਕਰ ਵਿਦੇਸ਼ ਤੋਂ ਮਿਲਣ ਵਾਲੇ ਪੈਸੇ ਤੇ ਉਸ ਦੀ ਵਰਤੋਂ ਨਾਲ ਜੁੜੇ ਬੈਂਕ ਖਾਤੇ 'ਚ ਕਿਸੇ ਤਰ੍ਹਾਂ ਦਾ ਬਦਲਾਅ ਕੀਤਾ ਜਾਂਦਾ ਹੈ ਤਾਂ ਸਬੰਧਿਤ ਵਿਅਕਤੀਆਂ, ਸੰਗਠਨਾਂ ਜਾਂ ਐੱਨਜੀਓ ਨੂੰ ਕੇਂਦਰੀ ਗ੍ਰਹਿ ਮੰਤਰਾਲੇ ਨੂੰ ਇਸ ਦੀ ਸੂਚਨਾ 45 ਦਿਨਾਂ ਅੰਦਰ ਦੇਣੀ ਹੋਵੇਗੀ, ਪਹਿਲਾਂ ਇਹ ਸਮਾਂ 30 ਦਿਨ ਦਾ ਸੀ।

# ਬਾਮਸੇਫ ਦੇ ਰਾਸ਼ਟਰੀ ਪ੍ਰਧਾਨ ਮਾਨਯੋਗ ਵਾਮਨ ਮੇਸ਼ ਰਾਮ ਸਾਹਿਬ ਜੀ 07 ਜੁਲਾਈ 2022 ਨੂੰ

ਲੁਧਿਆਣਾ ਵਿਖੇ ਮਾਲਵਾ ਜੋਨ (ਜ਼ਿਲ੍ਹਾ ਲੁਧਿਆਣਾ, ਮੋਗਾ, ਫਿਰੋਜਪੁਰ, ਫ਼ਰੀਦਕੋਟ, ਫਾਜ਼ਿਲਕਾ, ਮੁਕਤਸਰ, ਮਾਨਸਾ, ਬਰਨਾਲਾ, ਸੰਗਰੂਰ, ਫ਼ਤਹਿਗੜ੍ਹ ਸਾਹਿਬ, ਮੋਹਾਲੀ, ਪਟਿਆਲਾ, ਰੋਪੜ, ਬਠਿੰਡਾ ਦੇ ਡੇਲੀਗੇਟ , ਕਾਰਜ਼ ਕਰਤਾਵਾਂ ਦੀ ਮੀਟਿੰਗ ਲੈਣਗੇ। ਮੀਟਿੰਗ ਦਾ ਸਮਾਂ ਅਤੇ ਸਥਾਨ ਅੰਬੇਦਕਰ ਭਵਨ ਜਲੰਧਰ ਬਾਈ ਪਾਸ ਰੋਡ ਨੇੜੇ ਥਾਣਾ ਸਲੈਮ ਟਾਬਰੀ ਲੁਧਿਆਣਾ ਸਵੇਰੇ 11 ਵਜੇ ਤੋਂ 2 ਵਜੇ ਤੱਕ ਹੋਵੇਗਾ । ਮੀਟਿੰਗ ਦਾ ਪ੍ਰਬੰਧ ਲੁਧਿਆਣਾ ਜਿਲ੍ਹੇ ਦੀ ਪੂਰੀ ਟੀਮ ਵੱਲੋਂ ਕੀਤਾ ਜਾਵੇਗਾ।

ਸਾਰੇ ਸਾਥੀਆਂ ਨੂੰ ਅਪੀਲ ਕੀਤੀ ਜਾਂਦੀ ਹੈ ਉਹ ਵੀ ਆਪਣੇ ਸਾਥੀਆਂ ਸਮੇਤ ਹਾਜ਼ਰ ਹੋ ਕੇ ਮਾਨਯੋਗ ਵਾਮਨ ਮੇਸ਼ਰਾਮ ਸਾਹਿਬ ਜੀ ਦੇ ਵਿਚਾਰ ਸੁਣਨ ਅਤੇ ਆਪਣੇ ਮਨ ਦਾ ਸੰਕਾਂ ਦੂਰ ਕਰਨ ਲਈ ਮ: ਵਾਮਨ ਮੇਸ਼ ਰਾਮ ਸਾਹਿਬ ਜੀ ਨਾਲ਼ ਸਵਾਲ ਜਵਾਬ ਕਰ ਸਕਦੇ ਹਨ।

**ਅਪੀਲ਼ ਕਰਤਾ– ਬਾਮਸੇਫ ਯੂਨਿਟ ਪੰਜਾਬ**

# ਭਾਰਤੀ ਕਿਸਾਨਾਂ ਨੂੰ ਸਬਸਿਡੀ ਦਾ ਅਮਰੀਕੀ ਸੰਸਦ ਮੈਂਬਰਾਂ ਵਲੋਂ ਵਿਰੋਧ

**ਨਵੀਂ ਦਿੱਲੀ–** ਭਾਰਤ ਵਿੱਚ ਕੇਂਦਰ ਤੇ ਸੂਬਾ ਸਰਕਾਰਾਂ ਵੱਲੋਂ ਕਿਸਾਨਾਂ ਨੂੰ ਮੋਟੀ ਸਬਸਿਡੀ ਦਿੱਤੀ ਜਾਂਦੀ ਹੈ, ਜਿਸ ਦਾ ਵਿਦੇਸ਼ਾਂ ਵਿੱਚ ਵੀ ਨੋਟਿਸ ਲਿਆ ਜਾਂਦਾ ਹੈ। ਅਮਰੀਕਾ ਦੇ ਰਿਪਬਲਿਕਨ ਸੰਸਦ ਮੈਂਬਰਾਂ ਨੇ ਭਾਰਤ ਵਿੱਚ ਕਿਸਾਨਾਂ ਨੂੰ ਸਰਕਾਰ ਵੱਲੋਂ ਦਿੱਤੀ ਜਾ ਰਹੀ ਸਬਸਿਡੀ ਦਾ ਵਿਰੋਧ ਕੀਤਾ ਹੈ।

ਉਨ੍ਹਾਂ ਨੇ ਰਾਸ਼ਟਰਪਤੀ ਜੋਅ ਬਾਇਡਨ ਨੂੰ ਪੱਤਰ ਲਿਖ ਕੇ ਕਿਹਾ ਹੈ ਕਿ ਭਾਰਤ ਵੱਲੋਂ ਦਿੱਤੀਆਂ ਜਾ ਰਹੀਆਂ ਖੇਤੀ ਸਬਸਿਡੀਆਂ ਕਾਰਨ ਵਿਸ਼ਵ ਕਾਰੋਬਾਰ ਪ੍ਰਭਾਵਿਤ ਹੋ ਰਿਹਾ ਹੈ ਅਤੇ ਅਮਰੀਕਾ ਦੇ ਕਿਸਾਨਾਂ ਦਾ ਵੀ ਨੁਕਸਾਨ ਹੋ ਰਿਹਾ ਹੈ।

ਇਕ ਰਿਪੋਰਟ ਅਨੁਸਾਰ ਇਨ੍ਹਾਂ ਸੰਸਦ ਮੈਂ-ਬਰਾਂ ਨੇ ਬਾਇਡਨ ਨੂੰ ਵਿਸ਼ਵ ਵਪਾਰ ਸੰਗਠਨ (ਡਬਲਯੂਟੀਓ।) ਕੋਲ ਭਾਰਤ ਵਿਰੁੱਧ ਮੁੱਦਾ ਉਠਾਉਣ ਲਈ ਕਿਹਾ ਹੈ। ਹਾਲਾਂਕਿ ਮਾਹਿਰਾਂ ਦਾ ਮੰਨਣਾ ਹੈ ਕਿ ਅਮਰੀਕਾ 'ਚ ਜਲਦ ਹੀ ਪ੍ਰਤੀਨਿਧੀ ਸਭਾ ਦੀਆਂ ਚੋਣਾਂ ਹੋਣੀਆਂ ਹਨ, ਇਸ ਦੇ ਮੱਦੇਨਜ਼ਰ ਇਹ ਸੰਸਦ ਮੈਂਬਰ ਇੱਥੋਂ ਦੇ ਕਿਸਾਨਾਂ ਨੂੰ ਲੁਭਾਉਣ ਦੀ ਕੋਸ਼ਿਸ਼ ਕਰ ਰਹੇ ਹਨ। ਭਾਰਤ ਸਬਸਿਡੀਆਂ ਦੀ ਤੁਲਨਾ ਦੇ ਵਿਸ਼ਵ ਵਪਾਰ ਸੰਗਠਨ ਦੇ ਨਿਯਮ 'ਤੇ ਸਵਾਲ ਉਠਾਉਂਦਾ ਰਿਹਾ ਹੈ ਅਤੇ ਉਲਟਾ ਅਮਰੀਕਾ 'ਤੇ ਦੋਸ਼ ਲਾਉਂਦਾ ਰਿਹਾ ਹੈ। ਰਿਪੋਰਟ ਦੇ ਅਨੁਸਾਰ ਅਮਰੀਕੀ ਕਾਂਗਰਸ ਦੇ 12 ਰਿਪਬਲਿਕਨ ਸੰਸਦ ਮੈਂਬਰਾਂ ਨੇ ਬਾਇਡਨ ਨੂੰ ਲਿਖੇ ਪੱਤਰ ਵਿੱਚ ਦੋਸ਼ ਲਗਾਇਆ ਹੈ ਕਿ ਭਾਰਤ ਖੇਤੀਬਾੜੀ ਸਬਸਿਡੀਆਂ 'ਤੇ ਵਿਸ਼ਵ ਵਪਾਰ ਸੰਗਠਨ ਦੇ ਨਿਯਮਾਂ ਦੀ ਪਾਲਣਾ ਨਹੀਂ ਕਰਦਾ ਹੈ।

ਇਨ੍ਹਾਂ ਨਿਯਮਾਂ 'ਚ ਕਿਹਾ ਗਿਆ ਹੈ ਕਿ ਕਿਸੇ ਖਾਸ ਉਤਪਾਦ ਜਾਂ ਬਰਾਮਦ ਕੀਤੇ ਜਾਣ ਵਾਲੇ ਉਤਪਾਦਾਂ 'ਤੇ 10 ਫੀਸਦੀ ਤੋਂ ਵੱਧ ਸਬਸਿਡੀ ਨਹੀਂ ਦਿੱਤੀ ਜਾ ਸਕਦੀ। ਪਰ ਭਾਰਤ ਕਣਕ ਅਤੇ ਚੌਲਾਂ ਵਰਗੀਆਂ ਚੀਜ਼ਾਂ 'ਤੇ 50 ਫੀਸਦੀ ਤੋਂ ਵੱਧ ਸਬਸਿਡੀ ਦਿੰਦਾ ਹੈ। ਅਜਿਹੇ 'ਚ ਇਸ ਮੁੱਦੇ ਨੂੰ ਡਬਲਯੂਟੀਓ। 'ਚ ਉਠਾਉਣਾ ਚਾਹੀਦਾ ਹੈ।

ਜਿਨ੍ਹਾਂ 12 ਸੰਸਦ ਮੈਂਬਰਾਂ ਨੇ ਇਹ ਚਿੱਠੀਆਂ ਲਿਖੀਆਂ ਹਨ, ਉਨ੍ਹਾਂ ਵਿੱਚੋਂ 10 ਅਜਿਹੇ ਹਨ ਜੋ ਉਨ੍ਹਾਂ ਖੇਤਰਾਂ ਦੀ ਨੁਮਾਇੰਦਗੀ ਕਰਦੇ ਹਨ ਜਿੱਥੇ ਖੇਤੀ ਬਹੁਤ ਜ਼ਿਆਦਾ ਹੈ। ਬਾਕੀ ਦੋ ਸੰਸਦ ਮੈਂਬਰਾਂ ਨੂੰ ਕੈਲੀਫੋਰਨੀਆ ਦੀ ਕਿਸਾਨ ਲਾਬੀ ਦੇ ਸਮਰਥਕ ਮੰਨਿਆ ਜਾਂਦਾ ਹੈ।

# ਜੇ ਪੰਜਾਬ ਦਾ ਵਾਤਾਵਰਨ ਸੰਭਾਲਣਾ ਹੈ ਤਾਂ ਹਰ ਪਿੰਡ ਇੱਕ ਸੰਤ ਸੀਚੇਵਾਲ ਪੈਦਾ ਕਰੇ




ਦੁਨੀਆਂ ਦਾ ਇਹ ਧੰਦਾ ਬਣ ਗਿਆ ਹੈ, ਕਿਵੇਂ ਨਾ ਕਿਵੇਂ ਕਿਸੇ ਦੀ ਆਲੋਚਨਾ ਕਰਨਾ, ਜਾਂ ਫਿਰ ਆਪਣੀ ਤਾਰੀਫ਼ ਦੇ ਪੁਲ ਬੰਨ੍ਹਣੇ ਜਾਂ ਫਿਰ ਆਪਣੀ ਤਾਰੀਫ ਸੁਣਨਾ, ਬਹੁਤਿਆਂ ਨੇ ਤਾਂ ਆਪਣੀ ਹੀ ਹਉਮੈ ਨੂੰ ਪੱਠੇ ਪਾਉਣਾ ਹੁੰਦਾ ਹੈ । ਜ਼ਿੰਦਗੀ ਜਿਉਣ ਅਤੇ ਅੱਗੇ ਵਧਣ ਦਾ ਮਤਲਬ ਭੁੱਲ ਗਏ ਹਨ ਲੋਕ ,ਬਹੁਤ ਘੱਟ ਲੋਕ ਹੁੰਦੇ ਹਨ ਜੋ ਆਲੋਚਨਾ, ਤਰੀਫਾ, ਆਪਣੀ ਹਉਮੈ ਤੋਂ ਪਰੇ ਹਟ ਕੇ ਸਿਰਫ਼ ਆਪਣੀ ਮੰਜ਼ਿਲ ਵੱਲ ਲੱਗੇ ਹੁੰਦੇ ਹਨ, ਮੰਜ਼ਿਲਾਂ ਸਰ ਕਰਨ ਵਾਲਿਆਂ ਵਿਚੋਂ ਇਕ ਹਨ, ਸੰਤ ਬਲਬੀਰ ਸਿੰਘ ਸੀਚੇਵਾਲ ਜੋ ਵਾਕਿਆ ਹੀ ਵਾਤਾਵਰਨ ਦੀ ਦੁਨੀਆਂ ਦੇ ਇੱਕ ਰਹਿਨੁਮਾ ਅਤੇ ਅਸਲ ਸੰਤ ਹਨ।

ਸੰਤ ਬਲਬੀਰ ਸਿੰਘ ਸੀਚੇਵਾਲ ਸਾਹਿਬ ਨਾਲ ਮੇਰਾ ਪਿਛਲੇ ਇੱਕ ਦਹਾਕੇ ਤੋਂ ਵਾਹ ਵਾਸਤਾ ਹੈ । ਅਸੀਂ ਉਨ੍ਹਾਂ ਨੂੰ ਉਨ੍ਹਾਂ ਦੇ ਵਾਤਾਵਰਨ ਪ੍ਰਤੀ ਨਿਭਾਈਆਂ ਸੇਵਾਵਾਂ ਬਦਲੇ ਕਈ ਮੌਕਿਆਂ ਤੇ ਲੁਧਿਆਣਾ ਵਿਖੇ ਅਤੇ ਜਰਖੜ ਖੇਡਾਂ ਦੇ ਫਾਈਨਲ ਸਮਾਰੋਹਾਂ ਤੇ ਸਨਮਾਨਿਤ ਕਰਨ ਦਾ ਮਾਣ ਖੱਟਿਆ ਹੈ । ਪਰ ਦਿਲ ਦੀਆਂ ਗਹਿਰਾਈਆਂ ਚੋਂ ਸਾਂਝ ਡੂੰਘੀ ਉਸ ਵੇਲੇ ਹੋਈ ਜਦੋਂ ਬੀਤੇ ਦਿਨੀਂ ਮੇਰੇ ਪਰਮ ਮਿੱਤਰ ਅਜੈਬ ਸਿੰਘ ਗਰਚਾ ਇੰਗਲੈਂਡ ਵਾਲੇ , ਪ੍ਰਿੰਸੀਪਲ ਪ੍ਰੇਮ ਕੁਮਾਰ ਫਿਲੌਰ , ਪੱਤਰਕਾਰ ਸਤਿੰਦਰ ਸ਼ਰਮਾ ਫਿਲੌਰ, ਹਰਜੀਤ ਸਿੰਘ ਵਿਰਕ, ਮਨਜਿੰਦਰ ਇਯਾਲੀ ,ਸਾਬੀ ਜਰਖੜ ਹੋਰਾਂ ਨਾਲ ਸੰਤਾਂ ਨੂੰ ਮਿਲਣ ਦਾ ਸਬੱਬ ਮਿਲਿਆ , ਵੈਸੇ ਅਸੀਂ ਤਾਂ ਉਨ੍ਹਾਂ ਨੂੰ ਰਾਜ ਸਭਾ ਦੇ ਮੈਂਬਰ ਬਣਨ ਤੇ ਵਧਾਈ ਦੇਣ ਗਏ ਸੀ। ਸੰਤ ਬਲਬੀਰ ਸਿੰਘ ਜੀ ਸੀਚੇਵਾਲ ਹੋਰਾਂ ਨਾਲ ਵਾਤਾਵਰਨ ਬਾਰੇ ,ਖੇਡਾਂ ਬਾਰੇ ਸਮਾਜ ਬਾਰੇ , ਅਤੇ ਅਧਿਆਤਮਕਤਾ ਬਾਰੇ ਪੰਜਾਬ ਦੀ ਤਰੱਕੀ ਬਾਰੇ ਬੜੀਆਂ ਡੂੰਘੀਆਂ ਵਿਚਾਰਾਂ ਹੋਈਆਂ । ਉਨ੍ਹਾਂ ਨੇ ਸਾਨੂੰ ਕਿਸ਼ਤੀ ਰਾਹੀਂ ਕਾਲੀ ਵੇਈਂ ਦਾ ਗੇੜਾ ਵੀ ਲਵਾਇਆ ,ਹੋਰ ਹਜ਼ਾਰਾਂ ਦੀ ਤਦਾਦ ਵਿੱਚ ਲਾਏ ਦਰੱਖਤ, ਬੂਟੇ ਅਤੇ ਹੋਰ ਹਰਿਆਵਲ ਦੇ ਦਸਤੇ ਦਿਖਾਏ , ਪਾਣੀ ਦੀ ਸੰਭਾਲ ,ਇਸ ਤੋਂ ਇਲਾਵਾ ਬਣਾਈਆਂ ਠੰਢਕ ਵਾਲੀਆਂ ਝੌਂਪੜੀਆਂ, ਪਾਣੀ, ਹਵਾ ,ਧਰਤੀ ਨੂੰ ਬਚਾਉਣ ਦੇ ਤਰੀਕੇ, ਜ਼ਿੰਦਗੀ ਜਿਉਣ ਦੇ ਅਸਲ ਅਰਥ , ਮੰਜ਼ਿਲ ਦੀ ਪ੍ਰਾਪਤੀ ਵਧਦੇ ਕਦਮਾਂ ਦੀ ਪ੍ਰੰਪਰਾ , ਇਨਸਾਨ ਤੇ ਵਾਪਰਦਾ ਕੁਦਰਤ ਦਾ ਵਰਤਾਰਾ, ਸਾਧਾਰਨ ਜ਼ਿੰਦਗੀ ਜਿਊਣ ਦੀ ਅਹਿਮੀਅਤ ਅਤੇ ਹੋਰ ਬੜਾ ਕੁਝ ਆਪਸੀ ਵਾਰਤਾ ਰਾਹੀਂ ਸਿੱਖਣ ਦਾ ਮੌਕਾ ਮਿਲਿਆ । ਸੰਤਾਂ ਦਾ ਮੇਰੇ ਮਨ ਤੇ ਇਹ ਪ੍ਰਭਾਵ ਪਿਆ ਕਿ ਬੰਦੇ ਦਾ ਕੰਮ ਬੰਦਗੀ ਕਰਨਾ ,ਸੇਵਾ ਕਰਨਾ ,ਫਲ ਦੇਣਾ ਹੈ ਪਰਮਾਤਮਾ ਦਾ ਕੰਮ, ਕਿਉਂਕਿ ਕਿਸੇ ਵੀ ਇਨਸਾਨ ਦੇ ਸਿਰਫ ਕੱਪੜੇ ਹੀ ਨਹੀਂ ,ਸਗੋਂ ਇਨਸਾਨ ਦੀ ਸੋਚ ਬ੍ਰਾਂਡਿਡ ਹੋਣੀ ਚਾਹੀਦੀ ਹੈ। ਜੇਕਰ ਕਿਸੇ ਨੇ ਕਿਸੇ ਇਨਸਾਨ ਦੇ ਬਰਾਂਡਡ ਸੋਚ ਦੇਖਣੀ ਹੋਵੇ ਤਾਂ ਕਾਲੀ ਵੇਈਂ ਦਾ ਗੇੜਾ ਜ਼ਰੂਰ ਲੈ ਆਵੇ , ਆਪੇ ਪਤਾ ਲੱਗ ਜਾਵੇਗਾ ਕਿ ਸੰਤ ਦੀ ਉਪਾਧੀ ਇਸ ਦੁਨੀਆਂ ਵਿੱਚ ਕਿਵੇਂ ਮਿਲਦੀ ਹੈ !



ਸੰਤ ਬਲਬੀਰ ਸਿੰਘ ਸੀਚੇਵਾਲ ਅਤੇ ਉਨ੍ਹਾਂ ਦੀ ਸੰਗਤ ਨਾਲ ਅਸੀਂ ਆਪਣੇ ਮਾਣ ਸਤਿਕਾਰ ਦੀਆਂ ਤਸਵੀਰਾਂ ਵੀ ਕਰਵਾਈਆਂ। ਵਾਕਿਆ ਹੀ ਮੈਨੂੰ ਤਾਂ ਇੰਝ ਲੱਗਿਆ ਕਿ ਜਿਸ ਤਰ੍ਹਾਂ ਮੈਂ ਹਾਲੈਂਡ ਮੁਲਕ ਦਾ ਦਬਾਰਾ ਗੇੜਾ ਲਾ ਆਇਆਂ ਹੋਵਾਂ ਕਿਉਂਕਿ ਹਾਲੈਂਡ ,ਜਰਮਨੀ ਵਰਗੇ ਮੁਲਕਾਂ ਵਿੱਚ ਨਦੀਆਂ ਅਤੇ ਦਰੱਖਤਾਂ ਦੀ ਬਹੁਤ ਭਰਮਾਰ ਹੈ । ਉੱਥੇ ਜ਼ਿੰਦਗੀ ਜਿਊਂਣ ਦਾ ਸਕੂਨ ਹੀ ਵੱਖਰਾ ਹੈ , ਸੰਤ ਸੀਚੇਵਾਲ ਜੀ ਹੋਰਾਂ ਨੇ ਜਿਊਂਦਾ ਜਾਗਦਾ ਹਾਲੈਂਡ ਸੁਲਤਾਨਪੁਰ ਲੋਧੀ ਵਿਖੇ ਬਣਾਇਆ ਹੋਇਆ ਹੈ । ਮੈਂ ਉਨ੍ਹਾਂ ਤਸਵੀਰਾਂ ਨੂੰ ਆ ਕੇ ਸੋਸ਼ਲ ਮੀਡੀਆ ਉੱਤੇ ਪਾਇਆ, ਬੜੇ ਲੋਕਾਂ ਨੇ ਬੜੇ ਵਧੀਆ ਕੁਮੈਂਟਸ ਵੀ ਭੇਜੇ , ਕੁੱਝ ਕੁ ਨੇ ਮਾੜੇ ਵੀ ਭੇਜੇ ,ਕੁੱਝ ਕੁ ਨੇ ਲਿਖਿਆ ਕਿ ਸੰਤ ਸੀਚੇਵਾਲ ਤਾਂ ਆਰ ਐਸ ਐਸ ਦੇ ਬੰਦੇ ਹਨ, ਉਹ ਬੀਜੇਪੀ ਦੀ ਕਠਪੁਤਲੀ ਹਨ, ਉਹ ਆਪ ਦੇ ਰਾਜਸੀ ਨੇਤਾ ਬਣ ਗਏ ਹਨ ਉਹ ਸੰਤ ਨਹੀਂ ਹਨ ,ਪਤਾ ਨਹੀਂ ਕੀ ਕੀ ? ਮੈਂ ਉਨ੍ਹਾਂ ਲੋਕਾਂ ਨੂੰ ਕਹਿਣਾ ਚਾਹੁੰਦਾ ਹਾਂ ਕਿ ਆਰ ਐੱਸ ਐੱਸ ਦੀ ਗੱਲ ਤਾਂ ਛੱਡੋ ਉਹ ਚਾਹੇ ਪੰਜਾਬ ਦੇ ਦੁਸ਼ਮਣ ਵੀ ਬਣ ਗਏ ਹੋਣ ,ਉਨ੍ਹਾਂ ਵਰਗੀ ਤਪੱਸਿਆ ,ਉਨ੍ਹਾਂ ਵਰਗੀ ਘਾਲਣਾ, ਉਨ੍ਹਾਂ ਵਰਗੀ ਜੱਦੋ ਜਹਿਦ , ਉਨ੍ਹਾਂ ਵਰਗੀ ਵਾਤਾਵਰਨ ਨੂੰ ਵਧੀਆ ਬਣਾਉਣ ਲਈ ਕੀਤੀ ਭਗਤੀ ,ਕੋਈ ਮਾਈ ਦਾ ਲਾਲ ਕਰਕੇ ਤਾਂ ਵਿਖਾਏ ,ਫਿਰ ਪਤਾ ਲੱਗਜੂ ਤੇ ਸੇਵਾ ਕਰਨੀ ਕਿੰਨੀ ਕੁ ਸੌਖੀ ਹੈ । ਬਿਨਾਂ ਮਤਲਬ ਕਿਸੇ ਦੀ ਆਲੋਚਨਾ ਕਰਨੀ , ਐਵੇਂ ਝੂਠੀਆ ਅਫ਼ਵਾਹਾ ਫਲਾਉਣੀਆਂ ਸੌਖਾ ਕੰਮ ਹੁੰਦਾ ਹੈ । ਉਹ ਦੁਨੀਆਂ ਦੇ ਲੋਕੋ, ਆਪਣੇ ਕਹੇ ਤੇ ਤਾਂ ਪਿੰਡ ਦਾ ਸਰਪੰਚ ਨੀ ਗੱਲ ਮੰਨਦਾ, ਸੰਤਾਂ ਦੇ ਕੀਤੇ ਵਾਤਾਵਰਨ ਅਤੇ ਸਮਾਜ ਸੁਧਾਰਕ ਕੰਮਾਂ ਨੂੰ ਮੁਲਕ ਦਾ ਰਾਸ਼ਟਰਪਤੀ ਏ ਪੀ ਜੇ ਅਬਦੁਲ ਕਲਾਮ ਇੱਕ ਨਹੀਂ 2 ਵਾਰ ਵੇਖਣ ਆਇਆਂ ਹੈ। ਸੰਤ ਸੀਚੇਵਾਲ ਜੀ ਦਾ ਨਾਮ ਦੁਨੀਆਂ ਦੇ ਪਹਿਲੇ 30 ਵਾਤਾਵਰਣ ਪ੍ਰੇਮੀਆਂ ਵਿੱਚ ਸ਼ਾਮਲ ਹੈ। ਪੂਰੀ ਦੁਨੀਆਂ ਦੇ ਵਿੱਚ ਓਹ ਪੰਜਾਬ ਦੀ ਪਹਿਚਾਣ ਨੂੰ ਉੱਚਾ ਕਰ ਰਹੇ ਹਨ । ਮੇਰਾ ਹਮੇਸ਼ਾ ਲਈ ਸਲੂਟ ਹੈ, ਸੰਤ ਬਲਬੀਰ ਸਿੰਘ ਜੀ ਸੀਚੇਵਾਲ ਹੋਰਾਂ ਨੂੰ, ਜਿਹੜੇ ਸਾਡੇ ਗੁਰੂਆਂ ,ਪੀਰਾਂ ਇੱਥੇ ਪੁਰਖਿਆਂ ਦੀ ਦਿੱਤੀ ਹੋਈ ਵਿਰਾਸਤ ਨੂੰ ਸੰਭਾਲ ਰਹੇ ਹਨ ਅਤੇ ਪੰਜਾਬੀਆਂ ਨੂੰ ਵਾਤਾਵਰਨ ਸੰਭਾਲਣ ਲਈ ਪ੍ਰੇਰਤ ਕਰ ਰਹੇ ਹਨ । ਆਮ ਆਦਮੀ ਪਾਰਟੀ ਨੇ ਜੋ ਉਨ੍ਹਾਂ ਨੂੰ ਰਾਜ ਸਭਾ ਮੈਂਬਰ ਬਣਾ ਕੇ ਸੰਸਦ ਵਿੱਚ ਭੇਜਿਆ ਹੈ ਉਸ ਬਦਲੇ ਆਪ ਵਾਲੇ ਵਧਾਈ ਦੇ ਪਾਤਰ ਹਨ । ਮੇਰੀ ਤਾਂ ਅੱਗੇ ਬੇਨਤੀ ਇਹ ਹੈ ਭਾਰਤ ਸਰਕਾਰ ਨੂੰ ਚਾਹੀਦਾ ਹੈ, ਕਿ ਸੰਤ ਬਲਬੀਰ ਸਿੰਘ ਸੀਚੇਵਾਲ ਜੀ ਹੋਰਾਂ ਨੂੰ ਮੁਲਕ ਦਾ ਸਭ ਤੋਂ ਵੱਡਾ ਐਵਾਰਡ" ਭਾਰਤ ਰਤਨ "ਦੇ ਕੇ ਸਨਮਾਨਿਆ ਜਾਵੇ ਅਤੇ ਸੰਤ ਸੀਚੇਵਾਲ ਦੇ ਮਾਡਲ ਨੂੰ ਭਾਰਤ ਦੇ ਹਰ ਪਿੰਡ ਵਿੱਚ ਲਾਗੂ ਕੀਤਾ ਜਾਵੇ । ਜੇਕਰ ਪੰਜਾਬ ਦਾ ਪਾਣੀ, ਹਵਾ ਅਤੇ ਧਰਤੀ ਨੂੰ ਬਚਾਉਣਾ ਹੈ ਅਤੇ ਪੰਜਾਬ ਦਾ ਵਾਤਾਵਰਨ ਸੰਭਾਲਣਾ ਹੈ ਤਾਂ ਪੰਜਾਬ ਦੇ ਹਰ ਨਾਗਰਿਕ ਨੂੰ ਸੰਤ ਬਲਬੀਰ ਸਿੰਘ ਸੀਚੇਵਾਲ ਵਾਲੀ ਭੂਮਿਕਾ ਆਪੋ ਆਪਣੇ ਪਿੰਡ ਦੇ ਵਿੱਚ ਨਿਭਾਉਣੀ ਪਵੇਗੀ। ਫੇਰ ਹੀ ਪੰਜਾਬ ਬਚ ਸਕਦਾ ਹੈ ਅਤੇ ਲੋਕਾਂ ਦੇ ਰਹਿਣ ਯੋਗ ਪੰਜਾਬ ਬਣ ਸਕਦਾ ਹੈ । ਮੇਰੇ ਵਤਨ ਪੰਜਾਬ ਦਾ ਰੱਬ ਰਾਖਾ!

# ਆਂਗਨਵਾੜੀ ਵਰਕਰਾਂ ਹੈਲਪਰਾਂ (ਕੇਅਰ ਵਰਕਰਾਂ) ਦੀ ਲੁੱਟ ਖਸੁੱਟ ਨਾਲ ਸਰਮਾਏਦਾਰੀ ਨੂੰ ਫ਼ਾਇਦਾ ਹੁੰਦਾ ਕਿਵੇਂ ਹੈ?

ਡਾ ਅਜੀਤਪਾਲ ਸਿੰਘ ਐਮ ਡੀ
91-98156 29301

ਅੱਜ ਦੇਸ਼ ਭਰ ਵਿੱਚ ਕਈ ਥਾਵਾਂ ਤੇ ਆਂਗਨਵਾੜੀ ਵਰਕਰਾਂ ਤੇ ਹੋਰ ਅਜਿਹੀਆਂ ਸਕੀਮਾਂ ਵਾਲੇ ਵਰਕਰਾਂ ਜਿਵੇਂ ਕਿ ਆਸ਼ਾ ਵਰਕਰਾਂ ਦੇ ਸੰਘਰਸ਼ ਚੱਲ ਰਹੇ ਹਨ। ਪਿਛਲੇ ਦੋ ਦਹਾਕਿਆਂ ਵਿੱਚ ਮਜ਼ਦੂਰ ਮਿਹਨਤਕਸ਼ ਆਬਾਦੀ ਦੇ ਇਹ ਸੰਘਰਸ਼ ਕਾਫ਼ੀ ਜੁਝਾਰੂ ਰਹੇ ਹਨ। ਇਨ੍ਹਾਂ ਵਿੱਚ ਵੀ ਦਿੱਲੀ ਦੀਆਂ ਆਂਗਨਵਾੜੀ ਵਰਕਰਾਂ ਦਾ ਪਿਛਲੇ ਸੱਤ ਸਾਲਾਂ ਤੋਂ ਜਾਰੀ ਅੰਦੋਲਨ ਵਿਸ਼ੇਸ਼ ਥਾਂ ਰੱਖਦਾ ਹੈ। ਇਸ ਅਰਸੇ ਦੌਰਾਨ ਹੀ ਇਨ੍ਹਾਂ ਆਂਗਨਵਾੜੀ ਕਰਮੀਆਂ ਨੇ ਸੀਟੂ ਵਰਗੀ ਜਥੇਬੰਦੀ ਨੂੰ ਛੱਡ ਕੇ ਆਪਣੀ ਆਜ਼ਾਦ ਯੂਨੀਅਨ " ਦਿੱਲੀ ਸਟੇਟ ਆਂਗਨਵਾੜੀ ਵਰਕਰਜ਼ ਐਂਡ ਹੈਲਪਰ ਯੂਨੀਅਨ" ਦੀ ਸਥਾਪਨਾ ਕੀਤੀ। ਇਹ ਯੂਨੀਅਨ 2015 ਤੇ 2017 ਵਿਚਕਾਰ ਦੋ ਸਫਲ ਹੜਤਾਲਾਂ ਲੜ ਚੁੱਕੀ ਹੈ ਤੇ ਉਨ੍ਹਾਂ ਦੀ 2022 ਦੀ ਤੀਜੀ ਹੜਤਾਲ ਅਜੇ ਵੀ ਚਲਦੀ ਹੈ, ਜਿਸ ਤੇ ਕੇਜਰੀਵਾਲ ਸਰਕਾਰ ਅਤੇ ਮੋਦੀ ਸਰਕਾਰ ਵਲੋਂ ਡਰਾ ਕੇ ਜ਼ਰੂਰੀ ਸੇਵਾਵਾਂ ਐਕਟ ਵਰਗਾ ਕਾਲਾ ਕਾਨੂੰਨ-ਐਸਮਾ ਠੋਸ ਕੇ ਅਤੇ ਉਸ ਹੜਤਾਲ ਤੇ ਛੇ ਮਹੀਨਿਆਂ ਲਈ ਪਾਬੰਦੀ ਲਾਉਣ ਦਾ ਕੰਮ ਕੀਤਾ ਗਿਆ ਹੈ। ਇਸ ਤੋਂ ਪਿੱਛੋਂ ਯੂਨੀਅਨ ਨੇ ਨਿਆਂਪਾਲਿਕਾ ਦੀ ਆਜ਼ਾਦਾਨਾ ਤੇ ਨਿਰਪੱਖ ਹੈਸੀਅਤ ਨੂੰ ਪਰਖਣ ਲਈ ਇਸ ਐਸਮਾ ਲਗਾਏ ਜਾਣ ਦੇ ਫ਼ੈਸਲੇ ਨੂੰ ਸੁਪਰੀਮ ਕੋਰਟ ਚ ਚੁਣੌਤੀ ਦਿੱਤੀ ਹੈ ਅਤੇ ਕੇਵਲ ਉਦੋਂ ਤਕ ਲਈ ਹੜਤਾਲ ਨੂੰ ਮੁਲਤਵੀ ਕੀਤਾ ਹੈ। ਇਹ ਸਪਸ਼ਟ ਕੀਤਾ ਹੈ ਕਿ ਜੇ ਨਿਆਂਪਾਲਿਕਾ ਤੋਂ ਵੀ ਨਿਆਂ ਨਹੀਂ ਮਿਲਦਾ ਤਾਂ ਐਸਮਾ ਤੋੜਦੇ ਹੋਏ ਹੜਤਾਲ ਫਿਰ ਸ਼ੁਰੂ ਕਰ ਦਿੱਤੀ ਜਾਵੇਗੀ ਕਿਉਂਕਿ ਜਦ ਅਨਿਆਂ ਹੀ ਕਾਨੂੰਨ ਬਣ ਜਾਵੇ ਤਾਂ ਬਗ਼ਾਵਤ ਅਧਿਕਾਰ ਤੇ ਕਰਤੱਵ ਬਣ ਜਾਂਦਾ ਹੈ। ਇਸ ਤੀਜੀ ਹੜਤਾਲ ਨੇ ਵੀ ਅੰਸ਼ਿਕ ਜਿੱਤ ਪਹਿਲਾਂ ਹੀ ਹਾਸਲ ਕਰ ਲਈ ਹੈ ਕਿਉਂਕਿ ਕੇਜਰੀਵਾਲ ਸਰਕਾਰ ਨੂੰ ਮਜ਼ਬੂਰ ਹੋ ਕੇ ਦਿੱਲੀ ਦੀਆਂ ਆਂਗਨਵਾੜੀਆਂ ਦਾ ਮਾਣ ਭੱਤਾ ਬਾਈ ਦੋ ਚੌਵੀ ਫੀਸਦੀ ਤਕ ਵਧਾਉਣਾ ਪਿਆ ਹੈ ਪਰ ਕਿਉਂਕਿ ਜੇ ਸਰਕਾਰ ਨੇ ਯੂਨੀਅਨ ਨਾਲ ਗੱਲਬਾਤ ਨਹੀਂ ਕੀਤੀ ਅਤੇ ਨਾਲ ਹੀ ਮਾਣ ਭੱਤੇ ਚ ਨਾਕਾਫ਼ੀ ਵਾਧਾ ਕੀਤਾ ਹੈ ਅਤੇ ਹੋਰ ਮੰਗਾਂ ਨਹੀਂ ਮੰਨੀਆਂ ਇਸ ਲਈ ਸੰਘਰਸ਼ ਅਜੇ ਵੀ ਜਾਰੀ ਹੈ। ਇਕ ਅਜਿਹੀ ਇਤਿਹਾਸਕ ਸੰਘਰਸ਼ ਦੇ ਸਮੇਂ ਜਿਸ ਵਿਚ ਤਿੰਨ ਜ਼ਬਰਦਸਤ ਰੈਲੀਆਂ ਕੱਢੀਆਂ ਗਈਆਂ, ਹੜਤਾਲ ਵਾਲੀ ਥਾਂ ਤੇ ਆਰਟ ਗੈਲਰੀਆਂ ਬਣਾਈਆਂ ਗਈਆਂ ਬੱਚਿਆਂ ਦੀ ਸ਼ਿਸ਼ੂ ਘਰ ਚਲਾਏ ਗਏ ਅਤੇ ਆਂਗਨਵਾੜੀ ਔਰਤਾਂ ਦੀਆ ਨਾਟਕ ਟੋਲੀਆਂ ਬਣਾਈਆਂ ਗਈਆਂ ਅਤੇ ਆਮ ਆਦਮੀ ਪਾਰਟੀ ਦਾ ਪੂਰੇ ਸ਼ਹਿਰ ਵਿਚ ਬਾਈਕਾਟ ਕੀਤਾ ਗਿਆ। ਇਸ ਗੱਲ ਤੇ ਚਰਚਾ ਕਰਨਾ ਬੇਹੱਦ ਸਹੀ ਹੋਵੇਗਾ ਕਿ ਆਂਗਨਵਾੜੀ ਵਰਕਰਾਂ ਦੀ ਕਿਰਤ ਦਾ ਪੂੰਜੀਪਤੀ ਜਮਾਤ ਲਈ ਕੀ ਮਹੱਤਵ ਹੈ ? ਉਨ੍ਹਾਂ ਨੂੰ ਇਹ ਕਿਵੇਂ ਲੁੱਟਦੀ ਹੈ? ਉਸ ਦਾ ਕਿਵੇਂ ਫਾਇਦਾ ਉਠਾਉਂਦੀ ਹੈ ? ਆਂਗਨਵਾੜੀ ਕੋਈ ਚੀਜ਼ ਜਾਂ ਸੇਵਾ ਨਹੀਂ ਪੈਦਾ ਕਰਦੀਆਂ ਅਤੇ ਇਸ ਲਈ ਕੋਈ ਮੁੱਲ ਨਹੀਂ ਪੈਦਾ ਕਰਦਿਆਂ। ਉਹ ਇਕ ਉਪਯੋਗੀ ਸੇਵਾ ਦਿੰਦੀਆਂ ਹਨ ਪਰ ਉਸ ਸੇਵਾ ਨੂੰ ਵੇਚਿਆ ਜਾਂ ਖਰੀਦਿਆ ਨਹੀਂ ਕੀਤੀ ਜਾ ਸਕਦਾ ਬਲਕਿ ਇਕ ਸਕੀਮ ਰਾਹੀਂ ਗ਼ਰੀਬ ਮਿਹਨਤਕਸ਼ਾਂ ਬੱਚਿਆਂ ਤੇ ਔਰਤਾਂ ਵਿੱਚ ਮੁਫਤ ਵੰਡ ਕੀਤੀ ਜਾਂਦੀ ਹੈ। ਇਸ ਲਈ ਉਹ ਸਿੱਧੇ ਪੂੰਜੀਪਤੀ ਜਮਾਤ ਲਈ ਮੁਨਾਫਾ ਹੀ ਨਹੀਂ ਪੈਦਾ ਕਰਦੀਆਂ ਬਲਕਿ ਸਰਮਾਏਦਾਰ ਜਮਾਤ ਨੂੰ ਆਪਣੇ ਮੁਨਾਫੇ ਦੀ ਦਰ ਨੂੰ ਵਧਾਉਣ ਵਿਚ ਮਦਦ ਕਰਦੀਆਂ ਹਨ ਕਿਵੇਂ ? ਆਓ ਇਹ ਸਮਝਣ ਦੀ ਕੋਸ਼ਿਸ਼ ਕਰਦੇ ਹਾਂ। ਕਿਉਂਕਿ ਅੱਜ ਖੁਦ ਆਂਗਨਵਾੜੀ ਵਰਕਰਾਂ ਦੇ ਲਈ ਆਪਣੇ ਲੁੱਟ ਖਸੁੱਟ ਦੀ ਸੱਚਾਈ ਨੂੰ ਸਮਝਣਾ ਬਹੁਤ ਜ਼ਰੂਰੀ ਹੈ ਤਾਂ ਕਿ ਇਸ ਨਾਲ ਆਪਣੇ ਸੰਘਰਸ਼ ਦੇ ਲਈ ਠੋਸ ਨਤੀਜੇ ਕੱਢ ਸਕਣ। ਸਰਮਾਏਦਾਰ ਸਮਾਜ ਦੀ ਬੁਨਿਆਦ ਵਿੱਚ ਵਿਆਪਕ ਮਿਹਨਤਕਸ਼ ਅਬਾਦੀ ਦੀ ਕਿਰਤ ਸ਼ਕਤੀ ਦੀ ਲੁੱਟ ਹੈ। ਮਜ਼ਦੂਰਾਂ ਮਿਹਨਤਕਸ਼ਾਂ ਦੀ ਕਿਰਤ ਸ਼ਕਤੀ ਦੀ ਲੁੱਟ ਖਸੁੱਟ ਨਾਲ ਹੀ ਸਰਮਾਏਦਾਰ ਜਮਾਤ ਦਾ ਮੁਨਾਫ਼ਾ ਪੈਦਾ ਹੁੰਦਾ ਹੈ। ਮਸ਼ੀਨਾਂ ਕੋਈ ਨਵਾਂ ਮਾਲ ਖ਼ੁਦ ਨਹੀਂ ਬਣਾ ਸਕੀਆਂ ਅਤੇ ਇਸ ਲਈ ਉਹ ਖੁਦ ਕੋਈ ਨਵਾਂ ਮੁੱਲ ਨਹੀਂ ਪੈਦਾ ਕਰਦੀਆਂ। ਮਾਲ ਵਿੱਚ ਮਸ਼ੀਨਾਂ ਦਾ ਮੁੱਲ ਟੁਕੜਿਆਂ ਟੁੱਕੜਿਆਂ ਵਿਚ ਬਿਨਾਂ ਵਧੇ ਰੂਪਾਂਤਰਿਤ ਹੋ ਜਾਂਦਾ ਹੈ ਅਤੇ ਮਸ਼ੀਨਾਂ ਉਪਲਬਧ ਕੋਈ ਨਵਾਂ ਮੁੱਲ ਨਹੀਂ ਪੈਦਾ ਕਰਦਿਆਂ। ਮਾਨਵੀ ਕਿਰਤ ਹੀ ਨਵਾਂ ਮੁੱਲ ਪੈਦਾ ਕਰਦੀ ਹੈ। ਕਿਸੇ ਵੀ ਮਾਲ ਦੇ ਮੁੱਲ ਵਿਚ ਉਸ ਵਿਚ ਲੱਗਣ ਵਾਲੇ ਕੱਚੇ ਮਾਲ,ਮੁੱਲ ਅਤੇ ਮਸ਼ੀਨ ਤੇ ਇਮਾਰਤ ਆਦਿ ਦਾ ਘਸਾਈ ਮੂਲ ਸ਼ਾਮਲ ਹੁੰਦਾ ਹੈ,ਜੋ ਜਿਉਂ ਦਾ ਤਿਉ ਮਾਲ ਦੀ ਕੀਮਤ ਵਿਚ ਬਦਲ ਜਾਂਦਾ ਹੈ। ਇਸ ਨੂੰ ਅਸੀਂ ਪੁਰਾਣਾ ਮੁੱਲ ਜਾਂ ਪਹਿਲੇ ਪੈਦਾ ਹੋ ਚੁੱਕਿਆ ਮੁੱਲ ਕਹਿ ਸਕਦੇ ਹਾਂ ਕਿਉਂਕਿ ਉਸ ਦੀ ਪੈਦਾਵਾਰ ਪਹਿਲਾਂ ਹੋ ਚੁੱਕੀ ਹੁੰਦੀ ਹੈ। ਪਰ ਨਾਲ ਹੀ ਮਾਲ ਦੀ ਕੀਮਤ ਵਿਚ ਉਹ ਨਵਾਂ ਮੁੱਲ ਵੀ ਸ਼ਾਮਿਲ ਹੁੰਦਾ ਹੈ ਜੋ ਕਿ ਮਨੁੱਖੀ ਕਿਰਤ ਨੇ ਪੈਦਾ ਕੀਤਾ ਹੁੰਦਾ ਹੈ।

ਕਾਨੂੰਨ ਅਤੇਸਰਕਾਰੀ ਹੁਕਮ ਹੋਣ ਦੇ ਬਾਵਜੂਦ ਹਿੰਦੂਆਂ ਨੇ ਅਛੂਤਾਂ ਨੂੰ ਤਲਾਬ ਤੋਂ ਪਾਣੀ ਲੈਣ ਦੀ ਇਜਾਜਤ ਨਹੀਂ ਦਿੱਤੀ। ਅਛੂਤਾਂ ਨੇ ਹੱਕ ਲੈਣ ਲਈ ਸੰਘਰਸ਼ ਕਰਨ ਦਾ ਮਨ ਬਣਾ ਲਿਆ ਗਿਆ। ਕੁੱਝ ਮੀਟਿੰਗਾਂ ਦੇ ਕਰਨ ਦੇ ਬਾਅਦ 18 ਅਤੇ 20 ਮਾਰਚ 1927 ਨੂੰ ਕਾਨਫ਼ਰਸ ਕੀਤੀ। ਕੋਲਾਬਾ ਜ਼ਿਲ੍ਹੇ ਵਿੱਚ ਇਹ ਅਛੂਤਾਂ ਦੀ ਪਹਿਲੀ ਕਾਨਫਰੰਸ ਸੀ। ਕਾਨਫਰੰਸ ਵਿੱਚ 2500 ਤੋਂ ਵੱਧ ਅਛੂਤਾਂ ਨੇ ਸ਼ਿਰਕਤ ਕੀਤੀ। ਮਾਰਚ ਦੀ 20 ਤਰੀਕ ਨੂੰ ਸਵੇਰੇ 9 ਵਜੇ ਕਾਨਫਰੰਸ ਹੋਈ। ਡਾ ਅੰਬੇਡਕਰ ਤੇ ਉਸ ਦੇ ਸਹਿ-ਕਰਮਚਾਰੀਆਂ ਦੀ ਅਗਵਾਈ ਵਿੱਚ 2,500 ਅਛੂਤਾਂ ਨੇ ਮਾਹਦ ਦੀਆਂ ਮੁੱਖ ਸੜਕਾਂ ਵਿੱਚੋਂ ਇੱਕ ਜਲੂਸ ਵਿੱਚ ਮਾਰਚ ਕੱਢਿਆ। ਇਹ ਖ਼ਬਰ ਜੰਗਲ ਦੀ ਅੱਗ ਵਾਂਗ ਫੈਲ ਗਈ। ਨਗਰ ਦੇ ਸਥਾਨਕ ਹਿੰਦੂਆਂ ਨੇ ਇਹ ਦ੍ਰਿਸ਼ ਦੇਖਿਆ ਉਹ ਦ੍ਰਿਸ਼ ਨੂੰ ਦੇਖ ਕੇ ਹੈਰਾਨ ਸਨ। ਜਲੂਸ ਦੀ ਸ਼ਕਲ ਵਿੱਚ ਤਲਾਬ ਉੱਤੇ ਆਏ ਅਛੂਤਾਂ ਨੇ ਸਰੋਵਰ ਵਿਚੋਂ ਪਹਿਲੀ ਵਾਰ ਪਾਣੀ ਪੀਤਾ।ਸਰਕਾਰੀ ਹੁਕਮ ਅਤੇ ਕਾਨੂੰਨ ਦੇ ਬਾਵਜੂਦ ਹਿੰਦੂਆਂ ਦਾ ਸਮਾਜਿਕ ਦਬਾਉ ਕਾਰਨ ਤਲਾਬ ਤੋਂ ਪਾਣੀ ਲੈਣਾ ਅਛੂਤਾਂ ਲਈ ਇੱਕ ਚੁਣੌਤੀ ਬਣਿਆ ਹੋਇਆ ਸੀ। ਹਿੰਦੂਆਂ ਨੇ ਦੂਰ ਦੁਰਾਡੇ ਆਏ ਅਛੂਤ ਲੋਕ ਜਿਹੜੇ ਰਾਤ ਨੂੰ ਮਾਹਦ ਹੀ ਰੁਕੇ ਹੋਏ ਸਨ, ਉਸ ਰਾਤ ਨੂੰ ਹਿੰਦੂਆਂ ਨੇ ਹਮਲਾ ਕਰਕੇ ਅਛੂਤਾਂ 'ਤੇ ਹਮਲਾ ਕਰਕੇ ਜਾਨੀ ਮਾਸੀ ਨੁਕਸਾਨ ਪਹੁੰਚਾਇਆ।



ਹਿੰਦੂਆਂ ਨੇ ਚੌਵਦਾਰ ਤਲਾਬ ਵਿਚ ਦਾਖਲ ਹੋਣ ਤੋਂ ਰੋਕਣ ਲਈ ਕੋਲਾਬਾ ਦੇ ਜ਼ਿਲ੍ਹਾ ਮੈਜਿਸਟ੍ਰੇਟ ਨੂੰ ਅਛੂਤਾਂ ਵਿਰੁੱਧ ਫੌਜਦਾਰੀ ਜਾਬਤਾ ਸੰਘਤਾ ਦੀ ਧਾਰਾ 144 ਤਹਿਤ ਹੁਕਮ ਜਾਰੀ ਕਰਨ ਲਈ ਦਰਖਾਸਤ ਦੇ ਦਿੱਤੀ। ਜ਼ਿਲ੍ਹਾ ਮੈਜਿਸਟਰੇਟ ਨੇ ਰੋਕ ਲਾਉਣ ਤੋਂ ਇਨਕਾਰ ਕਰ ਦਿੱਤਾ ਅਤੇ ਕਿਹਾਜਨਤਕ ਤਲਾਬ ਹੈ ਅਤੇ ਉਹ ਕਾਨੂੰਨ ਦੁਆਰਾ ਅਛੂਤਾਂ ਨੂੰ ਇੱਥੋਂ ਪਾਣੀ ਲੈਣ ਤੋਂ ਰੋਕ ਨਹੀਂ ਸਕਦਾ। ਟਕਰਾ ਕਾਰਨ ਅਛੂਤ ਫਿਰ ਤੋਂ ਤਲਾਬ ਤੋਂ ਪਾਣੀ ਲੈਣ ਤੋਂ ਬੰਦ ਹੋ ਗਏ। ਪਰ ਕੋਸ਼ਿਸ਼ਾਂ ਲਗਾਤਾਰ ਜਾਰੀ ਰਹੀਆਂ। ਇਕ ਵਾਰ ਫੇਰ ਤੋਂ ਕਾਨਫ਼ਰੰਸ ਲਈ 25, 26, 27 ਦਸੰਬਰ 1927 ਦੀਆਂ ਤਰੀਕਾਂ ਨਿਸ਼ਚਿਤ ਕੀਤਾ।

ਕਾਨਫ਼ਰੰਸ ਤੋਂ ਪਹਿਲਾਂ ਹੀ ਪਾਣੀ ਲੈਣ ਤੋਂ ਰੋਕਣ ਲਈਵੱਖ-ਵੱਖ ਜਾਤਾਂ ਦੇ 9 ਹਿੰਦੂਆਂ ਨੇ 12 ਦਸੰਬਰ 1927 ਨੂੰ ਮਹਾਦ ਦੇ ਉਪ-ਜੱਜ ਦੀ ਅਦਾਲਤ ਵਿਚ ਹਿੰਦੂਆਂ ਦੇ ਪ੍ਰਤੀਨਿਧ ਵਜੋਂ ਮੁਕੱਦਮਾ ਨੰਬਰ 405, 1927 ਦਾਇਰ ਕਰਨ ਲਈ ਮੁਦਈ ਵਜੋਂ ਸ਼ਾਮਲ ਹੋਏ।ਮੁਕੱਦਮਾ ਇਹ ਕਹਿਕੇ ਕੀਤਾ ਗਿਆ ਕਿ ਚੌਵਦਾਰ ਤਲਾਬ ਕੇਵਲ ਸਛੂਤ ਲੋਕਾਂ ਦੀ ਨਿੱਜੀ ਜਾਇਦਾਦ ਹੈ। ਰੋਕਣ ਲਈ ਆਰਜ਼ੀ ਹੁਕਮ ਲਈ ਅਦਾਲਤ ਨੂੰ ਅਰਜ਼ੀ ਦਿੱਤੀ ਸੀ। ਸੂਟ ਜੱਜ ਨੇ 14 ਦਸੰਬਰ 1927 ਨੂੰ ਡਾ ਅੰਬੇਡਕਰ ਅਤੇ ਬਾਕੀ ਬਚਾਓ ਪੱਖਾਂ ਦੇ ਖਿਲਾਫ ਇੱਕ ਅਸਥਾਈ ਹੁਕਮ ਮੰਨਦਿਆਂ ਕਿਹਾ ਕਿ ਇਹ ਇੱਕ ਫਿੱਟ ਕੇਸ ਸੀ।ਡਾ। ਅੰਬੇਡਕਰ ਦੀ ਸੂਝਬੂਝ ਕਾਰਨ ਸਿਵਲ ਨਾਫ਼ਰਮਾਨੀ ਦਾ ਮੌਕਾ ਕਦੇ ਨਹੀਂ ਆਇਆ, ਅਛੂਤਾਂ ਨੇ ਮੁਕੱਦਮਾ ਜਿੱਤਿਆ ਅਤੇ ਹਿੰਦੂ ਹਾਰ ਗਏ। ਇਸ ਦੇ ਨਾਲ ਹੀ ਛੂਤ-ਛਾਤ ਦੀ ਪ੍ਰਥਾ ਨੂੰ ਅਯੋਗ ਕਰਾਰ ਦਿੱਤਾ ਇਹ ਫੈਸਲਾ ਅਛੂਤ ਲੋਕਾਂ ਲਈ ਮੁਢਲੇ ਨਾਗਰਿਕ ਅਧਿਕਾਰਾਂ ਦੀ ਲੜਾਈ ਵਿਚ ਬਹੁਤ ਮਹੱਤਵ ਵਾਲਾ ਫੈਸ਼ਲਾ ਸੀ। ਤਲਾਬ ਅਛੂਤਾਂ ਲਈ ਖੁੱਲ੍ਹਾ ਹੋ ਗਿਆ। ਲੇਕਿਨ ਅਛੂਤਾਂ ਨੂੰ ਅਛੂਤਤਾ ਦੇ ਖਿਲਫ ਆਪਣਾ ਸੰਘਰਸ਼ ਜਾਰੀ ਰੱਖਣਾ ਪਿਆ। ਭਾਰਤ ਦੇ ਮੂਲਨਿਵਾਸੀ ਸਮਾਜ ਦੀ ਜਲ, ਜੰਗਲ, ਜਮੀਨ ਅਤੇ ਰੋਜਗਾਰ ਦੇ ਸਾਧਨ ਸੰਸਾਧਨਾਂ ਤੋਂ ਬੇਦ-ਖਲੀ ਕਰਨ ਦਾ ਦੋਸ਼ੀ ਹਿੰਦੂ ਅਤੇ ਉਹਨਾ ਵਿਧਾਨ ਮਨੂ ਸਮ੍ਰਿਤੀ ਨੂੰ ਮੰਨਿਆ ਗਿਆ। ਇਸ ਲਈ ਮਨੂ ਦੇ ਕਾਲੇ ਕਾਨੂੰਨ ਦੀ ਕਿਤਾਬ ਨੂੰ 20 ਦਸੰਬਰ 1927 ਨੂੰ ਮਹਾਦ ਵਿਖੇ ਮਨੂ ਸਮ੍ਰਿਤੀ ਦਾ ਸਾੜਿਆ ਗਿਆ ਸੀ। ਇਹ ਸਮਾਗਮ ਚੌਵਦਾਰ ਤਲਾਬ ਤੋਂ ਪਾਣੀ ਲੈਣ ਦੇ ਅਧਿਕਾਰ ਦੀ ਸਥਾਪਨਾ ਦੀ ਮੁਹਿੰਮ ਦਾ ਹਿੱਸਾ ਵੀ ਸੀ। ਮਨੂ ਸਮ੍ਰਿਤੀ ਨੂੰ ਸਾੜਨਾ ਅਛੂਤਾਂ ਦੀ ਇੱਕ ਕਾਨਫਰੰਸ ਵਿੱਚ ਜਨਤਕ ਤੌਰ 'ਤੇ ਅਤੇ ਖੁੱਲ੍ਹੇਆਮ ਹੋਇਆ। ਮਨੂੰ ਸਮ੍ਰਿਤੀ ਨੂੰ ਸਾੜਨ ਤੋਂ ਪਹਿਲਾਂ ਕਾਨਫਰੰਸ ਨੇ ਕੁਝ ਮਤੇ ਪਾਸ ਕੀਤੇ। ਇਹ ਸਾਰੇ ਮਤੇ ਅਛੂਤਾਂ ਦਾ ਹਿੰਦੂਆਂ ਦੁਆਰਾ ਸ਼ੋਸ਼ਣ ਕਰਨ, ਜੁਲਮ ਕਰਨਾ ਅਤੇ ਬ੍ਰਿਟਿਸ ਸਰਕਾਰ ਦੁਆਰਾ ਕਾਨੂੰਨ ਬਨਾਉਣ ਦੇ ਬਾਵਜੂਦ ਅਛੂਤਾਂ ਨੂੰ ਬੇਦਖਲ ਰਖਣਦੇ ਵਿਰੋਧ ਵਿੱਚ ਸਨ। ਇਕ ਹੋਰ ਅੰਦੋਲਨ ਕਾਲਾਰਾਮ ਮੰਦਿਰ ਪ੍ਰਵੇਸ਼ ਗਾਇਕਵਾੜ ਅਤੇ ਡਾ। ਬੀਆਰ ਅੰਬੇਦਕਰ ਦੁਆਰਾ 2 ਮਾਰਚ 1930 ਨੂੰ ਕੀਤਾ ਗਿਆ। ਡਾ ਅੰਬੇਡਕਰ ਅਛੂਤਾਂ ਦੇ ਨਿਰਮਾਣ ਦਾ ਰਸ਼ਤਾ ਮੰਦਰ ਮਸ਼ਜਿਦ ਵਿੱਚੋਂ ਨਹੀਂ ਦੇਖਦੇ ਸਨ। ਪਰ ਫੇਰ ਵੀ ਸਭ ਦੇ ਜਨਤਕ ਥਾਵਾਂ ਉੱਤੇ ਪ੍ਰਵੇਸ਼ ਨੂੰ ਲੈਕੇ ਸਮਾਜਿਕ ਬਰਾਬਰੀ ਦੇ ਹੱਕ ਨੂੰ ਪ੍ਰਪਤ ਕਰਨਾ ਉਹਨਾ ਦਾ ਨਿਸ਼ਾਨਾ ਸੀ। ਕਾਨੂੰਨ ਦੇ ਦਾਇਰੇ ਵਿੱਚ ਰਹਿਕੇ ਬਾਬਾ ਸਾਹਿਬ ਨੇ ਪ੍ਰਦਰਸ਼ਨ ਦੀ ਅਗਵਾਈ ਕੀਤੀ, ਜਿਸ ਵਿੱਚ ਦਲਿਤਾਂ ਨੂੰ ਮੰਦਰ ਵਿੱਚ ਦਾਖਲ ਹੋਣ ਦੀ ਇਜਾਜ਼ਤ ਦਿੱਤੀ ਗਈ ਸੀ। 1930 ਤੱਕ ਕਿਸੇ ਵੀ ਦਲਿਤ ਜਾਂ ਅਛੂਤ ਨੂੰ ਮੰਦਰ ਦੇ ਅਹਾਤੇ ਵਿੱਚ ਦਾਖਲ ਹੋਣ ਦੀ ਇਜਾਜ਼ਤ ਨਹੀਂ ਸੀ।

ਆਜ਼ਾਦੀ ਤੋਂ ਪਹਿਲਾਂ ਦਾ ਸਮੇਂ ਸ਼ੁਰੂ ਵਿੱਚ, ਜਾਤੀ ਅਧਾਰਤ ਰਿਜ਼ਰਵੇਸ਼ਨ ਦਾ ਵਿਚਾਰ 1882 ਵਿੱਚ ਵਿਲੀਅਮ ਹੰਟਰ ਅਤੇ ਜੋਤੀ ਰਾਓ ਫੂਲੇ ਦੁਆਰਾ ਕਲਪਨਾ ਕੀਤਾ ਗਿਆ ਸੀ। 1933 ਵਿੱਚ, ਕਮਿਊਨਲ ਅਵਾਰਡ ਰਾਮਸੇ ਮੈਕਡੋਨਲਡ ਦੁਆਰਾ ਪੇਸ਼ ਕੀਤਾ ਗਿਆ ਸੀ। ਉਸ ਅਵਾਰਡ ਵਿੱਚ ਮੁਸਲਮਾਨਾਂ, ਸਿੱਖਾਂ, ਦਲਿਤਾਂ, ਭਾਰਤੀ ਈਸਾਈਆਂ, ਐਂਗਲੋ ਇੰਡੀਅਨਾਂ ਅਤੇ ਯੂਰਪੀਅਨਾਂ ਲਈ ਵੱਖਰੇ ਚੋਣਕਾਰ ਪੇਸ਼ ਕੀਤੇ ਗਏ। ਮਹਾਤਮਾ ਗਾਂਧੀ ਦੁਆਰਾ ਕਮਿਊਨਲ ਅਵਾਰਡ ਨੂੰ ਸਵੀਕਾਰ ਨਹੀਂ ਕੀਤਾ ਗਿਆ ਸੀ। ਇਸ ਲਈ, ਸਾਲ 1932 ਵਿਚ ਪੂਨਾ ਸਮਝੌਤੇ 'ਤੇ ਦਸਤਖਤ ਕੀਤੇ ਗਏ ਸਨ। ਉਸ ਵਿਚ ਇਹ ਫੈਸਲਾ ਕੀਤਾ ਗਿਆ ਸੀ ਕਿ ਦਲਿਤਾਂ ਲਈ ਕੋਈ ਵੱਖਰਾ ਵੋਟਰ ਨਹੀਂ ਹੋਵੇਗਾ ਪਰ ਹਿੰਦੂ ਵੋਟਰਾਂ ਵਿਚ ਰਾਖਵਾਂਕਰਨ ਹੋਵੇਗਾ। 1943 ਵਿੱਚ, ਸਰਕਾਰ ਨੇ ਡਾ।ਆਰ। ਦੁਆਰਾ ਪੇਸ਼ ਕੀਤੇ ਮੈ-ਮੋਰੰਡਮ ਨੂੰ ਸਵੀਕਾਰ ਕਰ ਲਿਆ। ਬੀਆਰ ਅੰਬੇਡਕਰ, ਅਤੇ ਸੇਵਾਵਾਂ ਵਿੱਚ ਅਨੁਸੂਚਿਤ ਜਾਤੀਆਂ ਲਈ ਰਾਖਵਾਂਕਰਨ ਪ੍ਰਭਾਵੀ ਹੋ ਗਿਆ। ਅਜਾਦੀ ਦੇ ਬਾਅਦ ਭਾਰਤੀ ਸੰਸਦੀ ਕਮੇਟੀ ਨੇ ਭਾਰਤ ਦਾ ਸੰਵਿਧਾਨ ਬਾਬਾ ਸਾਹਿਬ ਅੰਬੇਜਕਰ ਦੀ ਰਹਿਨੁਮਾਈ ਵਿੱਚ ਬਣਾਇਆ ਗਿਆ। ਇਹ ਸੰਵਿਧਾਨ ਭਾਰਤ ਦੇ ਸਾਰੇ ਹੀ ਧਰਮਾਂ, ਜਾਤੀਆਂ, ਵਰਗਾਂ, ਖਿੱਤਿਆਂ ਅਤੇ ਲਿੰਗ ਦਾ ਪੱਖਪਾਤ ਕੀਤੇ ਬਿਨਾ ਸਭ ਨੂੰ ਬਰਾਬਰ ਦਾ ਹੱਕ ਪਰਦਾਨ ਕਰਦਾ ਹੈ। ਸੰਵਿਧਾਨ ਵਿੱਚ ਸਮਾਜ ਦੇ ਬਹੁਤ ਸਾਰੇ ਕੁੱਝ ਕਾਰਨਾ ਕਰਕੇ ਪਛੜ ਚੁੱਕੇ ਵਰਗਾਂ ਨੂੰ ਬਰਾਬਰ ਦਿ ਹਿੱਸੇਦਾਰੀ ਦੇਣ ਦੇ ਮਕਸ਼ਦ ਨਾਲ ਰਿਜਰਵੇਸ਼ਨ ਦਾ ਪ੍ਰਬੰਧ ਕੀਤਾ।

1950 ਵਿੱਜ ਭਾਰਤ ਦੇ ਸੰਵਿਧਾਨ ਨੂੰ ਲਾਗੂ ਕਰ ਦਿਤਾ ਗਿਆ। ਛੂਤ ਛਾਤ ਨੂੰ ਅਪਰਾਧ ਖੋਸ਼ਿਤ ਕਰ ਦਿਤਾ ਗਿਆ। ਸੰਵਿਧਾਨ ਵਿੱਚ ਰਿਜ਼ਰਵੇਸ਼ਨ ਦਾ ਪ੍ਰਬੰਧ ਕੀਤਾ ਜਿਸ ਦਾ ਮੁੱਖ ਉਦੇਸ਼ ਸਮਤਾ ਸਮਾਨਤਾ, ਭਾਈਚਾਰਾ, ਇਨਸਾਫ (ਸਮਾਜਿਕ, ਆਰਥਿਕ, ਰਾਜਨੀਤਿਕ) ਧਰਮ ਨਿਰਪੱਖ ਰਾਸ਼ਟਰ ਨਿਰਮਾਣ ਕਰਨਾ ਸੀ। ਸਰਕਾਰੀ ਨੌਕਰੀਆਂ, ਵਿ-ਦਅਕ ਸੰਸਥਾਵਾਂ ਆਦਿ ਵਿੱਚ ਪੱਛੜੀਆਂ ਸ਼੍ਰੇਣੀਆਂ, ਅਨੁਸੂਚਿਤ ਜਾਤੀ ਅਤੇ ਅਨੁਸੂਚਿਤ ਕਬੀਲਿਆਂ ਆਦਿ ਦੀ ਢੁਕਵੀਂ ਪ੍ਰਤੀ-ਨਿਧਤਾ ਨੂੰ ਯਕੀਨੀ ਬਣਾਉਣਾ ਅਤੇ ਉਹਨਾਂ ਲਈ ਇੱਕ ਬਰਾ-ਬਰੀ ਦਾ ਮੈਦਾਨ ਬਣਾਉਣਾ ਹੈ। ਸ਼ੁਰੂ ਵਿੱਚ,ਰਾਖਵਾਂਕਰਨ ਕੇਵਲ ਅਨੁਸੂਚਿਤ ਜਾਤੀ ਅਤੇ ਅਨੁਸੂਚਿਤ ਕਬੀਲਿਆਂ ਲਈ ਪ੍ਰਦਾਨ ਕੀਤਾ ਗਿਆ ਸੀ। ਬਾਅਦ ਵਿੱਚ ਮੰਡਲ ਕਮਿਸ਼ਨ ਦੀ ਸਿਫ਼ਾਰਸ਼ 'ਤੇ ਹੋਰ ਪਛੜੀਆਂ ਸ਼੍ਰੇਣੀਆਂ ਨੂੰ ਵੀ ਰਾਖਵੇਂਕਰਨ ਵਿੱਚ ਸ਼ਾਮਲ ਕੀਤਾ ਗਿਆ। ਹਜਾਰਾਂ ਸਾਲਾਂ ਦੀ ਬੇਦਖਲੀ ਤੋਂ ਬਾਅਦ ਜਿਸ ਮੁਕਾਮ ਉੱਤੇ ਦੱਬੇ ਕੁਚਲੇ ਲਤਾੜੇ ਵਰਗ ਦੇ ਕੁੱਝ ਲੋਕ ਪਹੁੰਚਣ ਵਿੱਚ ਸਫਲ ਹੋਏ ਹਨ, ਉਸ ਦੇ ਪਿੱਛੇ ਅਣਗਿਣਤ ਲੋਕਾਂ ਦੀਆਂ ਕੁਰਬਾਨੀਆਂ ਹਨ, ਜਿਸ ਨੂੰ ਨਵੀਂ ਪੀੜ੍ਹੀ ਨੂੰ ਹਮੇਸ਼ਾ ਯਾਦ ਰਖਣਾ ਬਣਦਾ ਹੈ। ਕਾਨੂੰਨ ਬਨਾਉਣਾ ਵੀ ਅਹਿਮ ਗੱਲ ਹੈ। ਭਾਰਤ ਵਿੱਚ ਕਾਨੂੰਨ ਨੂੰ ਲਾਗੂ ਕਰਨਾ ਅੱਜ ਵੀ ਵੱਡੀ ਚਣੌਤੀ ਬਣਿਆ ਹੋਇਆ ਹੈ। ਅੰਗਰੇਜਾਂ ਨੇ ਸਾਰੇ ਭਾਰਤੀਆਂ ਲਈ ਮਾਨਵਤਾ ਬਰਾਬਰੀ ਅਤੇ ਮੁਢਲੇ ਅਧਿਕਾਰਾਂ ਲਈ ਕਾਨੂੰਨ ਬਨਾਣ ਦਾ ਕੰਮ ਦੀ ਸੁਰੂਆਤ ਕੀਤੀ। ਅਤੇ ਸੰਭਵ ਮਦਦ ਵੀ ਕਰਦੇ ਰਹੇ। ਕਾਨੂੰਨ ਜੋ ਮੁਲਨਿਵਾਸੀਆਂ ਲਈ ਮੁਢਲੇ ਮਾਨਵ ਅਧਿਕਾਰਾਂ ਲਈ ਬਣੇ ਸਨ ਉਸ ਨੂੰ ਲਾਗੂ ਕਰ ਕਰਨ ਲਈ ਹਿੰਦੂ ਕਟੜਵਾਦੀਆਂ ਨੇ ਪੁਰਜੋਰ ਵਿਰੋਧ ਕੀਤੇ। ਅਛੂਤਾ ਦਾ ਜਾਨੀ ਮਾਲੀ ਨੁਕਸਾਨ ਮਾਲੀ ਕਰਦੇ ਰਹੇ। ਕਾਨੂੰਨ ਨੂੰ ਸਹੀ ਢੰਗ ਨਾਲ ਲਾਗੂ ਕਰਨਾ ਹੀ ਰਾਸ਼ਟਰ ਨਿਰਮਾਣ ਦਾ ਸਾਧਨ ਹੈ।

# ਨਵੀਂ ਧਰਤੀ ਦੀ ਖੋਜ, ਕੇਪਲਰ ਸਪੇਸ ਟੈਲੀਸਕੋਪ



ਹਰਦੀਪ ਸਿੰਘ ਚੁੰਬਰ
+91-94636-01616

ਧਰਤੀ ਦੇ ਆਕਾਰ ਦੇ ਗ੍ਰਹਿਆਂ ਨੂੰ ਹੋਰ ਤਾਰਿਆਂ ਦੇ ਚੱਕਰ ਵਿੱਚ ਖੋਜਣ ਲਈਕੇਪਲਰ ਸਪੇਸ ਟੈਲੀਸਕੋਪ ਇੱਕ ਰਿਟਾਇਰਡ ਸਪੇਸ ਟੈਲੀਸਕੋਪ ਹੈ ਜੋ 2009 ਵਿੱਚ ਨਾਸਾ ਦੁਆਰਾ ਸ਼ੁਰੂ ਕੀਤਾ ਗਿਆ ਸੀ। ਖਗੋਲ-ਵਿਗਿਆਨੀ ਜੋਹਾਨਸ ਕੇਪਲਰ ਦੇ ਨਾਮ 'ਤੇ ਰੱਖਿਆ ਗਿਆ, ਪੁਲਾੜ ਯਾਨ ਨੂੰ ਧਰਤੀ ਦੇ ਪਿੱਛੇ ਚੱਲਣ ਵਾਲੇ ਹੈਲੀਓਸੈਂਟ੍ਰਿਕ ਔਰਬਿਟ ਵਿੱਚ ਲਾਂਚ ਕੀਤਾ ਗਿਆ ਸੀ। ਮੁੱਖ ਜਾਂਚਕਰਤਾ ਵਿਲੀਅਮ ਜੇ। ਬੋਰਕੀ ਸੀ। ਸਾਢੇ ਨੌਂ ਸਾਲਾਂ ਦੇ ਸੰਚਾਲਨ ਤੋਂ ਬਾਅਦ, ਟੈਲੀਸਕੋਪ ਦੀ ਪ੍ਰਤੀਕ੍ਰਿਆ ਨਿਯੰਤਰਣ ਪ੍ਰਣਾਲੀ ਦਾ ਬਾਲਣ ਖਤਮ ਹੋ ਗਿਆ ਸੀ, ਅਤੇ ਨਾਸਾ ਨੇ 30 ਅਕਤੂਬਰ, 2018 ਨੂੰ ਆਪਣੀ ਸੇਵਾਮੁਕਤੀ ਦਾ ਐਲਾਨ ਕੀਤਾ ਸੀ।

ਆਕਾਸ਼ਗੰਗਾ ਦੇ ਧਰਤੀ ਦੇ ਖੇਤਰ ਦੇ ਇੱਕ ਹਿੱਸੇ ਦਾ ਸਰਵੇਖਣ ਕਰਨ ਲਈ ਤਿਆਰ ਕੀਤਾ ਗਿਆ ਹੈ ਤਾਂ ਜੋ ਧਰਤੀ ਦੇ ਆਕਾਰ ਦੇ ਬਾਹਰੀ ਗ੍ਰਹਿਆਂ ਨੂੰ ਰਹਿਣ ਯੋਗ ਖੇਤਰਾਂ ਵਿੱਚ ਜਾਂ ਨੇੜੇ ਖੋਜਿਆ ਜਾ ਸਕੇ ਅਤੇ ਅੰਦਾਜ਼ਾ ਲਗਾਇਆ ਜਾ ਸਕੇ ਕਿ ਆਕਾਸ਼ਗੰਗਾ ਦੇ ਅਰਬਾਂ ਤਾਰਿਆਂ ਵਿੱਚੋਂ ਕਿੰਨੇ ਅਜਿਹੇ ਗ੍ਰਹਿ ਹਨ, ਕੇਪਲਰ ਦੇ ਇਕਲੌਤਾ ਵਿਗਿਆਨਕ ਯੰਤਰ ਇੱਕ ਫੋਟੋਮੀਟਰ ਹੈ ਜੋ ਇੱਕ ਨਿਸ਼ਚਿਤ ਖੇਤਰ ਵਿੱਚ ਲਗਭਗ 150,000 ਮੁੱਖ ਕ੍ਰਮ ਤਾਰਿਆਂ ਦੀ ਚਮਕ ਦੀ ਨਿਰੰਤਰ ਨਿਗਰਾਨੀ ਕਰਨ ਦੀ ਸਮਰਥਾ ਹੈ। ਇਹ ਡੇਟਾ ਧਰਤੀ 'ਤੇ ਪ੍ਰਸਾਰਿਤ ਕੀਤੇ ਗਏ ਸਨ, ਫਿਰ ਉਹਨਾਂ ਦੇ ਮੁੱਖ ਤਾਰੇ ਦੇ ਸਾਹਮਣੇ ਪਾਰ ਕਰਨ ਵਾਲੇ ਐਕਸੋਪਲੈਨੇਟਸ ਦੁਆਰਾ ਸਮੇਂ-ਸਮੇਂ 'ਤੇ ਮੱਧਮ ਹੋਣ ਦਾ ਪਤਾ ਲਗਾਉਣ ਲਈ ਵਿਸ਼ਲੇਸ਼ਣ ਕੀਤਾ ਗਿਆ ਸੀ। ਸਿਰਫ਼ ਉਹ ਗ੍ਰਹਿ ਖੋਜੇ ਜਾ ਸਕਦੇ ਹਨ ਜਿਨ੍ਹਾਂ ਦੇ ਚੱਕਰ ਧਰਤੀ ਤੋਂ ਕਿਨਾਰੇ-ਤੇ ਦਿਖਾਈ ਦਿੰਦੇ ਹਨ। ਕੇਪਲਰ ਨੇ 530,506 ਤਾਰਿਆਂ ਦਾ ਨਿਰੀਖਣ ਕੀਤਾ ਅਤੇ 2,662 ਗ੍ਰਹਿਆਂ ਦਾ ਪਤਾ ਲਗਾਇਆ। ਨਾਸਾ ਦੇ ਕੇਪਲਰ ਸਪੇਸ ਟੈਲੀਸਕੋਪ, ਖਗੋਲ ਵਿਗਿਆਨੀਆਂ ਨੇ "ਰਹਿਣਯੋਗ ਜ਼ੋਨ" ਵਿੱਚ ਇੱਕ ਤਾਰੇ ਦੀ ਪਰਿਕਰਮਾ ਕਰਦੇ ਪਹਿਲੇ ਧਰਤੀ ਦੇ ਆਕਾਰ ਦੇ ਗ੍ਰਹਿ ਦੀ ਖੋਜ ਕੀਤੀ ਹੈ - ਇੱਕ ਤਾਰੇ ਤੋਂ ਦੂਰੀ ਦੀ ਸੀਮਾ ਜਿੱਥੇ ਤਰਲ ਪਾਣੀ ਇੱਕ ਚੱਕਰੀ ਗ੍ਰਹਿ ਦੀ ਸਤਹ 'ਤੇ ਪੂਲ ਹੋ ਸਕਦਾ ਹੈ। ਕੇਪਲਰ-186f ਦੀ ਖੋਜ ਇਸ ਗੱਲ ਦੀ ਪੁਸ਼ਟੀ ਕਰਦੀ ਹੈ ਕਿ ਧਰਤੀ ਦੇ ਆਕਾਰ ਦੇ ਗ੍ਰਹਿ ਸਾਡੇ ਸੂਰਜ ਤੋਂ ਇਲਾਵਾ ਤਾਰਿਆਂ ਦੇ ਰਹਿਣਯੋਗ ਖੇਤਰ ਵਿੱਚ ਮੌਜੂਦ ਹਨ।


ਜਦੋਂ ਕਿ ਗ੍ਰਹਿ ਪਹਿਲਾਂ ਰਹਿਣਯੋਗ ਖੇਤਰ ਵਿੱਚ ਪਾਏ ਗਏ ਹਨ, ਉਹ ਸਾਰੇ ਧਰਤੀ ਨਾਲੋਂ ਆਕਾਰ ਵਿੱਚ ਘੱਟੋ ਘੱਟ 40 ਪ੍ਰਤੀਸ਼ਤ ਵੱਡੇ ਹਨ ਅਤੇ ਉਹਨਾਂ ਦੀ ਬਣਤਰ ਨੂੰ ਸਮਝਣਾ ਚੁਣੌਤੀਪੂਰਨ ਹੈ। ਕੇਪਲਰ-186f ਧਰਤੀ ਦੀ ਜ਼ਿਆਦਾ ਯਾਦ ਦਿਵਾਉਂਦਾ ਹੈ।ਕੇਪਲਰ-186f ਦੀ ਖੋਜ ਸਾਡੇ ਗ੍ਰਹਿ ਧਰਤੀ ਵਰਗੇ ਸੰਸਾਰਾਂ ਨੂੰ ਲੱਭਣ ਵੱਲ ਇੱਕ ਮਹੱਤਵਪੂਰਨ ਕਦਮ ਹੈ, "ਵਾਸ਼ਿੰਗਟਨ ਵਿੱਚ ਏਜੰਸੀ ਦੇ ਹੈੱਡਕੁਆਰਟਰ ਵਿੱਚ ਨਾਸਾ ਦੇ ਐਸਟ੍ਰੋਫਿਜ਼ਿਕਸ ਡਿਵੀਜ਼ਨ ਦੇ ਨਿਰਦੇਸ਼ਕ, ਪੌਲ ਹਰਟਜ਼ ਨੇ ਕਿਹਾ। "ਭਵਿੱਖ ਵਿੱਚ ਨਾਸਾ ਮਿਸ਼ਨ, ਜਿਵੇਂ ਟਰਾਂਜ਼ਿਟਿੰਗ ਐਕਸੋਪਲੈਨੇਟ ਸਰਵੇ ਸੈਟੇਲਾਈਟ ਅਤੇ ਜੇਮਸ ਵੈਬ ਸਪੇਸ। ਟੈਲੀਸਕੋਪ, ਸਭ ਤੋਂ ਨਜ਼ਦੀਕੀ ਚਟਾਨੀ ਐਕਸੋਪਲੈਨੇਟਸ ਦੀ ਖੋਜ ਕਰੇਗਾ ਅਤੇ ਉਹਨਾਂ ਦੀ ਰਚਨਾ ਅਤੇ ਵਾਯੂਮੰਡਲ ਦੀਆਂ ਸਥਿਤੀਆਂ ਨੂੰ ਨਿਰਧਾਰਤ ਕਰੇਗਾ, ਅਸਲ ਵਿੱਚ ਧਰਤੀ ਵਰਗੇ ਸੰਸਾਰਾਂ ਨੂੰ ਲੱਭਣ ਲਈ ਮਨੁੱਖਜਾਤੀ ਦੀ ਖੋਜ ਨੂੰ ਜਾਰੀ ਰੱਖੇਗਾ।"


ਹਾਲਾਂਕਿ ਕੇਪਲਰ-186f ਦਾ ਆਕਾਰ ਜਾਣਿਆ ਜਾਂਦਾ ਹੈ, ਪਰ ਇਸਦਾ ਪੁੰਜ ਅਤੇ ਰਚਨਾ ਨਹੀਂ ਹੈ। ਪਿਛਲੀ ਖੋਜ, ਹਾਲਾਂਕਿ, ਸੁਝਾਅ ਦਿੰਦੀ ਹੈ ਕਿ ਕੇਪਲਰ-186f ਦੇ ਆਕਾਰ ਦਾ ਇੱਕ ਗ੍ਰਹਿ ਪੱਥਰੀਲਾ ਹੋਣ ਦੀ ਸੰਭਾਵਨਾ ਹੈ।"ਅਸੀਂ ਸਿਰਫ਼ ਇੱਕ ਗ੍ਰਹਿ ਬਾਰੇ ਜਾਣਦੇ ਹਾਂ ਜਿੱਥੇ ਜੀਵਨ ਮੌਜੂਦ ਹੈ - ਧਰਤੀ। ਜਦੋਂ ਅਸੀਂ ਆਪਣੇ ਸੂਰਜੀ ਸਿਸਟਮ ਤੋਂ ਬਾਹਰ ਜੀਵਨ ਦੀ ਖੋਜ ਕਰਦੇ ਹਾਂ ਤਾਂ ਅਸੀਂ ਧਰਤੀ ਦੀ ਨਕਲ ਕਰਨ ਵਾਲੇ ਗੁਣਾਂ ਵਾਲੇ ਗ੍ਰਹਿਆਂ ਨੂੰ ਲੱਭਣ 'ਤੇ ਧਿਆਨ ਕੇਂਦਰਿਤ ਕਰਦੇ ਹਾਂ," ਨਾਸਾ ਦੇ ਐਮਸ ਵਿੱਚ ਓਠੀਇੰਸਟੀਚਿਊਟ ਦੀ ਖੋਜ ਵਿਗਿਆਨੀ ਐਲੀਸਾ ਕੁਇੰਟਾਨਾ ਨੇ ਕਿਹਾ। ਮੋਫੇਟ ਫੀਲਡ, ਕੈਲੀਫ ਵਿੱਚ ਰਿਸਰਚ ਸੈਂਟਰ, ਅਤੇ ਅੱਜ ਸਾਇੰਸ ਜਰਨਲ ਵਿੱਚ ਪ੍ਰਕਾਸ਼ਿਤ ਪੇਪਰ ਦੇ ਪ੍ਰਮੁੱਖ ਲੇਖਕ। "ਅਕਾਰ ਵਿੱਚ ਧਰਤੀ ਦੇ ਬਰਾਬਰ ਰਹਿਣ ਯੋਗ ਜ਼ੋਨ ਗ੍ਰਹਿ ਲੱਭਣਾ ਇੱਕ ਵੱਡਾ ਕਦਮ ਹੈ।"

ਕੇਪਲਰ-186f, ਕੇਪਲਰ-186 ਪ੍ਰਣਾਲੀ ਵਿੱਚ ਰਹਿੰਦਾ ਹੈ, ਜੋ ਕਿ ਸਿਗਨਸ ਤਾਰਾਮੰਡਲ ਵਿੱਚ ਧਰਤੀ ਤੋਂ ਲਗਭਗ 500 ਪ੍ਰਕਾਸ਼-ਸਾਲ ਦੂਰ ਹੈ। ਸਿਸਟਮ ਚਾਰ ਸਾਥੀ ਗ੍ਰਹਿਆਂ ਦਾ ਘਰ ਵੀ ਹੈ, ਜੋ ਸਾਡੇ ਸੂਰਜ ਦੇ ਅੱਧੇ ਆਕਾਰ ਅਤੇ ਪੁੰਜ ਦੇ ਇੱਕ ਤਾਰੇ ਦੀ ਦੁਆਲੇ ਚੱਕਰ ਲਗਾਉਂਦੇ ਹਨ। ਤਾਰੇ ਨੂੰ ਐਮ ਡਵਾਰਫ, ਜਾਂ ਲਾਲ ਬੌਣਾ, ਤਾਰਿਆਂ ਦੀ ਇੱਕ ਸ਼੍ਰੇਣੀ ਵਜੋਂ ਸ਼੍ਰੇਣੀਬੱਧ ਕੀਤਾ ਗਿਆ ਹੈ ਜੋ ਆਕਾਸ਼ਗੰਗਾ ਗਲੈਕਸੀ ਵਿੱਚ ਤਾਰਿਆਂ ਦਾ 70 ਪ੍ਰਤੀਸ਼ਤ ਬਣਦਾ ਹੈ।ਕੁਇੰਟਾਨਾ ਦਾ ਕਿਹਣਾ ਹੈ, "ਐਮ ਬੌਣੇ ਸਭ ਤੋਂ ਵੱਧ ਤਾਰੇ ਹਨ।" "ਗਲੈਕਸੀ ਵਿੱਚ ਦੂਜੇ ਜੀਵਨ ਦੇ ਪਹਿਲੇ ਸੰਕੇਤ ਇੱਕ ਬੌਨੇ ਦੇ ਚੱਕਰ ਵਿੱਚ ਗ੍ਰਹਿਆਂ ਤੋਂ ਆ ਸਕਦੇ ਹਨ।"

"ਰਹਿਣਯੋਗ ਖੇਤਰ ਵਿੱਚ ਹੋਣ ਦਾ ਮਤਲਬ ਇਹ ਨਹੀਂ ਹੈ ਕਿ ਅਸੀਂ ਜਾਣਦੇ ਹਾਂ ਕਿ ਇਹ ਗ੍ਰਹਿ ਰਹਿਣਯੋਗ ਹੈ। ਗ੍ਰਹਿ ਦਾ ਤਾਪਮਾਨ ਇਸ ਗੱਲ 'ਤੇ ਪੂਰੀ ਤਰ੍ਹਾਂ ਨਿਰਭਰ ਕਰਦਾ ਹੈ ਕਿ ਗ੍ਰਹਿ ਦਾ ਮਾਹੌਲ ਕਿਹੋ ਜਿਹਾ ਹੈ," ਥਾਮਸ ਬਾਰਕਲੇ, ਐਮਸ ਵਿਖੇ ਬੇ ਏਰੀਆ ਵਾਤਾਵਰਣ ਖੋਜ ਸੰਸਥਾਨ ਦੇ ਖੋਜ ਵਿਗਿਆਨੀ ਨੇ ਕਿਹਾ, ਅਤੇ ਪੇਪਰ ਦੇ ਸਹਿ-ਲੇਖਕ। "ਕੇਪਲਰ-186f ਨੂੰ ਧਰਤੀ-ਜੁੜਵਾਂ ਦੀ ਬਜਾਏ ਧਰਤੀ-ਚਚੇਰੇ ਭਰਾ ਵਜੋਂ ਸੋਚਿਆ ਜਾ ਸਕਦਾ ਹੈ। ਇਸ ਵਿੱਚ ਬਹੁਤ ਸਾਰੀਆਂ ਵਿਸ਼ੇਸ਼ਤਾਵਾਂ ਹਨ ਜੋ ਧਰਤੀ ਨਾਲ ਮਿਲਦੀਆਂ-ਜੁਲਦੀਆਂ ਹਨ।"

ਚਾਰ ਸਾਥੀ ਗ੍ਰਹਿ, Kepler-186b, Kepler-186c, Kepler-186d, aqy Kepler-186e, ਕ੍ਰਮਵਾਰ ਹਰ ਚਾਰ, ਸੱਤ, 13, ਅਤੇ 22 ਦਿਨਾਂ ਵਿੱਚ ਆਪਣੇ ਸੂਰਜ ਦੇ ਦੁਆਲੇ ਘੁੰਮਦੇ ਹਨ, ਉਹਨਾਂ ਨੂੰ ਜੀਵਨ ਲਈ ਬਹੁਤ ਗਰਮ ਬਣਾਉਂਦੇ ਹਨ ਜਿਵੇਂ ਕਿ ਅਸੀਂ ਜਾਣਦੇ ਹਾਂ। ਇਹ ਚਾਰ ਅੰਦਰੂਨੀ ਗ੍ਰਹਿ ਸਾਰੇ ਧਰਤੀ ਦੇ ਆਕਾਰ ਤੋਂ 1.5 ਗੁਣਾ ਘੱਟ ਮਾਪਦੇ ਹਨ।ਦੂਰ ਦੇ ਜੀਵਨ ਦੀ ਖੋਜ ਵਿੱਚ ਅਗਲੇ ਕਦਮਾਂ ਵਿੱਚ ਸ਼ਾਮਲ ਹਨ ਸੱਚੇ ਧਰਤੀ-ਜੁੜਵਾਂ ਦੀ ਖੋਜ ਕਰਨਾ, ਧਰਤੀ ਦੇ ਆਕਾਰ ਦੇ ਗ੍ਰਹਿ ਸੂਰਜ ਵਰਗੇ ਤਾਰੇ ਦੇ ਰਹਿਣਯੋਗ ਖੇਤਰ ਦੇ ਅੰਦਰ ਚੱਕਰ ਲਗਾਉਂਦੇ ਹਨ ਅਤੇ ਉਹਨਾਂ ਦੀਆਂ ਰਸਾਇਣਕ ਰਚਨਾਵਾਂ ਨੂੰ ਮਾਪਣਾ। ਕੇਪਲਰ ਸਪੇਸ ਟੈਲੀਸਕੋਪ, ਜੋ ਕਿ ਇੱਕੋ ਸਮੇਂ ਅਤੇ ਲਗਾਤਾਰ 150,000 ਤੋਂ ਵੱਧ ਤਾਰਿਆਂ ਦੀ ਚਮਕ ਨੂੰ ਮਾਪਦਾ ਹੈ, ਨਾਸਾ ਦਾ ਪਹਿਲਾ ਮਿਸ਼ਨ ਹੈ ਜੋ ਸਾਡੇ ਸੂਰਜ ਵਰਗੇ ਤਾਰਿਆਂ ਦੇ ਆਲੇ ਦੁਆਲੇ ਧਰਤੀ ਦੇ ਆਕਾਰ ਦੇ ਗ੍ਰਹਿਆਂ ਦਾ ਪਤਾ ਲਗਾਉਣ ਦੇ ਸਮਰੱਥ ਹੈ।






ਏਮਸ ਕੇਪਲਰ ਦੇ ਜ਼ਮੀਨੀ ਸਿਸਟਮ ਦੇ ਵਿਕਾਸ, ਮਿਸ਼ਨ ਸੰਚਾਲਨ, ਅਤੇ ਵਿਗਿਆਨ ਡੇਟਾ ਵਿਸ਼ਲੇਸ਼ਣ ਲਈ ਜ਼ਿੰਮੇਵਾਰ ਹੈ। ਪਾਸਾਡੇਨਾ, ਕੈਲੀਫ਼ੋਰੇਟ ਵਿੱਚ ਨਾਸਾ ਦੀ ਜੈਟ ਪ੍ਰੋਪਲਸ਼ਨ ਲੈਬਾਰਟਰੀ ਨੇ ਕੇਪਲਰ ਮਿਸ਼ਨ ਦੇ ਵਿਕਾਸ ਦਾ ਪ੍ਰਬੰਧ ਕੀਤਾ। ਬੋਲਡਰ, ਕੋਲੋ ਵਿੱਚ ਬਾਲ ਏਰੋਸਪੇਸ ਐਂਡ ਟੈਕਨੋਲੋਜੀ ਕਾਰਪੋਰੇਸ਼ਨ ਨੇ ਕੇਪਲਰ ਫਲਾਈਟ ਸਿਸਟਮ ਵਿਕਸਿਤ ਕੀਤਾ ਹੈ ਅਤੇ ਬੋਲਡਰ ਵਿੱਚ ਕੋਲੋਰਾਡੋ ਯੂਨੀਵਰਸਿਟੀ ਵਿੱਚ ਵਾਯੂਮੰਡਲ ਅਤੇ ਪੁਲਾੜ ਭੌਤਿਕ ਵਿਗਿਆਨ ਲਈ ਪ੍ਰਯੋਗਸ਼ਾਲਾ ਦੇ ਨਾਲ ਮਿਸ਼ਨ ਓਪਰੇਸ਼ਨਾਂ ਦਾ ਸਮਰਥਨ ਕਰਦਾ ਹੈ। ਬਾਲਟਿਮੋਰ ਵਿੱਚ ਸਪੇਸ ਟੈਲੀਸਕੋਪ ਸਾਇੰਸ ਇੰਸਟੀਚਿਊਟ ਕੈਪਲਰ ਵਿਗਿਆਨ ਡੇਟਾ ਨੂੰ ਸੰਭਲਦਾ ਅਤੇ ਅੱਗੇ ਦੇ ਦਿੰਦਾ ਹੈ। ਕੇਪਲਰ ਨਾਸਾ ਦਾ 10ਵਾਂ ਖੋਜ ਮਿਸ਼ਨ ਹੈ ਅਤੇ ਏਜੰਸੀ ਦੇ ਸਾਇੰਸ ਮਿਸ਼ਨ ਡਾਇਰੈਕਟੋਰੇਟ ਦੁਆਰਾ ਫੰਡ ਕੀਤਾ ਗਿਆ ਸੀ। ਕੇਪਲਰ-186f ਹਰ 130-ਦਿਨਾਂ ਵਿੱਚ ਇੱਕ ਵਾਰ ਆਪਣੇ ਤਾਰੇ ਦਾ ਚੱਕਰ ਲਗਾਉਂਦਾ ਹੈ ਅਤੇ ਆਪਣੇ ਤਾਰੇ ਤੋਂ ਇੱਕ ਤਿਹਾਈ ਊਰਜਾ ਪ੍ਰਾਪਤ ਕਰਦਾ ਹੈ ਜੋ ਧਰਤੀ ਸੂਰਜ ਤੋਂ ਪ੍ਰਾਪਤ ਕਰਦੀ ਹੈ, ਇਸਨੂੰ ਰਹਿਣਯੋਗ ਖੇਤਰ ਦੇ ਬਾਹਰੀ ਕਿਨਾਰੇ ਦੇ ਨੇੜੇ ਰੱਖਦੀ ਹੈ। ਕੇਪਲਰ-186f ਦੀ ਸਤ੍ਹਾ 'ਤੇ, ਦੁਪਹਿਰ ਦੇ ਸਮੇਂ ਇਸ ਦੇ ਤਾਰੇ ਦੀ ਚਮਕ ਓਨੀ ਹੀ ਚਮਕੀਲੀ ਹੈ ਜਿੰਨੀ ਸੂਰਜ ਡੁੱਬਣ ਤੋਂ ਇਕ ਘੰਟਾ ਪਹਿਲਾਂ ਸਾਨੂੰ ਦਿਖਾਈ ਦਿੰਦੀ ਹੈ।

ਕੇਪਲਰ-186f, ਆਪਣੇ ਤਾਰੇ ਦੇ ਰਹਿਣਯੋਗ ਖੇਤਰ ਦੇ ਅੰਦਰ ਪਾਇਆ ਜਾਣ ਵਾਲਾ ਪਹਿਲਾ ਧਰਤੀ-ਆਕਾਰ ਦਾ ਐਕਸਟਰਾਸੋਲਰ ਗ੍ਰਹਿ - ਓਰਬਿਟਲ ਖੇਤਰ ਜਿੱਥੇ ਧਰਤੀ ਵਰਗਾ ਗ੍ਰਹਿ ਆਪਣੀ ਸਤ੍ਹਾ 'ਤੇ ਤਰਲ ਪਾਣੀ ਰੱਖ ਸਕਦਾ ਹੈ ਅਤੇ ਇਸ ਤਰ੍ਹਾਂ ਸੰਭਵ ਤੌਰ 'ਤੇ ਜੀਵਨ ਦਾ ਸਮਰਥਨ ਕਰ ਸਕਦਾ ਹੈ। ਕੇਪਲਰ-186f ਦੀ ਖੋਜ 2014 ਵਿੱਚ ਕੇਪਲਰ ਸੈਟੇਲਾਈਟ ਦੁਆਰਾ ਦੇਖਿਆ ਗਿਆ ਇਸ ਗ੍ਰਹਿ ਦਾ ਘੇਰਾ ਧਰਤੀ ਨਾਲੋਂ 1.11 ਗੁਣਾ ਹੈ। ਕੇਪਲਰ-186f ਦਾ ਪੁੰਜ ਅਣਜਾਣ ਹੈ; ਹਾਲਾਂਕਿ, ਜੇਕਰ ਇਸਦੀ ਧਰਤੀ ਵਰਗੀ ਰਚਨਾ ਹੈ, ਤਾਂ ਇਸਦਾ ਪੁੰਜ ਧਰਤੀ ਨਾਲੋਂ 1.44 ਗੁਣਾ ਹੋਵੇਗਾ। ਇਹ ਆਪਣੇ ਤਾਰੇ ਦੇ ਆਲੇ-ਦੁਆਲੇ ਖੋਜਿਆ ਗਿਆ ਪੰਜਵਾਂ ਗ੍ਰਹਿ ਸੀ, ਜੋ ਸੂਰਜ ਤੋਂ 0.48 ਗੁਣਾ ਪੁੰਜ ਵਾਲਾ ਧਰਤੀ ਤੋਂ 500 ਪ੍ਰਕਾਸ਼-ਸਾਲ ਦੂਰ ਇੱਕ ਮੱਧਮ ਲਾਲ ਬੌਣਾ ਸੀ। ਕੇਪਲਰ-186f ਹਰ 129.9 ਦਿਨਾਂ ਬਾਅਦ 53.2 ਮਿਲੀਅਨ ਕਿਲੋਮੀਟਰ (33.1 ਮਿਲੀਅਨ ਮੀਲ) ਦੀ ਦੂਰੀ 'ਤੇ ਆਪਣੇ ਤਾਰੇ ਦਾ ਚੱਕਰ ਲਗਾਉਂਦਾ ਹੈ। ਇਹ ਧਰਤੀ ਨੂੰ ਸੂਰਜ ਤੋਂ ਪ੍ਰਾਪਤ ਹੋਣ ਵਾਲੇ ਪ੍ਰਕਾਸ਼ ਦੀ ਮਾਤਰਾ ਦਾ ਸਿਰਫ 32 ਪ੍ਰਤੀਸ਼ਤ ਪ੍ਰਾਪਤ ਕਰਦਾ ਹੈ, ਪਰ ਪਾਣੀ ਤਰਲ ਅਵਸਥਾ ਵਿੱਚ ਮੌਜੂਦ ਹੋ ਸਕਦਾ ਹੈ ਜੇਕਰ ਇਸਦੇ ਵਾਯੂਮੰਡਲ ਵਿੱਚ ਕਾਰਬਨ ਡਾਈਆਕਸਾਈਡ ਦੀ ਕਾਫੀ ਮਾਤਰਾ ਹੈ। ਸਿਸਟਮ ਦੇ ਬਾਕੀ ਚਾਰ ਗ੍ਰਹਿ ਧਰਤੀ ਦੇ ਆਕਾਰ ਦੇ ਹਨ; ਹਾਲਾਂਕਿ, ਉਹ ਤਾਰੇ ਦੇ ਬਹੁਤ ਨੇੜੇ ਘੁੰਮਦੇ ਹਨ ਅਤੇ ਇਸ ਤਰ੍ਹਾਂ ਰਹਿਣਯੋਗ ਖੇਤਰ ਦੇ ਅੰਦਰ ਨਹੀਂ ਹਨ। ਕੇਪਲਰ-186f ਆਪਣੇ ਤਾਰੇ ਤੋਂ ਇੰਨਾ ਦੂਰ ਹੈ ਕਿ ਇਹ ਟਿਕਾਅ ਨਾਲ ਬੰਦ ਨਹੀਂ ਹੋ ਸਕਦਾ (ਅਰਥਾਤ, ਇਸਦਾ ਦਿਨ ਇਸਦੇ ਸਾਲ ਜਿੰਨਾ ਲੰਮਾ ਨਹੀਂ ਹੋ ਸਕਦਾ, ਇੱਕ ਪਾਸੇ ਹਮੇਸ਼ਾ ਇਸਦੇ ਤਾਰੇ ਦਾ ਸਾਹਮਣਾ ਕਰਦਾ ਹੈ)।

### ਚੀਨ ਦੁਆਰਾ ਮਨੁੱਖ ਦੇ ਰਹਿਣਯੋਗ ਧਰਤੀ 2,0 ਨੂੰ ਲੱਭਣ ਦੀ ਯੋਜਨਾ

ਚੰਦਰਮਾ 'ਤੇ ਰੋਬੋਟ ਭੇਜਣ, ਉਨ੍ਹਾਂ ਨੂੰ ਮੰਗਲ 'ਤੇ ਉਤਾਰਨ ਅਤੇ ਆਪਣਾ ਪੁਲਾੜ ਸਟੇਸ਼ਨ ਬਣਾਉਣ ਤੋਂ ਬਾਅਦ, ਚੀਨ ਹੁਣ ਦੂਰ-ਦੂਰ ਦੇ ਸੂਰਜੀ ਪ੍ਰਣਾਲੀਆਂ 'ਤੇ ਨਜ਼ਰ ਮਾਰ ਰਿਹਾ ਹੈ। ਇਸ ਮਹੀਨੇ, ਵਿਗਿਆਨੀ ਐਕਸੋਪਲੈਨੇਟਸ ਦੀ ਖੋਜ ਕਰਨ ਲਈ ਦੇਸ਼ ਦੇ ਪਹਿਲੇ ਮਿਸ਼ਨ ਲਈ ਵਿਸਤ੍ਰਿਤ ਯੋਜਨਾਵਾਂ ਜਾਰੀ ਕਰਨਗੇ।

ਇਸ ਮਿਸ਼ਨ ਦਾ ਉਦੇਸ਼ ਸੂਰਜ ਵਾਂਗ ਸੂਰਜ ਦੀ ਤਰ੍ਹਾਂ ਕਿਸੇ ਤਾਰੇ ਦੇ ਰਹਿਣਯੋਗ ਖੇਤਰ ਵਿੱਚ ਚੱਕਰ ਲਗਾਉਣ ਵਾਲੇ ਪਹਿਲੇ ਧਰਤੀ ਵਰਗੇ ਗ੍ਰਹਿ ਨੂੰ ਲੱਭਣ ਦੇ ਟੀਚੇ ਨਾਲ ਮਿਲਕੀ ਵੇਅ ਦੇ ਦੂਜੇ ਹਿੱਸਿਆਂ ਵਿੱਚ ਸੂਰਜੀ ਪ੍ਰਣਾਲੀ ਤੋਂ ਬਾਹਰ ਗ੍ਰਹਿਆਂ ਦਾ ਸਰਵੇਖਣ ਕਰਨਾ ਹੈ। ਖਗੋਲ-ਵਿਗਿਆਨੀ ਸੋਚਦੇ ਹਨ ਕਿ ਅਜਿਹੇ ਗ੍ਰਹਿ, ਜਿਸਨੂੰ ਧਰਤੀ 2.0 ਕਿਹਾ ਜਾਂਦਾ ਹੈ, ਦੀ ਹੋਂਦ ਲਈ ਤਰਲ ਪਾਣੀ - ਅਤੇ ਸੰਭਵ ਤੌਰ 'ਤੇ ਜੀਵਨ - ਲਈ ਸਹੀ ਸਥਿਤੀਆਂ ਹੋਣਗੀਆਂ। ਆਕਾਸ਼ਗੰਗਾ ਵਿੱਚ 5,000 ਤੋਂ ਵੱਧ ਐਕਸੋਪਲੇਨੇਟਸ ਪਹਿਲਾਂ ਹੀ ਖੋਜੇ ਜਾ ਚੁੱਕੇ ਹਨ, ਜਿਆਦਾਤਰ ਨਾਸਾ ਦੇ ਕੇਪਲਰ ਟੈਲੀਸਕੋਪ ਨਾਲ, ਜੋ ਕਿ 2018 ਵਿੱਚ ਬਾਲਣ ਖਤਮ ਹੋਣ ਤੋਂ ਪਹਿਲਾਂ 9 ਸਾਲਾਂ ਤੱਕ ਵਰਤੋਂ ਵਿੱਚ ਸੀ। ਕੁਝ ਗ੍ਰਹਿ ਪੱਥਰੀਲੇ ਧਰਤੀ ਵਰਗੇ ਸਨ ਜੋ ਛੋਟੇ ਲਾਲ-ਬੌਨੇ ਤਾਰੇ ਦੇ ਚੱਕਰ ਲਗਾ ਰਹੇ ਸਨ।ਪਰ ਕੋਈ ਵੀ ਧਰਤੀ 2,0 ਦੀ ਪਰਿਭਾਸ਼ਾ ਦੇ ਅਨੁਕੂਲ ਨਹੀਂ ਹੈ।

ਕੈਲੀਫੋਰਨੀਆ ਦੇ ਨਾਸਾ ਐਕਸੋਪਲੈਨੇਟ ਸਾਇੰਸ ਇੰਸਟੀਚਿਊਟ ਦੇ ਇੱਕ ਖਗੋਲ-ਵਿਗਿਆਨੀ ਜੈਸੀ ਕ੍ਰਿਸਟੀਅਨ ਦਾ ਕਹਿਣਾ ਹੈ ਕਿ ਮੌਜੂਦਾ ਤਕਨਾਲੋਜੀ ਅਤੇ ਟੈਲੀਸਕੋਪਾਂ ਨਾਲ, ਧਰਤੀ ਵਰਗੇ ਛੋਟੇ ਗ੍ਰਹਿਆਂ ਦਾ ਸੰਕੇਤ ਲੱਭਣਾ ਬਹੁਤ ਮੁਸ਼ਕਲ ਹੈਪਾਸਡੇਨਾ ਵਿੱਚ ਤਕਨਾਲੋਜੀ ਦੀ ਸੰਸਥਾ ਦਾ ਕਹਿਣਾ ਹੈ। ਜਦੋਂ ਉਨ੍ਹਾਂ ਦੇ ਮੁੱਖ ਤਾਰੇ ਇੱਕ ਮਿਲੀਅਨ ਗੁਣਾ ਭਾਰੀ ਅਤੇ ਇੱਕ ਅਰਬ ਗੁਣਾ ਚਮਕਦਾਰ ਹੁੰਦੇ ਹਨ।

### ਤਾਰਾਮੰਡਲਾਂ ਦਾ ਸਰਵੇਖਣ ਲਈ ਸੱਤਟੈਲੀਸਕੋਪਾਂ

ਧਰਤੀ2,0 ਸੈਟੇਲਾਈਟ ਨੂੰ ਸੱਤ ਟੈਲੀਸਕੋਪਾਂ ਨੂੰ ਲਿਜਾਣ ਲਈ ਤਿਆਰ ਕੀਤਾ ਗਿਆ ਹੈ ਜੋ ਚਾਰ ਸਾਲਾਂ ਲਈ ਅਸਮਾਨ ਦਾ ਨਿਰੀਖਣ ਕਰਨਗੇ। ਛੇ ਟੈਲੀਸਕੋਪਾਂ ਸਿਗਨਸ-ਲਾਇਰਾ ਤਾਰਾਮੰਡਲਾਂ ਦਾ ਸਰਵੇਖਣ ਕਰਨ ਲਈ ਮਿਲ ਕੇ ਕੰਮ ਕਰਨ-ਗੀਆਂ, ਅਸਮਾਨ ਦਾ ਉਹੀ ਪੈਚ ਜਿਸ ਨੂੰ ਕੇਪਲਰ ਟੈਲੀਸਕੋਪ ਨੇ ਸਕੋਰ ਕੀਤਾ ਸੀ। ਚੀਨੀ ਅਕੈਡਮੀ ਆਫ਼ ਸਾਇੰਸਿਜ਼ ਦੇ ਸ਼ੰਘਾਈ ਐਸਟ੍ਰੋਨੋਮੀਕਲ ਆਬਜ਼ਰਵੇਟਰੀ ਵਿੱਚ ਧਰਤੀ 2.0 ਮਿਸ਼ਨ ਦੀ ਅਗਵਾਈ ਕਰ ਰਹੇ ਖਗੋਲ ਵਿਗਿਆਨੀ ਜਿਆਨ ਗੇ ਕਹਿੰਦੇ ਹਨ, "ਕੇਪਲਰ ਫੀਲਡ ਇੱਕ ਘੱਟ ਲੁਭਾਵਣਾ ਵੇਰਵਾ ਹੈ, ਕਿਉਂਕਿ ਸਾਡੇ ਕੋਲ ਉੱਥੋਂ ਬਹੁਤ ਵਧੀਆ ਡੇਟਾ ਹੈ।"

ਟੈਲੀਸਕੋਪ ਇੱਕ ਤਾਰੇ ਦੀ ਚਮਕ ਵਿੱਚ ਛੋਟੀਆਂ ਤਬਦੀਲੀਆਂ ਦਾ ਪਤਾ ਲਗਾ ਕੇ ਐਕਸੋਪਲੈਨੇਟਸ ਦੀ ਖੋਜ ਕਰਨਗੇ ਜੋ ਇਹ ਦਰਸਾਉਂਦੇ ਹਨ ਕਿ ਇੱਕ ਗ੍ਰਹਿ ਇਸਦੇ ਸਾਹਮਣੇ ਲੰਘ ਗਿਆ ਹੈ। ਕਈ ਛੋਟੇ ਟੈਲੀਸਕੋਪਾਂ ਨੂੰ ਇਕੱਠੇ ਵਰਤਣ ਨਾਲ ਵਿਗਿਆਨੀਆਂ ਨੂੰ ਇੱਕ ਸਿੰਗਲ, ਵੱਡੇ ਟੈਲੀਸਕੋਪ ਜਿਵੇਂ ਕਿ ਕੇਪਲਰ ਨਾਲੋਂ ਇੱਕ ਵਿਸ਼ਾਲ ਦ੍ਰਿਸ਼ਟੀਕੋਣ ਮਿਲਦਾ ਹੈ। ਧਰਤੀ 2,0 ਦੇ 6 ਟੈਲੀਸਕੋਪ ਇਕੱਠੇ ਅਸਮਾਨ ਦੇ 500-ਵਰਗ-ਡਿਗਰੀ ਪੈਚ ਵਿੱਚ ਲਗਭਗ 1,2 ਮਿਲੀਅਨ ਤਾਰਿਆਂ ਨੂੰ ਵੇਖਣਗੇ, ਜੋ ਕੇਪਲਰ ਦੇ ਦ੍ਰਿਸ਼ਟੀਕੋਣ ਨਾਲੋਂ ਲਗਭਗ 5 ਗੁਣਾ ਚੌੜਾ ਹੈ। ਉਸੇ ਸਮੇਂ, ਧਰਤੀ 2,0 ਧਰਤੀ ਦੇ ਨੇੜੇ ਚਮਕਦਾਰ ਤਾਰਿਆਂ ਦਾ ਸਰਵੇਖਣ ਕਰਨ ਵਾਲੇ ਨਾਸਾ ਦੇ ਟਰਾਂਜ਼ਿਟਿੰਗ ਐਕਸੋਪਲੈਨੇਟ ਸਰਵੇ ਸੈਟੇਲਾਈਟ (TESS) ਨਾਲੋਂ ਮੱਧਮ ਅਤੇ ਜ਼ਿਆਦਾ ਦੂਰ ਵਾਲੇ ਤਾਰਿਆਂ ਨੂੰ ਦੇਖਣ ਦੇ ਯੋਗ ਹੋਵੇਗਾ।

"ਸਾਡਾ ਉਪਗ੍ਰਹਿ ਆਪਣੀ ਅਸਮਾਨ-ਸਰਵੇਖਣ ਸਮਰੱਥਾ ਵਿੱਚ ਨਾਸਾ ਦੇ ਕੇਪਲਰ ਟੈਲੀਸਕੋਪ ਨਾਲੋਂ 10-15 ਗੁਣਾ ਵੱਧ ਸ਼ਕਤੀਸ਼ਾਲੀ ਹੋ ਸਕਦਾ ਹੈ," ਜੀ ਕਹਿੰਦਾ ਹੈ। ਉਪ-ਗ੍ਰਹਿ ਦਾ ਸੱਤਵਾਂ ਯੰਤਰ ਠੱਗ ਗ੍ਰਹਿਆਂ (ਬੇਤਰਤੀਬੇ ਘੁਮਦੇ ਗ੍ਰਿਹ) ਦਾ ਸਰਵੇਖਣ ਕਰਨ ਲਈ ਇੱਕ ਗਰੈਵੀਟੇਸ਼ਨਲ ਮਾਈਕ੍ਰੋਲੇਂਸਿੰਗ ਟੈਲੀਸਕੋਪ ਹੋਵੇਗਾ। ਉਹ ਫ੍ਰੀ-ਰੋਮਿੰਗ ਆਕਾਸ਼ੀ ਵਸਤੂਆਂ ਜੋ ਕਿਸੇ ਵੀ ਤਾਰੇ ਦਾ ਚੱਕਰ ਨਹੀਂ ਲਗਾਉਂਦੀਆਂ ਅਤੇ ਐਕਸੋਪਲੈਨੇਟਸ ਜੋ ਨੈਪਚਿਊਨ ਦੇ ਸਮਾਨ ਆਪਣੇ ਤਾਰੇ ਤੋਂ ਦੂਰ ਹਨ। ਇਹ ਤਾਰੇ ਦੀ ਰੌਸ਼ਨੀ ਵਿੱਚ ਤਬਦੀਲੀਆਂ ਦਾ ਪਤਾ ਲਗਾਵੇਗਾ ਜਦੋਂ ਕਿਸੇ ਗ੍ਰਹਿ ਜਾਂ ਤਾਰੇ ਦੀ ਗੰਭੀਰਤਾ ਇੱਕ ਪਿਛੋਕੜ ਵਾਲੇ ਤਾਰੇ ਦੀ ਰੋਸ਼ਨੀ ਨੂੰ ਵਿਗਾੜਦੀ ਹੈ ਜਿਸ ਦੇ ਸਾਹਮਣੇ ਇਹ ਲੰਘ ਰਿਹਾ ਹੈ। ਟੈਲੀਸਕੋਪ ਮਿਲਕੀ ਵੇ ਦੇ ਕੇਂਦਰ ਨੂੰ ਨਿਸ਼ਾਨਾ ਬਣਾਏਗੀ ਜਿੱਥੇ ਵੱਡੀ ਗਿਣਤੀ ਵਿੱਚ ਤਾਰੇ ਸਥਿਤ ਹਨ। ਸਫਲਤਾਪੂਰਵਕ ਲਾਂਚ ਕੀਤਾ ਜਾਂਦਾ ਹੈ, ਤਾਂ ਇਹ ਪਹਿਲਾ ਗਰੈਵੀਟੇਸ਼ਨਲ ਮਾਈਕ੍ਰੋਲੇਂਸਿੰਗ ਟੈਲੀਸਕੋਪ ਹੋਵੇਗਾ ਜੋ ਸਪੇਸ ਤੋਂ ਕੰਮ ਕਰਦਾ ਹੈ।ਜੀ ਦਾ ਕਹਿਣਾ ਹੈ ਕਿ"ਸਾਡਾ ਉਪਗ੍ਰਹਿ ਜ਼ਰੂਰੀ ਤੌਰ 'ਤੇ ਇੱਕ ਗਿਣਤੀ ਕਰ ਸਕਦਾ ਹੈ ਜੋ ਵੱਖ-ਵੱਖ ਆਕਾਰਾਂ, ਪੁੰਜ ਅਤੇ ਉਮਰ ਦੇ ਐਕਸੋਪਲੈਨੇਟਸ ਦੀ ਪਛਾਣ ਕਰਦਾ ਹੈ। ਮਿਸ਼ਨ ਭਵਿੱਖ ਦੀ ਖੋਜ ਲਈ ਐਕਸੋਪਲੈਨੇਟ ਦੇ ਨਮੂਨਿਆਂ ਦਾ ਵਧੀਆ ਸੰਗ੍ਰਹਿ ਪ੍ਰਦਾਨ ਕਰੇਗਾ, "ਉਹ ਕਹਿੰਦਾ ਹੈ।

ਚੀਨੀ ਮਿਸ਼ਨ, ਜਿਸ ਨੂੰ ਅਰਥ 2,0 ਕਿਹਾ ਜਾਂਦਾ ਹੈ, ਇਸ ਨੂੰ ਬਦਲਣ ਦੀ ਉਮੀਦ ਕਰਦਾ ਹੈ। ਇਸ ਨੂੰ ਚਾਈਨੀਜ਼ ਅਕੈਡਮੀ ਆਫ਼ ਸਾਇੰਸਜ਼ ਦੁਆਰਾ ਫੰਡ ਦਿੱਤਾ ਜਾਵੇਗਾ ਅਤੇ ਇਸਦੇ ਸ਼ੁ-ਰੂਆਤੀ ਡਿਜ਼ਾਈਨ ਪੜਾਅ ਨੂੰ ਸਮੇਟ ਰਿਹਾ ਹੈ। ਜੇ ਡਿਜ਼ਾਈਨ ਜੂਨ ਵਿੱਚ ਮਾਹਰਾਂ ਦੇ ਇੱਕ ਪੈਨਲ ਦੁਆਰਾ ਸਮੀਖਿਆ ਪਾਸ ਕਰਦੇ ਹਨ, ਤਾਂ ਮਿਸ਼ਨ ਟੀਮ ਨੂੰ ਉਪਗ੍ਰਹਿ ਦਾ ਨਿਰਮਾਣ ਸ਼ੁਰੂ ਕਰਨ ਲਈ ਫੰਡ ਪ੍ਰਾਪਤ ਹੋਵੇਗਾ। ਟੀਮ ਦੀ ਯੋਜਨਾ 2026 ਦੇ ਅੰਤ ਤੋਂ ਪਹਿਲਾਂ ਲਾਂਗ ਮਾਰਚ ਰਾਕੇਟ 'ਤੇ ਪੁਲਾੜ ਯਾਨ ਨੂੰ ਲਾਂਚ ਕਰਨ ਦੀ ਹੈ।

### ਡਾਟਾ ਦੁੱਗਣਾ ਕਰਨਾ

ਨਾਸਾ ਨੇ 2009 ਵਿੱਚ ਕੇਪਲਰ ਲਾਂਚ ਕੀਤਾ, ਜਿਸਦਾ ਉਦੇਸ਼ ਇਹ ਪਤਾ ਲਗਾਉਣਾ ਸੀ ਕਿ ਗਲੈਕਸੀ ਵਿੱਚ ਧਰਤੀ ਵਰਗੇ ਗ੍ਰਹਿ ਕਿੰਨੇ ਆਮ ਹਨ। ਇਹ ਪੁਸ਼ਟੀ ਕਰਨ ਲਈ ਕਿ ਇੱਕ ਐਕਸੋਪਲਾਨੇਟ ਧਰਤੀ ਵਰਗਾ ਹੈ, ਖਗੋਲ-ਵਿਗਿਆਨੀਆਂ ਨੂੰ ਇਸਦੇ ਸੂਰਜ ਦੇ ਚੱਕਰ ਵਿੱਚ ਲੱਗਣ ਵਾਲੇ ਸਮੇਂ ਨੂੰ ਮਾਪਣ ਦੀ ਲੋੜ ਹੁੰਦੀ ਹੈ। ਅਜਿਹੇ ਗ੍ਰਹਿਆਂ ਦੀ ਇੱਕ ਚੱਕਰੀ ਮਿਆਦ ਧਰਤੀ ਦੇ ਸਮਾਨ ਹੋਣੀ ਚਾਹੀਦੀ ਹੈ ਅਤੇ ਸਾਲ ਵਿੱਚ ਇੱਕ ਵਾਰ ਆਪਣੇ ਸੂਰਜ ਦਾ ਸੰਚਾਰ ਕਰਨਾ ਚਾਹੀਦਾ ਹੈ। ਚੈਲਸੀ ਹੁਆਂਗ, ਟੂਵੂਮਬਾ ਦੀ ਦੱਖਣੀ ਕੁਈਨਜ਼ਲੈਂਡ ਯੂਨੀਵਰਸਿਟੀ ਦੀ ਇੱਕ ਖਗੋਲ-ਭੌਤਿਕ ਵਿਗਿਆਨੀ, ਕਹਿੰਦੀ ਹੈ ਕਿ ਵਿਗਿਆਨੀਆਂ ਨੂੰ ਇੱਕ ਸਟੀਕ ਔਰਬਿਟਲ ਪੀਰੀਅਡ ਦਾ ਕੰਮ ਕਰਨ ਲਈ ਘੱਟੋ-ਘੱਟ ਤਿੰਨ ਟਰਾਂਜ਼ਿਟ ਦੀ ਲੋੜ ਹੁੰਦੀ ਹੈ, ਜਿਸ ਵਿੱਚ ਡੇਟਾ ਦੇ ਲਗਭਗ ਤਿੰਨ ਸਾਲ ਲੱਗਦੇ ਹਨ, ਅਤੇ ਕਈ ਵਾਰ ਜ਼ਿਆਦਾ, ਜੇਕਰ ਡੇਟਾ ਗੈਪ ਹੁੰਦੇ ਹਨ।ਪਰ ਕੇਪਲਰ ਮਿਸ਼ਨ ਦੇ ਚਾਰ ਸਾਲਾਂ ਵਿੱਚ, ਯੰਤਰ ਦੇ ਕੁਝ ਹਿੱਸੇ ਅਸਫਲ ਹੋ ਗਏ, ਜਿਸ ਨਾਲ ਦੂਰਬੀਨ ਲੰਬੇ ਸਮੇਂ ਵਿੱਚ ਅਸਮਾਨ ਦੇ ਇੱਕ ਪੈਚ ਨੂੰ ਵੇਖਣ ਵਿੱਚ ਅਸਮਰੱਥ ਸੀ। ਹੁਆਂਗ ਦਾ ਕਹਿਣਾ ਹੈ ਕਿ ਕੇਪਲਰ ਕੁਝ ਸੱਚਮੁੱਚ ਧਰਤੀ ਵਰਗੇ ਗ੍ਰਹਿਆਂ ਨੂੰ ਲੱਭਣ ਦੀ ਕਸਵੱਟੀ 'ਤੇ ਸੀ, ਜਿਸ ਨੇ ਡੇਟਾ-ਸਿਮੂਲੇਸ਼ਨ ਸਲਾਹਕਾਰ ਵਜੋਂ ਧਰਤੀ 2.0 ਟੀਮ ਨਾਲ ਕੰਮ ਕੀਤਾ ਹੈ। ਧਰਤੀ 2,0 ਦੇ ਨਾਲ, ਖਗੋਲ-ਵਿਗਿਆਨੀਆਂ ਕੋਲ ਹੋਰ ਚਾਰ ਸਾਲਾਂ ਦਾ ਡੇਟਾ ਹੋ ਸਕਦਾ ਹੈ, ਜੋ ਕੇਪਲਰ ਦੇ ਨਿਰੀਖਣਾਂ ਨਾਲ ਜੋੜ ਕੇ, ਇਹ ਪੁਸ਼ਟੀ ਕਰਨ ਵਿੱਚ ਮਦਦ ਕਰ ਸਕਦਾ ਹੈ ਕਿ ਕਿਹੜੇ ਐਕਸੋਪਲੇਨੇਟਸ ਅਸਲ ਵਿੱਚ ਧਰਤੀ ਵਰਗੇ ਹਨ। "ਮੈਂ ਕੇਪਲਰ ਫੀਲਡ ਵਿੱਚ ਵਾਪਸੀ ਦੀ ਸੰਭਾਵਨਾ ਬਾਰੇ ਬਹੁਤ ਉਤਸ਼ਾਹਿਤ ਹਾਂ," ਕ੍ਰਿਸਟੀਅਨ ਕਹਿੰਦਾ ਹੈ, ਜੋ ਧਰਤੀ 2,0 ਦੇ ਡੇਟਾ ਦਾ ਅਧਿਐਨ ਕਰਨ ਦੀ ਉਮੀਦ ਕਰਦਾ ਹੈ ਜੇਕਰ ਉਹ ਉਪਲਬਧ ਕਰਵਾਏ ਜਾਂਦੇ ਹਨ।

ਜੀ ਨੂੰ ਇੱਕ ਦਰਜਨ ਧਰਤੀ 2,0 ਗ੍ਰਹਿ ਲੱਭਣ ਦੀ ਉਮੀਦ ਹੈ। ਉਹ ਕਹਿੰਦਾ ਹੈ ਕਿ ਉਹ ਆਪਣੇ ਸੰਗ੍ਰਹਿ ਦੇ ਇੱਕ ਜਾਂ ਦੋ ਸਾਲਾਂ ਦੇ ਅੰਦਰ ਡੇਟਾ ਨੂੰ ਪ੍ਰਕਾਸ਼ਤ ਕਰਨ ਦੀ ਯੋਜਨਾ ਬਣਾ ਰਿਹਾ ਹੈ। "ਇੱਥੇ ਬਹੁਤ ਸਾਰਾ ਡੇਟਾ ਹੋਵੇਗਾ, ਇਸ ਲਈ ਸਾਨੂੰ ਉਨ੍ਹਾਂ ਸਾਰੇ ਹੱਥਾਂ ਦੀ ਜ਼ਰੂਰਤ ਹੈ ਜੋ ਅਸੀਂ ਪ੍ਰਾਪਤ ਕਰ ਸਕਦੇ ਹਾਂ," ਉਹ ਕਹਿੰਦਾ ਹੈ। ਟੀਮ ਕੋਲ ਪਹਿਲਾਂ ਹੀ ਲਗਭਗ 300 ਵਿਗਿਆਨੀ ਅਤੇ ਇੰਜੀਨੀਅਰ ਹਨ, ਜ਼ਿਆਦਾਤਰ ਚੀਨ ਤੋਂ, ਪਰ ਜੀ ਨੂੰ ਉਮੀਦ ਹੈ ਕਿ ਦੁਨੀਆ ਭਰ ਦੇ ਹੋਰ ਖਗੋਲ ਵਿਗਿਆਨੀ ਸ਼ਾਮਲ ਹੋਣਗੇ। "ਧਰਤੀ 2,0 ਬਿਹਤਰ ਅੰਤਰਰਾਸ਼ਟਰੀ ਸਹਿਯੋਗ ਲਈ ਇੱਕ ਮੌਕਾ ਹੈ।"

ਯੂਰੋਪੀਅਨ ਸਪੇਸ ਏਜੰਸੀ ਇੱਕ ਐਕਸੋਪਲੈਨੇਟ ਮਿਸ਼ਨ ਦੀ ਵੀ ਯੋਜਨਾ ਬਣਾ ਰਹੀ ਹੈ - ਜਿਸਨੂੰ ਪਲੈਨੇਟਰੀ ਟ੍ਰਾਂਜਿਟ ਐਂਡ ਓਸਿਲੇਸ਼ਨ ਆਫ਼ ਸਟਾਰਸ (PLATO) ਕਿਹਾ ਜਾਂਦਾ ਹੈ - ਜੋ ਕਿ 2026 ਵਿੱਚ ਲਾਂਚ ਹੋਣ ਵਾਲਾ ਹੈ। ਫ਼ਓਠੋਂ ਦੇ ਡਿਜ਼ਾਇਨ ਵਿੱਚ 26 ਟੈਲੀਸਕੋਪ ਹਨ, ਮਤਲਬ ਕਿ ਇਸਦਾ ਦ੍ਰਿਸ਼ਟੀਕੋਣ ਧਰਤੀ 2,0 ਨਾਲੋਂ ਬਹੁਤ ਵੱਡਾ ਖੇਤਰ ਹੋਵੇਗਾ। ਪਰ ਸੈਟੇਲਾਈਟ ਅਸਮਾਨ ਦੇ ਵੱਖ-ਵੱਖ ਖੇਤਰਾਂ ਦਾ ਨਿਰੀਖਣ ਕਰਨ ਲਈ ਹਰ ਦੋ ਸਾਲਾਂ ਬਾਅਦ ਆਪਣੀ ਨਿਗਾਹ ਬਦਲੇਗਾ।

# ਕੀ ਦਹਿਸ਼ਤ ਦੇ ਪ੍ਰਛਾਵੇਂ ਹੇਠਾਂ ਹੈ ਉੱਤਰ ਪ੍ਰਦੇਸ਼ ਰਾਜ ਵਿੱਚ ਸ਼ਾਂਤੀ



ਹਰਦੀਪ ਸਿੰਘ ਚੁੰਬਰ
+91-94636-01616

ਪਿਛਲੇ ਹਫ਼ਤੇ, ਯੂਪੀ ਸਰਕਾਰ ਨੇ ਸੁਪਰੀਮ ਕੋਰਟ ਵਿੱਚ ਇੱਕ ਹਲਫ਼ਨਾਮਾ ਪੇਸ਼ ਕੀਤਾ ਜਿਸ ਵਿੱਚ ਕਿਹਾ ਗਿਆ ਸੀ ਕਿ ਪ੍ਰਯਾਗਰਾਜ ਵਿਕਾਸ ਅਥਾਰਟੀ (ਪੀਡੀਏ) ਨੇ "ਗੈਰ-ਕਾਨੂੰਨੀ ਉਸਾਰੀ" ਬਾਰੇ ਸ਼ਿਕਾਇਤ ਮਿਲਣ ਤੋਂ ਬਾਅਦ, ਇੱਕ ਕਾਰਕੁਨ ਅਤੇ ਪੈਗੰਬਰ ਬਾਰੇ ਟਿੱਪਣੀਆਂ ਦੇ ਵਿਰੋਧ ਵਿੱਚ ਪ੍ਰਦਰਸ਼ਨਾਂ ਵਿੱਚ ਦੋਸ਼ੀ ਜਾਵੇਦ ਮੁਹੰਮਦ ਦੇ ਘਰ ਨੂੰ ਢਾਹ ਦਿੱਤਾ। -ਅਤੇ ਇਮਾਰਤ ਵਿੱਚ ਇੱਕ ਦਫਤਰ "ਸਮਾਜ ਵਿਰੋਧੀ ਤੱਤਾਂ" ਦੁਆਰਾ ਦੌਰਾ ਕੀਤਾ ਗਿਆ।ਹਲਫ਼ਨਾਮੇ ਵਿੱਚ ਸ਼ਿਕਾਇਤ ਨੂੰ ਇੱਕ ਅਨੁਬੰਧ ਵਜੋਂ ਸ਼ਾਮਲ ਕੀਤਾ ਗਿਆ ਸੀ, ਜਿਸ ਵਿੱਚ ਸ਼ਿਕਾਇਤਕਰਤਾਵਾਂ ਦੀ ਪਛਾਣ ਸਰਫਰਾਜ, ਨੂਰ ਆਲਮ, ਮੁਹੰਮਦ ਆਜ਼ਮ ਵਜੋਂ ਹੋਈ ਸੀ। ਸ਼ਿਕਾਇਤਕਰਤਾਵਾਂ ਨੇ ਆਪਣੇ ਪਤੇ ਜਾਂ ਸੰਪਰਕ ਵੇਰਵਿਆਂ ਦਾ ਜ਼ਿਕਰ ਨਹੀਂ ਕੀਤਾ ਪਰ ਆਪਣੇ ਆਪ ਨੂੰ "ਮੁਹੱਲੇ ਦੇ ਸਤਿਕਾਰਤ ਲੋਕ" ਦੱਸਿਆ।

ਯੂਪੀ ਸਰਕਾਰ ਨੇ ਸੁਪਰੀਮ ਕੋਰਟ ਨੂੰ ਕਿਹਾ ਗਿਆ ਸੀ ਸ਼ਿਕਾਇਤ ਕਾਰਨ ਯੂਪੀ ਨੂੰ ਢਾਹਿਆ ਗਿਆ; ਸ਼ਿਕਾਇਤਕਰਤਾਵਾਂ ਦੀ ਪਛਾਣ ਨਹੀਂ,ਸ਼ਿਕਾਇਤਸੀ ਜਾਵੇਦ ਦੁਆਰਾ ਇੱਕ ਦੋ ਮੰਜ਼ਿਲਾ ਇਮਾਰਤ ਦਾ ਨਿਰਮਾਣ ਪੀਡੀਏ ਤੋਂ "ਬਿਲਡਿੰਗ ਪਲਾਨ/ਨਕਸ਼ੇ" ਦੀ ਮਨਜ਼ੂਰੀ ਲਏ ਬਿਨਾਂ ਕੀਤਾ ਗਿਆ ਸੀ।ਹਲਫ਼ਨਾਮੇ ਵਿੱਚ ਸ਼ਿਕਾਇਤ ਨੂੰ ਇੱਕ ਅਨੁਬੰਧ ਵਜੋਂ ਸ਼ਾਮਲ ਕੀਤਾ ਗਿਆ ਸੀ, ਜਿਸ ਵਿੱਚ ਸ਼ਿਕਾਇਤਕਰਤਾਵਾਂ ਦੀ ਪਛਾਣ ਸਰਫਰਾਜ, ਨੂਰ ਆਲਮ, ਮੁਹੰਮਦ ਆਜ਼ਮ ਵਜੋਂ ਹੋਈ ਸੀ। ਸ਼ਿਕਾਇਤਕਰਤਾਵਾਂ ਨੇ ਆਪਣੇ ਪਤੇ ਜਾਂ ਸੰਪਰਕ ਵੇਰਵਿਆਂ ਦਾ ਜ਼ਿਕਰ ਨਹੀਂ ਕੀਤਾ ਪਰ ਆਪਣੇ ਆਪ ਨੂੰ "ਮੁਹੱਲੇ ਦੇ ਸਤਿਕਾਰਤ ਲੋਕ" ਦੱਸਿਆ।

ਇੰਡੀਅਨ ਐਕਸਪ੍ਰੈਸ ਨੇ ਪ੍ਰਯਾਗਰਾਜ ਦੇ ਕਰੇਲੀ ਖੇਤਰ ਵਿੱਚ ਜੇਕੇ ਆਸ਼ਿਆਨਾ ਕਲੋਨੀ ਵਿੱਚ ਮੁਹੱਲੇ ਦਾ ਦੌਰਾ ਕੀਤਾ ਅਤੇ 30 ਨਿਵਾਸੀਆਂ ਨੂੰ ਢਾਹੇ ਗਏ ਘਰ ਤੋਂ 400 ਮੀਟਰ ਦੇ ਘੇਰੇ ਵਿੱਚ ਸ਼ਿਕਾਇਤਕਰਤਾਵਾਂ ਬਾਰੇ ਪੁੱਛਿਆ। ਉਨ੍ਹਾਂ ਵਿੱਚੋਂ ਪੰਦਰਾਂ ਨੇ ਟਿੱਪਣੀ ਕਰਨ ਤੋਂ ਇਨਕਾਰ ਕਰਦਿਆਂ ਕਿਹਾ ਕਿ ਉਨ੍ਹਾਂ ਨੂੰ ਸਰਕਾਰੀ ਕਾਰਵਾਈ ਦਾ ਡਰ ਹੈ। ਬਾਕੀ 15 ਨੇ ਜਵਾਬ ਦਿੱਤਾ: ਉਹਨਾਂ ਸਾਰਿਆਂ ਨੇ ਕਿਹਾ ਕਿ ਉਹ ਨਹੀਂ ਜਾਣਦੇ ਸਨ ਕਿ ਸ਼ਿਕਾਇਤਕਰਤਾ ਕੌਣ ਸਨ, ਅਤੇ ਉਹਨਾਂ ਨੇ ਕਦੇ ਵੀ ਉਹਨਾਂ ਦੇ ਸਥਾਨਕ ਨਿਵਾਸੀ ਹੋਣ ਬਾਰੇ ਨਹੀਂ ਸੁਣਿਆ ਸੀ।ਅਤੇ ਫਿਰ ਵੀ, ਪਿਛਲੇ ਮਹੀਨੇ ਸ਼ਿਕਾਇਤਕਰਤਾਵਾਂ ਦੇ ਦੋ ਵੱਖ-ਵੱਖ ਪੱਤਰਾਂ ਦੇ ਆਧਾਰ 'ਤੇ, ਪੀਡੀਏ ਨੇ ਦੋ ਹਫ਼ਤਿਆਂ ਦੇ ਅੰਦਰ ਜਾਵੇਦ ਨੂੰ ਦੋ ਨੋਟਿਸ ਭੇਜੇ ਅਤੇ ਹਲਫ਼ਨਾਮੇ ਦੇ ਅਨੁਸੂਚੀ ਦੇ ਅਨੁਸਾਰ, "ਗੈਰ-ਕਾਨੂੰਨੀ ਉਸਾਰੀ" 'ਤੇ ਜਵਾਬ ਮੰਗਿਆ। ਆਖਰਕਾਰ, ਪੀਡੀਏ ਨੇ ਜਾਵੇਦ ਤੋਂ ਜਵਾਬ ਨਾ ਮਿਲਣ ਦਾ ਹਵਾਲਾ ਦਿੰਦੇ ਹੋਏ, ਵਿਰੋਧ ਪ੍ਰਦਰਸ਼ਨ ਤੋਂ ਦੋ ਦਿਨ ਬਾਅਦ 12 ਜੂਨ ਨੂੰ ਘਰ ਨੂੰ ਢਾਹ ਦਿੱਤਾ।ਅਜੈ ਕੁਮਾਰ, ਪੀਡੀਏ ਜ਼ੋਨਲ ਅਧਿਕਾਰੀ, ਜਿਨ੍ਹਾਂ ਨੇ ਹਲਫ਼ਨਾਮੇ ਦੇ ਅਨੁਸਾਰ, ਸ਼ਿਕਾਇਤ ਪ੍ਰਾਪਤ ਕੀਤੀ, ਨੇ ਟਿੱਪਣੀ ਕਰਨ ਤੋਂ ਇਨਕਾਰ ਕਰ ਦਿੱਤਾ।

ਆਪਣਾ ਨਾਮ ਗੁਪਤ ਰੱਖਣ ਦੀ ਸ਼ਰਤ 'ਤੇ ਬੋਲਦਿਆਂ, ਪੀਡੀਏ ਦੇ ਇੱਕ ਅਧਿਕਾਰੀ ਨੇ ਕਿਹਾ: "ਸਾਨੂੰ ਕਈ ਤਰੀਕਿਆਂ ਨਾਲ ਗੈਰ-ਕਾਨੂੰਨੀ ਉਸਾਰੀ ਬਾਰੇ ਜਾਣਕਾਰੀ ਮਿਲਦੀ ਹੈ। ਅਸੀਂ ਸ਼ਿਕਾਇਤਕਰਤਾ ਦੇ ਪ੍ਰਮਾਣ ਪੱਤਰਾਂ ਨੂੰ ਨਹੀਂ ਦੇਖਦੇ। ਅਸੀਂ ਸ਼ਿਕਾਇਤ 'ਤੇ ਲਿਖੀ ਜਾਣਕਾਰੀ 'ਤੇ ਕਾਰਵਾਈ ਕਰਦੇ ਹਾਂ।ਇਕ ਹੋਰ ਅਧਿਕਾਰੀ, ਜਿਸ ਨੇ ਆਪਣਾ ਨਾਮ ਗੁਪਤ ਰੱਖਣ ਦੀ ਸ਼ਰਤ 'ਤੇ ਵੀ ਗੱਲ ਕੀਤੀ, ਨੇ ਕਿਹਾ: "ਇਕ ਜਾਂਚ ਕੀਤੀ ਗਈ ਸੀ। ਦੋਸ਼ ਸਹੀ ਪਾਏ ਜਾਣ ਤੋਂ ਬਾਅਦ ਕਾਰਵਾਈ ਕੀਤੀ ਗਈ।"ਇਹ ਹਲਫ਼ਨਾਮਾ ਯੂਪੀ ਸਰਕਾਰ ਨੇ ਢਾਹੁਣ ਵਿਰੁੱਧ ਜਮੀਅਤ ਉਲੇਮਾ-ਏ-ਹਿੰਦ ਦੀ ਪਟੀਸ਼ਨ ਦੇ ਜਵਾਬ ਵਿੱਚ ਦਾਇਰ ਕੀਤਾ ਸੀ। ਭਾਜਪਾ ਦੀ ਨੂਪੁਰ ਸ਼ਰਮਾ ਅਤੇ ਨਵੀਨ ਕੁਮਾਰ ਜਿੰਦਲ ਦੁਆਰਾ ਪੈਗੰਬਰ 'ਤੇ ਟਿੱਪਣੀ ਨੂੰ ਲੈ ਕੇ ਹਿੰਸਕ ਵਿਰੋਧ ਪ੍ਰਦਰਸ਼ਨਾਂ ਦੇ ਮੱਦੇਨਜ਼ਰ ਜਾਵੇਦ ਦੇ ਘਰ ਨੂੰ ਢਾਹ ਦਿੱਤੇ ਜਾਣ ਤੋਂ ਇਕ ਦਿਨ ਬਾਅਦ ਇਹ ਪਟੀਸ਼ਨ ਦਾਇਰ ਕੀਤੀ ਗਈ ਸੀ।ਪੁਲਿਸ ਨੇ ਵੈਲਫੇਅਰ ਪਾਰਟੀ ਆਫ ਇੰਡੀਆ ਦੇ ਸੀਨੀਅਰ ਕਾਰਜਕਾਰੀ ਜਾਵੇਦ 'ਤੇ ਕਥਿਤ ਤੌਰ 'ਤੇ ਵਟਸਐਪ 'ਤੇ ਵਿਰੋਧ ਪ੍ਰਦਰਸ਼ਨ ਲਈ ਬੁਲਾਉਣ ਅਤੇ "ਮੁੱਖ ਸਾਜ਼ਿਸ਼ਕਰਤਾ" ਹੋਣ ਦਾ ਦੋਸ਼ ਲਗਾਇਆ ਹੈ। ਉਸ ਨੂੰ 10 ਜੂਨ ਨੂੰ ਗ੍ਰਿਫਤਾਰ ਕੀਤਾ ਗਿਆ ਸੀ।ਹਲਫ਼ਨਾਮੇ ਨਾਲ ਨੱਥੀ ਸ਼ਿਕਾਇਤ ਵਿੱਚ ਕਿਹਾ ਗਿਆ ਹੈ ਕਿ ਜੇਕੇ ਆਸ਼ਿਆਨਾ ਕਲੋਨੀ ਵਿੱਚ ਮਕਾਨ ਨੰਬਰ 39ਛ/2ੳ/1 ਵਿੱਚ ਜਾਵੇਦ ਦੁਆਰਾ ਇੱਕ ਦੋ ਮੰਜ਼ਿਲਾ ਇਮਾਰਤ ਦਾ ਨਿਰਮਾਣ ਪੀਡੀਏ ਤੋਂ "ਬਿਲਡਿੰਗ ਪਲਾਨ/ਨਕਸ਼ੇ" ਦੀ ਮਨਜ਼ੂਰੀ ਲਏ ਬਿਨਾਂ ਕੀਤਾ ਗਿਆ ਸੀ।



ਇਮਾਰਤ ਵਿੱਚ 'ਵੈਲਫੇਅਰ ਪਾਰਟੀ ਆਫ ਇੰਡੀਆ' ਦਾ ਦਫਤਰ ਖੋਲ੍ਹਿਆ ਗਿਆ ਹੈ। ਦੂਰ-ਦੁਰਾਡੇ ਤੋਂ ਲੋਕ ਦਿਨ-ਰਾਤ ਦਫ਼ਤਰ ਆਉਂਦੇ-ਜਾਂਦੇ ਰਹਿੰਦੇ ਹਨ ਅਤੇ ਆਪਣੇ ਵਾਹਨ ਸੜਕ 'ਤੇ ਹੀ ਖੜ੍ਹੇ ਕਰ ਦਿੰਦੇ ਹਨ, ਜਿਸ ਨਾਲ ਇਲਾਕੇ ਦਾ ਮਾਹੌਲ ਖ਼ਰਾਬ ਹੋ ਜਾਂਦਾ ਹੈ । ਸੜਕ ਬਹੁਤ ਤੰਗ ਹੋਣ ਕਾਰਨ ਉਸ ਥਾਂ 'ਤੇ ਆਉਣ-ਜਾਣ ਵਿੱਚ ਲਗਾਤਾਰ ਦਿੱਕਤ ਆ ਰਹੀ ਹੈ। ਦਫਤਰ ਵਿਚ ਕੁਝ ਸਮਾਜ ਵਿਰੋਧੀ ਤੱਤ ਵੀ ਦੇਖੇ ਗਏ ਹਨ, "ਹਲਫਨਾਮੇ ਵਿਚ ਸ਼ਿਕਾਇਤ ਵਿਚ ਕਿਹਾ ਗਿਆ ਹੈ।ਇਸ ਵਿਚ ਕਿਹਾ ਗਿਆ ਹੈ, "ਰਹਾਇਸ਼ੀ ਖੇਤਰ ਵਿਚ ਦਫਤਰ ਦੇ ਕੰਮਕਾਜ ਕਾਰਨ ਇਲਾਕਾ ਨਿਵਾਸੀਆਂ ਨੂੰ ਬਹੁਤ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਅਤੇ (ਪੀਡੀਏ) ਇਮਾਰਤ ਦੇ ਨਕਸ਼ੇ ਨੂੰ ਮਨਜ਼ੂਰੀ ਨਾ ਮਿਲਣ ਕਾਰਨ ਬਹੁਤ ਸਾਰਾ ਮਾਲੀਆ ਵੀ ਗੁਆ ਰਿਹਾ ਹੈ," ਇਸ ਵਿਚ ਕਿਹਾ ਗਿਆ ਹੈ।"ਕਿਰਪਾ ਕਰਕੇ ਇਮਾਰਤ ਦਾ ਮੁਆਇਨਾ ਕਰਵਾਓ ਅਤੇ ਦਫ਼ਤਰ ਨੂੰ ਉਕਤ ਇਮਾਰਤ ਤੋਂ ਹਟਾਉਣ ਲਈ ਨਿਯਮਾਂ ਅਨੁਸਾਰ ਕਾਰਵਾਈ ਕਰੋ," ਸ਼ਿਕਾਇਤ ਵਿੱਚ ਕਿਹਾ ਗਿਆ ਹੈ, ਜਿਸ ਨੂੰ ਪੀਡੀਏ ਜ਼ੋਨਲ ਅਫ਼ਸਰ ਨੂੰ ਸੰਬੋਧਿਤ ਕੀਤਾ ਗਿਆ ਸੀ ਅਤੇ ਮੁੱਖ ਮੰਤਰੀ, ਡਿਵੀਜ਼ਨਲ ਕਮਿਸ਼ਨਰ, ਜ਼ਿਲ੍ਹਾ ਮੈਜਿਸਟਰੇਟ ਅਤੇ ਨਗਰ ਨਿਗਮ ਕਮਿਸ਼ਨਰ ਨੂੰ ਮਾਰਕ ਕੀਤਾ ਗਿਆ ਸੀ। ਹਾਲਾਂਕਿ ਸਥਾਨਕ ਨਿਵਾਸੀਆਂ ਨੇ ਇਨ੍ਹਾਂ ਦੋਸ਼ਾਂ ਨੂੰ "ਝੂਠਾ" ਦੱਸਿਆ ਹੈ।

ਢਾਹੇ ਗਏ ਘਰ ਤੋਂ ਲਗਭਗ 200 ਮੀਟਰ ਦੀ ਦੂਰੀ 'ਤੇ ਰਹਿਣ ਵਾਲੇ ਸ਼ਮੀਮੁਲ ਹੱਕ ਨੇ ਕਿਹਾ, "ਮੈਂ ਕਦੇ ਵੀ ਸਾਡੇ ਇਲਾਕੇ ਵਿੱਚ ਸਰਫਰਾਜ, ਨੂਰ ਆਲਮ ਜਾਂ ਮੁਹੰਮਦ ਆਜ਼ਮ ਨਾਂ ਦੇ ਕਿਸੇ ਵਿਅਕਤੀ ਬਾਰੇ ਨਹੀਂ ਸੁਣਿਆ ਹੈ।" ਹੱਕ 2017 ਵਿੱਚ ਸਾਊਦੀ ਅਰਬ ਤੋਂ ਪਰਤਣ ਤੋਂ ਬਾਅਦ ਪ੍ਰਯਾਗਰਾਜ ਵਿੱਚ ਇੱਕ ਪ੍ਰਾਈਵੇਟ ਫਰਮ ਵਿੱਚ ਕੰਮ ਕਰਦਾ ਹੈ।"ਮੈਂ ਨਿਯਮਿਤ ਤੌਰ 'ਤੇ ਘਰ ਦੇ ਕੋਲੋਂ ਲੰਘਦਾ ਸੀ ਅਤੇ ਮੈਂ ਕਦੇ ਲੋਕਾਂ ਨੂੰ ਵੱਡੀ ਗਿਣਤੀ ਵਿੱਚ ਬਾਹਰ ਖੜ੍ਹੇ ਨਹੀਂ ਦੇਖਿਆ ਸੀ। ਇਸ ਖੇਤਰ ਵਿੱਚ ਉਨ੍ਹਾਂ ਤਿੰਨ ਨਾਵਾਂ ਵਿੱਚੋਂ ਕੋਈ ਵੀ ਨਹੀਂ ਰਹਿ ਰਿਹਾ ਹੈ, "ਹੈਦਰ ਅੱਬਾਸ ਨੇ ਕਿਹਾ, ਜਿਸਦਾ ਘਰ ਘਰ ਤੋਂ ਲਗਭਗ 300 ਮੀਟਰ ਦੀ ਦੂਰੀ 'ਤੇ ਸਥਿਤ ਹੈ।ਕਲੋਨੀ ਵਿੱਚ ਜਨਰਲ ਸਟੋਰ ਚਲਾਉਣ ਵਾਲੇ ਮੁਹੰਮਦ ਅਨੀਸ ਨੇ ਵੀ ਦੱਸਿਆ ਕਿ ਇਲਾਕੇ ਵਿੱਚ ਸਰਫਰਾਜ ਜਾਂ ਨੂਰ ਆਲਮ ਜਾਂ ਮੁਹੰਮਦ ਆਜ਼ਮ ਨਾਂ ਦਾ ਕੋਈ ਨਹੀਂ ਸੀ। "ਮੈਂ ਇਹ ਦੁਕਾਨ ਪਿਛਲੇ ਦੋ ਦਹਾਕਿਆਂ ਤੋਂ ਚਲਾ ਰਿਹਾ ਹਾਂ ਪਰ ਜਾਵੇਦ ਦੇ ਘਰ ਦੇ ਬਾਹਰ ਕਦੇ ਭੀੜ ਨਹੀਂ ਦੇਖੀ," ਉਸਨੇ ਕਿਹਾ।ਸਥਾਨਕ ਕਾਰਪੋਰੇਟਰ ਨਫੀਸ ਅਨਵਰ ਨੇ ਕਿਹਾ ਕਿ ਕਲੋਨੀ ਵਿੱਚ ਲਗਭਗ 1,000 ਵੋਟਰ ਹਨ ਅਤੇ "ਇੱਕ ਖਾਸ ਪਤੇ ਤੋਂ ਬਿਨਾਂ ਇਹਨਾਂ ਤਿੰਨ ਸ਼ਿਕਾਇਤਕਰਤਾਵਾਂ ਦਾ ਪਤਾ ਲਗਾਉਣਾ ਸੰਭਵ ਨਹੀਂ ਹੈ"।

ਸ਼ਿਕਾਇਤ ਬਾਰੇ ਪੁੱਛੇ ਜਾਣ 'ਤੇ, ਕਰੇਲੀ ਦੇ ਸਟੇਸ਼ਨ ਹਾਊਸ ਅਫਸਰ, ਅਰਵਿੰਦ ਕੁਮਾਰ ਗੌਤਮ ਨੇ ਕਿਹਾ: "ਮੇਰੀ ਜਾਣਕਾਰੀ ਅਨੁਸਾਰ, ਕਿਸੇ ਨੇ ਵੀ ਸ਼ਿਕਾਇਤ ਦਰਜ ਨਹੀਂ ਕਰਵਾਈ ਕਿ ਸਮਾਜ ਵਿਰੋਧੀ ਅਨਸਰ ਉਸਦੀ ਰਿਹਾਇਸ਼ 'ਤੇ ਇਕੱਠੇ ਹੁੰਦੇ ਸਨ।"ਪਾਰਕਿੰਗ ਅਤੇ ਆਉਣ-ਜਾਣ ਨੂੰ ਲੈ ਕੇ ਸ਼ਿਕਾਇਤ ਵਿੱਚ ਉਠਾਏ ਗਏ ਮੁੱਦਿਆਂ ਬਾਰੇ ਪੁੱਛੇ ਜਾਣ 'ਤੇ, ਸਥਾਨਕ ਖੁਲਦਾਬਾਦ ਨਗਰ ਨਿਗਮ ਦੇ ਇੱਕ ਅਧਿਕਾਰੀ ਹਰੀਸ਼ ਚੰਦਰ ਯਾਦਵ ਨੇ ਕਿਹਾ: "ਸਾਨੂੰ ਕਦੇ ਕੋਈ ਸ਼ਿਕਾਇਤ ਨਹੀਂ ਮਿਲੀ ਹੈ।"

ਟਿੱਪਣੀ ਲਈ ਪਹੁੰਚੇ, ਵਿਸ਼ੇਸ਼ ਸਕੱਤਰ (ਗ੍ਰਹਿ), ਰਾਕੇਸ਼ ਕੁਮਾਰ ਮਾਲਪਾਨੀ, ਜਿਸ ਨੇ ਯੂਪੀ ਸਰਕਾਰ ਦੀ ਤਰਫੋਂ ਹਲਫਨਾਮਾ ਦਾਇਰ ਕੀਤਾ, ਨੇ ਸ਼ਿਕਾਇਤ ਬਾਰੇ ਕੁਝ ਨਹੀਂ ਬੋਲਿਆ ਅਤੇ ਕਿਹਾ ਕਿ ਮਾਮਲਾ ਅਦਾਲਤ ਵਿੱਚ ਹੈ। ਪ੍ਰਯਾਗਰਾਜ ਦੇ ਜ਼ਿਲ੍ਹਾ ਮੈਜਿਸਟਰੇਟ ਸੰਜੇ ਕੁਮਾਰ ਖੱਤਰੀ ਨੇ ਟਿੱਪਣੀ ਲਈ ਕਈ ਕਾਲਾਂ ਦਾ ਜਵਾਬ ਨਹੀਂ ਦਿੱਤਾ।

ਹਲਫ਼ਨਾਮੇ ਵਿੱਚ ਰਿਕਾਰਡ ਦਰਸਾਉਂਦੇ ਹਨ ਕਿ 4 ਮਈ ਦੀ ਸ਼ਿਕਾਇਤ ਨੇ ਪੀਡੀਏ ਨੂੰ ਕਾਰਵਾਈ ਕਰਨ ਲਈ ਪ੍ਰੇਰਿਤ ਕੀਤਾ।ਸਿਰਫ਼ ਛੇ ਦਿਨ ਬਾਅਦ, ਪੀਡੀਏ ਜ਼ੋਨਲ ਅਫ਼ਸਰ ਨੇ ਜਾਵੇਦ ਨੂੰ ਯੂਪੀ ਟਾਊਨ ਪਲਾਨਿੰਗ ਐਂਡ ਡਿਵੈਲਪਮੈਂਟ ਐਕਟ, 1973 ਦੀ ਧਾਰਾ 27(1) ਦੇ ਤਹਿਤ ਨੋਟਿਸ ਭੇਜਿਆ। ਨੋਟਿਸ ਨੇ ਉਸ ਨੂੰ "24 ਮਈ, 2022 ਨੂੰ 11:00 ਵਜੇ ਹੇਠਾਂ ਹਸਤਾਖਰਿਤ ਦੇ ਸਾਹਮਣੇ ਪੇਸ਼ ਹੋਣ ਦਾ ਨਿਰਦੇਸ਼ ਦਿੱਤਾ। ਮੈਂ ਅਤੇ ਕਾਰਨ ਦੱਸਾਂਗਾ ਕਿ ਉਸਾਰੀ ਨੂੰ ਢਾਹੁਣ ਦੇ ਹੁਕਮ ਕਿਉਂ ਨਾ ਪਾਸ ਕੀਤੇ ਜਾਣ।

"19 ਮਈ ਨੂੰ, ਹਲਫੀਆ ਬਿਆਨ ਦਰਸਾਉਂਦਾ ਹੈ, ਸ਼ਿਕਾਇਤਕਰਤਾਵਾਂ ਨੇ ਜ਼ੋਨਲ ਅਫਸਰ ਨੂੰ ਇਕ ਹੋਰ ਪੱਤਰ ਭੇਜ ਕੇ ਇਮਾਰਤ ਦੀ ਜਾਂਚ ਕਰਨ ਦੀ ਮੰਗ ਕੀਤੀ ਸੀ।25 ਮਈ ਨੂੰ, ਪੀਡੀਏ ਨੇ ਜਾਵੇਦ ਨੂੰ ਇੱਕ ਹੋਰ ਨੋਟਿਸ ਜਾਰੀ ਕੀਤਾ, ਜਵਾਬ ਦੀ ਘਾਟ ਦਾ ਹਵਾਲਾ ਦਿੰਦੇ ਹੋਏ ਅਤੇ ਉਸਨੂੰ ਨਿਰਦੇਸ਼ ਦਿੱਤਾ ਕਿ "ਇਸ ਆਰਡਰ ਦੀ ਪ੍ਰਾਪਤੀ ਦੀ ਮਿਤੀ ਤੋਂ 15 ਦਿਨਾਂ ਦੇ ਅੰਦਰ ਉਪਰੋਕਤ ਅਣਅਧਿਕਾਰਤ ਉਸਾਰੀ ਨੂੰ ਖੁਦ ਢਾਹੁਣ"। ਇਸਨੇ ਜਾਵੇਦ ਨੂੰ "9 ਜੂਨ, 2022 ਤੱਕ ਤਾਜ਼ਾ" ਕੀਤੀ ਗਈ ਕਾਰਵਾਈ ਬਾਰੇ ਫਧਓ ਨੂੰ ਸੂਚਿਤ ਕਰਨ ਲਈ ਕਿਹਾ।

ਦੋਵਾਂ ਨੋਟਿਸਾਂ ਵਿੱਚ ਕਿਹਾ ਗਿਆ ਹੈ ਕਿ ਇੱਕ ਪੀਡੀਏ ਸੁਪਰਵਾਈਜ਼ਰ, ਜਿਸ ਦੀ ਪਛਾਣ ਮਹੇਸ਼ ਵਜੋਂ ਹੋਈ ਹੈ, ਨੋਟਿਸ ਲੈ ਕੇ ਸਾਈਟ 'ਤੇ ਗਿਆ ਸੀ ਪਰ ਜਾਵੇਦ ਦੇ ਪਰਿਵਾਰਕ ਮੈਂਬਰਾਂ ਨੇ ਇਸ ਨੂੰ ਸਵੀਕਾਰ ਕਰਨ ਤੋਂ ਇਨਕਾਰ ਕਰ ਦਿੱਤਾ।ਇਸ ਦਾਅਵੇ ਨੂੰ ਰੱਦ ਕਰਦਿਆਂ ਜਾਵੇਦ ਦੇ ਪੁੱਤਰ ਮੁਹੰਮਦ ਸ਼ੁਜਾਤ ਨੇ ਕਿਹਾ: "ਪੀਡੀਏ ਦਾ ਕੋਈ ਵੀ ਵਿਅਕਤੀ 10 ਜੂਨ ਤੋਂ ਪਹਿਲਾਂ ਕੋਈ ਨੋਟਿਸ ਦੇਣ ਲਈ ਸਾਡੇ ਘਰ ਨਹੀਂ ਆਇਆ।"

# ਮਜਦੂਰੀ ਕਰਕੇ ਧੀ ਨੂੰ ਪੜ੍ਹਾਇਆ, ਬਣੀ ਪਹਿਲੀ ਕਬਾਇਲੀ IAS ਅਫਸਰ

ਹਰਦੀਪ ਸਿੰਘ ਚੁੰਬਰ

ਠੀਕ ਹੀ ਕਿਹਾ ਜਾਂਦਾ ਹੈ ਕਿ ਹਾਲਾਤ ਭਾਵੇਂ ਜੋ ਮਰਜ਼ੀ ਹੋਣ, ਜੇਕਰ ਹੌਂਸਲੇ ਬੁਲੰਦ ਹੋਣ ਅਤੇ ਸਹੀ ਦਿਸ਼ਾ ਵਿੱਚ ਉਸਾਰੂ ਯਤਨ ਕੀਤੇ ਜਾਣ ਤਾਂ ਇੱਕ ਦਿਨ ਸਫਲਤਾ ਜ਼ਰੂਰ ਮਿਲਦੀ ਹੈ। ਅੱਜ ਅਸੀਂ ਇਕ ਅਜਿਹੀ ਲੜਕੀ ਬਾਰੇ ਗੱਲ ਕਰ ਰਹੇ ਹਾਂ ਉਸਨੇ ਸਾਰੀਆਂ ਮੁਸ਼ਕਲਾਂ ਦਾ ਸਾਹਮਣਾ ਕਰਨ ਤੋਂ ਬਾਅਦ ਵੀ ਆਈਏਐਸ ਅਫਸਰ ਬਣਨ ਦਾ ਆਪਣਾ ਸੁਪਨਾ ਪੂਰਾ ਕੀਤਾ ਹੈ।ਭਾਰਤ ਆਪਣੇ ਜਾਤੀਵਾਦੀ ਸੱਭਿਆਚਾਰ ਅਤੇ ਕਈ ਧਰਮਾਂ ਲਈ ਜਾਣਿਆ ਜਾਂਦਾ ਹੈ। ਲਗਭਗ ਸਾਨੂੰ ਉਨ੍ਹਾਂ ਸਾਰੇ ਵਿਦਿਆਰਥੀਆਂ ਦੀਆਂ ਵੱਖ-ਵੱਖ ਜਾਤੀਆਂ ਅਤੇ ਧਰਮ ਯਾਦ ਹਨ ਜੋ ਕਲਾਸ ਵਿੱਚ ਸਨ ਜਦੋਂ ਸਕੂਲ ਵਿੱਚ ਪੜ੍ਹਦੇ ਸੀ।ਹਜਾਰਾਂ ਸਾਲਾਂ ਤੋਂ ਹਿੰਦੂ ਸਭਿਆਚਾਰ ਦੇ ਕਾਰਨ ਭਾਰਤੀ ਆਦਿਵਾਸੀ ਲੋਕਾਂ ਨੂੰ ਬੇਦਖਲ ਕਰ ਉਹਨਾ ਦੇ ਮੁੱਢਲੇ ਅਧਿਕਾਰ ਖਤਮ ਕਰ ਦਿੱਤੇ ਸਨ। ਅੰਗਰੇਜਾਂ ਨੇ ਭਾਰਤ ਦੇ ਆਦਿਵਾਸੀਆਂ ਦੇ ਉਥਾਨ ਲਈ ਰਾਹ ਖੋਲੇ ਅਤੇ ਅਜਾਦੀ ਦੇ ਬਾਅਦ ਭਾਰਤ ਦੇ ਨਵੇਂ ਬਣੇ ਸੰਵਿਧਾਨ ਵਿੱਚ ਜਲ, ਜੰਗਲ, ਜਮੀਨ, ਸਾਧਨ ਸੰਸਾਧਨਾਂ ਤੋਂ ਬੇਦਖਲ ਕਰ ਰਖੇਸਮਾਜ ਨੂੰ ਬਰਾਬਰ ਆਉਣ ਦੇ ਮੌਕੇ ਦਿੱਤੇ ਜਾਣ ਲਗੇ। ਜਿਸ ਦਾ ਨਤੀਜਾ ਹੁਣ ਸਾਹਮਣੇ ਆ ਰਹੇ ਹਨ।

ਅੱਜ, ਆਦਿਵਾਸੀ ਨਾ ਸਿਰਫ਼ ਪੜ੍ਹਦੇ ਹਨ, ਉਹ ਵਧੀਆ ਪਹਿਰਾਵਾ ਪਾਉਂਦੇ ਹਨ ਅਤੇ ਆਪਣੇ ਬੱਚਿਆਂ ਨੂੰ ਸਕੂਲਾਂ ਵਿੱਚ ਭੇਜਦੇ ਹਨ, ਸਗੋਂ ਇਸਨੂੰ ਪਾਸ ਕਰਨ ਅਤੇ ਆਈਏਐਸ ਅਫਸਰ ਬਣਨ ਲਈ ਸਿਵਲ ਸੇਵਾਵਾਂ ਦੀ ਪ੍ਰੀਖਿਆਵਾਂ ਵਿੱਚ ਵੀ ਸ਼ਾਮਲ ਹੁੰਦੇ ਹਨ। ਆਜ਼ਾਦੀ ਦੇ ਸਮੇਂ ਭਾਵੇਂ ਵੱਖ-ਵੱਖ ਕਬੀਲੇ ਕਿੰਨੇ ਵੀ ਪਛੜੇ ਹੋਏ ਸਨ, ਅੱਜ ਉਹਨਾਂ ਵਿੱਚ ਬਹੁਤ ਸਾਰੇ ਪੜ੍ਹੇ-ਲਿਖੇ ਹਨ ਅਤੇ ਰਾਸ਼ਟਰੀ ਵਿਕਾਸ ਵਿਚ ਹਿੱਸਾ ਲੈਂਦੇ ਹਨ। ਇਹ ਸਿਵਲ ਸਰਵਿਸਿਜ਼ ਇਮਤਿਹਾਨ ਰਾਹੀਂ ਆਈਏਐਸ ਅਧਿਕਾਰੀ ਬਣਨ ਵਾਲੀ ਕੇਰਲ ਦੀ ਪਹਿਲੀ ਕਬਾਇਲੀ ਔਰਤ ਸ਼੍ਰੀਧਨਿਆ ਸੁਰੇਸ਼ ਦੀ ਸਫਲਤਾ ਦੀ ਕਹਾਣੀ ਹੈ।

ਅਸੀਂ ਗੱਲ ਕਰ ਰਹੇ ਹਾਂ ਸ਼੍ਰੀਧੰਨਿਆ ਸੁਰੇਸ਼ ਦੀ,ਜੋ ਮੂਲ ਰੂਪ ਤੋਂ ਕੇਰਲ ਦੇ ਵਾਇਨਾਡ ਜ਼ਿਲੇ ਦੇ ਪੋਜੁਥਾਨਾ ਪਿੰਡ ਦੀ ਰਹਿਣ ਵਾਲੀ ਹੈ। ਉਸ ਨੇ ਮੁੱਢਲੀ ਸਿੱਖਿਆ ਪਿੰਡ ਦੇ ਹੀ ਸਰਕਾਰੀ ਸਕੂਲ ਤੋਂ ਪੂਰੀ ਕੀਤੀ। ਇਸ ਤੋਂ ਬਾਅਦ ਉਸਨੇ ਸੇਂਟ ਜੋਸੇਫ ਕਾਲਜ ਤੋਂ ਜੀਵ ਵਿਗਿਆਨ ਵਿੱਚ ਆਪਣੀ ਬੈਚਲਰ ਡਿਗਰੀ ਕੀਤੀ ਅਤੇ ਫਿਰ ਗ੍ਰੈਜੂਏਸ਼ਨ ਤੋਂ ਬਾਅਦ,ਸ਼੍ਰੀਧਨਿਆ ਨੇ ਕਾਲੀਕਟ ਯੂਨੀਵਰਸਿਟੀ, ਕੋਝੀਕੋਡ ਤੋਂ ਆਪਣੀ ਪੋਸਟ ਗ੍ਰੈਜੂਏਸ਼ਨ ਕੀਤੀ। ਆਪਣੀ ਪੜ੍ਹਾਈ ਪੂਰੀ ਕਰਨ ਤੋਂ ਬਾਅਦ, ਉਸਨੇ ਕੇਰਲ ਵਿੱਚ ਹੀ ਅਨੁਸੂਚਿਤ ਜਨਜਾਤੀ ਵਿਕਾਸ ਵਿਭਾਗ ਵਿੱਚ ਕਲਰਕ ਵਜੋਂ ਕੰਮ ਕੀਤਾ। ਇਸ ਤੋਂ ਇਲਾਵਾ ਉਹ ਕੁਝ ਦਿਨਾਂ ਤੋਂ ਵਾਇਨਾਡ ਦੇ ਕਬਾਇਲੀ ਹੋਸਟਲ ਦੀ ਵਾਰਡਨ ਵੀ ਰਹੀ ਹੈ।




### ਪਿਤਾ ਨੇ ਮਜਦੂਰੀ ਕਰਕੇ ਪੜ੍ਹਾਇਆ

ਸ਼੍ਰੀਧਨਿਆ ਸੁਰੇਸ਼ ਦੇ ਪਿਤਾ ਇੱਕ ਮਜ਼ਦੂਰ ਹਨ,ਜੋ ਦਿਹਾੜੀ ਕਰਕੇ ਆਪਣਾ ਅਤੇ ਆਪਣੇ ਪਰਿਵਾਰ ਪਾਲਦੇ ਹਨ। ਉਸਦਾ ਪਿੰਡ ਪੋਜ਼ੁਥਾਨਾ, ਜੋ ਕੇਰਲ ਦੇ ਸਭ ਤੋਂ ਗਰਮ ਇਲਾਕਿਆਂ ਵਿੱਚੋਂ ਇੱਕ ਹੈ। ਉਸ ਦੇ ਤਿੰਨ ਭੈਣ-ਭਰਾ ਹਨ। ਉਸ ਦਾ ਪਿਤਾ ਆਪਣੇ ਪਰਿਵਾਰ ਦਾ ਗੁਜ਼ਾਰਾ ਚਲਾਉਣ ਲਈ ਬਾਜ਼ਾਰ ਵਿਚ ਧਨੁਸ਼ ਅਤੇ ਤੀਰ ਵੇਚਣ ਦਾ ਕੰਮ ਕਰਦਾ ਹੈ।ਇੱਕ ਝੁੱਗੀ ਨੁਮਾ ਘਰ ਵਿੱਚ ਬੱਚੇ ਪਲ ਰਹੇ ਸਨ, ਉਸ ਨੂੰ ਜੀਵਨ ਦੀਆਂ ਬੁਨਿਆਦੀ ਸਹੂਲਤਾਂ ਤੱਕ ਪਹੁੰਚ ਨਹੀਂ ਸੀ। ਉਹ ਵਾਇਨਾਡ ਜ਼ਿਲੇ ਦੇ ਅੰਬਾਲਕੋਲੀ ਕਬਾਇਲੀ ਬਸਤੀ ਵਿੱਚ ਵੱਡੀ ਹੋਈ। ਬਰਸਾਤਾਂ ਵਿੱਚ ਚੋਂਦੀ ਟਪਕਦੀ ਛੱਤ ਅਤੇ ਇੱਥੋਂ ਤੱਕ ਕਿ ਘਰ ਦੀਆਂ ਕੰਧਾਂ ਬਣਾਉਣ ਲਈ ਕੱਪੜੇ ਵਰਤੇ ਜਾਂਦੇ ਸਨ। ਇਹ ਸਭ ਸ਼੍ਰੀਧਨਿਆ ਨੂੰ ਆਪਣੇ ਸਕੂਲ ਦੇ ਦਿਨਾਂ ਦੌਰਾਨ ਇੱਕ ਚੰਗੀ ਵਿਦਿਆਰਥੀ ਬਣਨ ਤੋਂ ਨਹੀਂ ਰੋਕ ਸਕੇ। ਸਾਰੀਆਂ ਮੁਸ਼ਕਲਾਂ ਅਤੇ ਗਰੀਬੀ ਦੇ ਬਾਵਜੂਦ ਸਿੱਖਿਆ ਨੂੰ ਤਰਜੀਹ ਦਿੱਤੀ ਗਈ ਅਤੇ ਇਹ ਪੂਰੇ ਪਰਿਵਾਰ ਲਈ ਲਾਭਦਾਇਕ ਅਤੇ ਸਮਾਜ ਨੂੰ ਰਾਹ ਦਿਖਾਉਣ ਵਾਲੀ ਸਾਬਤ ਹੋਈ।

### ਸਿਵਲ ਸੇਵਾਵਾਂ ਦੀ ਪ੍ਰੀਖਿਆਦੀ ਤਿਆਰੀ

ਆਪਣੀ ਗ੍ਰੈਜੂਏਸ਼ਨ ਅਤੇ ਪੋਸਟ ਗ੍ਰੈਜੂਏਸ਼ਨ ਪੂਰੀ ਕਰਨ ਤੋਂ ਬਾਅਦ ਉਸ ਨੂੰ ਇਸ ਤੋਂ ਪਹਿਲਾਂ ਨੌਕਰੀ ਦੀ ਲੋੜ ਸੀ, ਇਸ ਲਈ ਉਸਨੇ ਕੇਰਲ ਸਰਕਾਰ ਦੇ ਅਨੁਸੂਚਿਤ ਜਾਤੀ ਅਤੇ ਜਨਜਾਤੀ ਵਿਕਾਸ ਵਿਭਾਗ ਵਿੱਚ ਕਲਰਕ ਵਜੋਂ ਕੰਮ ਕਰਨਾ ਸ਼ੁਰੂ ਕਰ ਦਿੱਤਾ। ਉਸਨੇ ਵਾਇਨਾਡ ਵਿੱਚ ਔਰਤਾਂ ਲਈ ਕਬਾਇਲੀ ਹੋਸਟਲ ਦੀ ਵਾਰਡਨ ਦਾ ਚਾਰਜ ਵੀ ਸੰਭਾਲਿਆ। ਬਾਅਦ ਵਿੱਚ ਉਸਦੇ ਕਾਲਜ ਦੇ ਦਿਨਾਂ ਵਿੱਚ ਉਸਦੀ ਦਿਲਚਸਪੀ ਯੂਪੀਐਸਸੀ ਸਿਵਲ ਸਰਵਿਸਿਜ਼ ਪ੍ਰੀਖਿਆ ਵਿੱਚ ਤਬਦੀਲ ਹੋ ਗਈ। ਉਸਨੇ ਯੂਪੀਐਸਸੀ ਦੀ ਤਿਆਰੀ ਕਰਨ ਦਾ ਮਨ ਬਣਾਇਆ, ਇਸਦੇ ਲਈ ਉਸਨੇ ਯੂਪੀਐਸਸੀ ਦੀ ਤਿਆਰੀ ਸ਼ੁਰੂ ਕਰ ਦਿੱਤੀ। ਉਹ ਆਪਣੀ ਯੂਪੀਐਸਸੀ ਦੀ ਤਿਆਰੀ ਦੌਰਾਨ ਆਪਣੀ ਪਹਿਲੀ ਅਤੇ ਦੂਜੀ ਕੋਸ਼ਿਸ਼ ਵਿੱਚ ਅਸਫਲ ਰਹੀ। ਇਸ ਤੋਂ ਬਾਅਦ ਵੀ ਉਸ ਨੇ ਹਾਰ ਨਹੀਂ ਮੰਨੀ ਅਤੇ ਆਪਣੀ ਕੋਸ਼ਿਸ਼ ਜਾਰੀ ਰੱਖੀ। ਲਗਾਤਾਰ 2 ਵਾਰ ਫੇਲ ਹੋਣ ਤੋਂ ਬਾਅਦ ਵੀ ਉਸ ਦਾ ਹੌਂਸਲਾ ਬੁਲੰਦ ਰਿਹਾ ਅਤੇ ਇਸ ਕਾਰਨ ਉਸ ਨੇ ਹੋਰ ਤਿਆਰੀਆਂ ਕੀਤੀਆਂ, ਜਿਸ ਵਿਚ ਉਸ ਨੇ 2018 ਵਿਚ ਤੀਜੀ ਕੋਸ਼ਿਸ਼ ਵਿਚ ਸਿਵਲ ਸੇਵਾਵਾਂ ਦੀ ਪ੍ਰੀਖਿਆ ਆਪਣੇ ਦਮ 'ਤੇ ਪਾਸ ਕੀਤੀ। ਉਸ ਨੇ 410 ਰੈਂਕ ਹਾਸਲ ਕੀਤਾ।

### ਕੇਰਲ ਦੀ ਪਹਿਲੀ ਆਦਿਵਾਸੀ ਮਹਿਲਾ ਕੁਲੈਕਟਰ

ਸ਼੍ਰੀਧਨਿਆ ਨੇ ਯੂਪੀਐਸਸੀ ਪ੍ਰੀਖਿਆ ਸਾਲ 2018 ਵਿੱਚ ਆਪਣੀ ਤੀਜੀ ਕੋਸ਼ਿਸ਼ ਦੌਰਾਨ 410ਵਾਂ ਰੈਂਕ ਪ੍ਰਾਪਤ ਕੀਤਾ, ਜਿਸ ਨਾਲ ਉਹ ਯੂਪੀਐਸਸੀ ਸਿਵਲ ਸਰਵਿਸਿਜ਼ ਪ੍ਰੀਖਿਆ ਨੂੰ ਪਾਸ ਕਰਨ ਵਾਲੀ ਕੇਰਲ ਦੀ ਪਹਿਲੀ ਆਦਿਵਾਸੀ ਔਰਤ ਬਣ ਗਈ। ਅੱਜ ਉਹ ਕੋਝੀਕੋਡ ਦੇ ਜ਼ਿਲ੍ਹਾ ਕੁਲੈਕਟਰ ਵਜੋਂ ਅਹੁਦਾ ਸੰਭਾਲ ਰਹੀ ਹੈ। ਅਤੇ ਸਿਵਲ ਸੇਵਾਵਾਂਸਿਵਲ ਸਰਵਿਸਿਜ਼ ਪ੍ਰੀਖਿਆ ਪਾਸ ਕਰਨ ਵਾਲੀ ਕੇਰਲ ਦੀ ਪਹਿਲੀ ਕਬਾਇਲੀ ਔਰਤ ਬਣ ਗਈ। ਸ਼੍ਰੀਧੰਨਿਆ ਸੁਰੇਸ਼, ਜੋ ਕਦੇ ਵੀ ਆਪਣੇ ਯਤਨਾਂ ਦਾ ਪੱਲਾ ਨਹੀਂ ਛੱਡਦਾ, ਨੇ ਆਪਣੀ ਮਿਹਨਤ ਸਦਕਾ ਸਫਲਤਾ ਪ੍ਰਾਪਤ ਕਰਕੇ ਇਤਿਹਾਸ ਰਚਿਆ ਹੈ। ਉਸਨੇ ਆਪਣੀ ਤੀਜੀ ਕੋਸ਼ਿਸ਼ ਵਿੱਚ 410 ਰੈਂਕ ਪ੍ਰਾਪਤ ਕਰਕੇ ਆਪਣੇ ਮਾਪਿਆਂ ਅਤੇ ਸਮਾਜ ਦਾ ਨਾਮ ਰੌਸ਼ਨ ਕੀਤਾ ਹੈ। ਉਸਦੀ ਸਫਲਤਾ ਯੂਪੀਐਸਸੀ ਦੀ ਤਿਆਰੀ ਕਰ ਰਹੇ ਬਹੁਤ ਸਾਰੇ ਲੋਕਾਂ ਦੀਆਂ ਉਮੀਦਾਂ ਨੂੰ ਹੁਲਾਰਾ ਦੇਵੇਗੀ।

# ਆਪ ਸਰਕਾਰ ਨੇ 6635 ਈਟੀਟੀ ਅਧਿਆਪਕਾਂ ਦੀ ਪਹਿਲੀ ਭਰਤੀ 'ਚ ਹੀ ਪਾਰਦਰਸ਼ਤਾ ਨੂੰ ਕੀਤਾ ਧੁੰਦਲਾ - ਐਸ ਸੀ/ ਬੀਸੀ ਅਧਿਆਪਕ ਯੂਨੀਅਨ ਪੰਜਾਬ



ਹਰਦੀਪ ਸਿੰਘ ਚੁੰਬਰ
+91-94636-01616

ਐੱਸ ਸੀ / ਬੀ ਸੀ ਅਧਿਆਪਕ ਯੂਨੀਅਨ ਪੰਜਾਬ ਵੱਲੋਂ 02 ਜੁਲਾਈ 2022 ਨੂੰ 6635 ਈਟੀਟੀ ਅਧਿਆਪਕਾਂ ਦੀ ਭਰਤੀ ਸਬੰਧੀ ਜ਼ਰੂਰੀ ਮੀਟਿੰਗ ਸੂਬਾ ਪ੍ਰਧਾਨ ਬਲਜੀਤ ਸਿੰਘ ਸਲਾਣਾ ਦੀ ਅਗਵਾਈ ਵਿੱਚ ਮੁਹਾਲੀ ਵਿਖੇ ਹੋਈ। ਆਗੂਆਂ ਨੇ ਮੀਟਿੰਗ 'ਚ ਕਿਹਾ ਕਿ ਪੰਜਾਬ ਦੀ ਆਮ ਆਦਮੀ ਪਾਰਟੀ ਦੀ ਸਰਕਾਰ ਵੱਡੇ- ਵੱਡੇ ਦਾਅਵੇ ਕਰਦੀ ਹੈ ਕਿ ਹਰ ਕੰਮ/ਭਰਤੀ ਪਾਰਦਰਸ਼ੀ ਢੰਗ ਨਾਲ ਮੈਰਿਟ ਨੂੰ ਆਧਾਰ ਬਣਾ ਕੇ ਕੀਤਾ ਜਾਵੇਗਾ। ਪਰ 6635 ਅਧਿਆਪਕਾਂ ਦੀ ਭਰਤੀ ਵਿੱਚ ਦੇਖਣ ਵਿਚ ਆਇਆ ਹੈ ਕਿ ਅੱਜ ਇੱਕ ਮੈਰਿਟ ਸੂਚੀ ਜਾਰੀ ਕੀਤੀ ਗਈ ਹੈ। ਜਿਸ ਵਿਚ ਮੈਰਿਟ ਅੰਕ ਤਾਂ ਦਿੱਤੇ ਗਏ ਹਨ, ਪਰ ਕਿਸੇ ਵੀ ਉਮੀਦਵਾਰ ਦੀ ਕੈਟਾਗਰੀ ਨਹੀਂ ਦਰਜ ਕੀਤੀ ਗਈ। ਵੱਖ-ਵੱਖ ਰਾਖਵੀਂ ਕੈਟਾਗਰੀ ਦੇ (ਐਸਸੀ, ਬੀਸੀ, ਸਾਬਕਾ ਫੌਜੀ, ਅੰਗਹੀਣ) ਉਮੀਦਵਾਰਾਂ ਦੀ ਕੋਈ ਵੀ ਕੱਟ ਆਫ ਮੈਰਿਟ ਜਾਰੀ ਨਹੀਂ ਕੀਤੀ ਗਈ। ਇਹ ਅੱਧ ਅਧੂਰੀ ਮੈਰਿਟ ਸੂਚੀ ਵੀ ਨਿਯੁਕਤੀ ਪੱਤਰ ਜਾਰੀ ਕਰਨ ਤੇ ਸਟੇਸ਼ਨ ਚੋਣ ਕਰਨ ਤੋਂ ਬਾਅਦ ਜਾਰੀ ਕੀਤੀ ਗਈ ਹੈ।ਜਿਸ ਨਾਲ 6635 ਈਟੀਟੀ ਅਧਿਆਪਕਾਂ ਦੀ ਭਰਤੀ 'ਚ ਵੱਡੇ ਪੱਧਰ ਤੇ ਘਪਲੇ ਦੀ ਸ਼ੱਕ ਜ਼ਾਹਿਰ ਹੁੰਦਾ ਹੈ। ਕਿਉਂ ਜੋ



ਜਿਲਾ ਸਿੱਖਿਆ ਅਫ਼ਸਰਾਂ ਵੱਲੋਂ ਆਰਡਰ 2 ਜੁਲਾਈ ਤੇ 3 ਜੁਲਾਈ 2022 ਨੂੰ ਜਾਰੀ ਕੀਤੇ ਹਨ ਤੇ ਮੈਰਿਟ ਸੂਚੀ ਡਾਇਰੈਕਟਰ ਭਰਤੀ ਬੋਰਡ ਵੱਲੋਂ ਲੁਕਾ ਕੇ ਰੱਖਣ ਉਪਰੰਤ 5 ਜੁਲਾਈ 2022 ਜਾਰੀ ਕੀਤੀ ਗਈ ਹੈ। ਇਸ ਨੂੰ ਹੀ ਨਵੀਂ ਬਣੀ ਪੰਜਾਬ ਸਰਕਾਰ ਦੀ ਪਾਰਦਰਸ਼ਤਾ ਕਿਹਾ ਜਾ ਰਿਹਾ ਹੈ।

ਜਦੋਂ ਕਿ 6635 ਈਟੀਟੀ ਅਧਿਆਪਕਾਂ ਦੀ ਭਰਤੀ ਵਿੱਚ ਰਾਖਵਾਂਕਰਨ ਨੀਤੀ ਤੇ ਮਾਨਯੋਗ ਅਦਾਲਤਾਂ ਦੇ ਫੈਸਲਿਆਂ ਦੀ ਉਲੰਘਣਾ ਕੀਤੀ ਗਈ ਹੈ। ਅਜਿਹੇ ਧੱਕੇ ਤੇ ਘਾਣ ਨੂੰ ਰਿਜ਼ਰਵ ਸ਼੍ਰੇਣੀਆਂ ਵੱਲੋਂ ਕਦੇ ਵੀ ਬਰਦਾਸ਼ਤ ਨਹੀ ਕੀਤਾ ਜਾਵੇਗਾ।ਜਥੇਬੰਦੀ ਦੇ ਆਗੂਆਂ ਨੇ ਇਸ ਭਰਤੀ ਚ ਕੀਤੀ ਜਾ ਰਹੀ ਨੰਗੀ ਚਿੱਟੀ ਹੇਰਾਫ਼ੇਰੀ ਦਾ ਸਖ਼ਤ ਨੋਟਿਸ ਲਿਆ ਗਿਆ।ਜੇਕਰ ਆਉਣ ਵਾਲੇ 1-2 ਦਿਨਾਂ ਚ ਡਾਇਰੈਕਟਰ ਭਰਤੀ ਬੋਰਡ ਸਿੱਖਿਆ ਵਿਭਾਗ ਪੰਜਾਬ ਵੱਲੋਂ ਜੇਕਰ ਇਸ ਅੱਧ ਅਧੂਰੀ ਮੈਰਿਟ ਸੂਚੀ ਨੂੰ ਸੋਧ ਕੇ ਜਾਰੀ ਨਹੀਂ ਕੀਤਾ ਜਾਂਦਾ ਤਾਂ ਜਥੇਬੰਦੀ ਸਿੱਖਿਆ ਵਿਭਾਗ, ਸਿੱਖਿਆ ਮੰਤਰੀ ਤੇ ਪੰਜਾਬ ਸਰਕਾਰ ਵਿਰੁੱਧ ਤਿੱਖਾ ਸੰਘਰਸ਼ ਸ਼ੁਰੂ ਕੀਤਾ ਜਾਵੇਗਾ। ਆਗੂਆਂ ਨੇ ਕਿਹਾ ਕਿ ਸਰਕਾਰ ਦੇ ਪਾਰਦਰਸ਼ੀ ਹੋਣ ਦੇ ਢੰਗ ਦੀ ਪੋਲ ਪਹਿਲੀ ਹੀ ਭਰਤੀ 'ਚ ਖੁੱਲ੍ਹ ਗਈ।

ਇਸ ਮੀਟਿੰਗ 'ਚ ਜੱਥੇਬੰਦੀ ਦੇ ਕਾਰਜਕਾਰੀ ਪ੍ਰਧਾਨ ਕਰਿਸ਼ਨ ਸਿੰਘ ਦੁੱਗਾਂ, ਜਨਰਲ ਸਕੱਤਰ ਲਛਮਣ ਸਿੰਘ ਨਬੀਪੁਰ, ਸੀਨੀਅਰ ਮੀਤ ਪ੍ਰਧਾਨ, ਬਲਵਿੰਦਰ ਲਤਾਲਾ, ਹਰਬੰਸ ਲਾਲ ਪਰਜੀਆਂ, ਮੀਤ ਪ੍ਰਧਾਨ ਗੁਰਸੇਵਕ ਸਿੰਘ ਕਲੇਰ, ਪਰਵਿੰਦਰ ਭਾਰਤੀ, ਵਿੱਤ ਸਕੱਤਰ ਗੁਰਪ੍ਰੀਤ ਸਿੰਘ ਗੁਰੂ, ਹਰਪਾਲ ਤਰਨਤਾਰਨ, ਹਰਦੀਪ ਤੂਰ, ਵੀਰ ਸਿੰਘ ਮੋਗਾ, ਹਰਜਿੰਦਰ ਪੁਰਣੇਵਾਲਾ, ਗੁਰਜੈਪਾਲ ਲੁਧਿਆਣਾ, ਕੁਲਵੰਤ ਦਸੂਹਾ, ਸੁਖਦੇਵ ਕਾਜ਼ਲ, ਗੁਰਮੇਜ਼ ਅਹੀਰ, ਮੇਹਰ ਸਿੰਘ ਅਮਲੋਹ,ਰਾਜ ਚੌਹਾਨ ਰੋਪੜ, ਜਤਿੰਦਰ ਤਰਨਤਾਰਨ, ਦਿਲਬਾਗ ਤਰਨਤਾਰਨ, ਨਰਿੰਦਰਜੀਤ ਕਪੂਰਥਲਾ, ਜਸਵੀਰ ਬਰਨਾਲਾ, ਹਰਜਿੰਦਰ ਮਲੇਰਕੋਟਲਾ, ਜਰਨੈਲ ਸਿੰਘ ਫ਼ਤਹਿਗੜ੍ਹ ਸਾਹਿਬ,ਗੁਰਟੇਕ ਫ਼ਰੀਦਕੋਟ, ਅਮਿੰਦਰਪਾਲ ਮੁਕਤਸਰ, ਪਰਸਨ ਬਠਿੰਡਾ, ਵਿਜੈ ਮਾਨਸਾ ਆਦਿ ਸ਼ਾਮਿਲ ਹੋਏ।

# ਰਵਿੰਦਰ ਸਿੰਘ ਢੀਂਡਸਾ ਨੇ ਸੇਵਾ ਮੁਕਤੀ 'ਤੇ ਕੀਰਤਨ ਕਰਵਾ ਕੇ ਬੂਟਿਆਂ ਦਾ ਪ੍ਰਸ਼ਾਦ ਵੰਡਿਆ



ਮੇਜਰ ਸਿੰਘ ਨਾਭਾ
91-94635-53962

ਚਾਲੀ ਸਾਲ ਤੋਂ ਵੱਧ ਸਮਾਂ ਨੌਕਰੀ ਕਰਨਾ ਕਿਸੇ ਵਿਰਲੇ ਦੇ ਹਿੱਸੇ ਹੀ ਆਉਂਦਾ ਹੈ। ਇਹੋ ਜਿਹੀ ਸਖਸ਼ੀਅਤ ਹੈ ਰਵਿੰਦਰ ਸਿੰਘ ਢੀਂਡਸਾ ਜਿਨ੍ਹਾਂ ਨੇ ਕਲਰਕ ਤੋਂ ਸੇਵਾ ਆਰੰਭ ਕਰਕੇ ਆਬਕਾਰੀ ਇੰਸਪੈਕਟਰ ਤੱਕ ਦਾ ਸਫਰ ਤਹਿ ਕੀਤਾ। ਉਹ ਆਪਣੀ ਡਿਊਟੀ ਇਮਾਨਦਾਰੀ ਨਾਲ ਨਿਭਾਉਂਦੇ ਹੋਏ 30 ਜੂਨ 2022 ਨੂੰ ਸਹਾਇਕ ਕਮਿ-ਸਨਰ ਆਬਕਾਰੀ ਰੇਂਜ ਸੰਗਰੂਰ ਦੇ ਦਫਤਰੋਂ ਸੇਵਾ ਮੁਕਤ ਹੋਏ ਹਨ। ਉਨ੍ਹਾਂ ਨੂੰ ਸੰਗਰੂਰ ਵਿਖੇ ਦਫਤਰ ਦੇ ਸਮੂਹ ਅਧਿਕਾਰੀਆਂ ਅਤੇ ਕਰਮਚਾਰੀਆਂ ਵਲੋਂ ਹੋਟਲ ਵਿੱਚ ਸ਼ਾਨਦਾਰ ਵਿਦਾਇਗੀ ਪਾਰਟੀ ਦਿੱਤੀ ਗਈ। ਇਸ ਮੌਕੇ ਸ੍ਰੀ ਚੰਦਰ ਮਹਿਤਾ ਸਹਾਇਕ ਕਮਿਸ਼ਨਰ ਆਬਕਾਰੀ ਸੰਗਰੂਰ ਰੇਂਜ ਵਲੋਂ ਰਵਿੰਦਰ ਸਿੰਘ ਢੀਂਡਸਾ ਦੀਆਂ ਇਮਾਨਦਾਰੀ ਨਾਲ ਲੰਬਾ ਸਮਾਂ ਨਿਭਾਈਆਂ ਬੇਦਾਗ ਸੇਵਾਵਾਂ ਦੀ ਤਾਰੀਫ ਕੀਤੀ, ਜੋ ਕਿ ਮਾਣ ਵਾਲੀ ਗੱਲ ਹੈ। ਉਨ੍ਹਾਂ ਅਤੇ ਸਮੂਹ ਆਬਕਾਰੀ ਤੇ ਕਰ ਵਿਭਾਗ ਦੇ ਸਟਾਫ ਵਲੋਂ ਰਵਿੰਦਰ ਸਿੰਘ ਢੀਂਡਸਾ ਨੂੰ ਸਨਮਾਨ ਚਿੰਨ੍ਹ ਦੇ ਕੇ



ਸਨਮਾਨਿਤ ਕੀਤਾ ਗਿਆ। ਇਸ ਸਮੇਂ ਵਿਭਾਗੀ ਸਟਾਫ ਵਲੋਂ ਉਨ੍ਹਾਂ ਦੀ ਧਰਮ ਪਤਨੀ ਸਰਦਾਰਨੀ ਮਨਦੀਪ ਕੌਰ, ਮਾਤਾ ਸਰਦਾਰਨੀ ਮਨਜੀਤ ਕੌਰ ਅਤੇ ਸਮੂਹ ਪਰਿਵਾਰਕ ਮੈਂਬਰਾਂ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ। ਇਸ ਮੌਕੇ ਰਵਿੰਦਰ ਸਿੰਘ ਢੀਂਡਸਾ ਦੇ ਪੁਰਾਣੇ ਸਾਥੀ ਸ. ਰਵਿੰਦਰ ਸਿੰਘ ਗੁੱਡੂ ਚੇਅਰਮੇਨ, ਸ. ਜਸਵੰਤ ਸਿੰਘ ਭੁੱਲਰ ਪ੍ਰਧਾਨ ਆਬਕਾਰੀ ਤੇ ਕਰ ਪੈਨਸ਼ਨਰ ਵੈਲਫੇਅਰ ਐਸੋਸੀਏਸ਼ਨ ਸੰਗਰੂਰ, ਬਰਨਾਲਾ, ਮਾਲੇਰਕੋਟਲਾ ਨੇ ਵਿਸ਼ੇਸ਼ ਤੌਰ ਤੇ ਹਾਜ਼ਰ ਹੋ ਕੇ ਉਨ੍ਹਾਂ ਵਲੋਂ ਰਵਿੰਦਰ ਸਿੰਘ ਢੀਂਡਸਾ ਦਾ ਸਨਮਾਨ ਕੀਤਾ ਅਤੇ ਪੁਰਾਣੀਆਂ ਯਾਦਾਂ ਸਾਂਝੀਆਂ ਕੀਤੀਆਂ। ਇਸ ਸ਼ੁਭ ਮੌਕੇ ਤੇ ਸ. ਢੀਂਡਸਾ ਦੇ ਪੋਤਰੇ ਸਮਰਪ੍ਰਤਾਪ ਸਿੰਘ ਢੀਂਡਸਾ ਨੇ ਆਪਣੇ ਦਾਦਾ ਜੀ ਦੀ ਸੇਵਾ ਮੁਕਤੀ ਦੇ ਖੁਸ਼ੀ ਪਲਾਂ ਸਮੇਂ ਕਵਿਤਾ ਸੁਣਾ ਕੇ ਸਾਰਿਆਂ ਦਾ ਮਨ ਮੋਹ ਲਿਆ, ਜਿਸ ਦੀ ਸਾਰਿਆਂ ਨੇ ਸਲਾਘਾ ਕੀਤੀ। ਇਸ ਸਮੇਂ ਸਟੇਜ ਸੰਚਾਲਣ ਦੀ ਜ਼ਿੰਮੇਵਾਰੀ ਸ੍ਰੀ ਵਾਸਵੀਰ ਸਿੰਘ ਭੁੱਲਰ ਸੁਪਰਡੰਟ, ਪ੍ਰਧਾਨ ਪੀ.ਐਸ.ਐਮ.ਐਸ.ਯੂ. ਪੰਜਾਬ ਨੇ ਬਾਖੂਬ ਨਿਭਾਈ। ਇਸ ਉਪਰੰਤ ਉਨ੍ਹਾਂ ਵਲੋਂ ਆਪਣੇ ਗ੍ਰਹਿ ਵਿਖੇ ਪਰਮਾਤਮਾ ਦੇ ਸ਼ੁਕਰਾਨੇ ਵਜੋਂ ਸ੍ਰੀ ਆਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਗਏ। ਇਸ ਉਪਰੰਤ ਅਮਲ ਸੁਸਾਇਟੀ ਨਾਭਾ ਦੇ ਹਾਲ ਵਿਖੇ ਕਥਾਵਾਚਕ ਗਿਆਨੀ ਰਾਜਿੰਦਰਪਾਲ ਸਿੰਘ ਵਲੋਂ ਕੀਰਤਨ ਅਤੇ ਕਥਾ ਕਰਕੇ ਆਈ ਸੰਗਤ ਨੂੰ ਨਿਹਾਲ ਕੀਤਾ। ਇਸ ਉਪਰੰਤ ਸ. ਰਵਿੰਦਰ ਸਿੰਘ ਢੀਂਡਸਾ ਵਲੋਂ ਵਾਤਾਵਰਣ ਨੂੰ ਸਵੱਛ ਰੱਖਣ ਲਈ ਸਮੇਂ ਦੀ ਲੋੜ ਅਨੁਸਾਰ ਫਲਦਾਰ ਬੂਟੇ ਪ੍ਰਸ਼ਾਦਿ ਦੇ ਰੂਪ 'ਚ ਵੰਡੇ ਗਏ। ਅੱਜ ਦੇ ਸਮੇਂ ਇਹੋ ਜਿਹੀ ਰੀਤ ਸਾਨੂੰ ਸਾਰਿਆਂ ਨੂੰ ਸਮਾਜਿਕ ਸਮਾਗਮਾਂ ਉੱਪਰ ਤੋਰਨੀ ਚਾਹੀਦੀ ਹੈ।

# ਆਪ ਸਰਕਾਰ ਦਾ ਗਰੀਬ ਵਿਰੋਧੀ ਚਿਹਰਾ ਨੰਗਾ ਹੋਇਆ - ਸੂਲਹਾਣੀ

**ਮੋਗਾ, 6 ਜੁਲਾਈ –** ਆਮ ਆਦਮੀ ਪਾਰਟੀ ਨੇ ਵੋਟਾਂ ਤੋਂ ਪਹਿਲਾਂ ਪੰਜਾਬ ਦੇ ਲੋਕਾਂ ਨੂੰ ਝੂਠੇ ਪ੍ਰਚਾਰ ਦੁਆਰਾ ਇਹ ਕਹਿ ਕੇ ਗੁੰਮਰਾਹ ਕੀਤਾ ਅਸੀਂ ਆਮ ਆਦਮੀ ਜੋ ਦੱਬੇ ਕੁੱਚਲੇ ਗਰੀਬ ਹਨ ,ਉਨ੍ਹਾਂ ਨੂੰ ਉਨ੍ਹਾਂ ਦੇ ਬਣਦੇ ਹੱਕ ਦਿਵਾਉਣ ਦਾ ਕੰਮ ਕਰਾਂਗੇ ਅਤੇ ਹਰ ਤਰ੍ਹਾਂ ਨਾਲ ਬਦਲਾਅ ਕਰਕੇ ਇੱਕ ਨਵਾਂ ਪੰਜਾਬ ਬਣਾਵਾਂਗੇ। ਝੂਠ ਦਾ ਪ੍ਰਚਾਰ ਕਰਕੇ ਲੋਕਾਂ ਦੀਆਂ ਵੋਟਾਂ ਬਟੋਰੀਆਂ ਅਤੇ ਸਰਕਾਰ ਬਣਾਉਣ ਤੋਂ ਬਾਅਦ ਸ਼ਹੀਦ ਭਗਤ ਸਿੰਘ ਅਤੇ ਬਾਬਾ ਸਾਹਿਬ ਡਾਕਟਰ ਅੰਬੇਡਕਰ ਸਾਹਿਬ ਦੇ ਸੁਪਨੇ ਸਾਕਾਰ ਕਰਨ ਲਈ ਸੌਂਹ ਖਾਧੀ ਅਤੇ ਇਹਨਾਂ ਦੇ ਫੋਟੋ ਸਾਰੇ ਦਫ਼ਤਰਾਂ ਵਿੱਚ ਲਗਾ ਦਿੱਤੇ ਜੋ ਕਿ ਇੱਕ ਛਲਾਵਾ ਸੀ।

ਭਗਵੰਤ ਮਾਨ ਦੀ ਆਪ ਸਰਕਾਰ ਦਾ ਗਰੀਬ, ਅਨੁਸੂਚਿਤ ਜਾਤੀਆਂ, ਪੱਛੜੇ ਵਰਗਾਂ, ਸਾਬਕਾ ਫੌਜੀਆਂ ਅਤੇ ਹੈਂਡੀਕੈਪਡ ਵਿਰੋਧੀ ਚਿਹਰਾ ਉਦੋਂ ਨੰਗਾ ਹੋ ਗਿਆ ਜਦੋਂ ਪੰਜਾਬ ਸਰਕਾਰ ਵੱਲੋਂ ਲਾਅ ਅਫਸਰਾਂ ਦੀਆਂ ਕੱਢੀਆਂ 178 ਅਸਾਮੀਆਂ ਲਈ ਇਹਨਾਂ ਵਰਗਾਂ ਨੂੰ ਬਨਦਾ ਰਾਖਵਾਂਕਰਨ ਬੰਦ ਕਰ ਦਿੱਤਾ। ਜਦੋਂ ਅਨੁਸੂਚਿਤ ਜਾਤੀ ਕਮਿਸ਼ਨ ਵਲੋਂ ਪੰਜਾਬ ਸਰਕਾਰ ਨੂੰ ਇਹ ਰਾਖਵਾਂਕਰਨ ਦੇਣ ਲਈ ਨਿਰਦੇਸ਼ ਦਿੱਤਾ ਤਾਂ ਭਗਵੰਤ ਮਾਨ ਦੀ ਆਪ ਸਰਕਾਰ ਹਾਈਕੋਰਟ ਪਹੁੰਚ ਗਈ ਅਤੇ ਆਪਣੇ ਹਲਫਨਾਮੇ ਵਿੱਚ ਇਹ ਕਹਿ ਕੇ ਇਹਨਾਂ ਵਰਗਾਂ ਦਾ ਅਪਮਾਨ ਕੀਤਾ ਕਿ ਇਹ ਨਾਕਾਬਲੀਅਤ ਹੁੰਦੇ ਨੇ । ਇਸ ਤਰ੍ਹਾਂ ਦੀ ਸੌੜੀ ਮਾਨਸਿਕਤਾ ਪ੍ਰਗਟਾਅ ਕੇ ਆਪ ਸਰਕਾਰ ਨੇ ਅਨੁਸੂਚਿਤ ਜਾਤੀਆਂ, ਪੱਛੜੇ ਵਰਗਾਂ, ਸਾਬਕਾ ਫੌਜੀਆਂ ਅਤੇ



ਹੈਂਡੀਕੈਪਡ ਵਰਗਾਂ ਦਾ ਅਪਮਾਨ ਕੀਤਾ ਹੈ। ਇਹ ਵਿਚਾਰ ਅੱਜ ਇਥੇ ਮੋਗਾ ਦੇ ਗੁਰਦੁਆਰਾ ਬੀਬੀ ਕਾਹਨ ਕੌਰ ਵਿਖੇ ਬਹੁਜਨ ਸਮਾਜ ਪਾਰਟੀ ਦੀ ਇੱਕ ਜ਼ਿਲ੍ਹਾ ਪੱਧਰੀ ਮੀਟਿੰਗ ਨੂੰ ਸੰਬੋਧਨ ਕਰਦਿਆਂ ਮੀਟਿੰਗ ਦੇ ਮੁੱਖ ਮਹਿਮਾਨ ਸ੍ਰ ਲਾਲ ਸਿੰਘ ਸੁਲਹਾਣੀ ਜਨਰਲ ਸਕੱਤਰ ਬਸਪਾ ਪੰਜਾਬ ਨੇ ਪ੍ਰਗਟਾਏ। ਉਹਨਾਂ ਕਿਹਾ ਕਿ ਬਸਪਾ ਆਪ ਦੀ ਮਾਨ ਸਰਕਾਰ ਵਲੋਂ ਇਹਨਾਂ ਵਰਗਾਂ ਤੇ ਕੀਤੀ ਇਸ ਅਪਮਾਨਜਨਕ ਟਿੱਪਣੀ ਦੀ ਸਖ਼ਤ ਸ਼ਬਦਾਂ ਵਿੱਚ ਨਿੰਦਾ ਕਰਦੀ ਹੈ ਪਾਰਟੀ ਆਪ ਸਰਕਾਰ ਦੀ ਗਰੀਬ ਵਰਗਾਂ ਪ੍ਰਤੀ ਮੰਦਭਾਵਨਾ ਦਾ ਪਰਦਾਫਾਸ਼ ਕਰਨ ਲਈ ਲੋਕਾਂ ਵਿੱਚ ਜਾਏਗੀ। ਇਸ ਮੀਟਿੰਗ ਵਿੱਚ ਪਿਛਲੇ ਸਮੇਂ ਦਿੱਤੇ ਕੰਮ ਦੀ ਸਮੀਖਿਆ ਕੀਤੀ ਗਈ ਅਤੇ ਪਾਰਟੀ ਮੈਂਬਰਸ਼ਿਪ ਮੁਹਿੰਮ ਦਾ ਜਾਇਜ਼ਾ ਲਿਆ ਗਿਆ।

ਉਹਨਾਂ ਰਹਿੰਦੇ ਕੰਮ ਨੂੰ ਨੀਯਤ ਸਮੇਂ ਅੰਦਰ ਪੂਰਾ ਕਰਨ ਲਈ ਸਮੂਹ ਅਹੁਦੇਦਾਰਾਂ ਨੂੰ ਨਿਰਦੇਸ਼ ਦਿੱਤੇ। ਇਸ ਮੀਟਿੰਗ ਦੀ ਪ੍ਰਧਾਨਗੀ ਜ਼ਿਲ੍ਹਾ ਪ੍ਰਧਾਨ ਹਰਦੇਵ ਸਿੰਘ ਤਖਾਣਵੱਧ ਨੇ ਕੀਤੀ ਅਤੇ ਹੋਰਨਾਂ ਤੋਂ ਇਲਾਵਾ ਸੂਬਾ ਸਕੱਤਰ ਸ੍ਰ ਕੁਲਵੰਤ ਸਿੰਘ ਰਾਮਗੜ੍ਹੀਆ, ਸੂਬਾ ਸਕੱਤਰ ਸ੍ਰੀ ਸੰਤ ਰਾਮ ਮੱਲ੍ਹੀ, ਸੂਬਾ ਕਮੇਟੀ ਮੈਂਬਰ ਕੇਵਲ ਸਿੰਘ ਸੈਦੋਕੇ , ਜ਼ਿਲ੍ਹਾ ਮੀਤ ਪ੍ਰਧਾਨ ਲਖਵੀਰ ਸਿੰਘ ਬੁੱਧ ਸਿੰਘ ਵਾਲਾ, ਜ਼ਿਲ੍ਹਾ ਇੰਚਾਰਜ ਜਗਤਾਰ ਸਿੰਘ ਲੌਂਗੀਵਿੰਡ, ਜ਼ਿਲ੍ਹਾ ਇੰਚਾਰਜ ਸੇਵਕ ਸਿੰਘ ਮਾਣੂੰਕੇ, ਜ਼ਿਲ੍ਹਾ ਪ੍ਰਧਾਨ ਮਹਿਲਾ ਸੰਗਠਨ ਬੀਬੀ ਸੁਨੀਤਾ ਰਾਣੀ, ਜ਼ਿਲ੍ਹਾ ਕਮੇਟੀ ਮੈਂਬਰ ਮਹਿਲਾ ਸੰਗਠਨ ਬੀਬੀ ਵੀਰਪਾਲ ਕੌਰ ਜਲਾਲਾਬਾਦ, ਬਲਵਿੰਦਰ ਸਿੰਘ ਅਟਵਾਲ ਹਲਕਾ ਪ੍ਰਧਾਨ ਬਾਘਾਪੁਰਾਣਾ, ਬਿੱਕਰ ਸਿੰਘ ਬੱਧਨੀ ਕਲਾਂ ਹਲਕਾ ਪ੍ਰਧਾਨ ਨਿਹਾਲ ਸਿੰਘ ਵਾਲਾ, ਡਾਕਟਰ ਬਲਜੀਤ ਸਿੰਘ ਮੋਗਾ ਹਲਕਾ ਪ੍ਰਧਾਨ ਮੋਗਾ, ਜਗਜੀਤ ਸਿੰਘ ਕੋਟਲਾ ਹਲਕਾ ਸਕੱਤਰ, ਸੁਖਦੇਵ ਸਿੰਘ ਸੰਗਤਪੁਰਾ ਹਲਕਾ ਸਕੱਤਰ, ਲਖਵੀਰ ਸਿੰਘ ਚੜਿੱਕ ਹਲਕਾ ਜਨਰਲ ਸਕੱਤਰ ਮੋਗਾ, ਗੁਰਚਰਨ ਸਿੰਘ ਮਾਣੂੰਕੇ ਆਦਿ ਆਗੂਆਂ ਨੇ ਵੀ ਆਪਣੇ ਵਿਚਾਰ ਪੇਸ਼ ਕੀਤੇ।

**(ਹਰਦੇਵ ਸਿੰਘ ਤਖਾਣਵੱਧ)**



ਸਾਡੇ ਛੋਟੇ ਜਿਹੇ ਪਿੰਡ ਸਤੀਏਵਾਲਾ ਜ਼ਿਲ੍ਹਾ ਫਿਰੋਜ਼ਪੁਰ ਦੀ ਹੋਣਹਾਰ ਗ਼ਰੀਬ ਪਰਵਾਰ ਦੀ ਹੋਣਹਾਰ ਬੱਚੀ ਨੈਨਸੀ ਰਾਣੀ ਜੋ ਬਾਬਾ ਸਾਹਿਬ ਭੀਮ ਰਾਓ ਅੰਬੇਡਕਰ ਜੀ ਦੀ ਕਿਰਪਾ ਸਦਕਾ ਪੰਜਾਬ ਸਕੂਲ ਸਿੱਖਿਆ ਬੋਰਡ ਦੀ ਦਸਵੀਂ ਦੀ ਪ੍ਰੀਖਿਆ ਵਿਚੋਂ ਪੰਜਾਬ ਭਰ ਚੋਂ ਪਹਿਲਾ ਸਥਾਨ ਹਾਸਲ ਕਰਨ ਵਿਚ ਕਾਮਯਾਬ ਹੋਈ ਹੈ। ਉਸ ਦੀ ਇਸ ਵੱਡੀ ਕਾਮਯਾਬੀ ਲਈ ਸਕੂਲ ਦੇ ਮਿਹਨਤੀ ਅਧਿਆਪਕਾਂ ਅਤੇ ਪਰਿਵਾਰ ਨੂੰ ਢੇਰ ਸਾਰੀਆਂ ਵਧਾਈਆਂ।

**– ਲਾਲ ਸਿੰਘ ਸੁਲਹਾਣੀ**
**ਜਨਰਲ ਸਕੱਤਰ, ਬਸਪਾ ਪੰਜਾਬ**

# ਆਸਟ੍ਰੇਲੀਆ 'ਚ ਪੰਜਾਬੀ ਭਾਸ਼ਾ ਦੀ ਚੜ੍ਹਤ, ਲੋਕਾਂ ਦਾ ਰੁਝਾਨ ਵਧਿਆ

**ਸਿਡਨੀ–** ਆਸਟ੍ਰੇਲੀਆ 'ਚ 2021 ਦੀ ਮਰਦਮਸ਼ੁਮਾਰੀ ਇਸ ਗੱਲ ਦੀ ਪੁਸ਼ਟੀ ਕਰਦੀ ਹੈ ਕਿ ਪੰਜਾਬੀ ਆਸਟ੍ਰੇਲੀਆ ਵਿੱਚ ਦੂਜੀਆਂ ਭਾਸ਼ਾਵਾਂ ਦੇ ਮੁਕਾਬਲੇ ਸਭ ਤੋਂ ਵੱਧ ਹਰਮਨ ਪਿਆਰੀ ਭਾਸ਼ਾ ਬਣੀ ਹੈ। ਇਸ ਮੁਤਾਬਿਕ 239,000 ਤੋਂ ਵੱਧ ਲੋਕ ਘਰ ਵਿੱਚ ਇਸਦੀ ਵਰਤੋਂ ਕਰਦੇ ਹਨ, ਜੋ ਕਿ 2016 ਤੋਂ 80 ਪ੍ਰਤੀਸ਼ਤ ਵੱਧ ਹੈ। ਆਸਟ੍ਰੇਲੀਆ ਦੀ ਭਾਸ਼ਾਈ ਵਿਭਿੰਨਤਾ ਵਧ ਰਹੀ ਹੈ ਕਿਉਂਕਿ ਘਰ ਵਿੱਚ ਅੰ-ਗਰੇਜ਼ੀ ਤੋਂ ਇਲਾਵਾ ਕਿਸੇ ਹੋਰ ਭਾਸ਼ਾ ਦੀ ਵਰਤੋਂ ਕਰਨ ਵਾਲੇ ਲੋਕਾਂ ਦੀ ਗਿਣਤੀ 2016 ਤੋਂ ਤਕਰੀਬਨ 800,000 ਵਧ ਕੇ 515 ਮਿਲੀਅਨ (5,663,709) ਹੋ ਗਈ ਹੈ।



ਇੱਕ ਰਿਪੋਰਟ ਮੁਤਾਬਿਕ ਆਸਟ੍ਰੇਲੀਆ ਦੀ ਭਾਸ਼ਾਈ ਵਿਭਿੰਨਤਾ ਦਾ ਸਭ ਤੋਂ ਵੱਡਾ ਲਾਭ ਪੰਜਾਬੀ ਬੋਲਣ ਵਾਲੇ ਭਾਈਚਾਰੇ ਨੂੰ ਹੋਇਆ ਹੈ। ਆਸਟ੍ਰੇਲੀਅਨ ਬਿਊਰੋ ਆਫ ਸਟੈਟਿਸਟਿਕਸ ਦੁਆਰਾ ਜਾਰੀ ਜਨਗਣਨਾ 2021 ਦੇ ਅੰਕੜਿਆਂ ਤੋਂ ਪਤਾ ਚੱਲਦਾ ਹੈ ਕਿ ਪਿਛਲੇ ਪੰਜ ਸਾਲਾਂ ਵਿੱਚ ਪੰਜਾਬੀ ਬੋਲਣ ਵਾਲਿਆਂ ਦੀ ਗਿਣਤੀ 80 ਪ੍ਰਤੀਸ਼ਤ ਵਧ ਕੇ 239,000 ਤੋਂ ਵੱਧ ਹੋ ਗਈ ਹੈ।

ਭਾਰਤ ਅਤੇ ਪਾਕਿਸਤਾਨ ਦੇ ਪੰਜਾਬ ਖੇਤਰ ਵਿੱਚ ਮੂਲ ਰੂਪ ਵਿੱਚ ਬੋਲੀ ਜਾਂਦੀ, ਪੰਜਾਬੀ ਭਾਸ਼ਾ ਦੀਆਂ ਬਹੁਤ ਸਾਰੀਆਂ ਉਪਭਾਸ਼ਾਵਾਂ ਹਨ। ਅੰਦਾਜ਼ਨ 122 ਮਿਲੀਅਨ ਤੋਂ ਵੱਧ ਲੋਕ ਪੰਜਾਬੀ ਨੂੰ ਮੂਲ ਭਾਸ਼ਾ ਵਜੋਂ ਬੋਲਦੇ ਹਨ, ਇਹ ਦੁਨੀਆ ਵਿੱਚ 10ਵੀਂ ਸਭ ਤੋਂ ਵੱਧ ਬੋਲੀ ਜਾਣ ਵਾਲੀ ਭਾਸ਼ਾ ਹੈ।

# ਸੰਗਰੂਰ ਲੋਕਸਭਾ ਦੇ ਚੋਣ ਨਤੀਜੇ ਦਾ ਇਕ ਸੁਨੇਹਾ: ਮੱਤੇਵਾੜਾ ਜੰਗਲ ਨੂੰ ਬਚਾਉਣਾ ਬਹੁਤ ਹੀ ਜ਼ਰੂਰੀ



ਡਾ. ਗੁਰਿੰਦਰ ਕੌਰ
ਸਾਬਕਾ ਪ੍ਰੋਫ਼ੈਸਰ, ਜਿਓਗਰਾਫ਼ੀ ਵਿਭਾਗ, ਪੰਜਾਬੀ ਯੂਨੀ: ਪਟਿਆਲਾ।
001-408-493-9776

ਪੰਜਾਬ ਸਰਕਾਰ ਨੇ ਜੁਲਾਈ 2020 ਵਿਚ ਮੱਤੇਵਾੜਾ ਜੰਗਲ ਅਤੇ ਸਤਲੁਜ ਦਰਿਆ ਦੇ ਨੇੜੇ 955.67 ਏਕੜ ਵਿਚ ਉਦਯੋਗਿਕ ਪਾਰਕ ਬਣਾਉਣ ਲਈ ਪ੍ਰਵਾਨਗੀ ਦੇ ਦਿੱਤੀ ਸੀ। ਮੱਤੇਵਾੜਾ ਉਦਯੋਗਿਕ ਪਾਰਕ ਬਣਾਉਣ ਦੀ ਪੰਜਾਬ ਸਰਕਾਰ ਦੀ ਮਨਜ਼ੂਰੀ ਦੇ ਨਾਲ ਹੀ ਪੰਜਾਬ ਦੇ ਲੋਕਾਂ ਅਤੇ ਵਾਤਾਵਰਨ ਕਾਰਕੁਨਾਂ ਨੇ ਇਹ ਸਮਝਿਆ ਕਿ ਮੱਤੇਵਾੜਾ ਉਦਯੋਗਿਕ ਪਾਰਕ ਮੱਤੇਵਾੜਾ ਦੇ ਜੰਗਲ ਨੂੰ ਉਜਾੜ ਕੇ ਬਣਾਇਆ ਜਾਵੇਗਾ ਜੋ ਕਿ ਪੰਜਾਬ ਦੇ ਵਾਤਾਵਰਨ ਲਈ ਬਹੁਤ ਨੁਕਸਾਨਦੇਹ ਹੋਵੇਗਾ। ਇਸ ਲਈ ਲੋਕਾਂ ਅਤੇ ਵਾਤਾਵਰਨ ਕਾਰਕੁਨਾਂ ਨੇ ਪੰਜਾਬ ਸਰਕਾਰ ਦੇ ਇਸ ਫ਼ੈਸਲੇ ਉੱਤੇ ਰੋਸ ਮੁਜ਼ਾਹਰੇ ਕਰਕੇ ਇਸ ਫ਼ੈਸਲੇ ਨੂੰ ਬਦਲਣ ਉੱਤੇ ਜ਼ੋਰ ਦਿੱਤਾ। ਲੋਕਾਂ ਦੇ ਰੋਸ ਅਤੇ ਵਿਰੋਧ ਨੂੰ ਦੇਖਦੇ ਹੋਏ ਪੰਜਾਬ ਸਰਕਾਰ ਨੇ ਸਪਸ਼ਟ ਕੀਤਾ ਕਿ ਮੱਤੇਵਾੜਾ ਉਦਯੋਗਿਕ ਪਾਰਕ ਜੰਗਲ ਦੀ ਜ਼ਮੀਨ ਉੱਤੇ ਨਹੀਂ, ਸਗੋਂ ਪਸ਼ੂ-ਪਾਲਣ ਵਿਭਾਗ ਅਤੇ ਮੁੜ-ਵਸੇਬਾ ਮਹਿਕਮਿਆਂ ਦੀ ਜ਼ਮੀਨ ਸਮੇਤ ਜੰਗਲ ਦੇ ਨੇੜਲੇ ਸੇਖੋਵਾਲ, ਮੱਤੇਵਾੜ, ਸਲੇਮਪੁਰ, ਗੜ੍ਹੀਆਂ, ਸੈਲ ਕਲਾਂ, ਕਾਲੇਵਾਲ ਆਦਿ ਪਿੰਡਾਂ ਤੋਂ ਜ਼ਮੀਨ ਐਕਵਾਇਰ ਕਰਕੇ ਬਣਾਇਆ ਜਾਵੇਗਾ।

ਭਾਵੇਂ ਪ੍ਰਸਾਵਿਤ ਉਦਯੋਗਿਕ ਪਾਰਕ ਮੱਤੇਵਾੜਾ ਜੰਗਲ ਨੂੰ ਉਜਾੜ ਕੇ ਨਹੀਂ ਬਣਾਇਆ ਜਾ ਰਿਹਾ, ਪਰ ਇਹ ਥਾਂ ਜੰਗਲ ਅਤੇ ਸਤਲੁਜ ਦਰਿਆ ਦੇ ਵਿਚਕਾਰਲੇ ਖੇਤਰ ਵਿਚ ਪੈਂਦੀ ਹੈ। ਇਸ ਸਚਾਈ ਤੋਂ ਇਨਕਾਰੀ ਨਹੀਂ ਹੋਇਆ ਜਾ ਸਕਦਾ ਕਿ ਜਦੋਂ ਵੀ ਉਦਯੋਗਿਕ ਇਕਾਈਆਂ ਕਿਸੇ ਵੀ ਥਾਂ ਉੱਤੇ ਲੱਗ ਜਾਂਦੀਆਂ ਹਨ ਤਾਂ ਉਨ੍ਹਾਂ ਤੋਂ ਨਿਕਾਸਿਆ ਗਿਆ ਧੂੰਆਂ, ਗੈਸਾਂ, ਅਤੇ ਗੰਦਾ ਪਾਣੀ ਆਲੇ-ਦੁਆਲੇ ਦੇ ਵਾਤਾਵਰਨ ਨੂੰ ਬੁਰੀ ਤਰ੍ਹਾਂ ਪ੍ਰਦੂਸ਼ਿਤ ਕਰ ਦਿੰਦਾ ਹੈ। ਉਦਯੋਗਿਕ ਇਕਾਈਆਂ ਤੋਂ ਪੈਦਾ ਹੋਣ ਵਾਲੇ ਪ੍ਰਦੂਸ਼ਣ ਦਾ ਅਸਰ ਇਕੱਲੇ ਮੱਤੇਵਾੜਾ ਦੇ ਜੰਗਲ ਉੱਤੇ ਹੀ ਨਹੀਂ ਪਵੇਗਾ, ਸਗੋਂ ਸਤਲੁਜ ਦੇ ਪਾਣੀ ਦੇ ਨਾਲ ਨਾਲ ਆਲੇ-ਦੁਆਲੇ ਦੇ ਪਿੰਡਾਂ ਦੀ ਉਪਜਾਊ ਜ਼ਮੀਨ ਉੱਤੇ ਵੀ ਪਵੇਗਾ।

ਮੱਤੇਵਾੜਾ ਦੇ ਜੰਗਲ ਨੂੰ ਸਿੱਖ ਇਤਿਹਾਸ ਨਾਲ ਵੀ ਜੋੜ ਕੇ ਦੇਖਿਆ ਜਾਂਦਾ ਹੈ। ਕਿਹਾ ਜਾਂਦਾ ਹੈ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮੱਤੇਵਾੜਾ ਦੇ ਜੰਗਲ ਵਿਚ ਰੁਕੇ ਸਨ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਮੱਤੇਵਾੜਾ ਜੰਗਲਾਂ ਦੀ ਮਹੱਤਤਾ ਦੱਸਦੇ ਹੋਏ ਕਿਹਾ ਸੀ ਕਿ ਮੱਤੇਵਾੜਾ ਦਾ ਜੰਗਲ ਹੀ ਲੁਧਿਆਣੇ ਨੂੰ ਹੜ੍ਹਾਂ ਤੋਂ ਬਚਾ ਸਕਦਾ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਵੀ ਮੱਤੇਵਾੜੇ ਦੇ ਜੰਗਲਾਂ ਵਿਚ ਜਖ਼ਮੀ ਹਾਲਤ ਵਿਚ ਅਰਾਮ ਕੀਤਾ ਸੀ ਅਤੇ ਇੱਥੇ ਹੀ "ਮਿੱਤਰ ਪਿਆਰੇ ਨੂੰ ਹਾਲ ਮੁਰੀਦਾਂ ਦਾ ਕਹਿਣਾ" ਸ਼ਬਦ ਉਚਾਰਿਆ ਸੀ। ਭਾਵੇਂ ਕਿਸੇ ਵੀ ਰਾਜ/ਖੇਤਰ ਦੇ ਆਰਥਿਕ ਵਿਕਾਸ ਅਤੇ ਰੁਜ਼ਗਾਰ ਲਈ ਉੱਥੋਂ ਦਾ ਉਦਯੋਗਿਕ ਵਿਕਾਸ ਜ਼ਰੂਰੀ ਹੁੰਦਾ ਹੈ, ਪਰ ਪੰਜਾਬ ਸਰਕਾਰ ਨੇ ਜੋ ਥਾਂ ਇਸ ਉਦਯੋਗਿਕ ਪਾਰਕ ਲਈ ਚੁਣੀ ਹੈ ਉਹ ਵਾਤਾਵਰਨ ਅਤੇ ਇਤਿਹਾਸਕ-ਧਾਰਮਿਕ ਪਿਛੋਕੜ ਪੱਖੋਂ ਬਹੁਤ ਹੀ ਸੰਵੇਦਨਸ਼ੀਲ ਹੈ। ਜਿੱਥੇ ਮੱਤੇਵਾੜਾ ਦਾ ਜੰਗਲ ਇਕ ਪਾਸੇ ਲੁਧਿਆਣਾ ਸ਼ਹਿਰ ਨੂੰ ਹੜ੍ਹਾਂ ਤੋਂ ਬਚਾਉਂਦਾ ਹੈ, ਉੱਥੇ ਦੂਜੇ ਪਾਸੇ ਸ਼ਹਿਰ ਵਿਚਲੀਆਂ ਉਦਯੋਗਿਕ ਇਕਾਈਆਂ ਤੋਂ ਨਿਕਾਸੀਆਂ ਗਈਆਂ ਗੈਸਾਂ ਨੂੰ ਸੋਖ ਕੇ ਸ਼ਹਿਰ ਵਾਸੀਆਂ ਨੂੰ ਆਕਸੀਜਨ ਵੀ ਮੁਹੱਈਆਂ ਕਰਵਾਉਂਦਾ ਹੈ।

ਮੱਤੇਵਾੜਾ ਉਦਯੋਗਿਕ ਪਾਰਕ ਬਣਾਉਣ ਦੇ ਪੰਜਾਬ ਸਰਕਾਰ ਦੇ ਐਲਾਨ ਤੋਂ ਬਾਅਦ ਵਾਤਾਵਰਨ ਅਤੇ ਸਮਾਜਿਕ ਕਾਰਕੁਨਾਂ ਨੇ ਜੰਗਲਾਂ ਦੀ ਸੁਰੱਖਿਆ ਅਤੇ ਸਤਲੁਜ ਦੇ ਹੜ੍ਹ-ਪ੍ਰਭਾਵਿਤ ਖੇਤਰਾਂ ਨੂੰ ਬਚਾਉਣ ਲਈ ਗ੍ਰੇਟਰ ਲੁਧਿਆਣਾ ਏਰੀਆ ਡਿਵੈੱਲਪਮੈਂਟ ਅਥਾਰਟੀ (ਗਲਾਡਾ) ਦੇ ਦਫ਼ਤਰ ਅੱਗੇ ਪਬਲਿਕ ਐਕਸ਼ਨ ਕਮੇਟੀ (ਪੀ.ਏ.ਸੀ.) ਦੇ ਬੈਨਰ ਹੇਠ ਸ਼ਾਂਤਮਈ ਧਰਨਾ ਦਿੱਤਾ। ਪੀ.ਏ.ਸੀ. ਨੇ ਇਸ ਸੰਬੰਧ ਵਿਚ ਕਿਹਾ ਕਿ ਜੇਕਰ ਗਲਾਡਾ ਨੇ ਨੈਸ਼ਨਲ ਗਰੀਨ ਟ੍ਰਿਬਿਊਨਲ ਦੀਆਂ 2008 ਦੀਆਂ ਹਦਾਇਤਾਂ ਦੀ ਪਾਲਣਾ ਨਾ ਕੀਤੀ ਤਾਂ ਭੱਵਿਖ ਵਿਚ ਅੰਦੋਲਨ ਹੋਰ ਤੇਜ਼ ਕੀਤਾ ਜਾਵੇਗਾ। ਪੀ.ਏ.ਸੀ. ਦੇ ਕਾਰਕੁਨਾਂ ਨੇ ਕਿਹਾ ਕਿ ਸਤਲੁਜ ਦੇ ਵਹਾਅ ਖੇਤਰ ਵਿਚ ਕੋਈ ਵੀ ਉਸਾਰੀ ਨਹੀਂ ਕੀਤੀ ਜਾਣੀ ਚਾਹੀਦੀ ਕਿਉਂਕਿ ਇਕ ਤਾਂ ਇਹ ਵਾਤਾਵਰਨ ਨਿਯਮਾਂ ਦੇ ਵਿਰੁੱਧ ਹੈ ਅਤੇ ਦੂਜਾ ਇਸ ਨਾਲ ਦਰਿਆ ਦੇ ਵਹਾਅ ਖੇਤਰ ਦਾ ਨੁਕਸਾਨ ਹੋਣ ਦੇ ਨਾਲ ਅਚਾਨਕ ਹੜ੍ਹ ਆਉਣ ਦਾ ਖ਼ਤਰਾ ਵਧ ਜਾਵੇਗਾ। ਨੈਸ਼ਨਲ ਗਰੀਨ ਟ੍ਰਿਬਿਊਨਲ ਨੇ ਇਸ ਸੰਬੰਧ ਵਿਚ ਅਪ੍ਰੈਲ 2022 ਵਿਚ ਇਕ ਚਾਰ ਮੈਂਬਰੀ ਕਮੇਟੀ ਬਣਾਈ ਹੈ ਜਿਸ ਨੂੰ ਤੱਥਾਂ ਦੇ ਆਧਾਰ ਉੱਤੇ ਦੋ ਮਹੀਨਿਆਂ ਵਿਚ ਰਿਪੋਰਟ ਦੇਣ ਲਈ ਕਿਹਾ ਹੈ। ਨੈਸ਼ਨਲ ਗਰੀਨ ਟ੍ਰਿਬਿਊਨਲ ਨੇ ਇਸ ਤੋਂ ਪਹਿਲਾਂ ਮੱਤੇਵਾੜਾ ਜੰਗਲ ਦੇ ਵਿੱਚੋਂ ਲੰਘਣ ਵਾਲੀ ਚਾਰ-ਮਾਰਗੀ ਸੜਕ ਜਿਸ ਨੇ ਰਾਹੋਂ ਪਿੰਡ ਅਤੇ ਲੁਧਿਆਣੇ ਸ਼ਹਿਰ ਨੂੰ ਜੋੜਨਾ ਸੀ ਬਣਾਉਣ ਉੱਤੇ ਵੀ ਰੋਕ ਲਗਾ ਦਿੱਤੀ ਹੈ।

ਪੰਜਾਬ ਵਾਤਾਵਰਨ ਚੇਤਨਾ ਲਹਿਰ ਅਤੇ ਪਬਲਿਕ ਐਕਸ਼ਨ ਕਮੇਟੀ ਦੀਆਂ ਟੀਮਾਂ ਨੇ ਪੰਜਾਬ ਵਿਚ ਹੋਈਆਂ ਵਿਧਾਨ ਸਭਾ ਚੋਣਾਂ ਵਿਚ ਵੀ ਵੱਖ-ਵੱਖ ਰਾਜਨੀਤਕ ਪਾਰਟੀਆਂ ਅੱਗੇ ਪੰਜਾਬ ਦੇ ਵਾਤਾਵਰਨ ਦੀ ਸਾਂਭ-ਸੰਭਾਲ ਦਾ ਮੁੱਦਾ ਚੁੱਕਿਆ ਸੀ ਜਿਸ ਵਿਚ ਸੱਭ ਤੋਂ ਪਹਿਲਾ ਮੁੱਦਾ ਮੱਤੇਵਾੜਾ ਉਦਯੋਗਿਕ ਪਾਰਕ ਦਾ ਹੀ ਸੀ।

ਪੰਜਾਬ ਦੇ ਲੋਕ, ਵਾਤਾਵਰਨ ਕਾਰਕੁਨ, ਅਤੇ ਕਈ ਸਮਾਜ ਸੇਵੀ ਸੰਸਥਾਵਾਂ ਮੱਤੇਵਾੜਾ ਜੰਗਲ ਦੇ ਨੇੜੇ ਬਣਨ ਵਾਲੇ ਉਦਯੋਗਿਕ ਪਾਰਕ ਦੇ ਪੰਜਾਬ ਸਰਕਾਰ ਦੇ ਫੈਸਲੇ ਵਿਰੁੱਧ ਰੋਸ ਪ੍ਰਗਟ ਕਰ ਰਹੇ ਹਨ। ਇਸ ਲਈ ਇਸ ਦੇ ਆਲੇ-ਦੁਆਲੇ ਦੇ ਕੁਦਰਤੀ ਅਤੇ ਸਮਾਜਿਕ ਵਾਤਾਵਰਨ ਉੱਤੇ ਪੈਣ ਵਾਲੇ ਪ੍ਰਭਾਵਾਂ ਬਾਰੇ ਵਿਚਾਰ ਕਰ ਲੈਣੀ ਜ਼ਰੂਰੀ ਹੈ। ਇਸ ਤੱਥ ਤੋਂ ਕੋਈ ਵੀ ਇਨਕਾਰੀ ਨਹੀਂ ਹੋ ਸਕਦਾ ਹੈ ਕਿ ਉਦਯੋਗਾਂ ਵਿਚ ਵਰਤੇ ਜਾਂਦੇ ਬਾਲਣ (ਤੇਲ, ਕੋਲੇ ਜਾਂ ਗੈਸ) ਦੁਆਰਾ ਵਾਤਾਵਰਨ ਵਿਚ ਛੱਡੇ ਗਏ ਸਲਫ਼ਰ ਡਾਇਆਕਸਾਈਡ, ਨਾਈਟਰੋਜਨ ਆਕਸਾਈਡ ਆਦਿ ਵਰਗੀਆਂ ਗੈਸਾਂ ਅਤੇ ਅੱਧ-ਜਲੇ ਬਾਲਣ, ਧੂੰਏਂ ਅਤੇ ਧੂੜ ਦੇ ਕਣ ਹਰ ਤਰ੍ਹਾਂ ਦੇ ਜੈਵਿਕਾਂ ਲਈ ਹਾਨੀਕਾਰਕ ਹੁੰਦੇ ਹਨ। ਉਦਯੋਗਾਂ ਤੋਂ ਨਿਕਲਣ ਵਾਲੀਆਂ ਗੈਸਾਂ ਅਤੇ ਹੋਰ ਪ੍ਰਦੂਸ਼ਕ ਹਰ ਤਰ੍ਹਾਂ ਦੀ ਬਨਸਪਤੀ ਨੂੰ ਨੁਕਸਾਨ ਪਹੁੰਚਾਉਂਦੇ ਹਨ। ਉਦਯੋਗਿਕ ਇਕਾਈਆਂ ਦੇ ਆਲੇ-ਦੁਆਲੇ ਦਰਖ਼ਤਾਂ ਦੇ ਪੱਤਿਆਂ ਉੱਤੇ ਧੂੰਏਂ ਅਤੇ ਧੂੜ ਦੇ ਕਣ ਟਿਕ ਜਾਂਦੇ ਹਨ ਜੋ ਉਨ੍ਹਾਂ ਦੀ ਭੋਜਨ ਬਣਾਉਣ ਦੀ ਪ੍ਰਕਾਸ਼ ਸੰਸਲੇਸ਼ਣ ਦੀ ਪ੍ਰਕਿਰਿਆ ਨੂੰ ਪ੍ਰਭਾਵਿਤ ਕਰਕੇ ਉਨ੍ਹਾਂ ਦੀ ਭੋਜਨ ਬਣਾਉਣ ਦੀ ਸਮਰੱਥਾ ਨੂੰ ਬਹੁਤ ਘਟਾ ਦਿੰਦੇ ਹਨ ਜਿਸ ਨਾਲ ਦਰਖ਼ਤਾਂ/ਬਨਸਪਤੀ ਦਾ ਹਰ ਤਰ੍ਹਾਂ ਦਾ ਵਾਧਾ ਰੁਕ ਜਾਂਦਾ ਹੈ। ਇਸ ਪ੍ਰਕਿਰਿਆ ਨਾਲ



ਉਨ੍ਹਾਂ ਦੀ ਉਤਪਾਦਨ ਸ਼ਕਤੀ (ਫ਼ਲ, ਅਤੇ ਲਕੜ ਆਦਿ) ਅਤੇ ਔਸਤ ਉਮਰ ਵੀ ਘੱਟ ਜਾਂਦੀ ਹੈ।

ਉਦਯੋਗਿਕ ਇਕਾਈਆਂ ਤੋਂ ਨਿਕਲਣ ਵਾਲੀਆਂ ਸਲਫ਼ਰ ਡਾਇਆਕਸਾਈਡ ਅਤੇ ਨਾਈਟ੍ਰੋਜਨ ਆਕਸਾਈਡ ਗੈਸਾਂ ਹਵਾ ਵਿਚ ਦੋ ਤਰ੍ਹਾਂ ਦਾ ਖੁਸਕ ਅਤੇ ਨਮੀ ਵਾਲਾ ਤੇਜ਼ਾਬੀ ਮਾਦਾ ਛੱਡਦੀਆਂ ਹਨ। ਖੁਸਕ ਤੇਜ਼ਾਬੀ ਮਾਦੇ ਦੇ ਕਣ ਉਦਯੋਗਿਕ ਇਕਾਈਆਂ ਦੇ ਨੇੜਲੇ ਖੇਤਰਾਂ ਵਿਚ ਹਰ ਤਰ੍ਹਾਂ ਦੀ ਬਨਸਪਤੀ ਦੇ ਪੱਤਿਆਂ, ਟਾਹਣੀਆਂ, ਫੁੱਲਾਂ ਅਤੇ ਫਲਾਂ ਆਦਿ ਉੱਤੇ ਟਿਕ ਜਾਂਦੇ ਹਨ ਅਤੇ ਉਨ੍ਹਾਂ ਨੂੰ ਨੁਕਸਾਨ ਪਹੁੰਚਾਉਂਦੇ ਹਨ। ਇਸ ਤਰ੍ਹਾਂ ਮੱਤੇਵਾੜਾ ਜੰਗਲ ਦੇ ਨੇੜੇ ਲੱਗਣ ਵਾਲਾ ਉਦਯੋਗਿਕ ਪਾਰਕ ਇੱਥੋਂ ਦੇ ਆਲੇ-ਦੁਆਲੇ ਦੇ ਵਾਤਾਵਰਨ ਨੂੰ ਪ੍ਰਦੂਸ਼ਿਤ ਕਰਨ ਦੇ ਨਾਲ ਨਾਲ ਮੱਤੇਵਾੜੇ ਦੇ ਜੰਗਲ ਨੂੰ ਵੀ ਭਾਰੀ ਨੁਕਸਾਨ ਪਹੁੰਚਾਏਗਾ। ਨਮੀ ਵਾਲਾ ਤੇਜ਼ਾਬੀ ਮਾਦਾ ਧਰਤੀ ਉੱਤੇ ਤੇਜ਼ਾਬੀ ਮੀਂਹ ਦੇ ਰੂਪ ਵਿਚ ਵਰ੍ਹਕੇ ਵੀ ਬਨਸਪਤੀ ਨੂੰ ਭਾਰੀ ਨੁਕਸਾਨ ਪਹੁੰਚਾਉਂਦਾ ਹੈ ਅਤੇ ਬਾਅਦ ਵਿਚ ਤੇਜ਼ਾਬੀ ਮਾਦੇ ਵਾਲਾ ਮੀਂਹ ਦਾ ਪਾਣੀ ਮਿੱਟੀ ਵਿਚ ਸਿੰਮ ਕੇ ਦਰਖ਼ਤਾਂ/ਬੂਟਿਆਂ ਦੀਆਂ ਜੜ੍ਹਾਂ ਨੂੰ ਸਾੜ ਦਿੰਦਾ ਹੈ ਜਿਸ ਨਾਲ ਦਰਖ਼ਤ/ਬੂਟੇ ਸੁੱਕ ਜਾਂਦੇ ਹਨ। ਉਦਯੋਗਿਕ ਇਨਕਲਾਬ ਪਿਛੋਂ 19ਵੀਂ ਸਦੀ ਦੇ ਮੱਧ ਵਿਚ ਯੂਰਪ ਦੇ ਫਿਨਲੈਂਡ, ਨਾਰਵੇ, ਸਵੀਡਨ ਆਦਿ ਦੇਸਾਂ ਸਮੇਤ ਅਮਰੀਕਾ ਦੇ ਉੱਤਰ-ਪੂਰਬੀ ਅਤੇ ਕੈਨੇਡਾ ਦੇ ਦੱਖਣ-ਪੂਰਬੀ ਹਿੱਸੇ ਦੇ ਜੰਗਲਾਂ ਨੂੰ ਤੇਜ਼ਾਬੀ ਮਾਦੇ ਵਾਲੇ ਮੀਂਹ ਨੇ ਬਹੁਤ ਨੁਕਸਾਨ ਪਹੁੰਚਾਇਆ ਸੀ ਅਤੇ ਇਨ੍ਹਾਂ ਦੇਸਾਂ ਦੇ ਜੰਗਲਾਂ ਦੇ ਬਹੁਤ ਸਾਰੇ ਦਰਖ਼ਤ ਇਸ ਮੀਂਹ ਨਾਲ ਸੁੱਕ ਗਏ ਸਨ। ਤੇਜ਼ਾਬੀ ਮਾਦੇ ਵਾਲੇ ਮੀਂਹ ਨੇ ਇਨ੍ਹਾਂ ਦੇਸਾਂ ਦੇ ਜਲਸਰੋਤਾਂ ਨੂੰ ਵੀ ਭਾਰੀ ਨੁਕਸਾਨ ਪਹੁੰਚਾਇਆ ਸੀ। ਫਿਨਲੈਂਡ ਜਿਸ ਨੂੰ ਝੀਲਾਂ ਦਾ ਦੇਸ ਕਿਹਾ ਜਾਂਦਾ ਸੀ ਤੇਜ਼ਾਬੀ ਮਾਦੇ ਵਾਲੇ ਮੀਂਹ ਕਾਰਨ ਇਕ ਵਾਰ ਤਾਂ ਇੱਥੋਂ ਦੀਆਂ ਝੀਲਾਂ ਵਿਚਲੇ ਹਰ ਤਰ੍ਹਾਂ ਦੇ ਜੈਵਿਕ ਖ਼ਤਮ ਹੋ ਗਏ ਸਨ ਜਿਸ ਕਰਕੇ ਉੱਥੋ ਦੀਆਂ ਝੀਲਾਂ ਨੂੰ 'ਡੈੱਡ ਲੇਕਸ' (ਜ਼ਿੰਦਗੀ-ਵਿਹੂਣੀਆਂ ਝੀਲਾਂ) ਕਿਹਾ ਜਾਣ ਲੱਗਿਆ ਸੀ। ਇਨ੍ਹਾਂ ਤੱਥਾਂ ਤੋਂ ਸਪਸ਼ਟ ਹੋ ਜਾਂਦਾ ਹੈ ਕਿ ਉਦਯੋਗਿਕ ਪਾਰਕ ਦਾ ਮੱਤੇਵਾੜਾ ਜੰਗਲ ਦੇ ਨੇੜੇ ਬਣਨਾ ਜੰਗਲ ਦੀ ਮੌਤ ਨੂੰ ਸੱਦਾ ਦੇਣਾ ਹੈ। ਇਸ ਉਦਯੋਗਿਕ ਪਾਰਕ ਵਿਚ ਕਪੜੇ ਦੀਆਂ ਉਦਯੋਗਿਕ ਇਕਾਈਆਂ ਲਗਾਉਣ ਲਈ ਦੀ ਵੀ ਯੋਜਨਾ ਹੈ। ਕਪੜਾ ਉਦਯੋਗਿਕ ਇਕਾਈਆਂ ਨੇੜੇ ਵੱਗਣ ਵਾਲੇ ਜਲਸਰੋਤਾਂ ਤੋਂ ਬਹੁਤ ਜ਼ਿਆਦਾ ਮਾਤਰਾ ਵਿਚ ਪਾਣੀ ਲੈਂਦੀਆਂ ਹਨ ਅਤੇ ਬਾਅਦ ਵਿਚ ਉਦਯੋਗਿਕ ਇਕਾਈਆਂ ਤੋਂ ਨਿਕਲਦਾ ਜ਼ਹਿਰੀਲਾ ਪਾਣੀ ਉਨ੍ਹਾਂ ਹੀ ਜਲਸਰੋਤਾਂ ਵਿਚ ਛੱਡ ਦਿੰਦੀਆਂ ਹਨ ਜਿਸ ਨਾਲ ਜਲਸਰੋਤਾਂ ਦਾ ਪਾਣੀ ਪ੍ਰਦੂਸ਼ਿਤ ਹੋ ਜਾਂਦਾ ਹੈ। ਜਿਹੜੇ ਲੋਕ ਪੀਣ ਵਾਲੇ ਪਾਣੀ ਦੀ ਘਾਟ ਕਰਨ ਇਨ੍ਹਾਂ ਜਲਸਰੋਤਾਂ ਉੱਤੇ ਨਿਰਭਰ ਕਰਦੇ ਹਨ ਉਨ੍ਹਾਂ ਦੀ ਸਿਹਤ ਉੱਤੇ ਇਹ ਪਾਣੀ ਬਹੁਤ ਮਾੜਾ ਪ੍ਰਭਾਵ ਪਾਉਂਦਾ ਹੈ ਅਤੇ ਉਹ ਤਰ੍ਹਾਂ ਤਰ੍ਹਾਂ ਦੀਆਂ ਬਿਮਾਰੀਆਂ ਦੀ ਲਪੇਟ ਵਿਚ ਆ ਜਾਂਦੇ ਹਨ। ਪੰਜਾਬ ਦੀ ਕਪਾਹ ਪੱਟੀ ਦੇ ਲੋਕ ਪਹਿਲਾਂ ਹੀ ਕੀਟਨਾਸ਼ਕਾਂ ਅਤੇ ਨਦੀਨਨਾਸ਼ਕਾਂ ਨਾਲ ਪ੍ਰਦੂਸ਼ਿਤ ਹੋਏ ਪਾਣੀ ਕਾਰਨ ਕੈਂਸਰ ਵਰਗੀ ਨਾ-ਮੁਰਾਦ ਬਿਮਾਰੀ ਨਾਲ ਪੀੜਿਤ ਹਨ। ਇਸ ਉਦਯੋਗਿਕ ਪਾਰਕ ਦੇ ਬਣਨ ਕਾਰਨ ਸਤਲੁਜ ਦਰਿਆ ਵਿਚ ਜਿਹੜਾ ਥੋੜ੍ਹਾ ਜਿਹਾ ਪਾਣੀ ਵੱਗਦਾ ਹੈ ਉਹ ਵੀ ਪ੍ਰਦੂਸ਼ਿਤ ਹੋ ਜਾਵੇਗਾ।

ਇੰਡੀਆ ਸਟੇਟ ਆਫ਼ ਫ਼ੋਰੈਸਟ ਦੀ 2019 ਦੀ ਇਕ ਰਿਪੋਰਟ ਅਨੁਸਾਰ ਪੰਜਾਬ ਵਿਚ ਜੰਗਲਾਂ ਥੱਲੇ ਕੁੱਲ ਰਕਬੇ ਦਾ ਸਿਰਫ਼ 3.67 ਫ਼ੀਸਦ ਹੈ, ਜੋ ਕਿ 33 ਫ਼ੀਸਦ ਹੋਣਾ ਚਾਹੀਦਾ ਹੈ। ਕੁਦਰਤੀ ਵਾਤਾਵਰਨ ਨੂੰ ਸੰਤੁਲਿਤ ਰੱਖਣ ਲਈ ਪੰਜਾਬ ਵਿਚ ਘੱਟੋ-ਘੱਟ 29.33 ਫ਼ੀਸਦ ਹੋਰ ਰਕਬੇ ਉੱਤੇ ਦਰਖ਼ਤ ਹੋਣੇ ਚਾਹੀਦੇ ਹਨ। ਇਸ ਰਿਪੋਰਟ ਅਨੁਸਾਰ ਪੰਜਾਬ ਵਿਚ ਸਿਰਫ਼ 0.02 ਫ਼ੀਸਦ ਰਕਬੇ ਉੱਤੇ ਸੰਘਣੇ ਜੰਗਲ ਹਨ ਅਤੇ ਬਾਕੀ ਦੇ 1.59 ਫ਼ੀਸਦ ਰਕਬੇ ਉੱਤੇ ਦਰਮਿਆਨੇ ਜੰਗਲ ਅਤੇ 2.06 ਫ਼ੀਸਦ ਰਕਬੇ ਉੱਤੇ ਖੁੱਲ੍ਹੇ ਜੰਗਲ ਹਨ। ਪੰਜਾਬ ਵਿਚ ਜੰਗਲਾਂ ਥੱਲੇ ਰਕਬਾ ਰਾਜਸਥਾਨ ਵਰਗੇ ਮਾਰੂਥਲੀ ਰਾਜ (4.36 ਫ਼ੀਸਦ) ਨਾਲੋਂ ਵੀ ਘੱਟ ਹੈ। ਅਫ਼ਸੋਸ ਦੀ ਗੱਲ ਹੈ ਕਿ ਪੰਜਾਬ ਦਾ ਕੋਈ ਜ਼ਿਲ੍ਹਾ ਅਜਿਹਾ ਨਹੀਂ ਹੈ, ਜੋ 33 ਫ਼ੀਸਦ ਜੰਗਲਾਂ ਥੱਲੇ ਰਕਬੇ ਦੀ ਲੋੜ ਨੂੰ ਪੂਰਾ ਕਰਦਾ ਹੋਵੇ। ਹੁਸ਼ਿਆਰਪੁਰ ਜ਼ਿਲ੍ਹੇ ਵਿਚ ਜੰਗਲਾਂ ਥੱਲੇ ਰਕਬਾ 21.54 ਫ਼ੀਸਦ ਜੋ ਪੰਜਾਬ ਦੇ ਬਾਕੀ ਸਾਰੇ ਜ਼ਿਲ੍ਹਿਆਂ ਨਾਲੋਂ ਵੱਧ ਹੈ, ਪਰ ਇਹ ਵੀ ਰਾਸ਼ਟਰੀ ਔਸਤ ਨਾਲੋਂ ਘੱਟ ਹੈ।

ਪੰਜਾਬ ਦੇ ਬਰਨਾਲਾ, ਫ਼ਤਿਹਗੜ੍ਹ ਸਾਹਿਬ, ਜਲੰਧਰ, ਮੁਕਤਸਰ ਸਾਹਿਬ, ਸੰਗਰੂਰ, ਤਰਨਤਾਰਨ, ਫਿਰੋਜ਼ਪੁਰ, ਮਾਨਸਾ, ਮੋਗਾ, ਅਤੇ ਕਪੂਰਥਲਾ ਜ਼ਿਲ੍ਹਿਆਂ ਵਿਚ ਜੰਗਲਾਂ ਥੱਲੇ ਰਕਬਾ ਇਕ ਫ਼ੀਸਦ ਤੋਂ ਵੀ ਘੱਟ ਹੈ। ਮੱਤੇਵਾੜਾ ਦਾ ਜੰਗਲ ਲੁਧਿਆਣਾ ਜ਼ਿਲ੍ਹੇ ਵਿਚ ਪੈਂਦਾ ਹੈ ਜਿੱਥੇ ਜੰਗਲਾਂ ਥੱਲੇ ਰਕਬਾ ਸਿਰਫ਼ 1.65 ਫ਼ੀਸਦ ਹੈ। ਕੇਂਦਰੀ ਵਾਤਾਵਰਨ ਮੰਤਰਾਲੇ ਦੀ ਇਕ ਰਿਪੋਰਟ ਅਨੁਸਾਰ ਪੰਜਾਬ ਵਿਚੋਂ ਇਕ ਦਹਾਕੇ ਦੌਰਾਨ 5.37 ਲੱਖ ਦਰਖ਼ਤ ਕੱਟੇ ਗਏ ਹਨ, ਜਿਸ ਅਨੁਸਾਰ ਪਿੱਛਲੇ ਦਹਾਕੇ ਵਿਚ ਪੰਜਾਬ ਵਿਚੋਂ ਹਰ ਰੋਜ਼ ਔਸਤਨ 147 ਦਰਖ਼ਤ ਕੱਟੇ ਜਾਂਦੇ ਰਹੇ ਹਨ। ਇਸ ਰਿਪੋਰਟ ਉੱਤੇ ਕਿੰਤੂ-ਪਰੰਤੂ ਵਾਲੀ ਕੋਈ ਗੁੰਜਾਇਸ਼ ਹੀ ਨਹੀਂ ਹੈ, ਕਿਉਂਕਿ ਬਠਿੰਡਾ-ਜ਼ੀਰਕਪੁਰ ਚਾਰ-ਮਾਰਗੀ ਸੜਕ ਅਤੇ ਬਠਿੰਡਾ-ਅੰਮ੍ਰਿਤਸਰ ਸੜਕ ਬਣ-ਾਉਣ ਸਮੇਂ ਵੱਡੀ ਗਿਣਤੀ ਵਿਚ ਦਰਖ਼ਤਾਂ ਦਾ ਸਫ਼ਾਇਆ ਹੋਇਆ ਹੈ। ਲੁਧਿਆਣਾ ਸ਼ਹਿਰ ਵਿਚ ਵੀ ਸੜਕਾਂ ਦੇ ਵਿਸਥਾਰ ਕਰਨ ਵੇਲੇ ਪੰਜਾਬ ਸਰਕਾਰ ਨੇ ਹਜ਼ਾਰਾਂ ਦੀ ਗਿਣਤੀ ਵਿਚ ਦਰਖ਼ਤ ਕੱਟੇ ਸਨ ਅਤੇ ਲੋਕਾਂ ਨਾਲ ਵਾਅਦਾ ਕੀਤਾ ਸੀ ਕਿ ਇੰਨੇ ਹੀ ਦਰਖ਼ਤ ਮੱਤੇਵਾੜਾ ਦੇ ਜੰਗਲ ਵਿਚ ਲਗਾਏ ਜਾਣਗੇ। ਇਹ ਵਾਅਦਾ ਤਾਂ ਹਾਲੇ ਤੱਕ ਪੂਰਾ ਨਹੀਂ ਹੋ ਸਕਿਆ, ਪਰ ਇਸ ਤੋਂ ਅੱਗੇ ਮੱਤੇਵਾੜਾ ਦੇ ਜੰਗਲ ਨੂੰ ਅਸਿੱਧੇ ਤੌਰ ਖ਼ਤਮ ਕਰਨ ਦੀ ਯੋਜਨਾ (ਉਦਯੋਗਿਕ ਪਾਰਕ) ਬਣਾ ਲਈ ਹੈ।

ਇਸ ਉਦਯੋਗਿਕ ਪਾਰਕ ਨਾਲ ਇਕੱਲੇ ਮੱਤੇਵਾੜਾ ਦੇ ਜੰਗਲ ਦੀ ਹੋਂਦ ਨੂੰ ਹੀ ਖ਼ਤਰਾ ਖੜ੍ਹਾ ਨਹੀਂ ਹੋਵੇਗਾ, ਇਸ ਨਾਲ ਸਤਲੁਜ ਦਰਿਆ ਦਾ ਪਾਣੀ ਜੋ ਪਹਿਲਾਂ ਹੀ ਪ੍ਰਦੂਸ਼ਿਤ ਹੈ ਉਹ ਹੋਰ ਪ੍ਰਦੂਸ਼ਿਤ ਹੋ ਜਾਵੇਗਾ। ਹੁਣ ਤੱਕ ਦਾ ਇਤਿਹਾਸ ਗਵਾਹ ਹੈ ਕਿ ਜਿੰਨੀਆਂ ਵੀ ਉਦਯੋਗਿਕ ਇਕਾਈਆਂ ਦਰਿਆਵਾਂ ਦੇ ਕੰਢਿਆਂ ਉੱਤੇ ਲੱਗੀਆਂ ਹਨ, ਉਨ੍ਹਾਂ ਨੇ ਰਸਾਇਣਾਂ ਨਾਲ ਪ੍ਰਦੂਸ਼ਿਤ ਪਾਣੀ ਬਿਨਾਂ ਸੋਧੇ ਦਰਿਆਵਾਂ ਵਿਚ ਸਿੱਧੇ ਹੀ ਨਿਕਾਸਿਆ ਹੈ। ਲੁਧਿਆਣਾ ਦਾ ਬੁੱਢਾ ਨਾਲਾ, ਜੋ ਕਦੇ ਸਤਲੁਜ ਦਰਿਆ ਦੀ ਇਕ ਸਹਾਇਕ ਨਦੀ ਸੀ, ਲੁਧਿਆਣੇ ਦੀਆਂ ਉਦਯੋਗਿਕ ਇਕਾਈਆਂ ਨੇ ਉਸ ਨੂੰ ਨਦੀ ਤੋਂ ਨਾਲੇ ਵਿਚ ਤਬਦੀਲ ਕਰ ਦਿੱਤਾ ਹੈ। ਕੀੜੀ ਅਫ਼ਗਾਨਾ ਸ਼ੂਗਰ ਮਿੱਲ ਤੋਂ ਛੱਡੇ ਗਏ ਪ੍ਰਦੂਸ਼ਿਤ ਪਾਣੀ ਨਾਲ 2019 ਵਿਚ ਵੱਡੀ ਗਿਣਤੀ ਵਿਚ ਮੱਛੀਆਂ ਮਰਨ ਦੀ ਘਟਨਾ ਇਸ ਵਰਤਾਰੇ ਦਾ ਇਕ ਛੋਟਾ ਜਿਹਾ ਸਬੂਤ ਹੈ। ਉਦਯੋਗਿਕ ਇਕਾਈਆਂ ਤੋਂ ਦਰਿਆਵਾਂ ਵਿਚ ਨਿਕਾਸੇ ਜਾਂਦੇ ਰਸਾਇਣਾਂ-ਭਰਪੂਰ ਪ੍ਰਦੂਸ਼ਿਤ ਪਾਣੀ ਦਾ ਪੁਖਤਾ ਸਬੂਤ ਕਰੋਨਾ ਮਹਾਮਾਰੀ ਵੇਲੇ ਲੋਕਡਾਊਨ ਨਾਲ ਉਦਯੋਗਿਕ ਇਕਾਈਆਂ ਦੇ ਬੰਦ ਹੋਣ ਨਾਲ ਗੰਗਾ ਅਤੇ ਯਮੁਨਾ ਜਿਹੇ ਦਰਿਆਵਾਂ ਦਾ ਪਾਣੀ ਦਾ ਕੁਦਰਤੀ ਤੌਰ ਉੱਤੇ ਸਾਫ਼ ਹੋ ਜਾਣਾ ਹੈ, ਜੋ ਸਰਕਾਰ ਵੱਲੋਂ ਕਰੋੜਾਂ ਰੁਪਏ ਖ਼ਰਚਕੇ ਸਾਲਾਂ-ਬੱਧੀ ਕੀਤੇ ਗਏ ਉਪਰਾਲਿਆਂ ਨਾਲ ਵੀ ਨਹੀਂ ਹੋਇਆ। ਵੈਸੇ ਵੀ ਨੰਗਲ ਡੈਮ ਤੋਂ ਬਾਅਦ ਸਤਲੁਜ ਦਰਿਆ ਨਾਂਹਮਾਤਰ ਪਾਣੀ ਨਾਲ ਹੀ ਪੰਜਾਬ ਵਿਚੋਂ ਲੰਘਦਾ ਹੈ, ਪਰ ਜੋ ਕੁਝ ਵੀ ਬਚਿਆ ਹੈ ਉਸ ਨੂੰ ਇਸ ਅਖੌਤੀ ਆਰਥਿਕ ਵਿਕਾਸ ਦੀ ਭੇਂਟ ਚੜ੍ਹਨ ਤੋਂ ਬਚਾਉਣ ਵਿਚ ਹੀ ਪੰਜਾਬ ਦੀ ਭਲਾਈ ਹੈ।

ਮੱਤੇਵਾੜਾ ਜੰਗਲ ਅਤੇ ਸਤਲੁਜ ਦਰਿਆ ਤੋਂ ਬਾਅਦ ਤੀਜਾ ਪੱਖ ਜ਼ਮੀਨ ਦਾ ਹੈ। ਇਸ ਉਦਯੋਗਿਕ ਪਾਰਕ ਲਈ ਜਿਨ੍ਹਾਂ ਪਿੰਡਾਂ ਤੋਂ ਜ਼ਮੀਨ ਐਕਵਾਇਰ ਕੀਤੀ ਜਾਣੀ ਹੈ, ਉਹ ਸਾਰੇ ਪਿੰਡ ਸਤਲੁਜ ਦਰਿਆ ਦੇ ਨਾਲ ਲੱਗਦੇ ਖੇਤਰ ਵਿਚ ਸਥਿੱਤ ਹਨ ਜਿਸ ਕਰਕੇ ਧਰਤੀ ਹੇਠਲੇ ਪਾਣੀ ਦਾ ਪੱਧਰ ਕਾਫ਼ੀ ਉੱਚਾ ਹੈ ਅਤੇ ਕਿਸਾਨਾਂ ਨੂੰ ਝੋਨੇ ਦੀ ਫ਼ਸਲ ਲਗਾਉਣ ਵਿਚ ਕੋਈ ਦਿੱਕਤ ਨਹੀਂ ਆ ਰਹੀ ਹੈ, ਜਦੋਂ ਕਿ ਪੰਜਾਬ ਦੇ ਤਿੰਨ-ਚੌਥਾਈ ਤੋਂ ਵਧ ਕਮਿਊਨਟੀ ਵਿਕਾਸ ਖੰਡਾਂ ਵਿਚ ਧਰਤੀ ਹੇਠਲਾ ਪਾਣੀ ਖ਼ਤਰਨਾਕ ਪੱਧਰ ਤੱਕ ਹੇਠਾਂ ਜਾ ਚੁੱਕਿਆ ਹੈ। ਪੰਜਾਬ ਐ-ਗਰੀਕਲਚਰਲ ਯੂਨੀਵਰਸਿਟੀ, ਲੁਧਿਆਣਾ ਦੇ ਵਿਦਵਾਨਾਂ ਦੁ-ਆਰਾ ਕੀਤੇ ਗਏ ਇਕ ਖੋਜ ਅਧਿਐਨ ਨੇ ਇਹ ਤੱਥ ਸਾਹਮਣੇ ਲਿਆਂਦਾ ਹੈ ਕਿ ਪੰਜਾਬ ਵਿਚ ਧਰਤੀ ਹੇਠਲਾ ਪਾਣੀ ਦੀ ਆਉਣ ਵਾਲੇ 17 ਸਾਲਾਂ ਵਿਚ ਖ਼ਤਮ ਹੋ ਜਾਣ ਦੀ ਸੰਭਾਵਨਾ ਹੈ। ਜੇਕਰ ਅਜਿਹਾ ਹੁੰਦਾ ਹੈ ਤਾਂ ਇਸ ਦੇ ਭਿਆਨਕ ਨਤੀਜੇ ਅਕਹਿ ਅਤੇ ਅਸਹਿ ਹੋਣਗੇ।

ਇਸ ਉਦਯੋਗਿਕ ਪਾਰਕ ਲਈ ਸੇਖੋਵਾਲ ਨਾਂ ਦੇ ਪਿੰਡ ਦੀ ਘਰਾਂ ਅਤੇ ਪਸ਼ੂਆਂ ਦੇ ਚਾਰੇ ਲਈ ਸਿਰਫ਼ 100 ਏਕੜ ਜ਼ਮੀਨ ਨੂੰ ਛੱਡਕੇ ਬਾਕੀ ਦੀ ਸਾਰੀ ਐਕਵਾਇਰ ਹੋ ਚੁੱਕੀ ਹੈ। ਪਿੰਡ ਦੇ ਲੋਕਾਂ ਕੋਲ ਖੇਤੀ ਤੋਂ ਇਲਾਵਾ ਆਪਣਾ ਜੀਵਨ-ਨਿਰਬਾਹ ਕਰਨ ਲਈ ਹੋਰ ਕੋਈ ਰੁਜ਼ਗਾਰ ਨਹੀਂ ਹੈ। ਇਨ੍ਹਾਂ ਲੋਕਾਂ ਦੇ ਰੁਜ਼ਗਾਰ ਬਾਰੇ ਸਰਕਾਰ ਨੇ ਕੋਈ ਯੋਜਨਾ ਉਲੀਕੀ ਹੈ ਜਾਂ ਨਹੀਂ ਉਸਦਾ ਕਿਸੇ ਨੂੰ ਕੋਈ ਪਤਾ ਨਹੀਂ।

ਪੰਜਾਬ ਸਰਕਾਰ ਨੂੰ ਚਾਹੀਦਾ ਹੈ ਕਿ ਰਾਜ ਦੇ ਆਰਥਿਕ ਵਿਕਾਸ ਲਈ ਉਦਯੋਗਿਕ ਪਾਰਕ ਤਾਂ ਬਣਾਵੇ, ਪਰ ਕੁਦਰਤੀ ਸਰੋਤਾਂ ਦਾ ਉਜਾੜਾ ਨਾ ਕਰੇ। ਇਸ ਸੰਬੰਧ ਵਿਚ ਇਹ ਤੱਥ ਧਿਆਨ ਵਿਚ ਰੱਖਣਾ ਬਹੁਤ ਜ਼ਰੂਰੀ ਹੈ ਕਿ ਪੰਜਾਬ ਦੇ ਉਦਯੋਗਿਕ ਵਿਕਾਸ ਲਈ ਮੁੱਖ ਤਰਜੀਹ ਐਗਰੋ-ਪ੍ਰੋਸੈਸਿੰਗ ਉਦਯੋਗਿਕ ਇਕਾਈਆਂ ਨੂੰ ਦਿੱਤੀ ਜਾਵੇ ਜਿਨ੍ਹਾਂ ਨੂੰ ਪੰਜਾਬ ਦੇ ਪਿੰਡਾਂ ਦੇ ਲੋਕ ਆਪਣੇ ਘਰਾਂ ਜਾਂ ਸਾਂਝੀਆਂ ਥਾਵਾਂ ਉੱਤੇ ਸ਼ੁਰੂ ਕਰ ਸਕਦੇ ਹਨ। ਮਾਰਚ 2022 ਵਿਚ ਪੰਜਾਬ ਦੀ ਐਂਸਬਲੀ ਲਈ ਹੋਈਆਂ ਚੋਣਾਂ ਵਿਚ ਆਮ ਆਦਮੀ ਪਾਰਟੀ ਨੇ 117 ਹਲਕਿਆਂ ਵਿਚੋਂ 92 ਹਲਕਿਆਂ ਵਿਚ ਜਿੱਤ ਪ੍ਰਾਪਤ ਕਰਕੇ ਆਪਣੀ ਸਰਕਾਰ ਬਣਾਈ ਹੈ। 26 ਜੂਨ 2022 ਨੂੰ ਸੰਗਰੂਰ ਦੀ ਲੋਕ ਸਭਾ ਦੀ ਸੀਟ ਦੇ ਆਏ ਚੋਣ ਨਤੀਜੇ ਨੇ ਪੰਜਾਬ ਦੀ ਆਮ ਆਦਮੀ ਪਾਰਟੀ ਦੀ ਸਰਕਾਰ ਨੂੰ ਲੋਕਾਂ ਨਾਲ ਕੀਤੇ ਵਾਅਦਿਆਂ ਤੋਂ ਵੀ ਅੱਗੇ ਜਾ ਕੇ ਲੋਕ-ਕਲਿਆਣ ਦੇ ਕੰਮ ਕਰਨ ਦਾ ਸਖ਼ਤ ਸੁਨੇਹਾ ਦਿੱਤਾ ਹੈ। ਪੰਜਾਬ ਵਿਚ ਹਕੂਮਤ ਕਰ ਰਹੀ ਆਮ ਆਦਮੀ ਪਾਰਟੀ ਨੇ ਰਾਜ ਸਭਾ ਵਿਚ ਭੇਜੇ ਗਏ ਛੇ ਮੈਂਬਰਾਂ ਵਿਚ ਪੰਜਾਬ ਦੇ ਵਾਤਾਵਰਨ ਨੂੰ ਬਚਾਉਣ ਲਈ ਸਭ ਤੋਂ ਅੱਗੇ ਹੋ ਕੇ ਕੰਮ ਕਰਨ ਵਾਲੇ ਸੰਤ ਬਲਬੀਰ ਸਿੰਘ ਸੀਚੇਵਾਲ ਨੂੰ ਸ਼ਾਮਲ ਕਰਕੇ ਇਕ ਬਹੁਤ ਹੀ ਪ੍ਰਸ਼ੰਸਾਯੋਗ ਕੰਮ ਕੀਤਾ ਹੈ।

ਸੰਤ ਸੀਚੇਵਾਲ ਨੇ ਪੰਜਾਬ ਦੇ ਸਤਲੁਜ ਦਰਿਆ ਦੀ ਇਕ ਸਹਾਇਕ-ਨਦੀ ਕਾਲੀ ਵੇਈਂ ਨੂੰ 160 ਕਿਲੋਮੀਟਰ ਦੀ ਲੰਬਾਈ ਵਿਚ ਸਾਫ਼ ਕਰ ਕੇ ਸਮਾਜ, ਰਾਜ, ਅਤੇ ਕੇਂਦਰ ਸਰਕਾਰਾਂ ਦਾ ਧਿਆਨ ਵਾਤਾਵਰਨ ਨੂੰ ਸਵੱਛ ਬਣਾਉਣ ਵੱਲ ਦਿਵਾਇਆ ਹੈ। ਉਨ੍ਹਾਂ ਨੇ ਪਿੰਡ ਦੇ ਛੱਪੜਾਂ/ਟੋਭਿਆਂ ਦੇ ਪਾਣੀ ਨੂੰ ਸਾਫ਼ ਕਰਕੇ ਵਰਤੋਂ ਵਿਚ ਲਿਆਉਣ ਲਈ ਜਿਹੜੀ ਵਿਧੀ ਵਿਕਸਤ ਕੀਤੀ ਉਸ ਦੀ ਕਾਮਯਾਬੀ ਨੇ ਇਸ ਕੰਮ ਨੂੰ 'ਸੀਚੇਵਾਲ ਮਾਡਲ' ਦਾ ਨਾਮ ਦਿਵਾਇਆ। ਸੰਤ ਸੀਚੇਵਾਲ ਦੁਆਰਾ ਕੀਤੀਆਂ ਗਈਆਂ ਸੇਵਾਵਾਂ ਨੂੰ ਧਿਆਨ ਵਿਚ ਰੱਖਦੇ ਹੋਏ 26 ਜਨਵਰੀ 2017 ਨੂੰ ਉਸ ਸਮੇਂ ਦੇ ਭਾਰਤ ਦੇ ਰਾਸ਼ਟਰਪਤੀ ਪ੍ਰਣਬ ਮੁਖਰਜੀ ਨੇ ਉਨ੍ਹਾਂ ਨੂੰ ਪਦਮਸ਼੍ਰੀ ਸਨਮਾਨ ਨਾਲ ਨਿਵਾਜਿਆ। ਮੱਤੇਵਾੜਾ ਜੰਗਲ ਦੇ ਇਤਿਹਾਸਕ-ਧਾਰਮਿਕ, ਧਰਤੀ ਹੇਠਲੇ ਪਾਣੀ, ਜੀਵ-ਵਿਭਿੰਨਤਾ, ਵਾਤਾਵਰਨ ਸਵੱਛਤਾ, ਅਤੇ ਹੋਰ ਪੱਖਾਂ ਨੂੰ ਧਿਆਨ ਵਿਚ ਰੱਖਦੇ ਹੋਏ ਹੁਣ ਦੀ ਆਮ ਆਦਮੀ ਪਾਰਟੀ ਦੀ ਪੰਜਾਬ ਸਰਕਾਰ ਨੂੰ ਪਿਛਲੀ ਸਰਕਾਰ ਦੁਆਰਾ ਮੱਤੇਵਾੜਾ ਜੰਗਲ ਦੇ ਨੇੜੇ ਉਦਯੋਗਿਕ ਪਾਰਕ ਬਣਾਉਣ ਦੀ ਦਿੱਤੀ ਗਈ ਮਨਜ਼ੂਰੀ ਨੂੰ ਰੱਦ ਕਰਦੇ ਹੋਏ ਇਸ ਜੰਗਲ ਦੀ ਰਾਖੀ ਕਰਨ ਲਈ ਅੱਗੇ ਆਉਣਾ ਬਣਦਾ ਹੈ।

# ਪੰਜਾਬ ਸਰਕਾਰ ਦੇ ਬਜਟ ਦਾ ਲੇਖਾ-ਜੋਖਾ



ਡਾ. ਗਿਆਨ ਸਿੰਘ
ਸਾਬਕਾ ਪ੍ਰੋਫ਼ੈਸਰ, ਅਰਥ-ਵਿਗਿਆਨ ਵਿਭਾਗ,
ਪੰਜਾਬੀ ਯੂਨੀਵਰਸਿਟੀ, ਪਟਿਆਲਾ
91-99156-82196

ਆਮ ਆਦਮੀ ਪਾਰਟੀ (ਆਪ) ਦੀ ਪੰਜਾਬ ਸਰਕਾਰ ਨੇ ਆਪਣਾ ਪਲੇਠਾ ਬਜਟ ਵਿਧਾਨ ਸਭਾ ਵਿਚ ਪੇਸ਼ ਕੀਤਾ ਹੈ। ਕੇਂਦਰ ਅਤੇ ਸੂਬਾ ਸਰਕਾਰਾਂ ਦੇ ਬਜਟਾਂ ਦਾ ਲੇਖਾ-ਜੋਖਾ ਉਨ੍ਹਾਂ ਦੁਆਰਾ ਚੋਣਾਂ ਜਿੱਤਕੇ ਸਰਕਾਰ ਬਣਾਉਣ ਤੋਂ ਪਹਿਲਾਂ ਲੋਕਾਂ ਨਾਲ ਕੀਤੇ ਵਾਅਦਿਆਂ, ਹੁਣ ਕੀਤੇ ਜਾਂਦੇ ਦਾਅਵਿਆਂ, ਅਤੇ ਆਉਣ ਵਾਲੇ ਸਮੇਂ ਲਈ ਕੀਤੇ ਜਾਂਦੇ ਨਵੇਂ ਵਾਅਦਿਆਂ ਦੇ ਸੰਬੰਧ ਵਿਚ ਕੀਤਾ ਜਾਂਦਾ ਹੈ। ਪੰਜਾਬ ਵਿਚ ਆਪ ਦੀ ਇਹ ਪਹਿਲੀ ਸਰਕਾਰ ਹੈ। ਪੰਜਾਬ ਦੀਆਂ ਵਿਧਾਨ ਸਭਾ ਚੋਣਾਂ ਜਿੱਤਣ ਲਈ ਆਪ ਨੇ ਦੂਜੀਆਂ ਰਾਜਸੀ ਪਾਰਟੀਆਂ ਤੋਂ ਅਲੱਗ ਹੁੰਦੇ ਹੋਏ ਲੋਕਾਂ ਨਾਲ ਕੀਤੇ ਵਾਅਦਿਆਂ ਤੋਂ ਅੱਗੇ ਜਾਂਦੇ ਹੋਏ ਗਰੰਟੀਆਂ ਦੇਣ ਦੀ ਗੱਲ ਕੀਤੀ। ਆਪ ਦੀ ਪੰਜਾਬ ਸਰਕਾਰ ਦੇ ਪਲੇਠੇ ਬਜਟ ਦੇ ਲੇਖਾ-ਜੋਖਾ ਆਪ ਦੁਆਰਾ ਦਿੱਤੀਆਂ ਗਈਆਂ ਗਰੰਟੀਆਂ, ਅਤੇ ਇੱਥੋਂ ਦੇ ਲੋਕਾਂ ਦੁਆਰਾ ਝੱਲੀਆਂ ਜਾ ਰਹੀਆਂ ਸਮੱਸਿਆਵਾਂ ਦੇ ਹੱਲ ਕਰਨ ਦੇ ਸੰਬੰਧ ਵਿਚ ਕਰਨਾ ਉੱਚਿਤ ਹੋਵੇਗਾ।

ਆਪ ਦਾ ਦਾਅਵਾ ਹੈ ਕਿ ਉਸ ਦੁਆਰਾ (ੳ) ਉੱਚੇ ਮਿਆਰ ਦੀ ਵਿੱਦਿਆ; (ਅ) ਉੱਚੇ ਮਿਆਰ ਦੀਆਂ ਸਿਹਤ-ਸੰਭਾਲ ਸੇਵਾਵਾਂ; (ੲ) ਹਰੇਕ ਪਰਿਵਾਰ ਲਈ 300 ਯੂਨਿਟ ਬਿਜਲੀ ਮੁਫ਼ਤ; (ਸ) ਸ਼ਹੀਦ ਹੋਏ ਫੌਜੀਆਂ ਦੇ ਪਰਿਵਾਰਾਂ ਲਈ ਵਧਾਇਆ ਹੋਇਆ ਮੁਆਵਜ਼ਾ; ਅਤੇ (ਹ) 18 ਸਾਲ ਤੋਂ ਉੱਪਰ ਉਮਰ ਦੀਆਂ ਸਾਰੀਆਂ ਔਰਤਾਂ ਨੂੰ 1000 ਰੁਪਏ ਪ੍ਰਤਿ ਮਹੀਨਾ ਦੇਣ ਦੀਆਂ ਦਿੱਤੀਆਂ ਗਈਆਂ ਪੰਜ ਗਰੰਟੀਆਂ ਵਿਚੋਂ ਚਾਰ ਗਰੰਟੀਆਂ ਇਸ ਬਜਟ ਵਿਚ ਪੂਰੀਆਂ ਕਰ ਦਿੱਤੀਆਂ ਗਈਆਂ ਹਨ। ਪੰਜਵੀਂ ਗਰੰਟੀ ਦੇ ਜਲਦੀ ਪੂਰਾ ਕਰਨ ਸੰਬੰਧੀ ਆਖਿਆ ਗਿਆ ਹੈ।

ਜੇਕਰ ਉੱਚੇ ਮਿਆਰ ਦੀ ਵਿੱਦਿਆ ਕਿਸੇ ਵਿਅਕਤੀ ਦੀ ਜ਼ਿੰਦਗੀ ਦੀ ਪੂਰਨ ਕਾਇਆ-ਕਲਪ ਨਾ ਵੀ ਕਰ ਸਕਦੀ ਹੋਵੇ, ਤਾਂ ਉਹ ਉਸ ਵਿਅਕਤੀ ਨੂੰ ਆਪਣੀਆਂ ਸਮੱਸਿਆਵਾਂ ਨੂੰ ਸਮਝਣ ਅਤੇ ਉਨ੍ਹਾਂ ਦੇ ਹੱਲ ਲਈ ਸੇਧ ਜ਼ਰੂਰ ਦਿੰਦੀ ਹੈ। ਇਸ ਸੰਬੰਧ ਵਿਚ ਸਰਕਾਰੀ ਸਕੂਲਾਂ ਦੇ ਵਿਦਿਆਰਥੀਆਂ ਨੂੰ ਮੁਫ਼ਤ ਵਰਦੀਆਂ ਅਤੇ ਕਿਤਾਬਾਂ ਦੇਣ ਦਾ ਐਲਾਨ ਪ੍ਰਸ਼ੰਸਾਯੋਗ ਹੈ ਕਿਉਂਕਿ ਇਨ੍ਹਾਂ ਸਕੂਲਾਂ ਵਿਚ ਬਹੁਤ ਵੱਡੀ ਗਿਣਤੀ ਬੱਚੇ ਗ਼ਰੀਬ ਘਰਾਂ ਤੋਂ ਆਉਂਦੇ ਹਨ। ਸਾਰੇ ਸਰਕਾਰੀ ਸਕੂਲਾਂ ਵਿਚੋਂ 500 ਸਕੂਲਾਂ ਵਿਚ ਮਾਡਰਨ ਡਿਜਟੀਲ ਕਲਾਸ ਰੂਮਜ਼ ਬਣਾਉਣ ਅਤੇ 100 ਸਕੂਲਾਂ ਨੂੰ ਨਾਮਵਰੀ ਸਕੂਲ ਬਣਾਉਣ ਦੇ ਸੰਬੰਧ ਵਿਚ ਧਿਆਨ ਮੰਗਦਾ ਪੱਖ ਇਹ ਹੈ ਕਿ ਸਾਰੇ ਸਰਕਾਰੀ ਸਕੂਲਾਂ ਦੇ ਮਿਆਰ ਨੂੰ ਉੱਚਾ ਚੁੱਕਣ ਲਈ ਉਪਰਾਲੇ ਕਰਨੇ ਜ਼ਿਆਦਾ ਬਿਹਤਰ ਹੋਣਗੇ। ਸਕੂਲਾਂ ਦੇ ਇਕ ਸਮੂਹ ਪਿਛੇ ਇਕ ਐਸਟੇਟ ਮੈਨੇਜਰ ਲਗਾਉਣਾ ਸਰਕਾਰੀ ਸਕੂਲਾਂ ਦੀ ਕਾਰਗੁਜ਼ਾਰੀ ਨੂੰ ਸੁਧਾਰਨ ਵਿਚ ਚੰਗਾ ਯੋਗਦਾਨ ਪਾ ਸਕਦਾ ਹੈ। ਸਰਕਾਰੀ ਸਕੂਲਾਂ ਦੀਆਂ ਛੱਤਾਂ ਉੱਪਰ ਸੋਲਰ ਪੈਨਲ ਸਿਸਟਮਜ਼ ਲਗਾਉਣ ਨਾਲ ਇਨ੍ਹਾਂ ਸਕੂਲਾਂ ਦੀਆਂ ਬਿਜਲੀ ਦੀਆਂ ਲੋੜਾਂ ਨੂੰ ਪੂਰਾ ਕਰ ਲਿਆ ਜਾ ਸਕਦਾ ਹੈ, ਪਰ ਇਸ ਉੱਪਰ ਆਉਣ ਵਾਲ਼ੇ ਖ਼ਰਚ ਦਾ ਪ੍ਰਬੰਧ ਕਰਨਾ ਹੋਵੇਗਾ। ਇਸ ਬਜਟ ਵਿਚ ਕਾਲਜਾਂ ਅਤੇ ਯੂਨੀਵਰਸਿਟੀਆਂ ਵਿਚ ਦਿੱਤੀ ਜਾ ਰਹੀ ਵਿੱਦਿਆ ਦਾ ਮਿਆਰ ਉੱਚਾ ਚੁੱਕਣ ਦੇ ਸੰਬੰਧ ਵਿਚ ਕੋਈ ਖ਼ਾਸ ਐਲਾਨ ਨਹੀਂ ਕੀਤੇ ਗਏ। ਪੰਜਾਬ ਦੇ ਸਰਕਾਰੀ ਕਾਲਜਾਂ ਵਿਚ ਪਿਛਲੇ 25-26 ਸਾਲਾਂ ਤੋਂ ਪ੍ਰੋਫ਼ੈਸਰਾਂ ਦੀਆਂ ਨਿਯੁਕਤੀਆਂ ਨਹੀਂ ਕੀਤੀਆਂ ਗਈਆਂ ਹਨ। ਘੱਟ ਤਨਖਾਹਾਂ ਉੱਪਰ ਰੱਖੇ ਗੈਸਟ ਟੀਚਰਾਂ ਦੀ ਮਦਦ ਨਾ਼ਲ ਅਧਿਆਪਨ ਦਾ ਕੰਮ ਚਲਾਇਆ ਜਾ ਰਿਹਾ ਹੈ। ਪੰਜਾਬ ਦੀਆਂ ਸਰਕਾਰੀ ਯੂਨੀਵਰਸਿਟੀਆਂ ਦੇ ਜ਼ਿਆਦਾ ਵਿਭਾਗਾਂ ਵਿਚ ਅਧਿਆਪਨ ਦੀਆਂ ਬਹੁਤ ਅਸਾਮੀਆਂ ਖਾਲੀ ਪਈਆਂ ਹਨ। ਇਸ ਕਰਕੇ ਅਧਿਆਪਨ ਦਾ ਕੰਮ ਗੈਸਟ ਟੀਚਰਾਂ ਅਤੇ ਰਿਸਰਚ ਸਕਲਰਾਂ ਦੁਆਰਾ ਚਲਾਇਆ ਜਾ ਰਿਹਾ ਹੈ। ਪੰਜਾਬ ਸਰਕਾਰ ਨੇ ਇਨ੍ਹਾਂ ਯੂਨੀਵਰਸਿਟੀਆਂ ਨੂੰ ਦਿੱਤੀ ਜਾਂਦੀ ਗਰਾਂਟ ਇਤਨੀ ਘਟਾ ਦਿੱਤੀ ਹੈ ਕਿ ਇੱਥੇ ਕੰਮ ਕਰਦੇ ਅਧਿਆਪਕਾਂ ਅਤੇ ਕਰਮਚਾਰੀਆਂ ਨੂੰ ਤਨਖਾਹ ਅਤੇ ਰਿਟਾਇਰ ਹੋਏ ਕਰਮਚਾਰੀਆਂ ਨੂੰ ਪੈਨਸ਼ਨ ਸਮੇਂ-ਸਿਰ ਨਾ ਮਿਲਣ ਦੀਆਂ ਖ਼ਬਰਾਂ ਅਕਸਰ ਆਉਂਦੀਆਂ ਰਹਿੰਦੀਆਂ ਹਨ।

ਇਸ ਬਜਟ ਵਿਚ ਪੰਜਾਬੀ ਯੂਨੀਵਰਸਿਟੀ, ਪਟਿਆਲਾ ਨੂੰ 200 ਕਰੋੜ ਰੁਪਏ ਦੇਣ ਬਾਰੇ ਕਿਹਾ ਗਿਆ ਹੈ। ਇਸ ਤੋਂ ਪਹਿਲੀ ਸਰਕਾਰ ਦੇ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਪੰਜਾਬੀ ਯੂਨੀਵਰਸਿਟੀ ਸਿਰ ਚੜ੍ਹੇ 150 ਕਰੋੜ ਦੇ ਕਰਜ਼ੇ ਨੂੰ ਸਰਕਾਰ ਸਿਰ ਲੈਣ ਅਤੇ ਮਹੀਨਾਵਾਰ ਗਰਾਂਟ 9 ਕਰੋੜ ਰੁਪਏ ਤੋਂ ਵਧਾਕੇ 20 ਕਰੋੜ ਰੁਪਏ ਕਰਨ ਦਾ ਐਲਾਨ ਕਰਕੇ ਮੀਡੀਆ ਵਿਚ ਬਹੁਤ ਪ੍ਰਸ਼ੰਸਾ ਕਰਵਾਈ ਸੀ। ਇਹ ਐਲਾਨ ਉਨ੍ਹਾਂ ਦੇ ਮੁੱਖ ਮੰਤਰੀ ਰਹਿੰਦੇ ਹੋਏ ਕਦੇ ਵੀ ਪੂਰਾ ਨਾ ਹੋਇਆ। ਹੁਣ ਵਾ਼ਲਾ 200 ਕਰੋੜ ਰੁਪਏ ਦੇ ਐਲਾਨ ਵਿਚ ਸਪਸ਼ਟੀਕਰਨ ਦੀ ਲੋੜ ਹੈ। ਵਿੱਤੀ ਸਾਲ 2021-22 ਵਿਚ ਵੀ ਪੰਜਾਬੀ ਯੂਨੀਵਰਸਿਟੀ, ਪਟਿਆਲਾ ਲਈ 215 ਕਰੋੜ ਦੇਣ ਦਾ ਐਲਾਨ ਕੀਤਾ ਗਿਆ ਸੀ, ਪਰ 207 ਕਰੋੜ ਰੁਪਏ ਵੱਖ ਵੱਖ ਮੱਦਾਂ ਲਈ ਆਏ ਸਨ। ਜੇਕਰ ਹੁਣ ਦੇ ਬਜਟ ਵਿਚ 200 ਕਰੋੜ ਰੁਪਏ 2021-22 ਦੇ ਬਜਟ ਵਾਂਗ ਹਨ ਤਾਂ ਇਹ ਪਿਛਲੇ ਵਿੱਤੀ ਸਾਲ ਨਾਲੋਂ ਵੀ 7 ਕਰੋੜ ਰੁਪਏ ਘੱਟ ਹਨ। ਜੇਕਰ ਇਹ ਰਾਸ਼ੀ ਯੂਨੀਵਰਸਿਟੀ ਦਾ ਕਰਜ਼ਾ ਲਾਹੁਣ ਲਈ ਹੈ ਤਾਂ ਉਸਦੀ ਪ੍ਰਸ਼ੰਸ਼ਾ ਕਰਨੀ ਬਣਦੀ ਹੈ, ਪਰ ਇਸਦੇ ਨਾ਼ਲ ਨਾ਼ਲ ਮਹੀਨਾਵਾਰ ਗਰਾਂਟ ਨੂੰ ਯੂਨੀਵਰਸਿਟੀ ਦੀਆਂ ਲੋੜਾਂ ਅਨੁਸਾਰ ਵਧਾਉਣਾ ਜ਼ਰੂਰੀ ਹੈ। ਇਹ ਯੂਨੀਵਰਸਿਟੀ ਪੰਜਾਬ ਦੇ ਪੇਂਡੂ ਖੇਤਰ, ਖ਼ਾਸ ਮਾਲਵਾ, ਦੇ ਵਿਦਿਆਰਥੀਆਂ ਨੂੰ ਉੱਚ ਵਿੱਦਿਆ ਪ੍ਰਦਾਨ ਕਰਦੀ ਹੈ। ਪੇਂਡੂ ਖੇਤਰ ਤੋਂ ਪੜ੍ਹਨ ਆ ਰਹੇ ਵਿਦਿਆਰਥੀ ਆਮ ਤੌਰ ਉੱਤੇ ਨੀਵੇਂ ਅਤੇ ਦਰਮਿਆਨੇ ਆਮਦਨ ਵਰਗਾਂ ਨਾਲ ਸੰਬੰਧਤ ਹਨ। ਇਨ੍ਹਾਂ ਵਿਦਿਆਰਥੀਆਂ ਤੋਂ ਲਈਆਂ ਜਾਂਦੀਆਂ ਫੀਸਾਂ ਨੂੰ ਘਟਾਉਣ ਲਈ ਵੀ ਸਰਕਾਰ ਦੁਆਰਾ ਵਿੱਤੀ ਮਦਦ ਦੀ ਲੋੜ ਹੈ। ਯੂਨੀਵਰਸਿਟੀਆਂ ਡਿਗਰੀ ਵਿੱਦਿਆ ਦੇਣ ਦੇ ਨਾ਼ਲ ਨਾ਼ਲ ਖੋਜ ਅਤੇ ਵਿਸਥਾਰ ਦੇ ਕੰਮ ਕਰਦੀਆਂ ਹਨ ਜਿਹੜੇ ਸੂਬੇ ਅਤੇ ਮੁਲਕ ਦੇ ਆਰਥਿਕ ਵਿਕਾਸ ਵਿਚ ਸਹਾਈ ਹੋ ਰਹੇ ਹਨ। ਇਸ ਲਈ ਪੰਜਾਬ ਸਰਕਾਰ ਦੁਆਰਾ ਯੂਨੀਵਰਸਿਟੀਆਂ ਨੂੰ ਇਨ੍ਹਾਂ ਕਾਰਜਾਂ ਲਈ ਵਿੱਤੀ ਮਦਦ ਦੇਣੀ ਬਣਦੀ ਹੈ।

ਵਿਅਕਤੀਆਂ ਦੀ ਕਾਰਜਕੁਸ਼ਲਤਾ ਨੂੰ ਵਧਾਉਣ ਅਤੇ ਬਣਾਈ ਰੱਖਣ ਵਿਚ ਸਿਹਤ-ਸੰਭਾਲ ਸੇਵਾਵਾਂ ਬਹੁਤ ਮਹੱਤਵਪੂਰਨ ਯੋਗਦਾਨ ਪਾਉਂਦੀਆਂ ਹਨ। ਇਸ ਬਜਟ ਵਿਚ ਆਉਣ ਵਾਲੇ ਪੰਜ ਸਾਲਾਂ ਦੌਰਾਨ 16 ਨਵੇਂ ਮੈਡੀਕਲ ਕਾਲਜ ਅਤੇ 2024 ਵਿਚ ਦੋ ਅਤੇ 2027 ਤੱਕ ਤਿੰਨ ਹੋਰ ਸੁਪਰ ਸਪੈਸ਼ਲਟੀ ਹਸਪਤਾਲ ਬਣਾਉਣ ਬਾਰੇ ਕਿਹਾ ਗਿਆ ਹੈ। ਇਸ ਸੰਬੰਧ ਵਿਚ ਇਹ ਨਹੀਂ ਦੱਸਿਆ ਗਿਆ ਕਿ ਇਹ ਮੈਡੀਕਲ ਕਾਲਜ ਅਤੇ ਸੁਪਰ ਸਪੈਸ਼ਲਟੀ ਹਸਪਤਾਲ ਕਿਹੜੇ ਖੇਤਰ ਵਿਚ ਹੋਣਗੇ। ਜੇਕਰ ਇਹ ਕਾਲਜ ਅਤੇ ਹਸਪਤਾਲ ਨਿੱਜੀ ਅਦਾਰਿਆਂ ਦੁਆਰਾ ਬਣਾਏ ਅਤੇ ਚਲਾਏ ਜਾਂਦੇ ਹਨ ਤਾਂ ਆਮ ਲੋਕ ਤਾਂ ਇਨ੍ਹਾਂ ਕਾਲਜਾਂ ਵਿਚ ਆਪਣੇ ਬੱਚਿਆਂ ਨੂੰ ਪੜ੍ਹਾਉਣ ਅਤੇ ਆਪਣਾ ਇਲਾਜ ਕਰਾਉਣ ਦਾ ਸੁਪਨਾ ਵੀ ਨਹੀਂ ਲੈ ਸਕਣਗੇ। ਇਸ ਬਜਟ ਵਿਚ ਪੰਜਾਬ ਵਿਚ 117 ਮੁਹੱਲਾ ਕਲੀਨਿਕ ਬਣਾਉਣ ਬਾਰੇ ਕਿਹਾ ਗਿਆ ਹੈ ਜਿਨ੍ਹਾਂ ਵਿਚੋਂ 75 ਮੁਹੱਲਾ ਕਲੀਨਿਕ 15 ਅਗਸਤ 2022 ਤੋਂ ਕੰਮ ਕਰਨਾ ਸ਼ੁਰੂ ਕਰ ਦੇਣਗੇ। ਚੋਣਾਂ ਦੌਰਾਨ ਚੰਗੀਆਂ ਸਿਹਤ-ਸੰਭਾਲ ਸੇਵਾਵਾਂ ਦੀ ਗਰੰਟੀ ਦਿੰਦੇ ਹੋਏ ਤਾਂ ਸਾਰੇ ਲੋਕਾਂ ਲਈ ਮੁਹੱਲਾ ਕਲੀਨਿਕ ਖੋਲ੍ਹਣ ਬਾਰੇ ਕਿਹਾ ਗਿਆ ਸੀ। ਸਰਕਾਰ ਦੁਆਰਾ ਜਾਰੀ ਕੀਤੇ ਗਏ ਅੰਕੜਿਆਂ ਅਨੁਸਾਰ 10 ਫਰਵਰੀ 2021 ਨੂੰ ਪੰਜਾਬ ਵਿਚ 12673 ਪਿੰਡ ਅਤੇ 237 ਸ਼ਹਿਰ ਅਤੇ ਕਸਬੇ ਹਨ। ਇਨ੍ਹਾਂ ਸਾਰੇ ਪਿੰਡਾਂ ਅਤੇ ਸ਼ਹਿਰਾਂ ਵਿਚ ਮੁਹੱਲਾ ਕਲੀਨਿਕ ਕਦੋਂ ਸਥਾਪਿਤ ਅਤੇ ਕਾਰਜਸ਼ੀਲ ਹੋਣਗੇ? ਪੰਜਾਬ ਦੇ ਪੇਂਡੂ ਅਤੇ ਸ਼ਹਿਰੀ ਖੇਤਰਾਂ ਵਿਚ ਜਿਹੜੇ ਪਰਾਇਮਰੀ ਹੈਲਥ ਸੈਂਟਰ, ਹਸਪਤਾਲ ਅਤੇ ਹੋਰ ਸਿਹਤ-ਸੰਭਾਲ ਸੇਵਾਵਾਂ ਪ੍ਰਦਾਨ ਕਰਨ ਵਾਲੇ ਅਦਾਰੇ ਹਨ ਉਨ੍ਹਾਂ ਵਿਚ ਬੁਨਿਆਦੀ ਢਾਂਚੇ ਦੀਆਂ ਸਹੂਲਤਾਂ, ਡਾਕਟਰਾਂ, ਨਰਸਾ ਅਤੇ ਹੋਰ ਸਟਾਫ਼ ਦੀ ਭਾਰੀ ਕਮੀ ਹੈ ਜਿਸਨੂੰ ਪਹਿਲ ਦੇ ਆਧਾਰ ਉੱਤੇ ਪੂਰਾ ਕਰਨਾ ਬਣਦਾ ਹੈ। ਇਸ ਬਜਟ ਵਿਚ ਦਿੱਲੀ ਦੇ ਪੈਟਰਨ ਉੱਤੇ 'ਫਰਿਸ਼ਤੇ ਸਕੀਮ' ਨੂੰ ਚਲਾਉਣ ਬਾਰੇ ਕਿਹਾ ਗਿਆ ਜੋ ਬਹੁਤ ਹੀ ਪ੍ਰਸ਼ੰਸ਼ਾਯੋਗ ਹੈ। ਇਸ ਸਕੀਮ ਅਨੁਸਾਰ ਪੰਜਾਬ ਦੀਆਂ ਸੜਕਾਂ ਉੱਪਰ ਹੋਏ ਹਾਦਸਿਆਂ ਦੇ ਸ਼ਿਕਾਰ ਲੋਕਾਂ ਦੇ ਇਲਾਜ ਦਾ ਸਾਰਾ ਖ਼ਰਚ ਪੰਜਾਬ ਸਰਕਾਰ ਦੇਵੇਗੀ ਅਤੇ ਇਨ੍ਹਾਂ ਲੋਕਾਂ ਨੂੰ ਹਸਪਤਾਲ ਵਿਚ ਦਾਖ਼ਲ ਕਰਵਾਉਣ ਵਾਲਿਆਂ ਨੂੰ ਪ੍ਰਸੰਸਾ-ਪੱਤਰ ਦਿੱਤੇ ਜਾਣਗੇ।



ਸ਼ਹੀਦ ਹੋਏ ਫੌਜੀਆਂ ਦੇ ਪਰਿਵਾਰਾਂ ਨੂੰ ਦਿੱਤਾ ਜਾਣ ਵਾ਼ਲਾ ਮੁਆਵਜ਼ਾ ਵਧਾਉਣ ਦਾ ਐਲਾਨ ਬਹੁਤ ਪ੍ਰਸ਼ੰਸਾ ਵਾਲਾ ਹੈ। ਫੌਜੀ ਜਿਉਂਦੇ ਹੋਏ ਮੁਲਕ ਦੀ ਸੇਵਾ ਕਰਦੇ ਹਨ ਅਤੇ ਉਨ੍ਹਾਂ ਦੇ ਮੁਲਕ ਲਈ ਸ਼ਹੀਦ ਹੋਣ ਤੋਂ ਬਾਅਦ ਉਨ੍ਹਾਂ ਦੇ ਪਰਿਵਾਰਾਂ ਨੂੰ ਹਰ ਤਰ੍ਹਾਂ ਦੀ ਮਦਦ ਦੀ ਲੋੜ ਹੁੰਦੀ ਹੈ।

ਬਿਜਲੀ ਦੇ 300 ਯੂਨਿਟ ਮੁਫ਼ਤ ਦੇਣ ਦੀ ਗਰੰਟੀ ਦੇ ਸੰਬੰਧ ਵਿਚ ਸਪਸ਼ਟੀਕਰਨ ਆਉਣਾ ਬਾਣੀ ਹੈ ਕਿ ਇਹ ਰਿਆਇਤ ਕੀਹਨਾਂ ਨੂੰ ਮਿਲੇਗੀ। ਇਹ ਗਰੰਟੀ ਤਾਂ ਵੋਟ ਬੈਂਕ ਵਾਲੀ ਪ੍ਰਤੀਤ ਹੁੰਦੀ ਹੈ ਕਿਉਂਕਿ ਲੋਕਾਂ ਨੇ ਅਜਿਹੀ ਮੰਗ ਕੀਤੀ ਹੀ ਨਹੀਂ ਸੀ। ਮੁਫ਼ਤ ਬਿਜਲੀ ਦੇਣ ਨਾਲ 1800 ਕਰੋੜ ਰੁਪਏ ਖ਼ਰਚ ਆਉਣ ਦਾ ਅਨੁਮਾਨ ਲਗਾਇਆ ਗਿਆ ਜਿਹੜਾ ਪੰਜਾਬ ਦੇ ਘਾਟੇ ਵਾ਼ਲੇ ਬਜਟ ਵਿਚ ਹੋਰ ਵਾਧਾ ਕਰੇਗਾ। ਇਸ ਸਕੀਮ ਨੂੰ 1 ਜੁਲਾਈ 2022 ਤੋਂ ਲਾਗੂ ਕਰਨ ਦਾ ਐਲਾਨ ਵੀ ਕਰ ਦਿੱਤਾ ਗਿਆ ਹੈ।

ਆਪ ਦੇ ਬਜਟ ਵਿਚ ਇਕ ਗਰੰਟੀ ਸ਼ਾਮਲ ਨਹੀਂ ਕੀਤੀ ਗਈ ਜਿਸ ਅਨੁਸਾਰ ਪੰਜਾਬ ਦੀਆਂ 18 ਸਾਲ ਤੋਂ ਉੱਪਰ ਦੀਆਂ ਸਾਰੀਆਂ ਔਰਤਾਂ ਨੂੰ 1000 ਰੁਪਏ ਪ੍ਰਤਿ ਮਹੀਨਾ ਦੇਣ ਬਾਰੇ ਕਿਹਾ ਗਿਆ ਸੀ। ਇਹ ਗਰੰਟੀ ਵੀ ਵੋਟ ਬੈਂਕ ਪੱਕਾ ਕਰਨ ਵਾ਼ਲੀ ਹੈ ਕਿਉਂਕਿ ਪੰਜਾਬ ਦੀਆਂ ਔਰਤਾਂ ਦੇ ਕਿਸੇ ਵੀ ਸਮੂਹ ਨੇ ਕਦੇ ਵੀ ਅਜਿਹੀ ਮੰਗ ਕੀਤੀ ਹੀ ਨਹੀਂ। ਔਰਤਾਂ ਦੀ ਭਲਾਈ ਲਈ ਉਨ੍ਹਾਂ ਨੂੰ ਵਿੱਦਿਆ ਅਤੇ ਰੁਜ਼ਗਾਰ ਦੇਣ ਦੇ ਨਾ਼ਲ ਨਾ਼ਲ ਉਨ੍ਹਾਂ ਨਾ਼ਲ ਔਰਤਾਂ ਹੋਣ ਕਰਕੇ ਕੀਤਾ ਜਾਣ ਵਾਲਾ ਵਿਤਕਰਾ ਰੋਕਣ ਦੀ ਸਖ਼ਤ ਲੋੜ ਹੈ। ਇਸ ਗਰੰਟੀ ਨੂੰ ਪੂਰਾ ਕਰਨ ਲਈ ਵਿੱਤ ਦਾ ਪ੍ਰਬੰਧ ਕਿੱਥੋਂ ਹੋਵੇਗਾ?

ਪੰਜਾਬ ਦੇ ਲੋਕਾਂ ਨੂੰ ਰੁਜ਼ਗਾਰ ਦੇਣ ਦੇ ਸੰਬੰਧ ਵਿਚ ਇਸ ਬਜਟ ਵਿਚ ਕੀਤੇ ਗਏ ਦੋ ਐਲਾਨ ਵਧੀਆ ਹਨ। ਪਹਿਲੇ ਐਲਾਨ ਅਨੁਸਾਰ 25454 ਵਿਅਕਤੀਆਂ ਦੀ ਤਾਜ਼ਾ ਭਰਤੀ ਕੀਤੀ ਜਾਵੇਗੀ, ਜਦੋਂ ਕਿ ਦੂਜੇ ਐਲਾਨ ਅਨੁਸਾਰ ਲੰਮੇ ਸਮੇਂ ਤੋਂ ਪੰਜਾਬ ਸਰਕਾਰ ਲਈ ਠੇਕੇ ਉੱਪਰ ਕੰਮ ਕਰਦੇ 36000 ਕਿਰਤੀਆਂ ਨੂੰ ਪੱਕਾ ਕੀਤਾ ਜਾਵੇਗਾ। ਪੰਜਾਬ ਵਿਚ ਬੇਰੁਜ਼ਗਾਰੀ ਵੱਡੇ ਪੱਧਰ ਉੱਪਰ ਅਤੇ ਪ੍ਰਾਪਤ ਰੁਜ਼ਗਾਰ ਦਾ ਮਿਆਰ ਬਹੁਤ ਨੀਵਾਂ ਹੈ। ਰੁਜ਼ਗਾਰ ਸੰਬੰਧੀ ਇਨ੍ਹਾਂ ਦੋਹਾਂ ਪੱਖਾਂ ਕਰਕੇ ਬਹੁਤ ਵੱਡੀ ਗਿਣਤੀ ਵਿਚ ਨੌਜਵਾਨ ਮੁੰਡੇ ਅਤੇ ਕੁੜੀਆਂ ਬਾਹਰਲੇ ਮੁਲਕਾਂ ਨੂੰ ਪਰਵਾਸ ਕਰ ਰਹੇ ਹਨ। ਇਹ ਕੌਮਾਂਤਰੀ ਪਰਵਾਸ ਪੰਜਾਬ ਅਤੇ ਪੂਰੇ ਮੁਲਕ ਲਈ ਬੌਧਿਕ ਅਤੇ ਪੂੰਜੀ ਹੂੰਝਿਆਂ, ਅਤੇ ਜਨਸੰਖਿਅਕ ਲਾਭ-ਅੰਸ਼ ਦੇ ਨੁਕਸਾਨ ਦੇ ਰੂਪ ਵਿਚ ਸਾਹਮਣੇ ਆ ਰਿਹਾ ਹੈ।

1960ਵਿਆਂ ਦੌਰਾਨ ਮੁਲਕ ਵਿਚ ਅਨਾਜ ਪਦਾਰਥਾਂ ਦੀ ਭਾਰੀ ਥੁੜ੍ਹ ਉੱਤੇ ਕਾਬੂ ਪਾਉਣ ਲਈ ਪੰਜਾਬ ਨੇ ਅਹਿਮ ਭੂਮਿਕਾ ਨਿਭਾਈ। ਉਸ ਤੋਂ ਬਾਅਦ ਹੁਣ ਤੱਕ ਮੁਲਕ ਦੀ ਅਨਾਜ ਸੁਰੱਖਿਆ ਬਣਾਉਣ ਵਿਚ ਪੰਜਾਬ ਸਭ ਤੋਂ ਮੋਹਰੀ ਸੂਬਾ ਹੈ। ਪੰਜਾਬ ਵੱਖ ਵੱਖ ਸਮੱਸਿਆਵਾਂ ਦਾ ਸਾਹਮਣਾ ਕਰਦੇ ਹੋਏ ਵੀ ਕਣਕ ਅਤੇ ਧਾਨ ਦੇ ਸੰਬੰਧ ਬਹੁਤ ਵੱਡਾ ਯੋਗਦਾਨ ਪਾ ਰਿਹਾ ਹੈ। ਇਸ ਬਜਟ ਵਿਚ ਪੰਜਾਬ ਦੇ ਖੇਤੀਬਾੜੀ ਖੇਤਰ ਲਈ 11560 ਕਰੋੜ ਰੁਪਏ ਰੱਖਣ ਬਾਰੇ ਕਿਹਾ ਗਿਆ ਹੈ। ਇਸ ਰਾਸ਼ੀ ਵਿਚ 6947 ਕਰੋੜ ਰੁਪਏ ਟਿਊਵੈੱਲਾਂ ਨੂੰ ਮੁਫ਼ਤ ਬਿਜਲੀ ਦੇਣ, 450 ਕਰੋੜ ਰੁਪਏ 1500 ਰੁਪਏ ਪ੍ਰਤਿ ਏਕੜ ਦੇ ਹਿਸਾਬ ਨਾਲ ਧਾਨ ਦੀ ਬੀਜ ਤੋਂ ਸਿੱਧੀ ਬਿਜਾਈ ਕਰਨ, 350 ਕਰੋੜ ਰੁਪਏ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੇ ਅਧਿਆਪਕਾਂ ਅਤੇ ਕਰਮਚਾਰੀਆਂ ਨੂੰ ਤਨਖਾਹਾਂ ਅਤੇ ਪੈਂਨਸਨਾਂ ਦੇਣ, 175 ਕਰੋੜ ਰੁਪਏ ਪੰਜਾਬ ਖੇਤੀਬਾੜੀ ਵਿਭਾਗ ਦੇ ਕਰਮਚਾਰੀਆਂ ਦੀਆਂ ਤਨਖਾਹਾਂ ਅਤੇ ਪੈਂਨਸ਼ਨਾਂ, ਅਤੇ ਮੂੰਗੀ ਦੀ ਖ਼ਰੀਦ ਲਈ ਸਿਰਫ਼ 66 ਕਰੋੜ ਰੁਪਏ ਦੀਆਂ ਮੱਦਾਂ ਸ਼ਾਮਲ ਹਨ। ਖੇਤੀਬਾੜੀ ਖੇਤਰ ਉੱਪਰ ਆਪਣੀ ਰੋਜ਼ੀ-ਰੋਟੀ ਲਈ ਨਿਰਭਰ ਕਿਸਾਨਾਂ, ਖੇਤ ਮਜ਼ਦੂਰਾਂ, ਅਤੇ ਪੇਂਡੂ ਛੋਟੇ ਕਾਰੀਗਰਾਂ ਵਿਚੋਂ ਬਹੁਤ ਜ਼ਿਆਦਾ ਦੀ ਹਾਲਤ ਤਰਸਯੋਗ ਬਣੀ ਹੋਈ ਹੈ। ਪੰਜਾਬ ਦੀਆਂ ਤਿੰਨ ਯੂਨੀਵਰਸਿਟੀਆਂ ਦੁਆਰਾ ਕਿਸਾਨਾਂ ਅਤੇ ਖੇਤ ਮਜ਼ਦੂਰਾਂ ਦੀਆਂ ਖ਼ੁਦਕੁਸ਼ੀਆਂ ਬਾਰੇ ਕੀਤੀ ਗਏ ਅਧਿਐਨ ਤੋਂ ਇਹ ਤੱਥ ਸਾਹਮਣੇ ਆਇਆ ਹੈ ਕਿ ਜ਼ਿਆਦਾਤਰ ਸੀਮਾਂਤ-ਛੋਟੇ ਕਿਸਾਨ ਅਤੇ ਖੇਤ ਮਜ਼ਦੂਰ ਖ਼ੁਦਕੁਸ਼ੀਆਂ ਦੇ ਸ਼ਿਕਾਰ ਹੋ ਰਹੇ ਹਨ। ਜਿਹੜੇ ਕਿਸਾਨ ਅਤੇ ਖੇਤ ਮਜ਼ਦੂਰ ਖ਼ੁਦਕੁਸ਼ੀਆਂ ਕਰ ਗਏ ਉਨ੍ਹਾਂ ਦੇ ਪਰਿਵਾਰਾਂ ਨੂੰ ਮੁੜ-ਵਸੇਵੇ ਲਈ ਬਜਟ ਵਿਚ ਕੁਝ ਵੀ ਨਵਾਂ ਨਹੀਂ ਹੈ। ਇਨ੍ਹਾਂ ਖ਼ੁਦਕੁਸ਼ੀਆਂ ਨੂੰ ਰੋਕਣ ਲਈ ਕਿਸੇ ਵੀ ਖ਼ਾਸ ਉਪਾਅ ਦਾ ਜ਼ਿਕਰ ਇਸ ਬਜਟ ਵਿਚ ਨਹੀਂ। ਇਨ੍ਹਾਂ ਖ਼ੁਦਕੁਸ਼ੀਆਂ ਦਾ ਸਭ ਤੋਂ ਅਹਿਮ ਕਾਰਨ ਇਨ੍ਹਾਂ ਵਰਗਾਂ ਸਿਰ ਲਗਾਤਾਰ ਵਧਦਾ ਕਰਜ਼ਾ ਸਾਹਮਣੇ ਆਇਆ ਹੈ। ਇਸ ਬਜਟ ਵਿਚ ਇਨ੍ਹਾਂ ਵਰਗਾਂ ਲਈ ਕਰਜ਼ਾ-ਰਾਹਤ ਦੀ ਕਿਸੇ ਵੀ ਸਕੀਮ ਵੀ ਗੱਲ ਨਹੀਂ ਕੀਤੀ ਗਈ। ਧਾਨ ਦੀ ਸਿੱਧੀ ਬਿਜਾਈ ਕਰਨ ਵਾਲੇ ਕਿਸਾਨਾਂ ਨੂੰ ਤਾਂ 1500 ਰੁਪਏ ਪ੍ਰਤਿ ਏਕੜ ਦੇਣ ਦੀ ਮੱਦ ਹੈ, ਪਰ ਇਸ ਕਾਰਨ ਖੇਤ ਮਜ਼ਦੂਰਾਂ ਦੇ ਰੁਜ਼ਗਾਰ ਅਤੇ ਉਜਰਤ ਦਰਾਂ ਉੱਪਰ ਪੈਣ ਵਾਲੇ ਮਾੜੇ ਪ੍ਰਭਾਵ ਤੋਂ ਰਾਹਤ ਦੇਣ ਦੀ ਕੋਈ ਵੀ ਮੱਦ ਨਹੀਂ ਹੈ। ਧਾਨ ਦੀ ਪਰਾਲੀ ਨੂੰ ਅੱਗ ਲਗਾਉਣ ਤੋਂ ਰੋਕਣ ਲਈ ਸਿਰਫ਼ 200 ਕਰੋੜ ਰੁਪਏ ਦਾ ਪ੍ਰਬੰਧ ਨਿਗੂਣਾ ਦਿਖਾਈ ਦਿੰਦਾ ਹੈ।

ਪੰਜਾਬ ਸਰਕਾਰ ਸਿਰ ਕਰਜ਼ਾ ਲਗਾਤਾਰ ਵਧ ਰਿਹਾ ਹੈ। ਇਸ ਬਜਟ ਅਨੁਸਾਰ 2021-22 ਦੌਰਾਨ ਇਹ ਕਰਜ਼ਾ 263265 ਕਰੋੜ ਰੁਪਏ ਸੀ ਜਿਸਦੇ 2022-23 ਵਿਚ 284870 ਕਰੋੜ ਰੁਪਏ ਹੋਣ ਦਾ ਅਨੁਮਾਨ ਹੈ। ਪੰਜਾਬ ਸਰਕਾਰ ਸਿਰ ਇਸ ਕਰਜ਼ੇ ਤੋਂ ਬਿਨਾਂ ਬੋਰਡਾਂ ਅਤੇ ਕਾਰਪੋਰੇਸ਼ਨਾਂ ਸਿਰ 55000 ਕਰੋੜ ਰੁਪਏ ਦਾ ਕਰਜ਼ਾ ਅਤੇ ਪੰਜਾਬ ਸਰਕਾਰ ਦੁਆਰਾ 22500 ਕਰੋੜ ਰੁਪਏ ਦੇ ਕਰਜ਼ੇ ਦੀਆਂ ਦਿੱਤੀਆਂ ਗਰੰਟੀਆਂ ਹਨ। ਆਪ ਸਰਕਾਰ ਨੇ ਪਹਿਲੇ ਤਿੰਨ ਮਹੀਨਿਆਂ ਵਿਚ 8000 ਕਰੋੜ ਰੁਪਏ ਦਾ ਕਰਜ਼ਾ ਹੋਰ ਲਿਆ ਹੈ। ਪੰਜਾਬ ਸਰਕਾਰ ਸਿਰ ਕਰਜ਼ਾ ਸੂਬੇ ਦੇ ਕੁੱਲ ਘਰੇਲੂ ਉਤਪਾਦ ਦਾ 45 ਫ਼ੀਸਦ ਬਣਦਾ ਹੈ ਜੋ ਸੂਬੇ ਦੇ ਕਰਜ਼ੇ ਦੇ ਮੱਕੜ-ਜਾਲ ਵੱਲ ਵਧਣ ਦਾ ਇਸ਼ਾਰਾ ਕਰਦਾ ਹੈ। 2022-23 ਦੇ ਬਜਟ ਵਿਚ ਸੂਬੇ ਦੀ ਆਮਦਨ 95378 ਕਰੋੜ ਰੁਪਏ ਅਤੇ ਖ਼ਰਚ ਦੇ 155860 ਕਰੋੜ ਰੁਪਏ ਹੋਣ ਦਾ ਅਨੁਮਾਨ ਲਗਾਇਆ ਗਿਆ ਹੈ। ਇਹ ਅੰਕੜੇ ਵਿੱਤੀ ਘਾਟੇ ਦੀ ਡਰਾਉਣੀ ਤਸਵੀਰ ਸਾਹਮਣੇ ਲਿਆਉਂਦੇ ਹਨ। ਪੰਜਾਬ ਸਿਰ ਚੜ੍ਹੇ ਕਰਜ਼ੇ ਉੱਪਰ ਪ੍ਰਤਿ ਸਾਲ 20122 ਕਰੋੜ ਰੁਪਏ ਵਿਆਜ਼ ਦੇਣਾ ਪੈ ਰਿਹਾ ਹੈ ਅਤੇ ਕਰਜ਼ੇ ਦੀਆਂ ਕਿਸਤਾਂ ਦੇ ਮੋੜਨ ਨੂੰ ਵਿਚ ਗਿਣਕੇ ਇਹ ਰਾਸ਼ੀ 36069 ਕਰੋੜ ਰੁਪਏ ਬਣ ਜਾਂਦੀ ਹੈ। ਜੇਕਰ ਕੇਂਦਰ ਸਰਕਾਰ ਨੇ ਜੀ.ਐੱਸ.ਟੀ. ਦੀ ਵਾਧਾ ਦਰ ਤੋਂ ਪਏ ਘਾਟੇ ਦੇ ਮੁਆਵਜ਼ੇ ਨੂੰ 1 ਜੁਲਾਈ 2022 ਤੋਂ ਬੰਦ ਕਰ ਦਿੱਤਾ ਤਾਂ 2022-23 ਵਿਚ ਸੂਬੇ ਦੀ ਆਮਦਨ 14000-15000 ਕਰੋੜ ਰੁਪਏ ਘਟਣ ਦਾ ਅਨੁਮਾਨ ਜਿਹੜਾ ਘਾਟਾ ਪੂਰਾ ਕਰਨਾ ਆਸਾਨ ਦਿਖਾਈ ਨਹੀਂ ਦੇ ਰਿਹਾ ਹੈ।

ਭਗਤ ਸਿੰਘ ਦੇ 115ਵੇਂ ਜਨਮ ਦਿਵਸ ਨੂੰ ਮਨਾਉਣ ਲਈ ਸ਼ਹੀਦ-ਏ-ਆਜ਼ਮ ਸਰਦਾਰ ਭਗਤ ਸਿੰਘ ਹਰਿਆਵਲ ਲਹਿਰ ਦੀ ਸਕੀਮ ਅਧੀਨ ਹਰੇਕ ਵਿਧਾਨ ਸਭਾ ਹਲਕੇ ਵਿਚ 50000 ਦਰਖ਼ਤ ਲਗਾਉਣ ਦੀ ਮੱਦ ਸਲਾਘਾਯੋਗ ਹੈ।

ਸਰਕਾਰ ਮਗਨਰੇਗਾ ਅਧੀਨ 200 ਦਰਖ਼ਤਾਂ ਦੀ ਦੇਖਭਾਲ ਲਈ ਇਕ ਵਿਅਕਤੀ ਨੂੰ ਨੌਕਰੀ ਦੇ ਕੇ ਰੁਜ਼ਗਾਰ ਵਧਾ ਸਕਦੀ ਹੈ। ਮਗਨਰੇਗਾ ਲਈ 600 ਕਰੋੜ ਰੁਪਏ ਦੀ ਮੱਦ ਚੰਗਾ ਪੱਖ ਹੈ। ਇਸ ਬਜਟ ਵਿਚ ਐਕਸਾਈਜ਼ ਪਾਲਿਸੀ ਬਦਲਣ ਦੇ ਨਤੀਜੇ ਵਜੋਂ 9648 ਕਰੋੜ ਰੁਪਏ ਦੀ ਆਮਦਨ ਦਾ ਅਨੁਮਾਨ ਲਗਾਇਆ ਗਿਆ ਹੈ। ਇਸ ਸੰਬੰਧ ਵਿਚ ਇਹ ਜਾਣਨਾ ਜ਼ਰੂਰੀ ਹੈ ਕਿ ਪੰਜਾਬ ਸਰਕਾਰ ਦੀ ਐਕਸਾਈਜ ਪਾਲਿਸੀ ਬਾਰੇ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿਚ ਕੀਤੀ ਗਈ ਇਕ ਰਿਟ ਪਟੀਸ਼ਨ ਕਾਰਨ ਐਕਸਾਈਜ ਤੋਂ ਹੋਣ ਵਾ਼ਲੀ ਆਮਦਨ ਬਾਰੇ ਯਕੀਨਣ ਕੁਝ ਨਹੀਂ ਕਿਹਾ ਜਾ ਸਕਦਾ। ਇਸ ਪਾਲਿਸੀ ਸਦਕਾ ਪੰਜਾਬ ਵਿਚ ਸ਼ਰਾਬ ਕਾਫ਼ੀ ਸਸਤੀ ਮਿਲੇਗੀ ਜਿਸ ਦੀ ਲੋੜ ਨਹੀਂ ਹੈ।

ਲੋੜ ਹੈ ਕਿ ਵਧ ਰਹੀਆਂ ਕੀਮਤਾਂ ਉੱਪਰ ਕਾਬੂ ਪਾਉਣ ਲਈ ਡੀਜ਼ਲ ਅਤੇ ਪੈਟਰੋਲ ਦੇ ਰੇਟ ਘੱਟ ਕੀਤੇ ਜਾਣ। ਸੂਬੇ ਦੀ ਮਾਲਕੀ ਵਾਲੇ ਪਨਸਪ ਲਈ 350 ਕਰੋੜ ਰੁਪਏ ਦੀ ਮੱਦ ਚੰਗੀ ਹੈ। ਇਸ ਸੰਬੰਧ ਵਿਚ ਪੰਜਾਬ ਦੇ ਜਨਤਕ ਅਦਾਰਿਆਂ, ਖ਼ਾਸ ਕਰਕੇ ਮਾਰਕਫੈੱਡ, ਦੀ ਮਦਦ ਲਈ ਸਰਕਾਰ ਅੱਗੇ ਆਵੇ ਜੋ ਸੂਬੇ ਦੇ ਆਰਥਿਕ ਵਿਕਾਸ ਵਿਚ ਯੋਗਦਾਨ ਪਾਉਣਗੇ।

ਪੰਜਾਬ ਦਾ ਬਜਟ ਸਹਿਕਾਰੀ ਖੇਤੀਬਾੜੀ ਬਾਰੇ ਚੁੱਪ ਹੈ, ਜਦੋਂ ਕਿ ਪੰਜਾਬ ਵਿਚ ਪਿੰਡਾਂ ਦੀਆਂ ਸ਼ਾਮਲਾਟ ਜ਼ਮੀਨਾਂ ਤੋਂ ਕਬਜੇ ਛੁਡਾਉਣ ਦੇ ਨਤੀਜੇ ਪ੍ਰਾਪਤ ਹੋਈ ਅਤੇ ਹੋ ਰਹੀ ਜ਼ਮੀਨ ਉੱਪਰ ਸ਼ੁਰੂ ਵਿਚ ਸਹਿਕਾਰੀ ਖੇਤੀਬਾੜੀ ਸ਼ੁਰੂ ਕਰਨੀ ਬਣਦੀ ਹੈ। ਪਿੰਡਾਂ ਦੀਆਂ ਪੰਚਾਇਤੀ ਜ਼ਮੀਨਾਂ ਵਿਚੋਂ ਇਕ-ਤਿਹਾਈ ਜ਼ਮੀਨ ਦਲਿਤਾਂ, ਇਕ-ਤਿਹਾਈ ਜ਼ਮੀਨ ਔਰਤਾਂ, ਅਤੇ ਇਕ-ਤਿਹਾਈ ਜ਼ਮੀਨ, ਜ਼ਮੀਨ-ਵਿਹੂਣੇ ਕਿਸਾਨਾਂ ਨੂੰ ਬਿਨਾਂ ਕੋਈ ਠੇਕਾ ਲਏ ਤੋਂ ਸਹਿਕਾਰੀ ਖੇਤੀਬਾੜੀ ਲਈ ਦੇਣ ਨਾਲ ਇਨ੍ਹਾਂ ਗ਼ਰੀਬ ਵਰਗਾਂ ਦੇ ਰੁਜ਼ਗਾਰ ਅਤੇ ਆਮਦਨ ਵਿਚ ਵਾਧਾ ਹੋਣ ਸਦਕਾ ਇਨ੍ਹਾਂ ਦੀ ਜੀਵਨ-ਪੱਧਰ ਉੱਚਾ ਹੋ ਸਕਦਾ ਹੈ।

ਪੰਜਾਬ ਸੂਬੇ ਦੀ ਆਮਦਨ ਵਧਾਉਣ ਅਤੇ ਵਿੱਤੀ ਘਾਟੇ ਉੱਪਰ ਕਾਬੂ ਪਾਉਣ ਲਈ ਰੇਤਾ-ਬਜਰੀ ਦੀ ਨਿਕਾਸੀ ਅਤੇ ਸ਼ਰਾਬ ਦੀ ਵਿਕਰੀ ਲਈ ਸਟੇਟ ਕਾਰਪੋਰੇਸ਼ਨਾਂ ਬਣਾਉਣ ਦੇ ਨਾ਼ਲ ਨਾ਼ਲ ਸੜਕੀ ਆਵਾਜਾਈ ਲਈ ਜਨਤਕ ਪ੍ਰਬੰਧ ਕਰਨਾ ਬਹੁਤ ਜ਼ਰੂਰੀ ਹੈ।

# ਸ਼ਹੀਦ ਭਾਈ ਮਨੀ ਸਿੰਘ ਜੀ



ਪ੍ਰਮਿੰਦਰ ਸਿੰਘ ਪ੍ਰਵਾਨਾ
510-781-0487

ਸਿੱਖ ਇਤਿਹਾਸ ਵਿਚ ਭਾਈ ਮਨੀ ਸਿੰਘ ਜੀ ਦੀ ਸ਼ਖਸੀਅਤ ਦਾ ਵਿਸ਼ੇਸ਼ ਸਥਾਨ ਹੈ। ਉਹ ਗੁਰਬਾਣੀ ਦੇ ਲਿਪੀਕਾਰ, ਵਿਆਖਿਆਕਾਰ, ਸੁਚੇਤ ਪ੍ਰਬੰਧਕ ਅਤੇ ਮਹਾਨ ਯੋਧਾ ਸਨ, ਜਿਹਨਾਂ ਨੇ ਅੰਮ੍ਰਿਤਸਰ ਦੀ ਮਰਯਾਦਾ ਨੂੰ ਕਾਇਮ ਰੱਖਿਆ। ਧਰਮ ਬਚਾਉਣ ਲਈ ਜਬਰ ਨੂੰ ਸਬਰ ਨਾਲ ਹੰਢਾਇਆ। ਅਜਿਹੇ ਮਹਾਨ ਸ਼ਹੀਦਾਂ ਦੀ ਕੁਰਬਾਨੀ ਸਿੱਖ ਅਰਦਾਸ ਦਾ ਹਿੱਸਾ ਬਣੀ ਕਿ- ਜਿਨ੍ਹਾਂ ਸਿੰਘ ਸਿੰਘਣੀਆਂ ਨੇ ਧਰਮ ਹੇਤ ਸੀਸ ਦਿੱਤੇ, ਬੰਦ ਬੰਦ ਕਟਾਏ।।

ਭਾਈ ਮਨੀ ਸਿੰਘ ਜੀ ਦਾ ਜਨਮ 10 ਮਾਰਚ 1644 ਈ: ਨੂੰ ਪਿੰਡ ਅਲੀਪੁਰ ਜ਼ਿਲ੍ਹਾ ਮੁਜ਼ੱਫਰਗੜ੍ਹ (ਪਾਕਿਸਤਾਨ) ਵਿਖੇ ਪਿਤਾ ਮਾਈਦਾਸ ਤੇ ਮਾਤਾ ਮਧਰੀਬਾਈ ਦੇ ਘਰ ਹੋਇਆ। ਬਚਪਨ ਦਾ ਨਾਂ ਮਨੀਰਾਮ (ਮਨੀਆ) ਸੀ। ਉਹ 1657 ਈ: ਨੂੰ ਆਪਣੇ ਪਿਤਾ ਜੀ ਨਾਲ ਗੁਰੂ ਹਰਿਰਾਏ ਜੀ ਦੇ ਦਰਸ਼ਨ ਕਰਨ ਕੀਰਤਪੁਰ ਆਏ ਸਨ। ਉਹਨਾਂ ਦਾ ਵਿਆਹ 1659 ਈ: ਵਿਚ ਲੱਖੀਰਾਏ ਦੀ ਧੀ ਸੀਤੋ ਬਾਈ ਨਾਲ ਹੋਇਆ। ਉਹ ਗੁਰੂ ਹਰਿਕ੍ਰਿਸ਼ਨ ਜੀ ਕੋਲ ਦਿੱਲੀ ਚਲੇ ਗਏ। ਫਿਰ 1664 ਈ: ਵਿਚ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਸੰਗਤ ਵਿਚ ਬਾਬਾ ਬਕਾਲਾ ਪਹੁੰਚ ਗਏ। ਜਦੋਂ 1675 ਈ: ਵਿਚ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਦਿੱਲੀ ਰਵਾਨਗੀ ਸਮੇਂ ਉਹਨਾਂ ਨੂੰ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਕੋਲ ਅਨੰਦਪੁਰ ਸਾਹਿਬ ਛੱਡ ਗਏ। ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਸ਼ਹੀਦੀ ਵੇਲੇ ਭਾਈ ਮਤੀਦਾਸ, ਭਾਈ ਸਤੀਦਾਸ ਅਤੇ ਭਾਈ ਦਿਆਲਾ ਜੀ ਵੀ ਨਾਲ ਸਨ। ਉਬਲਦੀ ਦੇਗ ਵਿਚ ਸ਼ਹੀਦੀ ਪਾਉਣ ਵਾਲੇ ਭਾਈ ਦਿਆਲਾ ਜੀ ਭਾਈ ਮਨੀ ਰਾਮ ਜੀ ਦੇ ਭਰਾ ਸਨ। ਭਾਈ ਮਨੀਰਾਮ ਜੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੀ ਸੇਵਾ ਵਿਚ ਰਹੇ। ਸੰਨ 1688 'ਚ ਭੰਗਾਣੀ 1690 ਵਿਚ ਨੰਦੌਣ ਦੀਆਂ ਜੰਗਾਂ ਵਿਚ ਬੜੀ ਬਹਾਦਰੀ ਨਾਲ ਹਿੱਸਾ ਲਿਆ। ਉਹਨਾਂ ਨੇ ਇਕ ਸੂਰਬੀਰ ਯੋਧਾ ਹੋਣ ਦਾ ਸਬੂਤ ਦਿੱਤਾ। ਸੰਨ 1691 ਨੂੰ ਉਹਨਾਂ ਨੂੰ 'ਦੀਵਾਨ' ਦੀ ਉਪਾਧੀ ਮਿਲੀ।

ਸੰਨ 1699 ਦੀ ਵਿਸਾਖੀ ਤੇ ਅੰਮ੍ਰਿਤ ਛਕ ਕੇ ਮਨੀ ਸਿੰਘ ਨਾਂ ਹੋ ਗਿਆ। ਸੰਨ 1704 ਈ: 6-7 ਪੋਹ ਦੀ ਵਿਚਕਾਰਲੀ ਰਾਤ ਨੂੰ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਨੇ ਆਨੰਦਪੁਰ ਦਾ ਕਿਲਾ ਛੱਡਿਆ ਤਾਂ ਭਾਈ ਸਾਹਿਬ ਗੁਰੂ ਕੇ ਮਹਿਲਾਂ ਨੂੰ ਦਿੱਲੀ ਪਹੁੰਚਾਉਣ ਵਿਚ ਸਫਲ ਹੋਏ। ਜਦੋਂ ਗੁਰੂ ਜੀ ਮੁਕਤਸਰ ਦੀ ਜੰਗ ਤੋਂ ਤਲਵੰਡੀ ਸਾਬੋ ਪਹੁੰਚੇ ਤਾਂ ਭਾਈ ਸਾਹਿਬ ਜੀ ਗੁਰੂ ਕੇ ਮਹਿਲਾਂ ਅਤੇ ਸੰਗਤ ਨਾਲ ਦਮਦਮਾ ਸਾਹਿਬ ਪੁੱਜ ਗਏ। ਇੱਥੇ ਹੀ ਗੁਰੂ ਸਾਹਿਬ ਜੀ ਨੇ ਭਾਈ ਸਾਹਿਬ ਪਾਸੋਂ 'ਗੁਰੂ ਗ੍ਰੰਥ ਸਾਹਿਬ ਜੀ ਦੀ ਦਮਦਮੀ ਬੀੜ ਲਿਖਵਾਈ ਸੀ।

ਹਰਿਮੰਦਰ ਸਾਹਿਬ ਜੀ ਦੀ ਗੁਰ ਮਰਯਾਦਾ ਪ੍ਰਪੱਕ ਚਲਾਉਣ ਲਈ ਭਾਈ ਸਾਹਿਬ ਨੂੰ ਹਰਿਮੰਦਰ ਸਾਹਿਬ ਦਾ ਮੁੱਖ ਗ੍ਰੰਥੀ ਨਿਯੁਕਤ ਕੀਤਾ। ਸੰਨ 1738 ਈ. ਨੂੰ ਭਾਈ ਸਾਹਿਬ ਨੇ ਚਾਹਿਆ ਕਿ ਸਾਰੇ ਸਿੱਖ ਇਕੱਠੇ ਹੋ ਕੇ ਅੰਮ੍ਰਿਤਸਰ ਵਿਖੇ 'ਬੰਦੀ ਛੋੜ' ਦਿਵਸ ਮਨਾਉਣ। ਜ਼ਕਰੀਆ ਖਾਂ ਗਵਰਨਰ ਲਾਹੌਰ ਨੇ ਸੁਰੱਖਿਆ ਪ੍ਰਦਾਨ ਕਰਨ ਲਈ 5000 ਮੋਹਰਾਂ ਦਾ ਕਰ ਲਾ ਦਿੱਤਾ। ਨਾਲ ਹੀ ਜ਼ਕਰੀਆ ਖਾਂ ਅਤੇ ਦਿਵਾਨ ਲਖਪਤ ਰਾਏ ਨੇ ਵਿਉਂਤ ਬਣਾ ਲਈ ਕਿ ਅੰਮ੍ਰਿਤਸਰ ਇਕੱਠੇ ਹੋਣ ਵਾਲੇ ਸਿੰਘਾਂ ਨੂੰ ਘੇਰ ਕੇ ਮਾਰ ਮੁਕਾਇਆ ਜਾਵੇ। ਮੁਗਲ ਪ੍ਰਬੰਧਕਾਂ ਦੀ ਉਸ ਚਾਲ ਦਾ ਪਤਾ ਭਾਈ ਸਾਹਿਬ ਨੂੰ ਲੱਗ ਗਿਆ। ਕਤਲੋਗਾਰਤ ਦੇ ਬਚਾਅ ਲਈ ਉਹਨਾਂ ਨੇ ਸੰਗਤਾਂ ਨੂੰ ਪੁਰਬ ਤੇ ਨਾ ਪਹੁੰਚਣ ਦੇ ਸੁਨੇਹੇ ਭੇਜ ਦਿੱਤੇ। ਸੰਗਤਾਂ ਦੇ ਨਾ ਪੁੱਜਣ ਕਰਕੇ ਚੜ੍ਹਾਵੇ ਦੀ ਧਨ ਰਾਸ਼ੀ ਵਿਚੋਂ ਸਰਕਾਰੀ ਕਰ ਅਦਾ ਨਹੀਂ ਕੀਤਾ ਜਾ ਸਕਦਾ ਸੀ।

ਇਸ ਲਈ ਰਕਮ ਇਕੱਠੀ ਕਰਨ ਲਈ ਵਿਸਾਖੀ ਪੁਰਬ ਦੀ ਸਰਕਾਰੀ ਪ੍ਰਵਾਨਗੀ ਮਿਲੀ। ਗੁਪਤ ਰੂਪ ਵਿਚ ਸੂਬਾ ਲਾਹੌਰ ਨੇ ਇਹ ਪ੍ਰਵਾਨਗੀ ਫਿਰ ਸਿੱਖਾਂ ਦੇ ਇਕੱਠ ਨੂੰ ਖਤਮ ਕਰਨ ਲਈ ਹੀ ਦਿੱਤੀ ਸੀ। ਭਾਈ ਸਾਹਿਬ ਨੇ ਫਿਰ ਸਿੱਖਾਂ ਦੀ ਕਤਲੋਗਾਰਤ ਨੂੰ ਰੋਕਣ ਲਈ ਸੁਨੇਹੇ ਭੇਜ ਦਿੱਤੇ ਕਿ ਹਕੂਮਤ ਦੀ ਸਿੱਖਾਂ ਨੂੰ ਖਤਮ ਕਰਨ ਦੀ ਇਕ ਹੋਰ ਚਾਲ ਹੈ। ਇਸਦੇ ਬਚਾਅ ਵਿਚ ਸੰਗਤ ਨਾ ਪਹੁੰਚੇ। ਪਰ ਫਿਰ ਵੀ ਕੁਝ ਸ਼ਰਧਾਲੂ ਪਹੁੰਚ ਹੀ ਗਏ। ਸੂਬਾ ਲਾਹੌਰ ਨੇ ਲਖਪਤ ਰਾਏ ਨੂੰ ਫੌਜ ਦੇ ਕੇ ਹਰਿਮੰਦਰ ਸਾਹਿਬ 'ਤੇ ਹਮਲਾ ਕਰਵਾ ਦਿੱਤਾ, ਜਿਸ ਵਿਚ ਸਿੱਖਾਂ ਦਾ ਜਾਨੀ ਨੁਕਸਾਨ ਹੋਇਆ।



ਭਾਈ ਮਨੀ ਸਿੰਘ ਜੀ ਨੂੰ ਸਿੰਘਾਂ ਸਮੇਤ ਗ੍ਰਿਫਤਾਰ ਕਰਕੇ ਲਾਹੌਰ ਭੇਜ ਦਿੱਤਾ। ਉਥੇ ਸਰਕਾਰੀ ਕਰ ਨਾ ਅਦਾ ਕਰਨ ਦੇ ਇਲਜਾਮ ਵਿਚ ਮੌਤ ਦੇ ਘਾਟ ਉਤਾਰਨ ਦੀ ਧਮਕੀ ਦਿੱਤੀ ਗਈ। ਮੁਗਲਾਂ ਦੀ ਜਬਰਨ ਧਰਮ ਪਰਿਵਰਤਨ ਦੀ ਨੀਤੀ ਹੇਠ ਭਾਈ ਸਾਹਿਬ ਨੂੰ ਇਸਲਾਮ ਕਬੂਲ ਕਰਨ ਲਈ ਕਿਹਾ ਗਿਆ। ਕਈ ਤਰ੍ਹਾਂ ਦੇ ਲਾਲਚ ਦਿੱਤੇ ਗਏ। ਡਰਾਵੇ ਧਮਕੀਆਂ ਅਤੇ ਕਈ ਫਰੇਬੀ ਚਾਲਾਂ ਚੱਲੀਆਂ। ਭਾਈ ਸਾਹਿਬ ਅਡੋਲ ਰਹੇ ਅਤੇ ਜ਼ਕਰੀਆ ਖਾਂ ਨੇ ਭਾਈ ਮਨੀ ਸਿੰਘ ਜੀ ਨੂੰ ਬੰਦ-ਬੰਦ ਕੱਟ ਕੇ ਸ਼ਹੀਦ ਕਰਨ ਦਾ ਹੁਕਮ ਸੁਣਾ ਦਿੱਤਾ। ਭਾਈ ਸਾਹਿਬ ਜੀ ਨੇ ਇਸ ਸਜਾ ਨੂੰ ਹੱਸ ਕੇ ਕਬੂਲ ਕੀਤਾ। ਉਹਨਾਂ ਨਾਲ ਸਿੰਘਾਂ ਵਿਚ ਭਾਈ ਦੀਵਾਨ ਸਿੰਘ ਜੀ ਨੂੰ ਆਰੇ ਨਾਲ ਚੀਰਿਆ। ਭਾਈ ਗੁਲਜਾਰ ਸਿੰਘ ਭਾਈ ਸਾਹਿਬ ਸਿੰਘ ਜੀ ਦੇ ਭਰਾ ਨੂੰ ਪੁੱਠਿਆਂ ਲਟਕਾ ਕੇ ਖੱਲ ਲਾਹ ਕੇ ਸ਼ਹੀਦ ਕੀਤਾ। ਭਾਈ ਮਨੀ ਸਿੰਘ ਜੀ ਨੂੰ ਨਾਖਾਸ ਚੌਂਕ ਲਾਹੌਰ ਲੰਡੇ ਬਜ਼ਾਰ ਵਿਚ 90 ਸਾਲ ਦੀ ਉਮਰ ਵਿਚ 24 ਜੂਨ 1734 ਨੂੰ ਬੰਦ-ਬੰਦ ਕੱਟ ਕੇ ਸ਼ਹੀਦ ਕਰ ਦਿੱਤਾ। ਭਾਈ ਮਨੀ ਸਿੰਘ ਜੀ ਦਾ ਸਸਕਾਰ ਭਾਈ ਸੁਬੇਗ ਸਿੰਘ ਤੇ ਲਾਹੌਰੀ ਸਿੱਖਾਂ ਨੇ ਮਸਤੀ ਦਰਵਾਜਿਉਂ ਬਾਹਰ ਸ਼ਾਹੀ ਕਿਲੇ ਕੋਲ ਕੀਤਾ, ਜਿੱਥੇ ਗੁਰਦੁਆਰਾ ਸ਼ਹੀਦ ਗੰਜ ਦੂਸਰਾ ਬਣਿਆ ਹੋਇਆ ਸੀ। ਭਾਈ ਸਾਹਿਬ ਜੀ ਦਾ ਸਮੁੱਚਾ ਜੀਵਨ ਸਿਦਕ, ਸੇਵਾ ਸੰਭਾਲ ਦਾ ਰਿਹਾ। ਜਿਸ ਵਿਚ ਭਗਤੀ ਅਤੇ ਸ਼ਕਤੀ ਦਾ ਸੁਮੇਲ ਸੀ।

ਮੌਤ ਨੂੰ ਸਾਹਮਣੇ ਰੱਖ ਕੇ ਵੀ ਨਾ ਡਰਨ ਵਾਲੇ ਜੀਵਨ ਮਰਨ ਵਿਚ ਫਰਕ ਨਹੀਂ ਸਮਝਦੇ। ਭਾਈ ਮਨੀ ਸਿੰਘ ਜੀ ਦੀ ਸ਼ਹੀਦੀ ਅਤੇ ਸਿੱਖ ਪੰਥ ਦੀਆਂ ਸਮੂਹ ਸ਼ਹੀਦੀਆਂ ਨੂੰ ਹਮੇਸ਼ਾ ਯਾਦ ਰੱਖਣਾ ਚਾਹੀਦਾ ਹੈ। ਸ਼ਹੀਦੀਆਂ ਜੀਵਨ ਵਿਚ ਚਾਨਣ ਮੁਨਾਰੇ ਦੀ ਰੌਸ਼ਨੀ ਵਿਚ ਸੇਧ ਦਿੰਦੀਆਂ ਰਹਿਣਗੀਆਂ।

# ਬਸਪਾ ਸਾਂਸਦ ਹਰਭਜਨ ਲਾਖਾ ਨੂੰ ਯਾਦ ਕਰਦਿਆਂ...



ਸੰਤੋਖ ਸਿੰਘ ਜੱਸੀ
91-70876-19800

ਕੁੱਝ ਇਨਸਾਨ ਅਜਿਹੇ ਹੁੰਦੇ ਹਨ, ਜੋ ਕੁੱਝ ਸਮਾਂ ਸਾਨੂੰ ਯਾਦ ਰਹਿੰਦੇ ਹਨ ਤੇ ਹੌਲੀ-ਹੌਲੀ ਸਾਡੇ ਚੇਤਿਆਂ 'ਚੋਂ ਵਿਸਰ ਜਾਂਦੇ ਹਨ। ਹਜਾਰਾਂ ਲੋਕ ਸਾਡੇ ਸਾਹਮਣੇ ਅਲੋਪ ਹੋ ਗਏ, ਭਾਵ ਅਗਨੀ ਭੇਂਟ ਹੋ ਗਏ। ਪਰ ਹੁਣ ਤੱਕ ਸਾਨੂੰ ਕਿੰਨੇ ਕੁ ਚੇਤੇ ਨੇ ਤੇ ਕਿੰਨਿਆਂ ਕੁ ਨੇ ਸਾਡੀ ਜ਼ਿੰਦਗੀ 'ਚ ਸਾਡੀ ਕੋਈ ਮਦਦ ਕੀਤੀ, ਰਾਹ ਦਸੇਰਾ ਬਣੇ ਤੇ ਸਮਾਜ ਲਈ ਆਪਾ ਵਰਿਆ ? ਪਰ ਸ਼੍ਰੀ ਹਰਭਜਨ ਲਾਖਾ ਨੂੰ ਕਦੇ ਵੀ ਚੇਤਿਆਂ 'ਚੋਂ ਵਿਸਾਰਿਆ ਨਹੀਂ ਜਾ ਸਕਦਾ।

ਜੇ ਮੈਂ ਆਪਣੇ ਚੇਤੇ 'ਚ ਥੋੜ੍ਹਾ ਜਿਹਾ ਬੋਝ ਪਾਵਾਂ ਤਾਂ ਬੰਗਾ ਦੇ ਪੂੰਨੀਆਂ ਰੇਲਵੇ ਫਾਟਕ ਕੋਲ ਸ਼੍ਰੀ ਹਰਭਜਨ ਲਾਖਾ ਜੀ ਦੀ ਖਾਦ ਦੀ ਦੁਕਾਨ ਸੀ ਤੇ ਜੱਦੀ ਮੋਟਰਸਾਇਕਲ। ਬੜਾ ਲੰਮਾ ਸਮਾਂ ਉਹਨਾਂ ਨੇ ਜੱਦੀ ਮੋਟਰਸਾਇਕਲ ਚਲਾਇਆ ਤੇ ਵਰਕਰਾਂ ਨੇ ਵੀ ਖੂਬ ਪਿੰਡਾਂ 'ਚ ਪ੍ਰਚਾਰ-ਪ੍ਰਸਾਰ ਲਈ ਵਰਤਿਆ। ਫਿਰ ਚਿੱਟੇ ਦੀ ਜਿਪਸੀ ਰਹੀ। ਜਿਪਸੀ ਅਕਸਰ ਗੁਣਾਚੌਰ ਵਾਲੇ ਭਾਰਤ ਦੇ ਮਸ਼ਹੂਰ ਵ੍ਹੇਟ ਲਿਫਟਰ ਜਗਦੀਸ਼ ਗੁਰੂ ਕਈ ਵਾਰ ਚਲਾਉਂਦਾ ਮੈਂ ਆਪਣੇ ਅੱਖੀ ਦੇਖਿਆ।

ਸਿਆਸੀ ਪਾਰਟੀਆਂ ਜਾਂ ਤਾਂ ਤੁਹਾਨੂੰ ਮਾਲੋ-ਮਾਲ ਕਰ ਦਿੰਦੀਆਂ ਹਨ ਜਾਂ ਫਿਰ ਤੁਹਾਨੂੰ ਅਜਿਹਾ ਗੇੜ੍ਹ ਆ ਜਾਂਦਾ ਹੈ ਕਿ ਵਿਅਕਤੀ ਨੂੰ ਪਤਾ ਹੀ ਨਹੀਂ ਲੱਗਦਾ ਕਿ ਕਦੋਂ ਸਭ ਕੁੱਝ ਤਬਾਅ ਹੋ ਗਿਆ। ਲੱਖਾਂ ਨਹੀਂ ਤਾਂ ਹਜਾਰਾਂ ਲੋਕਾਂ ਨੂੰ ਮੈਂ ਜਾਣਦਾ ਹਾਂ ਤਾਂ ਅੰਦਰੋਂ ਰੋਣਾ ਆ ਜਾਂਦਾ ਹਾਂ। ਇਹਨਾਂ ਮਿਸ਼ਨਰੀ ਸਾਥੀਆਂ ਨੇ ਅੱਜ ਜਾਂ ਕੱਲ੍ਹ ਹੁਕਮਰਾਨ ਬਣਨ ਦੇ ਸੁਪਨੇ ਸਜਾਏ ਹੋਏ ਸਨ। ਇਹ ਸੁਪਨੇ ਪੂਰੇ ਨਹੀਂ ਹੋਏ, ਸਗੋਂ ਲੁੱਟ-ਪੁੱਟ ਹੋ ਗਏ। ਪਰ ਰਾਜਭਾਗ ਲਈ ਸਿਰਫ ਉੱਤਰ-ਪ੍ਰਦੇਸ਼ ਇਕਲੌਤਾ ਰਾਜ ਰਾਜਧਾਨੀ ਬਣ ਗਿਆ। ਪੰਜਾਬ ਨੂੰ ਤਾਂ ਜਿੱਦਾਂ ਕਹਿੰਦੇ ਨਜਰ ਹੀ ਲੱਗ ਗਈ।

1989 ਈ: ਵਿੱਚ ਜਦੋਂ ਮੈਂ ਸਿੱਖ ਨੈਸ਼ਨਲ ਕਾਲਜ (ਚਰਨ ਕੰਵਲ) ਬੰਗਾ ਵਿਖੇ ਬੀ.ਏ. ਦਾ ਵਿਦਿਆਰਥੀ ਸੀ ਤਾਂ ਕਾਲਜ ਵਿੱਚ ਸ਼੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ ਪ੍ਰਕਾਸ਼ ਪੁਰਬ ਮਨਾਉਣ ਸਮੇਂ ਸ਼੍ਰੀ ਹਰਭਜਨ ਲਾਖਾ ਜੀ ਨੂੰ ਮੁੱਖ ਮਹਿਮਾਨ ਵਜੋਂ ਸਤਿਕਾਰ ਦਿੱਤਾ ਤੇ ਉਹਨਾਂ ਨੇ ਸਾਰੇ ਵਿਦਿਆਰਥੀਆਂ ਨੂੰ ਲਗਨ, ਮਿਹਨਤ ਨਾਲ ਜ਼ਿੰਦਗੀ 'ਚ ਅੱਗੇ ਵਧਣ ਲਈ ਹੱਲਾਸ਼ੇਰੀ ਦਿੱਤੀ।

ਜਦੋਂ ਮੈਂ ਲਾਖਾ ਜੀ ਵਾਰੇ ਸੋਚਦਾ ਹਾਂ ਤਾਂ ਮੈਨੂੰ ਇੰਝ ਲੱਗਦਾ ਹੈ ਕਿ ਜਿਵੇਂ ਉਹ ਅੱਜ ਵੀ ਮੇਰੇ ਇਰਦ-ਗਿਰਦ, ਅੰਗ-ਸੰਗ ਹੀ ਹਨ, ਉਹ ਬੜੇ ਬੇਵਾਕ ਮਨੁੱਖ ਸਨ। ਜਿੱਥੋਂ ਤੱਕ ਮੈਂ ਜਾਣ ਸਕਿਆ, ਉਹ ਅੰਦਰੋਂ ਮਿਸ਼ਨ ਨਾਲ ਲਿਪਤ ਸਨ। ਭਾਵੇਂ ਉਹ ਦੋ ਵਾਰ ਲੋਕ ਸਭਾ ਹਲਕਾ ਫਿਲੌਰ ਤੋਂ ਸਾਂਸਦ ਰਹੇ। ਇਹ ਰਾਜਨੀਤਿਕ ਖੇਤਰ ਹੈ, ਇਸ ਦੇ ਬਾਵਜੂਦ ਉਹ ਪੱਕੇ ਮਿਸ਼ਨਰੀ ਸਨ। ਮਿਸ਼ਨ ਉਹਨਾਂ ਦੇ ਹੱਡਾਂ ਵਿੱਚ ਵਸਿਆ ਹੋਇਆ ਸੀ। ਜਦੋਂ ਮੈਂ ਤਹਿਸੀਲ ਕੰਪਲੈਕਸ ਬੰਗਾ ਵਿਖੇ ਅਸ਼ਟਾਮ ਫਿਰੋਸ਼ ਦਾ ਲਾਇਸੰਸ ਲਿਆ ਤਾਂ ਮੈਨੂੰ ਕਹਿਣ ਲੱਗੇ ਕਿ ਬ੍ਰਾਹਮਣਵਾਦੀ ਸੋਚ ਵਾਲੇ ਮਨੁੱਖਾਂ ਤੋਂ ਕੰਮ ਖੋਹ ਕੇ ਆਪਣੇ ਲੋਕਾਂ ਦੀ ਵੱਧ ਤੋਂ ਵੱਧ ਮਦਦ ਕਰੋ। ਉਹਨਾਂ ਸਮਿਆਂ ਦੌਰਾਨ ਭਾਰਤ ਸਰਕਾਰ ਦੇ ਵਿਦੇਸ਼ ਮੰਤਰਾਲਾ ਨੇ ਜਲਦੀ ਪਾਸਪੋਰਟ ਲੈਣ ਲਈ ਹਲਕੇ ਦੇ ਐਮ.ਪੀ. ਦੀ ਸਿਫਾਰਸ਼ 'ਤੇ ਜਲਦੀ ਪਾਸਪੋਰਟ ਦੇਣ ਦਾ ਪੱਤਰ ਜਾਰੀ ਕਰ ਦਿੱਤਾ। ਪਾਸਪੋਰਟ ਦਫ਼ਤਰ ਵਾਲਿਆਂ ਨੇ ਪਾਸਪੋਰਟ ਫਾਰਮ ਦੇ ਨਾਲ ਹੀ ਪ੍ਰਫਾਰਮਾ ਲਗਾ ਦਿੱਤਾ। ਇੱਕ ਦਿਨ ਮੈਂ ਲਾਖਾ ਜੀ ਨੂੰ ਫ਼ੋਨ ਕੀਤਾ ਕਿ ਲਾਖਾ ਜੀ ਮਿਲਣਾ ਹੈ, ਕੰਮ ਹੈ



ਉਹਨਾਂ ਨੇ ਕਿਹਾ ਕਿ ਮੈਂ ਮੁਕੰਦਪੁਰ ਰੋਡ, ਬੰਗਾ ਵਿਖੇ ਹਾਂ। ਮੈਂ ਉਸੇ ਵਕਤ 15-20 ਖਾਲੀ ਫਾਰਮ ਲੈ ਕੇ ਉਹਨਾਂ ਪਾਸ ਪਹੁੰਚ ਗਿਆ। ਜਦੋਂ ਮੈਂ ਉਹਨਾਂ ਨੂੰ ਫਾਰਮ ਦਿੱਤੇ ਤਾਂ ਉਹ ਦਸਤਖ਼ਤ ਕਰਨ ਲੱਗ ਪਏ ਅਤੇ ਕਹਿਣ ਲੱਗੇ ਕਿ ਪਹਿਲਾਂ ਸਾਡੇ ਬਜੁਰਗਾਂ ਤੋਂ ਅੰਗੂਠੇ ਲਗਾਉਂਦੇ ਰਹੇ ਤੇ ਹੁਣ ਸਾਥੋਂ ਪੜ੍ਹਿਆਂ-ਲਿਖਿਆਂ ਤੋਂ ਦਸਤਖ਼ਤ, ਅਜਿਹੇ ਸਨ ਸ਼੍ਰੀ ਲਾਖਾ ਜੀ।

ਬਹੁਤ ਸਾਰੇ ਲੀਡਰਾਂ ਨੇ ਬਹੁਜਨ ਸਮਾਜ ਪਾਰਟੀ, ਸਾਹਿਬ ਸ਼੍ਰੀ ਕਾਂਸ਼ੀ ਰਾਮ ਜੀ ਤੇ ਵਿਚਾਰਧਾਰਾ ਦਾ ਭਰਪੂਰ ਲਾਭ ਲਿਆ। ਪਰ ਜਿੱਥੋਂ ਤੱਕ ਮੇਰੀ ਜਾਣਕਾਰੀ ਹੈ, ਉਹ ਰਾਜਨੀਤੀ ਨਾਲੋਂ ਸਮਾਜਿਕ ਵਿਅਕਤੀ ਵੱਧ ਸਨ। ਉਹਨਾਂ ਦੇ ਅੰਦਰ ਸਮਾਜ ਤੇ ਦੇਸ਼ ਦੇ ਦਲਿਤਾਂ-ਬਹੁਜਨਾਂ ਦੀ ਦਰਦ ਪੀੜ੍ਹਾ ਸੀ। ਉਹਨਾਂ ਨੇ ਪਾਰਟੀ ਤੋਂ ਨਿੱਜੀ ਲਾਭ ਨਹੀਂ ਲਿਆ। ਮੈਂ ਅਨੇਕਾਂ ਲੀਡਰਾਂ ਨੂੰ ਜਾਣਦਾ ਹਾਂ, ਜਿਹਨਾਂ ਨੇ ਪਲਾਟ, ਪੈਟਰੋਲ ਪੰਪ ਤੇ ਹੋਰ ਪਤਾ ਨਹੀਂ ਕੀ-ਕੀ ਸਰਕਾਰਾਂ ਤੋਂ ਲਾਭ ਲਿਆ ?

ਬੇਸ਼ੱਕ ਅੱਜ ਲਾਖਾ ਜੀ ਦਾ ਪਰਿਵਾਰ ਕੈਨੇਡਾ ਵਿੱਚ ਖੁਸ਼ਹਾਲ ਜ਼ਿੰਦਗੀ ਬਤੀਤ ਕਰ ਰਿਹਾ ਹੈ, ਉਹ ਹੈ ਕਿ ਸਭ ਤੋਂ ਵੱਡੇ ਲੜਕੇ ਕਮਲਜੀਤ ਲਾਖਾ ਦਾ ਕੈਨੇਡੀਅਨ ਲੜਕੀ ਨਾਲ ਵਿਆਹ ਤੇ ਬਾਕੀ ਪਰਿਵਾਰਕ ਆਧਾਰ 'ਤੇ ਰੈਗੂਲਰ ਪੜ੍ਹਾਈ ਕਰਕੇ ਹੋਣ ਕਰਕੇ ਰਸ਼ਪਾਲ ਲਾਖਾ ਤੇ ਪਰਮਜੀਤ ਲਾਖਾ ਦਾ ਕੈਨੇਡਾ ਜਾਣ ਦਾ ਸਬੱਬ ਬਣ ਗਿਆ।

ਸਿਆਸਤ, ਅਫ਼ਸਰਸ਼ਾਹੀ ਤੇ ਆਮ ਜ਼ਿੰਦਗੀ ਵਿੱਚ ਇੱਕ ਸ਼ਬਦ ਹੈ- ਫ਼ਾਰਮੈਲਿਟੀ। ਫ਼ਾਰਮੈਲਿਟੀ ਮੈਨੂੰ ਲਾਖਾ ਜੀ ਦੇ ਘਰ 'ਚ ਤੇ ਖੁਦ ਲਾਖਾ ਜੀ ਤੋਂ ਕਦੇ ਵੀ ਜ਼ਿੰਦਗੀ 'ਚ ਦੇਖਣ ਨੂੰ ਨਹੀਂ ਮਿਲੀ। ਉਹ ਇਤਿਹਾਸ ਖਾਸ ਕਰਕੇ ਦਲਿਤ ਅਤੇ ਸਿੱਖ ਇਤਿਹਾਸ ਤੋਂ ਚੰਗੀ ਤਰ੍ਹਾਂ ਜਾਣੂੰ ਸਨ। ਮੈਂ ਲਾਖਾ ਜੀ ਨੂੰ ਜਿੰਨੀ ਵਾਰੀ ਵੀ ਉਹਨਾਂ ਦੇ ਘਰ ਮਿਲਿਆ, ਮੈਨੂੰ ਕਦੀ ਵੀ ਬੇਗ਼ਾਨਗੀ ਦਾ ਅਨੁਭਵ ਨਹੀਂ ਹੋਇਆ। ਉਹ ਬੋਲ-ਭੜੱਕ ਜਰੂਰ ਹੋ ਸਕਦੇ ਹਨ, ਪਰ ਮਨ ਦੇ ਸੱਚੇ ਸਨ।

ਮੇਰਾ ਉਹਨਾਂ ਨਾਲ ਆਖਰੀ ਦਿਨਾਂ 'ਚ ਕਿੰਨਾ ਤੇਹ-ਪਿਆਰ ਹੋਵੇਗਾ। ਉਹਨਾਂ ਨੇ ਕਦੇ ਮੇਰੀ ਦੁਕਾਨ ਲੱਖਪੁਰੀ ਮਾਰਕਿਟ, ਬੰਗਾ 'ਤੇ ਆ ਜਾਣਾ, ਕਦੇ ਮੈਨੂੰ ਘਰ ਬੰਗਾ ਵਿਖੇ ਸੱਦ ਲੈਣਾ। ਅੱਜ ਵੀ ਉਹਨਾਂ ਦੀਆਂ ਜੋ ਫੋਟੋਆਂ ਐਮ.ਸੀ. ਕਲੌਨੀ ਬੰਗਾ ਵਾਲੇ ਘਰ ਵਿੱਚ ਉਹਨਾਂ ਦੇ ਸਰਦਾਰ ਚਿਹਰੇ ਦੀਆਂ ਹਨ, ਉਹ ਸਾਰੀਆਂ ਫੋਟੋਆਂ ਮੇਰੇ ਵਲੋਂ ਖਿੱਚੀਆਂ ਗਈਆਂ ਹਨ। ਉਸ ਸਮੇਂ ਮੇਰੇ ਨਾਲ ਮੇਰੇ ਪੁਰਾਣੇ ਮਿੱਤਰ ਤਿਲਕ ਰਾਜ ਵੀ ਨਾਲ ਸਨ। ਉਸੇ ਦਿਨ ਮੈਂ ਰਾਤ ਨੂੰ ਪੰਮੀ ਲਾਲੋ ਮਜਾਰਾ ਨਾਲ ਕਿਸੇ ਜਰੂਰੀ ਕੰਮ ਲਈ ਦਿੱਲੀ ਚਲਾ ਗਿਆ। ਦੂਜੇ ਦਿਨ ਦਿੱਲੀ ਵਿਖੇ ਮੈਨੂੰ ਸਵੇਰੇ 6 ਵਜੇ ਪਤਾ ਲੱਗਾ ਕਿ ਲਾਖਾ ਜੀ ਤਾਂ ਇਸ ਫ਼ਾਨੀ ਸੰਸਾਰ ਨੂੰ ਅਲਵਿਦਾ ਆਖ ਗਏ ਤਾਂ ਮੇਰਾ ਦਿਲ ਬਹੁਤ ਰੋਇਆ। ਮੇਰੀਆਂ ਅੱਖਾਂ ਦੇ ਸਾਹਮਣੇ 30-40 ਸਾਲਾਂ ਦੇ ਦ੍ਰਿਸ਼ ਆਉਣ ਲੱਗੇ। ਕਦੇ ਉਹਨਾਂ ਦੀ ਜਲੰਧਰ ਦੂਰਦਰਸ਼ਨ ਦੀ ਇੰਟਰਵਿਊ, ਕਦੀ ਉਹਨਾਂ ਦਾ ਨਵਾਂਸ਼ਹਿਰ ਵਿਖੇ ਦਿੱਤਾ ਭਾਸ਼ਣ, ਕਦੇ ਖਾੜਕੂ ਤੂਫ਼ਾਨ ਸਿੰਘ ਤਫ਼ਾਨ ਵਾਰੇ ਸੰਸਦ ਵਿੱਚ ਬੋਲਣਾ। ਕਦੇ ਭਾਰਤ ਸਰਕਾਰ ਵਲੋਂ ਜੇਲ੍ਹ 'ਚ ਡੱਕਣਾ ਤੇ ਕਦੇ 25 ਸਾਲਾਂ ਦੀ ਉਮਰ 'ਚ ਪਰਮਜੀਤ ਗੋਸਲ ਲਈ ਪਾਰਟੀ ਦੀ ਟਿਕਟ ਲੈ ਕੇ ਆਉਣਾ। ਮੈਨੂੰ ਉਹ ਵੀ ਦ੍ਰਿਸ਼ ਯਾਦ ਹੈ ਜਦੋਂ ਪਰਮਜੀਤ ਗੋਸਲ ਮਿਸ਼ਨਰੀ ਗੀਤਕਾਰ ਤੇ ਇੱਕ ਵੱਡੇ ਆਗੂ ਦੀ ਮ੍ਰਿਤਕ ਦੇਹ 'ਤੇ ਨੀਲਾ ਕੱਫ਼ਣ ਪਾ ਕੇ ਸਾਰੇ ਤੜਫ਼ ਉਠੇ ਸਨ, ਇਹ ਸਮੇਂ ਤੋਂ ਪਹਿਲਾਂ ਕਿੰਨੇ ਲੋਕ ਮੌਤ ਦੇ ਮੂੰਹ ਵਿੱਚ ਤੰਗੀਆਂ-ਤਰੁਸ਼ੀਆਂ ਕਾਰਨ ਜਾ ਚੁੱਕੇ ਹਨ।

ਜ ਦੋ ਲਾਖਾ ਜੀ ਦਾ ਅੰਤਿਮ ਸੰਸਕਾਰ ਉਹਨਾਂ ਦੇ ਜੱਦੀ ਪਿੰਡ ਕਰਨਾਣਾ ਵਿਖੇ ਕਰਨ ਲੱਗੇ ਤਾਂ ਪੁਲਿਸ ਤੇ ਸਿਵਲ ਪ੍ਰਸ਼ਾਸਨ ਭੁੱਲ ਗਿਆ ਕਿ ਇੱਕ ਸਾਂਸਦ ਆਗੂ ਨੂੰ ਪੁਲਿਸ ਵਲੋਂ ਗਾਰਡ ਆੱਫ ਆੱਨਰ ਦੇਣਾ ਵੀ ਪ੍ਰੋਟੋਕਾੱਲ ਵਿੱਚ ਹੁੰਦਾ ਹੈ। ਜਦੋਂ ਪ੍ਰਸ਼ਾਸਨ ਨੂੰ ਆਪਣੀ ਇਸ ਗਲਤੀ ਦਾ ਅਹਿਸਾਸ ਹੋਇਆ ਤਾਂ ਉਹਨਾਂ ਨੇ ਮਿਸ਼ਨਰੀ ਪਰਿਵਾਰਾਂ ਦੇ ਮੁਲਾਜਮਾਂ ਤੇ ਅਫ਼ਸਰਾਂ ਨੂੰ ਭੇਜਿਆ ਕਿ ਗੱਲ ਕਿੱਧਰੇ ਪ੍ਰੈੱਸ-ਮੀਡੀਆ ਵਿੱਚ ਨਾ ਆ ਜਾਵੇ। ਫਿਰ ਇਤਿਹਾਸ ਵੱਲ ਝਾਤੀ ਮਾਰੀਏ ਤਾਂ ਪਤਾ ਚੱਲਦਾ ਹੈ ਕਿ ਹਜਾਰਾਂ ਸਾਲਾਂ ਤੋਂ ਸਾਡੇ ਸਮਾਜ ਨਾਲ ਧੱਕਾ-ਵਿਤਕਰਾ ਹੁੰਦਾ ਆਇਆ ਹੈ ਤੇ ਇਹ ਕਦੋਂ ਰੁਕੇਗਾ ? ਇਸ ਮੌਕੇ ਸ਼੍ਰੀ ਲਾਖਾ ਜੀ ਦੇ ਗੰਨਮੈਨ ਰਹੇ ਬਲਵਿੰਦਰ ਸਿੰਘ ਚਾਹਲਾਂ ਵਾਲੇ ਆਪਣੇ ਮਹਿਬੂਬ ਨੇਤਾ ਨੂੰ ਵਿਦਾ ਕਰਨ ਲਈ ਸ਼ਮਸ਼ਾਨਘਾਟ ਦੀ ਸਾਫ਼-ਸਫ਼ਾਈ ਤੇ ਆਉਣ ਵਾਲਿਆਂ ਦੀਆਂ ਸਹੂਲਤਾਂ ਲਈ ਨੱਠ-ਭੱਜ ਕਰਦਾ ਨਜਰ ਆਇਆ।

ਵਰਕਰ ਤੇ ਨੇਤਾ ਬਹੁਤ ਹਨ ਤੇ ਬਹੁਤੇ ਚਲੇ ਗਏ। ਕੁਦਰਤ ਦੇ ਨਿਯਮ ਮੁਤਾਬਿਕ ਸਭ ਨੇ ਚਲੇ ਜਾਣਾ ਹੈ। ਪਰ ਜੋ ਅਸੀਂ ਆਪਣੀ ਜ਼ਿੰਦਗੀ 'ਚ ਸਾਹਿਬ ਸ਼੍ਰੀ ਕਾਂਸ਼ੀ ਰਾਮ ਜੀ ਤੋਂ ਬਾਅਦ ਪੰਜਾਬੀ, ਹਿੰਦੀ ਤੇ ਫਰਾਟੇਦਾਰ ਅੰਗਰੇਜ਼ੀ ਬੋਲਣ ਵਾਲਾ ਬੇਵਾਕ ਆਗੂ ਦੇਖਿਆ ਤਾਂ ਉਹਨਾਂ ਵਿੱਚ ਸ਼੍ਰੀ ਹਰਭਜਨ ਲਾਖਾ ਜੀ ਦਾ ਨਾਮ ਵੀ ਮੂਹਰਲੀਆਂ ਕਤਾਰਾਂ ਵਿੱਚ ਆਉਂਦਾ ਹੈ। ਮਹਾਂਪੁਰਸ਼ਾਂ ਦਾ ਮਿਸ਼ਨ ਹਜਾਰਾਂ ਸਾਲਾਂ ਤੋਂ ਚੱਲਦਾ ਆ ਰਿਹਾ ਹੈ। ਆਧੁਨਿਕ ਰਾਜਨੀਤੀ 'ਚ 170-180 ਸਾਲਾਂ ਤੋਂ ਬੜੀ ਸਰਗਰਮੀ ਨਾਲ ਕੰਮ ਹੋਇਆ। ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਜੀ ਦੇ ਦਰ ਦਾ ਸ਼ਰਧਾਲੂ ਸਾਹਿਬ ਸ਼੍ਰੀ ਕਾਂਸ਼ੀ ਰਾਮ ਜੀ ਦੇ ਪਰਿਵਾਰ ਪ੍ਰਤੀ ਘਾਲਣਾ ਹੋਣ ਕਾਰਨ ਸ਼੍ਰੀ ਲਾਖਾ ਜੀ ਨੂੰ ਉੱਤਰੀ ਭਾਰਤ ਦੇ ਹੀ ਨਹੀਂ, ਸਗੋਂ ਦੱਖਣੀ ਭਾਰਤ ਵਿੱਚ ਵੀ ਲਾਖਾ ਜੀ ਦੀ ਸਾਹਿਬ ਵਲੋਂ ਡਿਊਟੀ ਲੱਗਦੀ ਰਹੀ, ਕਿਉਂਕਿ ਦੱਖਣੀ ਭਾਰਤ ਵਿੱਚ ਲੋਕ ਹਿੰਦੀ ਘੱਟ ਸਮਝਦੇ ਸਨ ਅਤੇ ਲਾਖਾ ਜੀ ਫਰਾਟੇਦਾਰ ਅੰਗਰੇਜੀ ਲਿਖਣ ਤੇ ਬੋਲਣ ਵਿੱਚ ਮੁਹਾਰਤ ਰੱਖਦੇ ਸਨ।

ਅੱਜ ਜਦੋਂ ਵੀ ਵਿਸ਼ਵ ਹਿਰਦੇ 'ਚ ਮਨੁੱਖਤਾ ਵਸਦੀ ਰਹੇਗੀ, ਬਾਬਾ ਸਾਹਿਬ ਡਾ. ਬੀ.ਆਰ. ਅੰਬੇਡਕਰ, ਸਾਹਿਬ ਸ਼੍ਰੀ ਕਾਂਸ਼ੀ ਰਾਮ, ਹਰਭਜਨ ਲਾਖਾ ਵਰਗਿਆਂ ਵਾਰੇ ਕਲਮ ਇਤਿਹਾਸ ਲਿਖਦੀ ਰਹੇਗੀ।

# ਸਿੱਖੀ ਅਤੇ ਜਾਤਪਾਤੀ ਪ੍ਰਬੰਧ



ਲਾਲ ਸਿੰਘ ਸੁਲਹਾਣੀ
91-98721-55120

ਸਿੱਖੀ ਜਾਂ ਸਿੱਖ ਵਿਚਾਰਧਾਰਾ ਬਰਾਬਰੀ ਤੇ ਆਧਾਰਿਤ, ਭਾਈਚਾਰਕ ਸਾਂਝਾਂ ਨੂੰ ਪ੍ਰਪੱਕ ਕਰਨ ਵਾਲ਼ੀ ਮਨੁੱਖੀ ਆਜ਼ਾਦੀ ਦੀ ਅਲਮਬਰਦਾਰ ਗੁਰੂ ਗ੍ਰੰਥ ਸਾਹਿਬ ਦੀ ਵਿਗਿਆਨਕ ਸੋਚ ਹੈ। ਸਿੱਖ ਹੋਣ ਦਾ ਭਾਵ ਹੈ ਜ਼ਾਤਪਾਤ ਵਰਗੇ ਕੋਹੜ ਨੂੰ ਮਲੀਆਮੇਟ ਕਰਕੇ 'ਏਕੁ ਪਿਤਾ ਏਕਸੁ ਕੇ ਹਮ ਬਾਰਿਕ' ਅਤੇ 'ਮਾਨਸ ਕੀ ਜਾਤ ਸਬੈ ਏਕੈ ਪਹਿਚਾਨਬੋ' ਵਰਗੀ ਮਾਨਵਵਾਦੀ ਵਿਚਾਰਧਾਰਾ ਦਾ ਧਾਰਨੀ ਹੋਣਾ। ਜਦੋਂ ਕਿ ਬ੍ਰਾਹਮਣਵਾਦੀ ਜਾਤਪਾਤੀ ਵਿਵਸਥਾ ਵੰਡ ਵਿਤਕਰਿਆਂ ਤੇ ਗੈਰ ਬਰਾਬਰੀ ਤੇ ਆਧਾਰਿਤ ਉਹ ਸਮਾਜਿਕ ਢਾਂਚਾ ਹੈ ਜੋ ਵੈਦਿਕ ਗ੍ਰੰਥਾਂ ਦੀ ਗੈਰਰਮਾਨਵੀ ਸੋਚ ਦਾ ਲਖਾਇਕ ਹੈ। ਜਿਸ ਵਿਚ ਮਾਨਵੀ ਮੁੱਲਾਂ ਨੂੰ ਕੋਈ ਥਾਂ ਨਹੀਂ।ਇਹ ਸਮਾਜ ਨੂੰ ਚਤੁਰ ਵਰਣ (ਚਹੁੰ ਵਰਨਾਂ) ਵਿਚ ਗਰਸ ਕੇ ਦਰਜਾ ਬ ਦਰਜੀ ਹਜ਼ਾਰਾਂ ਟੁਕੜਿਆਂ ਵਿੱਚ ਗੈਰ ਵਿਗਿਆਨਕ ਢੰਗ ਨਾਲ ਵੰਡਣ ਵਾਲੀ ਉਹ ਪਰਨਾਲੀ ਹੈ ਜਿਸ ਵਿਚ ਬ੍ਰਾਹਮਣ ਦੀ ਸਰਬ ਸ੍ਰੇਸ਼ਟਤਾ ਤੇ ਏਕਾਅਧਿਕਾਰ ਨੂੰ ਕਾਇਮ ਰੱਖਣ ਦਾ ਪ੍ਰਬੰਧ ਕੀਤਾ ਗਿਆ ਹੈ। ਇਸ ਊਚ ਨੀਚ ਤੇ ਆਧਾਰਿਤ ਪ੍ਰਬੰਧ ਹੇਠ ਜਿੰਨੀ ਕਿਸੇ ਦੀ ਜਾਤ ਉੱਚੀ ਗਰਦਾਨੀ ਗਈ ਹੈ ਉਸ ਦੇ ਉਤਨੇ ਹੀ ਅਧਿਕਾਰ ਵੱਧ ਹਨ, ਓਨਾ ਹੀ ਉਹ ਉੱਤਮ ਹੈ। ਪ੍ਰੰਤੂ ਜਿੰਨੀ ਕਿਸੇ ਦੀ ਜਾਤ ਨੀਵੀਂ ਮੰਨੀ ਗਈ ਹੈ ਉਤਨੇ ਹੀ ਉਸਦੇ ਫਰਜ਼ ਵੱਧ ਹਨ। ਅਧਿਕਾਰਾਂ ਜਾਂ ਹੱਕਾਂ ਦੀ ਕੋਈ ਗੱਲ ਹੀ ਨਹੀਂ। ਜਿਵੇਂ ਜਿਵੇਂ ਜਾਤ ਦਾ ਰੁਤਬਾ ਘਟ ਹੋਈ ਜਾਂਦਾ ਹੈ, ਉਵੇਂ ਉਵੇਂ ਮਨੁੱਖ ਮਨੁੱਖ ਨਾ ਹੋ ਕੇ ਪਸ਼ੂਆਂ ਤੇ ਕੁੱਤਿਆਂ ਤੋਂ ਵੀ ਘਟੀਆ ਗੈਰ ਮਾਨਵੀ ਤੇ ਨਾਰਕੀ ਜੀਵਨ ਜਿਉਣ ਤੇ ਮਜ਼ਬੂਰ ਕੀਤਾ ਗਿਆ ਹੈ। ਜਾਤ ਪਾਤ ਜਾਂ ਊਚਨੀਚ ਭਗਵਾਨ ਦੇ ਨਾਂ ਤੇ ਠੋਸਿਆ ਉਹ ਪ੍ਰਬੰਧ ਹੈ ਜੋ ਸ਼ੈਤਾਨ (ਬ੍ਰਾਹਮਣ) ਦੀ ਚਲਾਕੀ ਤੇ ਵੈਦਿਕ ਗ੍ਰੰਥਾਂ ਦੀ ਉਪਜ ਹੈ। ਸੋ ਸਿੱਖੀ ਤੇ ਬ੍ਰਾਹਮਣਵਾਦੀ ਜਾਤਪਾਤੀ ਪ੍ਰਬੰਧ ਦੋਨੋਂ ਇਕ ਦੂਜੇ ਦੀਆਂ ਵਿਰੋਧੀ ਵਿਚਾਰਧਾਰਾਵਾਂ ਹਨ ਜੋ ਆਪਸ ਵਿੱਚ ਨੱਬੇ ਦੇ ਕੋਣ ਤੇ ਟਕਰਾਉਂਦੀਆਂ ਹਨ। ਬ੍ਰਾਹਮਣਵਾਦੀ ਜਾਤਪਾਤੀ ਢਾਂਚਾ ਢਹਿਢੇਰੀ ਕਰਕੇ ਸਮਾਨਤਾ ਅਤੇ ਭਾਈਚਾਰੇ ਵਾਲਾ ਆਦਰਸ਼ਕ ਸਮਾਜ ਸਿਰਜਣ ਲਈ ਸਿੱਖੀ ਦੇ ਸੰਚਾਲਕਾਂ ਨੇ ਆਪਣਾ ਸੱਭ ਕੁਝ ਦਾਅ ਤੇ ਲਾਕੇ ਆਖਰੀ ਦਮ ਤੱਕ ਲੜਾਈ ਲੜੀ। ਬ੍ਰਾਹਮਣਵਾਦੀ ਜਾਤਪਾਤੀ ਢਾਂਚਾ ਜੋ ਕੁਝ ਗੈਰ ਵਿਗਿਆਨਕ ਤੇ ਅਮਨਾਵੀ ਸਿਧਾਂਤਕ ਥੰਮ੍ਹਾਂ ਤੇ ਖੜ੍ਹਾ ਹੈ ਸਿੱਖੀ ਦੀ ਪ੍ਰਫੂਲਤਾ ਦਾ ਖਤਰਾ ਭਾਂਪ ਕੇ ਸਿੱਖ ਵਿਚਾਰਧਾਰਾ, ਸਿੱਖ ਲਹਿਰ, ਸਿੱਖ ਸੋਚ, ਸਿੱਖ ਸਮਾਜ ਅਤੇ ਸਿੱਖੀ ਦੀ ਅੱਡਰੀ ਪਛਾਣ ਨੂੰ ਖਤਮ ਕਰਨ ਲਈ ਮੁੱਢ ਤੋਂ ਹੀ ਸਾਜਸ਼ਾਂ ਘੜਨ ਵਿਚ ਰੁੱਝਿਆ ਹੋਇਆ ਹੈ।

ਸਿੱਖੀ ਦੇ ਸਿਰਜਕਾਂ ਨੇ ਜਾਤ ਪਾਤ, ਊਚਨੀਚ ਤੇ ਛੂਆਛੂਤ ਨੂੰ ਨੇਸਤੋ ਨਾਬੂਦ ਕਰਨ ਲਈ ਸਭ ਤੋਂ ਪਹਿਲਾਂ ਵੈਦਿਕ ਗ੍ਰੰਥਾਂ ਦੀ ਸ੍ਰੇਸ਼ਟਤਾ ਨੂੰ ਵੰਗਾਰਿਆ। ਬ੍ਰਾਹਮਣ ਦੀ ਚੌਧਰ ਨੂੰ ਨਕਾਰਿਆ ਅਤੇ ਜਾਤਪਾਤੀ ਪ੍ਰਬੰਧ ਨੂੰ ਬੜਾਵਾ ਦੇਣ ਵਾਲੀਆਂ ਸਨਾਤਨੀ ਪਰੰਪਰਾਵਾਂ ਤੇ ਵਦਾਣੀ ਸੱਟ ਮਾਰੀ। ਜਾਤਪਾਤੀ ਪ੍ਰਬੰਧ ਦੇ ਸੋਮਿਆਂ ਤੇ ਤਿੱਖਾ ਪਰਹਾਰ ਕਰਕੇ ਸਿੱਖੀ ਦੇ ਸਿਧਾਂਤਕਾਰਾਂ ਨੇ ਕੂਕ ਕੂਕ ਕੇ ਕਿਹਾ ਕਿ 'ਸਾਹਿਬ ਮੇਰਾ ਏਕੋ ਹੈ ਏਕੋ ਹੈ ਭਾਈ ਏਕੋ ਹੈ' ਉਸ ਇਕ ਦੇ ਨੂਰ ਤੋਂ ਸਾਰੀ ਕਾਇਨਾਤ ਪੈਦਾ ਹੋਈ ਹੈ, ਕੋਈ ਉੱਚਾ ਜਾਂ ਨੀਵਾਂ ਨਹੀਂ, ਸੱਭ ਮਨੁੱਖ ਬਰਾਬਰ ਹਨ। ਸੱਭ ਪੈਦਾਵਾਰੀ ਸ਼ਕਤੀਆਂ ਸਾਰੇ ਸਮਾਜ ਦੀਆਂ ਸਾਂਝੀਆਂ ਹਨ। ' ਸਭੇ ਸਾਂਝੀਵਾਲ ਸਦਾਇਨ ਕੋਇ ਨਾ ਦਿਸੈ ਬਾਹਰਾ ਜੀਉ 'ਦਾ ਮਾਨਵਵਾਦੀ ਸਿਧਾਂਤ ਜ਼ੋਰ ਸੋਰ ਨਾਲ ਨਾ ਸਿਰਫ ਪ੍ਰਚਾਰਿਆ ਬਲਕਿ ਸਖਤੀ ਨਾਲ ਅਮਲਾਇਆ ਵੀ। 'ਕਹੁ ਰੇ ਪੰਡਤ ਬ੍ਰਾਹਮਣ ਕਬ ਕੇ ਹੂਏ' ਅਤੇ 'ਜੇ ਤਉ ਬ੍ਰਾਹਮਣ ਬ੍ਰਾਹਮਣੀ ਜਾਇਆ ਤਉ ਆਨ ਬਾਟ ਕਾਹੇ ਨਹੀ ਆਇਆ' ਵਰਗੀ ਲਲਕਾਰ ਨੇ ਬ੍ਰਾਹਮਣਵਾਦੀ ਜਾਤ ਪਾਤੀ ਪ੍ਰਬੰਧ ਨੂੰ ਕਰਾਰਾ ਝਟਕਾ ਦਿੱਤਾ।

ਜਾਤਪਾਤੀ ਪ੍ਰਬੰਧ ਤੇ ਆਧਾਰਿਤ ਅਖੌਤੀ ਉਚੀ ਖੱਤਰੀ ਕੁ਼ਲ ਵਿਚ ਪੈਦਾ ਹੋਣ ਦੇ ਬਾਵਜੂਦ ਮਾਨਵਵਾਦੀ ਸੋਚ ਨਾਲ ਸਰਸ਼ਾਰ ਗੁਰੂ ਬਾਬੇ( ਨਾਨਕ) ਨੇ 'ਨੀਚਾਂ ਅੰਦਰਿ ਨੀਚ ਜਾਤ ਨੀਚੀ ਹੂ ਅਤਿ ਨੀਚੁ॥ ਨਾਨਕ ਤਿਨ ਕੇ ਸੰਗ ਸਾਥਿ ਵਡਿਆ ਸਿਉ ਕਿਆ ਰੀਸ' ਦਾ ਬੁਲੰਦ ਬਾਂਗ ਐਲਾਨ ਕਰ ਕੇ ਬ੍ਰਾਹਮਣਵਾਦੀ ਅਮਾਨਵੀ ਸੋਚ ਨੂੰ ਤਾਰ ਤਾਰ ਕਰ ਦਿਤਾ। ਉਹਨਾਂ ਨੇ ਸੰਗਤ ਤੇ ਪੰਗਤ ਦੇ ਸਿਧਾਂਤ ਨਾਲ ਗੈਰ ਬਰਾਬਰੀ ਦੇ ਖਾਤਮੇ ਦਾ ਮੁੱਢ ਬੰਨ੍ਹਿਆ। ਜਾਤੀਵਾਦੀ ਵਲਗਣਾਂ ਨੂੰ "ਫਕੜ ਜਾਤੀ ਫਕੜ ਨਾਉ॥ ਸਭਨਾਂ ਜੀਆ ਇਕਾ ਛਾਉ॥" ਕਹਿ ਕੇ ਨਕਾਰਿਆ ।

ਸਿੱਖੀ ਦੇ ਸੰਚਾਲਕਾਂ ਨੇ 'ਇਕਾ ਬਾਣੀ ਇਕੁ ਗੁਰੁ' ਦਾ ਮਾਨਵੀ ਸਿਧਾਂਤ ਘੜਕੇ ਸਰਬ ਸਾਂਝਾ ਗ੍ਰੰਥ ਤੇ ਸਭ ਲਈ ਸਮਾਨ ਤੇ ਬਰਾਬਰ ਬੈਠ ਕੇ ਸਾਂਝਾ ਪੂਜਾ ਸਥਾਨ ਹਰਿਮੰਦਿਰ ਦਿੱਤਾ ਜੋ ਜਾਤਪਾਤ ਵਿਰੋਧੀ ਸਾਂਝੀਵਾਲਤਾ ਦਾ ਪ੍ਰਤੀਕ ਤੇ ਮਨੁੱਖਤਾ ਦਾ ਅਲਮਬਰਦਾਰ ਹੋ ਨਿਬੜਿਆ। ਮਨੁੱਖੀ ਵੰਡ ਵਿਤਕਰੇ, ਨਫ਼ਰਤ, ਗੈਰ ਬਰਾਬਰੀ, ਊਚਨੀਚ ਤੇ ਜਾਤਪਾਤ ਦੀਆਂ ਧੱਜੀਆਂ ਉਡਾਉਣ ਲਈ ਸਾਂਝੇ ਲੰਗਰ ਦੀ ਪ੍ਰਥਾ ਨੂੰ ਪ੍ਰਪੱਕ ਕੀਤਾ ਗਿਆ। ਪਾਣੀ ਪੀਣ ਲਈ ਸਾਂਝੇ ਖੂਹ, ਇਸ਼ਨਾਨ ਕਰਨ ਲਈ ਬਉਲੀਆਂ ਤੇ ਸਰੋਵਰ, ਛੂਆਛਾਤ ਤੇ ਸੁੱਚ ਭਿਟ ਦੇ ਵਰਗੇ ਨਿਗੂਣੇ ਖਿਆਲਾਂ ਦੇ ਖਾਤਮੇ ਲਈ ਵਿਲੱਖਣ ਸੋਮੇ ਸਿਰਜੇ ਗਏ। ਸਭ ਦੇ ਸਾਂਝੇ ਬਾਪ ਵਲੋਂ ਪੈਦਾ ਕੀਤੇ ਤਰੱਕੀ ਦੇ ਸਰੋਤ ਵੀ ਸਭ ਦੇ ਸਾਂਝੇ ਹੋਣ ਦੇ ਸਿਧਾਂਤ ਤੇ ਬਲ ਦਿੱਤਾ ਗਿਆ। ਉਤਮ, ਮਧਮ ਜਾਂ ਨੀਚਪੁਣੇ ਦੇ ਬ੍ਰਾਹਮਣਵਾਦੀ ਸਿਧਾਂਤ ਨੂੰ ਜ਼ੋਰਦਾਰ ਢੰਗ ਨਾਲ ਨਕਾਰਿਆ ਗਿਆ। "ਐ ਜੀ ਨ ਹਮ ਉਤਮ ਨੀਚ ਨ ਮਧਮ, ਹਰਿ ਸ਼ਰਨਾਗਤਿ ਹਰਿ ਕੇ ਲੋਗ" ਵਰਗੇ ਮਾਨਵੀ ਬਚਨਾਂ ਤੇ ਗੁਰਮਤਿ ਵਿਚਾਰਾਂ ਨੇ ਬਰਾਬਰੀ ਤੇ ਭਾਈਚਾਰਕ ਸਾਂਝਾਂ ਨੂੰ ਪੀਡਿਆਂ ਕਰਨ ਲਈ ਭਰਪੂਰ ਹੰਭਲਾ ਮਾਰਿਆ। ਸਿੱਖੀ ਦੇ ਸਿਰਜਕਾਂ, ਸੰਚਾਲਕਾਂ ਨੇ ਬ੍ਰਾਹਮਣਵਾਦੀ ਵਰਣ ਵੰਡ ਜਾਤਪਾਤ ਤੇ ਊਚਨੀਚ ਪੈਦਾ ਕਰਨ ਵਾਲੇ ਭਗਵਾਨ ਦੀ ਹੋਂਦ ਤੋਂ ਹੀ ਇਨਕਾਰ ਕਰਦਿਆਂ ਦਰਸਾਇਆ ਕਿ ਸ੍ਰਿਸ਼ਟੀ ਦਾ ਸਿਰਜਣਹਾਰ ਕਣ ਕਣ ਵਿਚ ਬਿਰਾਜਮਾਨ ਹੈ ਉਹ ਹਰੀ ਹਰੇਕ ਹਿਰਦੇ ਵਿਚ ਵਸਦਾ ਹੈ।

ਉਹ ਬ੍ਰਾਹਮਣ, ਖੱਤਰੀ, ਵੈਸ਼ ਜਾਂ ਹਜ਼ਾਰਾਂ ਜਾਤਾਂ ਪੈਦਾ ਨਹੀਂ ਕਰਦਾ ਸਗੋਂ ਇਕ ਸਮਾਨ ਮਨੁੱਖ ਪੈਦਾ ਕਰਦਾ ਹੈ। ਜਾਤ ਦਾ ਗਰਬ (ਅਭਿਮਾਨ) ਮੂਰਖਤਾ ਦੀ ਨਿਸ਼ਾਨੀ ਅਤੇ ਗੰਵਾਰ ਪੁਣੇ ਦਾ ਲਖਾਇਕ ਹੈ ਜਾਤ ਦਾ ਹੰਕਾਰ ਵਿਕਾਰ ਹੋ ਨਿਬੜਦਾ ਹੈ। ਉਸ ਸੱਚੇ ਦੀ ਦਰਗਾਹ ਵਿਚ ਉਚੀ ਜਾਤ ਅਤੇ ਉਚੀ ਜਾਤ ਦੇ ਆਧਾਰ ਤੇ ਹਥਿਆਇਆ ਬਲ (ਜ਼ੋਰ) ਤੁੱਛ ਹੈ। ਸਿੱਖੀ ਸਿਧਾਂਤ ਉਸ ਗੋਬਿੰਦ ਦਾ ਪਸਾਰਾ ਹਰ ਤਰਫ਼ ਹੋਣ ਦੀ ਦੱਸ ਪਾਉਂਦੇ ਹਨ ਜੋ ਨੀਚਾਂ ਨੂੰ ਉੱਚੇ ਹੋਣ ਲਈ ਅਥਾਹ ਸ਼ਕਤੀ ਪ੍ਰਦਾਨ ਕਰਨ ਦੇ ਸਮਰੱਥ ਹੈ।ਉਹ ਨੀਚ ਗਰਦਾਨੇ ਗਏ ਮਨੁੱਖਾਂ ਨਾਲ ਕਿਸੇ ਕਿਸਮ ਦੀ ਦਵੈਖ ਭਾਵਨਾ ਨਹੀਂ ਰੱਖਦਾ ਉਹ ਤਾਂ ਨਿਰਵੈਰ ਹੈ। ਉਹ ਨੀਚਾਂ ਨੂੰ ਉਚਿਆਉਣ ਅਤੇ ਕੀੜੇ ਮਕੌੜਿਆਂ ਵਾਂਗ ਜ਼ਿੰਦਗੀ ਬਸਰ ਕਰ ਰਹੇ ਮਨੁੱਖਾਂ ਨੂੰ ਪਾਤਸ਼ਾਹ ਬਣਾਉਣ ਦੀ ਬੇਪਨਾਹ ਤੇ ਅਸੀਮ ਤਾਕਤ ਦਾ ਮਾਲਕ ਹੈ ਉਸਨੂੰ ਕਿਸੇ ਦਾ ਡਰ ਨਹੀਂ, ਭਉ ਨਹੀਂ। 'ਨੀਚਹੁ ਊਚ ਕਰੇ ਮੇਰਾ ਗੋਬਿੰਦੁ ਕਾਹੂ ਤੇ ਨਾ ਡਰੇ'।

ਬ੍ਰਾਹਮਣਵਾਦੀ ਜਾਤ ਪਾਤੀ ਵਿਵਸਥਾ ਦੀਆਂ ਜੜ੍ਹਾਂ ਪੁੱਟਣ ਤੇ ਊਚ ਨੀਚ ਦਾ ਬੀਜ ਨਾਸ਼ ਕਰਨ ਲਈ ਖੰਡੇ ਬਾਟੇ ਦੇ ਅੰਮ੍ਰਿਤ ਰੂਪੀ ਅਕਸੀਰ ਦਵਾਈ ਤਿਅਰ ਕੀਤੀ ਗਈ। ਪੰਜ ਬਾਣੀਆਂ, ਪੰਜ ਕੰਕਾਰਾਂ, ਪੰਜ ਰਹਿਤਾਂ ਦੇ ਧਾਰਨੀ ਹੋ ਕੇ ਪੰਜ ਪਿਆਰਿਆਂ ਤੋਂ ਪ੍ਰਾਪਤ ਕੀਤੀ ਅੰਮ੍ਰਿਤ ਵਰਗੀ ਇਲਾਹੀ ਦਾਤ ਨੇ ਨੀਚਤਾ ਦੇ ਅਹਿਸਾਸ ਨੂੰ ਮੂਲੋਂ ਨਸ਼ਟ ਕਰਨ ਦਾ ਅਲੌਕਿਕ ਕ੍ਰਿਸ਼ਮਾ ਕਰ ਦਿਖਾਇਆ। ਸਾਹਿਬ ਏ ਕਮਾਲ ਗੁਰੂ ਗੋਬਿੰਦ ਸਿੰਘ ਜੀ ਨੇ ਜਾਤ ਰਹਿਤ ਸਮਾਜ ਦੀ ਸਿਰਜਣਾ ਲਈ ਖਾਲਸਾ ਸਾਜਿਆ। ਜੋ ਬ੍ਰਾਹਮਣਵਾਦੀ ਜਾਤਪਾਤੀ ਵਿਵਸਥਾ ਦਾ ਭੋਗ ਪਾਉਣ ਲਈ ਸਿਖਰਲਾ ਸਾਰਥਕ ਉੱਦਮ ਤੇ ਉਪਰਾਲਾ ਹੈ। ਭਾਵੇਂ ਕਿ ਸਿੱਖੀ ਦੇ ਸਿਰਜਕਾਂ ਨੂੰ ਇਸ ਦਾ ਬੜਾ ਵੱਡਾ ਮੁਲ ਤਾਰਨਾ ਪਿਆ।

ਪ੍ਰੰਤੂ ਬੜੇ ਦੁੱਖ ਤੇ ਅਫਸੋਸ ਨਾਲ ਕਹਿਣਾ ਪੈ ਰਿਹਾ ਹੈ ਕਿ ਸਿੱਖ ਕਹਾਉਣ ਵਾਲਾ ਅਜੋਕਾ ਸਮਾਜ ਸਿੱਖੀ ਸਿਧਾਂਤਾਂ ਤੋਂ ਕੋਰਾ ਤੇ ਬ੍ਰਾਹਮਣਵਾਦ ਜਾਤਪਾਤੀ ਜਿਲ੍ਹਣ ਵਿਚ ਮੁੜ ਗ੍ਰੱਸਿਆ ਹੋਇਆ ਪ੍ਰਤੱਖ ਦੇਖਿਆ ਜਾ ਸਕਦਾ ਹੈ। ਉਹ ਸਿੱਖੀ ਦੇ ਸੰਚਾਲਕਾਂ ਦੀ ਮੂਲ ਭਾਵਨਾ ਸਮਝਣ ਤੋਂ ਇਨਕਾਰੀ ਹੀ ਨਹੀਂ ਸਗੋਂ ਨਾਬਰ ਵੀ ਹੋਇਆ ਐ, ਉਹ ਸਿੱਖ ਬਣਨ ਦੀ ਬਜਾਏ ਜਾਂ ਸਿੱਖ ਹੋਣ ਦੀ ਥਾਂ ਕੇਵਲ ਸਿੱਖ ਅਖਵਾਉਣ ਵਿਚ ਹੀ ਫ਼ਖ਼ਰ ਮਹਿਸੂਸ ਕਰ ਰਿਹਾ ਹੈ। ਜਾਤਪਾਤੀ ਵਿਵਸਥਾ ਨੂੰ ਨੇਸਤੋਨਾਬੂਦ ਕਰਨ ਦੇ ਸਮਰੱਥ ਸਿੱਖ ਸਿਧਾਂਤ, ਸਿੱਖ ਰਹੁ ਰੀਤਾਂ, ਪ੍ਰਾਚੀਨ ਪਰੰਪਰਾਵਾਂ ਕੇਵਲ ਰੀਤਾਂ ਰਸਮਾਂ ਬਣਕੇ ਰਹਿ ਗਏ ਹਨ। ਸਿੱਖੀ ਵਿਚ ਜਾਤਪਾਤੀ ਵਿਵਸਥਾ ਮੁੜ ਆਪਣਾ ਵਿਕਰਾਲ ਰੂਪ ਧਾਰਨ ਕਰ ਚੁੱਕੀ ਹੈ। ਅੱਜ ਬਉਲੀਆਂ ਤੇ ਸਰੋਵਰਾਂ ਚ ਇਸ਼ਨਾਨ ਜਾਤਪਾਤ ਦੇ ਖਾਤਮੇ ਦੀ ਭਾਵਨਾ ਨਾਲ ਨਹੀਂ ਸਗੋਂ ਚੁਰਾਸੀ ਕੱਟਣ ਲਈ ਕੀਤਾ ਜਾਂਦਾ ਹੈ।

ਅੱਜ ਅੰਮ੍ਰਿਤ ਛਕ ਕੇ ਖਾਲਸਾ ਨਹੀਂ, ਸਗੋਂ ਜਾਤੀਵਾਦੀ ਮਨੁੱਖ ਪੈਦਾ ਹੁੰਦੇ ਹਨ। ਗੁਰਦੁਆਰੇ ਸਰਬ ਸਾਂਝੀਵਾਲਤਾ ਦੇ ਪ੍ਰਤੀਕ ਬਣਨ ਦੀ ਬਜਾਏ ਜਾਤੀ ਹਉਮੇ ਨੂੰ ਬੜ੍ਹਾਵਾ ਦੇਣ ਦੇ ਸਾਧਨ ਵਜੋਂ ਉਸਾਰੇ ਜਾ ਰਹੇ ਹਨ। ਸਿੱਖੀ ਇਨਸਾਨਾਂ ਨੂੰ ਬਰਾਬਰ ਅਧਿਕਾਰ ਦੇਕੇ ਜਾਤ ਰਹਿਤ ਸਮਾਜ ਬਣਾਉਣ ਲਈ ਸਮਾਜਿਕ ਪਰਿਵਰਤਨ ਦੀ ਲਹਿਰ ਹੈ ਪਰ ਅਜੋਕੇ ਸਿੱਖਾਂ ਨੇ ਮਨੂਵਾਦ ਅਪਨਾ ਕੇ ਮੁਰਦਿਆਂ ਦੀ ਮਿੱਟੀ ਵੀ ਵੱਖ ਵੱਖ ਜਾਤਾਂ ਦੇ ਸ਼ਮਸ਼ਾਨ ਘਾਟਾਂ ਵਿਚ ਵੰਡਣ ਦਾ ਘੋਰ ਅਪਰਾਧ ਕਰਨ ਦੀ ਠੇਕੇਦਾਰੀ ਸੰਭਾਲ ਲਈ ਹੈ। ਗੁਰਪੁਰਬ ਜਾਤਾਂ ਦੇ ਨਾਂ ਤੇ ਮਨਾ ਕੇ ਸਿੱਖੀ ਸਿਧਾਂਤਾਂ ਦਾ ਮਜ਼ਾਕ ਉਡਾਇਆ ਜਾ ਰਿਹਾ ਹੈ। ਪਰਚਾਰ ਗੁਰੂ ਸਿਧਾਂਤਾਂ ਦਾ ਕੀਤਾ ਜਾਂਦਾ ਹੈ ਪਰ ਅਮਲ ਬ੍ਰਾਹਮਣਵਾਦੀ ਰਹੁ ਰੀਤਾਂ ਅਨੁਸਾਰ ਕੀਤਾ ਜਾਂਦਾ ਹੈ। ਮੱਥਾ ਗੁਰੂ ਗ੍ਰੰਥ ਸਾਹਿਬ ਨੂੰ ਟੇਕਿਆ ਜਾਂਦਾ ਹੈ ਤੇ ਗੱਲ ਮਨੂ ਸਿਮਰਤੀ ਦੀ ਮੰਨੀ ਜਾਂਦੀ ਹੈ। ਭੇਖ ਤੋਂ ਸਿੱਖ ਹੋਣ ਦਾ ਭਰਮ ਪਾਲਿਆ ਜਾ ਰਿਹਾ ਹੈ ਪਰ ਕਰਨੀ ਬ੍ਰਾਹਮਣਵਾਦੀ ਸੋਚ ਦੇ ਅਨੁਕੂਲ ਹੈ। ਅੱਜ ਸਿੱਖੀ ਬ੍ਰਾਹਮਣਵਾਦੀ ਜਾਤਪਾਤੀ ਵਿਵਸਥਾ ਵਿਚ ਪੂਰੀ ਤਰ੍ਹਾਂ ਓਤਪੋਤ ਹੈ। ਬਿਪਰਨ ਦੀਆਂ ਰੀਤਾਂ ਰਸਮਾਂ ਪੂਰੀ ਤਰ੍ਹਾਂ ਭਾਰੂ ਹਨ। ਕਾਸ਼! ਅਸੀਂ ਇੱਕੀਵੀਂ ਸਦੀ ਚ ਗੁਰੂ ਗ੍ਰੰਥ ਸਾਹਿਬ ਦੇ ਸੁਪਨਿਆਂ ਦਾ 'ਬੇਗਮਪੁਰਾ' ਅਤੇ ਸਰਬ ਸਾਂਝੀਵਾਲਤਾ ਵਾਲਾ 'ਹਲੇਮੀ ਰਾਜ' ਸਿਰਜਣ ਲਈ ਉੱਦਮਸ਼ੀਲ ਹੋ ਸਕੀਏ।

# ਬਸਪਾ ਦੇ ਚੋਣ ਵਿਚ ਖੜ੍ਹੇ ਹੋਣ ਨਾਲ ਵੀ ਤੇ ਨਾ ਖੜ੍ਹੇ ਹੋਣ ਨਾਲ ਵੀ ਵਿਰੋਧੀਆਂ ਨੂੰ ਤਕਲੀਫ ਹੁੰਦੀ ਹੈ

**ਲਾਲ ਸਿੰਘ ਸੁਲਹਾਣੀ**

ਮਈ ਜੂਨ 1991 ਦੀਆਂ ਆਮ ਲੋਕ ਸਭਾ ਦੀਆਂ ਚੋਣਾਂ ਵਿੱਚ 244 ਸੀਟਾਂ ਜਿਤ ਕੇ ਕਾਂਗਰਸ ਪਾਰਟੀ ਇਕੱਲੀ ਸੱਭ ਤੋਂ ਵੱਡੀ ਪਾਰਟੀ ਵਜੋਂ ਉਭਰ ਚੁੱਕੀ ਸੀ ਤੇ ਭਾਰਤੀ ਜਨਤਾ ਪਰਟੀ 120 ਸੀਟਾਂ ਹਾਸਲ ਕਰ ਚੁੱਕੀ ਸੀ। ਕਮਿਊਨਿਸਟ ਪਾਰਟੀ ਆਫ ਇੰਡੀਆ, ਮਾਰਕਸਵਾਦੀ ਕਮਿਊਨਿਸਟ ਪਾਰਟੀ ਆਫ ਇੰਡੀਆ ਅਤੇ ਹੋਰ ਪਾਰਟੀਆਂ ਦੇ ਸਹਿਯੋਗ ਸਦਕਾ ਚਿਤਪਵਨ ਬ੍ਰਾਹਮਣ ਪੀ। ਵੀ। ਨਰਸਿਮ੍ਹਾ ਰਾਓ ਭਾਰਤ ਦੇ ਪ੍ਰਧਾਨ ਮੰਤਰੀ ਬਣ ਚੁਕੇ ਸਨ। ਬਾਈਕਾਟ ਕਰਕੇ ਪੰਜਾਬ ਚ ਕਾਂਗਰਸ ਪਾਰਟੀ ਚੋਣ ਅਮਲ ਚੋਂ ਬਾਹਰ ਸੀ ਇਸ ਲਈ 24 ਘੰਟੇ ਪਹਿਲਾਂ ਚੋਣ ਅਣਮਿਥੇ ਸਮੇਂ ਲਈ ਰੱਦ ਕਰ ਦਿਤੀ ਗਈ। ਭਾਰਤ ਦੇ ਮੁੱਖ ਚੋਣ ਕਮਿਸ਼ਨਰ ਨੇ ਉਤਰ ਪ੍ਰਦੇਸ਼ ਦੀਆਂ ਅਮੇਠੀ, ਇਟਾਵਾ ਅਤੇ ਬੁਲੰਦ ਸ਼ਹਿਰ ਸੀਟਾਂ ਤੇ ਵੋਟਾਂ ਦੀ ਖ਼ਰੀਦੋ ਫਰੋਖ਼ਤ, ਵੋਟਾਂ ਚੋਰੀ ਕੀਤੇ ਜਾਣ ਵੋਟਾਂ ਲੁੱਟੇ ਜਾਣ ਤੇ ਹੋਰ ਚੋਣ ਧਾਂਦਲੀਆਂ ਕਾਰਨ ਕਾਊਂਟਰ ਮਾਈਂਡ ਕਰ ਦਿਤੀਆਂ ਗਈਆਂ ਅਤੇ ਇਹਨਾਂ ਸੀਟਾਂ ਤੇ 16 ਨਵੰਬਰ 1991 ਨੂੰ ਦੁਬਾਰਾ ਮਤਦਾਨ ਕਰਵਾਉਣ ਲਈ ਐਲਾਨ ਕਰ ਦਿਤਾ।

ਬਹੁਜਨ ਸਮਾਜ ਪਾਰਟੀ ਉਤਰ ਪ੍ਰਦੇਸ਼ ਦੀਆਂ ਆਮ ਚੋਣਾਂ ਵਿਚ ਕਿਸੇ ਇਕ ਸੀਟ ਤੋਂ ਵੀ ਜਿਤ ਹਾਸਲ ਨਾ ਕਰ ਸਕੀ। ਕਾਰਜਕਰਤਾਵਾਂ ਵਿਚ ਇਸ ਕਾਰਨ ਨਿਰਾਸ਼ਤਾ ਆ ਜਾਣੀ ਸੁਭਾਵਕ ਗੱਲ ਸੀ। ਪਾਰਟੀ ਦੀ ਜਨਰਲ ਸਕੱਤਰ ਬੀਬੀ ਮਾਇਆਵਤੀ 1989 ਵਿਚ ਬਿਜਨੌਰ ਸੀਟ ਤੋਂ 1,90,000 ਵੋਟ ਹਾਸਲ ਕਰਕੇ ਸਾਂਸਦ ਬਣ ਗਏ ਸਨ ਪਰ ਇਸ ਵਾਰ 2,34,000 ਵੋਟ ਹਾਸਲ ਕਰਨ ਦੇ ਬਾਵਜੂਦ ਵੱਡੇ ਪੱਧਰ ਤੇ ਹੇਰਾਫੇਰੀ ਕਰਕੇ ਉਨ੍ਹਾਂ ਨੂੰ ਹਰਾ ਦਿਤਾ ਗਿਆ। ਉਹਨਾਂ ਦੀਆਂ 67,000 ਵੋਟਾਂ ਰੱਦ ਕਰ ਦਿਤੀਆਂ ਗਈਆਂ ਇਥੋਂ ਤੱਕ ਕਿ ਇਕੋ ਅਸੰਬਲੀ ਹਲਕੇ ਦੀਆਂ 34,000 ਵੋਟਾਂ ਰੱਦ ਕੀਤੀਆਂ ਗਈਆਂ।

ਪੂਰੇ ਦੇਸ਼ ਦੇ ਕਾਰਜਕਰਤਾ ਤੇ ਆਗੂ ਸਾਹਿਬ ਕਾਂਸ਼ੀ ਰਾਮ ਨੂੰ ਨਿਜੀ ਰੂਪ ਵਿਚ ਮਿਲਕੇ ਸਮਾਜ ਵਿਚ ਆਈ ਨਿਰਾਸ਼ਤਾ ਖਤਮ ਕਰਨ ਲਈ ਜ਼ਿਮਨੀ ਚੋਣ ਵਿਚ ਖੁਦ ਚੋਣ ਲੜਨ ਲਈ ਬੇਨਤੀ ਕਰਨ ਲੱਗੇ।

ਵਰਨਣਯੋਗ ਯੋਗ ਹੈ ਕਿ ਇਟਾਵਾ ਚੰਬਲ ਘਾਟੀ ਵਾਲਾ ਉਹ ਖੇਤਰ ਹੈ ਜਿਥੇ ਡਕੈਤਾਂ ਦੀ ਭਰਮਾਰ ਹੈ ਤੇ ਉਹ ਮਨੂਵਾਦੀ ਸਥਾਪਤ ਪਾਰਟੀਆਂ ਦੇ ਪੱਖ ਵਿਚ ਵੋਟਾਂ ਭੁਗਤਾਉਣ ਲਈ ਸਰਗਰਮ ਹਿੱਸਾ ਲੈਂਦੇ ਰਹਿੰਦੇ ਹਨ। ਗਰੀਬਾਂ ਤੇ ਭੋਲੇ ਭਾਲੇ ਲੋਕਾਂ ਨੂੰ ਭੈਅਭੀਤ ਕਰਕੇ ਮਨਚਾਹੀ ਪਾਰਟੀ ਨੂੰ ਵੋਟ ਪਾਉਣ ਲਈ ਦਬਾਅ ਪਾਉਂਦੇ ਹਨ। ਇਟਾਵਾ ਦੇ ਸਥਾਨਕ ਆਗੂਆਂ ਤੇ ਕਾਰਜਕਰਤਾਵਾਂ ਵਲੋਂ ਸਾਹਿਬ ਕਾਂਸ਼ੀ ਰਾਮ ਨੂੰ ਇਟਾਵਾ ਤੋਂ ਚੋਣ ਲੜਨ ਲਈ ਜ਼ੋਰਦਾਰ ਅਪੀਲ ਕੀਤੀ ਗਈ ਕਿ ਸਮਾਜਿਕ ਪਰਿਵਰਤਨ ਲਹਿਰ ਨੂੰ ਅੱਗੇ ਵਧਾਉਣ ਲਈ ਉਹਨਾਂ ਦਾ ਜਿੱਤ ਕੇ ਸੰਸਦ ਵਿਚ ਜਾਣਾ ਜ਼ਰੂਰੀ ਹੈ ਸਾਥੀਆਂ ਦੀ ਚਾਹਤ ਅਤੇ ਮਿਸ਼ਨ ਦੇ ਹਿਤ ਵਿਚ ਉਹਨਾਂ ਨੇ ਚੋਣ ਲੜਨਾ



ਸਵੀਕਾਰ ਕਰ ਲਿਆ। ਭਾਵੇਂ ਕਿ ਉਹਨਾਂ ਦੀ ਆਪਣੀ ਸੋਚ ਇਹ ਰਹੀ ਸੀ ਕਿ ਜਿੰਨਾ ਚਿਰ ਘੱਟੋ ਘੱਟ 50 ਸਾਂਸਦ ਜਿੱਤ ਕੇ ਨਹੀਂ ਜਾਂਦੇ ਉਤਨਾ ਚਿਰ ਉਹ ਸੰਸਦ ਵਿਚ ਨਹੀਂ ਜਾਣਗੇ। ਉਹਨਾਂ ਨੇ 16 ਅਕਤੂਬਰ ਨੂੰ ਆਪਣਾ ਨਾਮਜ਼ਦਗੀ ਪੱਤਰ ਭਰਦਿਆਂ ਐਲਾਨ ਕੀਤਾ ਕਿ ਮੇਰੀ ਚਾਹਤ ਸੀ ਕਿ ਕੋਈ ਸਥਾਨਕ ਆਗੂ ਇਥੋਂ ਚੋਣ ਲੜਦਾ ਪਰ ਸਾਥੀਆਂ ਨੇ ਜ਼ੋਰ ਦੇਕੇ ਆਖਿਆ ਕਿ ਬਹੁਜਨ ਸਮਾਜ ਦੀ ਵਿਗੜੀ ਗੱਲ ਨੂੰ ਅੱਗੇ ਵਧਾਉਣ ਲਈ ਮੈਨੂੰ (ਕਾਂਸ਼ੀ ਰਾਮ ਨੂੰ) ਇਥੋਂ ਚੋਣ ਲੜਨੀ ਚਾਹੀਦੀ ਹੈ। ਉਹਨਾਂ ਨੇ ਆਖਿਆ ਕਿ ਇਕ ਵੋਟ ਦੇ ਨਾਲ ਇਕ ਨੋਟ ਦੇਣ ਨਾਲ ਸਾਡੇ ਕੋਲ ਪੈਸੇ ਦੀ ਕਮੀ ਨਹੀਂ ਆਏਗੀ। ਸਾਨੂੰ ਪਾਣੀ ਦੀ ਤਰ੍ਹਾਂ ਪੈਸਾ ਵਹਾਉਣ ਦੀ ਲੋੜ ਨਹੀਂ ਹੈ ਕਿਉਂਕਿ ਸਾਡੇ ਸਮਾਜ ਕੋਲ 85 ਫੀਸਦੀ ਵੋਟ ਹੈ ਇਸ ਲਈ ਨਾ ਸਾਨੂੰ ਵੋਟਾਂ ਖਰੀਦਣ ਦੀ ਲੋੜ ਹੈ, ਨਾ ਵੋਟਾਂ ਲੁੱਟਣ ਜਾਂ ਚੋਰੀ ਕਰਨ ਦੀ । ਅਜਿਹਾ ਕਰਨ ਦੀ ਉਹਨਾਂ ਨੂੰ ਲੋੜ ਪੈਂਦੀ ਹੈ ਜਿਹਨਾਂ ਕੋਲ ਬਹੁਤ ਘੱਟ ਵੋਟਾਂ ਹਨ। ਇਸ ਲਈ ਉਹ ਗਰੀਬਾਂ ਅਤੇ ਭੋਲੇ ਭਾਲੇ ਲੋਕਾਂ ਨੂੰ ਪ੍ਰਭਾਵਿਤ ਕਰਨ ਲਈ ਪੈਸੇ ਦਾ ਨੰਗਾ ਨਾਚ ਕਰਦੇ ਹਨ। ਉਹ ਵੋਟਾਂ ਖਰੀਦਣ ਦੀ ਕੋਸ਼ਿਸ਼ ਕਰਦੇ ਹਨ । ਅਗਰ ਵੋਟ ਵਿਕਦਾ ਨਹੀਂ ਤਾਂ ਫਿਰ ਵੋਟਾਂ ਚੋਰੀ ਕਰਨ, ਵੋਟਾਂ ਲੁੱਟਣ ਲਈ ਕਰੋੜਾਂ ਰੁਪਿਆ ਉਹਨਾਂ ਵੱਲੋਂ ਬਰਬਾਦ ਕੀਤਾ ਜਾਂਦਾ ਹੈ। ਪ੍ਰੰਤੂ ਆਪਾਂ ਉਤਨੇ ਪੈਸੇ ਨਾਲ ਚੋਣ ਲੜਕੇ ਵਿਰੋਧੀ ਨੂੰ ਜੰਗ ਜੰਗ ਦੇ ਮੈਦਾਨ ਵਿੱਚ ਚਿਤ ਕਰ ਸਕਦੇ ਹਾਂ ਜਿੰਨਾਂ ਚੋਣ ਕਮਿਸ਼ਨ ਨੇ ਨਿਰਧਾਰਤ ਕੀਤਾ ਹੈ।

ਪੰਜਾਬ ਦੇ ਚੋਣਵੇਂ ਆਗੂਆਂ ਨੂੰ ਇਟਾਵਾ ਪਹੁੰਚਣ ਦਾ ਨਿਰਦੇਸ਼ ਮਿਲ ਚੁੱਕਾ ਸੀ। ਮੈਂ ਆਪਣੇ ਮਾਮੇ ਦੇ ਲੜਕੇ ਸਤਨਾਮ ਸਿੰਘ ਚੈਨਾ ਨੂੰ ਨਾਲ ਲੈਕੇ ਇਟਾਵਾ ਪੁੱਜ ਗਿਆ। ਮਾਨ ਸਿੰਘ ਮਨਹੇੜਾ, ਬਲਜੀਤ ਸਿੰਘ ਮਚਾਕੀ, ਅਵਤਾਰ ਸਿੰਘ ਕਰੀਮਪੁਰੀ ਤੇ 25-30 ਹੋਰ ਸਾਥੀ ਪਹਿਲਾਂ ਹੀ ਪੁੱਜ ਗਏ ਸਨ। ਇਟਾਵਾ ਵਿਖੇ ਮੈਂ ਸ਼ਾਮ ਦੇ ਸਮੇਂ ਦੱਸੇ ਸਥਾਨ ਵੱਲ ਵਧ ਰਹਾ ਸੀ ਕਿ ਅੱਗੇ ਸਾਹਿਬ ਕਾਂਸ਼ੀ ਰਾਮ ਦੀ ਕਾਰ ਮੇਰੇ ਸਾਹਮਣੇ ਰੁਕ ਗਈ ਤੇ ਸਾਹਿਬ ਬੋਲ ਰਹੇ ਸਨ "ਲਉ ਬਈ ਸੁਲਹਾਨੀ ਭੀ ਆ ਗਿਆ।" ਉਹਨਾਂ ਦੇ ਮੂੰਹ ਤੋਂ ਆਪਣਾ ਨਾਮ ਸੁਣਕੇ ਮੈਨੂੰ ਬੜੀ ਖੁਸ਼ੀ ਮਹਿਸੂਸ ਹੋਈ। ਉਹ ਆਪਣੀ ਗੱਡੀ ਚ ਬਿਠਾ ਕੇ ਸਾਨੂੰ ਪੰਜਾਬ ਵਾਲੇ ਕੈਂਪ ਚ ਛੱਡਕੇ ਆਪਣੇ ਸਾਥੀਆਂ ਸਮੇਤ ਮਿੱਥੇ ਪ੍ਰੋਗਰਾਮ ਵੱਲ ਚਲੇ ਗਏ॥

ਸਾਹਿਬ ਕਾਂਸ਼ੀ ਰਾਮ ਇਟਾਵਾ ਦੀਆਂ ਚੋਣ ਸਭਾਵਾਂ ਵਿਚ ਖੁਲ੍ਹੇਆਮ ਪਰਚਾਰ ਕਰਿਆ ਕਰਦੇ ਸਨ ਕਿ "ਅਜੇ ਤੱਕ ਮੈਂ ਸਮਾਜ ਨੂੰ ਤਿਆਰ ਕਰਨ ਲਈ ਇਲਾਹਾਬਾਦ ਤੋਂ ਵੀ ਪੀ ਸਿੰਘ, ਅਮੇਠੀ ਤੋਂ ਰਾਜੀਵ ਗਾਂਧੀ ਅਤੇ ਪੂਰਬੀ ਦਿੱਲੀ ਤੋਂ ਐਚ। ਕੇ। ਐਲ। ਭਗਤ ਦੇ ਮੁਕਾਬਲੇ ਚੋਣ ਲੜਿਆ ਹਾਂ , ਹੁਣ ਮੈਂ ਇਟਾਵਾ ਤੋਂ ਚੋਣ ਜਿੱਤਣ ਲਈ ਲੜ ਰਿਹਾ ਹਾਂ। ਇਸ ਲਈ ਉਤਰ ਪਰਦੇਸ ਦੇ ਸਾਰੇ ਸੀਨੀਅਰ ਕਾਰਜ ਕਰਤਾਵਾਂ ਨੂੰ ਜੁਟਾਇਆ ਗਿਆ ਹੈ ਪਾਰਟੀ ਦੇ ਜ਼ਿਆਦਾਤਰ ਵਿਧਾਇਕਾ ਨੇ ਵੀ ਏਥੇ ਡੇਰਾ ਲਾਇਆ ਹੋਇਆ ਹੈ। ਇਹ ਚੋਣ ਹਰ ਹਾਲਤ ਵਿਚ ਜਿਤਣੀ ਹੈ ਕਾਰਜਕਰਤਾਵਾਂ ਨੂੰ ਨਿਰਦੇਸ਼ ਹੈ ਕਿ 'ਕਰੋ ਜਾਂ ਮਰੋ' ਅਗਰ ਅਸੀਂ ਇਹ ਨਹੀਂ ਕਰਦੇ ਤਾਂ ਸਮਾਜ ਦਾ ਮਨੋਬਲ ਉੱਚਾ ਨਹੀਂ ਹੋ ਸਕੇਗਾ ਇਸ ਲਈ ਬਹੁਜਨ ਸਮਾਜ ਦਾ ਮਨੋਬਲ ਉਚਾ ਕਰਨ ਲਈ ਸਾਨੂੰ ਆਪਣੀ ਪੂਰੀ ਤਾਕਤ ਲਗਾਉਣੀ ਹੋਵੇਗੀ।"

ਉਹਨਾਂ ਨੇ ਦੱਸਿਆ ਕਿ ਦੇਸ਼ ਭਰ ਚ ਹੋ ਰਹੀਆਂ 16 ਪਾਰਲੀਮੈਂਟਰੀ ਚੋਣਾਂ ਚੋਂ 8 ਅਤੇ ਅਸੰਬਲੀ ਦੀਆਂ 58 ਸੀਟਾਂ ਵਿਚੋਂ 30 ਸੀਟਾਂ ਤੇ ਬਹੁਜਨ ਸਮਾਜ ਪਾਰਟੀ ਚੋਣ ਲੜ ਰਹੀ ਹੈ। ਸਾਡੇ ਚੋਣ ਲੜਨ ਨਾਲ ਕਿਸੇ ਨਾ ਕਿਸੇ ਨੂੰ ਦਰਦ ਜ਼ਰੂਰ ਹੁੰਦਾ ਹੈ, ਤਕਲੀਫ਼ ਜ਼ਰੂਰ ਹੁੰਦੀ ਹੈ। ਉਹਨਾਂ ਨੇ ਦੱਸਿਆ ਕਿ ਉਤਰ ਪ੍ਰਦੇਸ਼ ਦੀਆਂ ਤਿੰਨ ਸੀਟਾਂ ਤੇ ਉਪ ਚੋਣ ਹੋ ਰਹੀ ਹੈ ਇਟਾਵਾ ਦੀ ਸੀਟ ਤੋਂ ਮੈਂ ਆਪ ਖੜ੍ਹਾ ਹਾਂ। ਮੇਰੇ ਚੋਣ ਲੜਨ ਨਾਲ ਜਿਹਨਾਂ ਲੋਕਾਂ ਨੂੰ ਦਰਦ ਹੁੰਦਾ ਹੈ ਉਹ ਕਹਿੰਦੇ ਹਨ ਕਿ ਕਾਂਸ਼ੀ ਰਾਮ ਸਮਾਜਵਾਦੀ ਪਾਰਟੀ ਨੂੰ ਚੋਣ ਜਿਤਾਉਣ ਲਈ ਖੜ੍ਹਾ ਹੋਇਆ ਹੈ। ਸਮਾਜਵਾਦੀ ਪਾਰਟੀ ਦੇ ਮੁਲਾਇਮ ਸਿੰਘ ਯਾਦਵ ਨੂੰ ਜਿਤਾਉਣ ਲਈ ਖੜ੍ਹਾ ਹੈ। ਖਾਸ ਕਰਕੇ ਕਾਂਗਰਸ ਵਾਲੇ ਭਾਈ ਇਹ ਕਹਿੰਦੇ ਹਨ। ਇਹੋ ਕਾਂਗਰਸ ਤੇ ਜਨਤਾ ਦਲ ਵਾਲੇ ਬੁਲੰਦ ਸ਼ਹਿਰ ਵਿਚ ਆਖਦੇ ਹਨ ਬਸਪਾ ਦੀ ਮਾਇਆਵਤੀ ਇਧਰ ਚੋਣ ਲੜਕੇ ਭਾਰਤੀ ਜਨਤਾ ਪਾਰਟੀ ਨੂੰ ਚੋਣ ਜਿਤਾਉਣ ਲਈ ਲੜ ਰਹੀ ਹੈ। ਬੁਲੰਦ ਸ਼ਹਿਰ ਤੇ ਇਟਾਵਾ ਤੋਂ ਇਲਾਵਾ ਤੀਜੀ ਸੀਟ ਅਮੇਠੀ ਤੋਂ ਚੋਣ ਹੋ ਰਹੀ ਹੈ ਅਮੇਠੀ ਤੋਂ ਬਸਪਾ ਚੋਣ ਨਹੀਂ ਲੜ ਰਹੀ ਉਧਰ ਭਾਜਪਾ ਵਾਲੇ ਕਹਿੰਦੇ ਹਨ ਕਿ ਬਸਪਾ ਕਾਂਗਰਸ ਨੂੰ ਜਿਤਾਉਣ ਲਈ ਇਥੋਂ ਚੋਣ ਨਹੀਂ ਲੜ ਰਹੀ। ਇਟਾਵਾ ਚ ਕਾਂਗਰਸ ਨੂੰ ਤਕਲੀਫ ਹੋ ਰਹੀ ਹੈ ਬੁਲੰਦ ਸ਼ਹਿਰ ਤੇ ਜਨਤਾ ਦਲ ਨੂੰ ਅਤੇ ਅਮੇਠੀ ਚ ਭਾਜਪਾ ਨੂੰ ਤਕਲੀਫ ਹੈ। ਕਾਂਗਰਸ, ਜਨਤਾ ਦਲ, ਭਾਜਪਾ ਤਿੰਨਾਂ ਨੂੰ ਹੀ ਸਾਡੇ ਚੋਣ ਲੜਨ ਨਾਲ ਵੀ ਤਕਲੀਫ ਹੈ ਅਤੇ ਨਾ ਲੜਨ ਨਾਲ ਵੀ ਤਕਲੀਫ ਹੈ, ਅਸੀਂ ਕੀ ਕਰੀਏ? ਚੋਣ ਲੜੀਏ ਜਾਂ ਨਾ ਲੜੀਏ ਸਾਨੂੰ ਵਿਕਣ ਵਾਲੇ ਕਿਹਾ ਜਾਂਦਾ ਹੈ। ਪਹਿਲੇ ਪਹਿਲੇ ਇਹ ਮੈਨੂੰ ਸੀ ਆਈ ਏ ਦਾ ਏਜੰਟ ਆਖਦੇ ਰਹੇ ਕਿ ਕਾਂਸ਼ੀ ਰਾਮ ਨੂੰ ਪੈਸਾ ਸੀ ਆਈ ਏ ਰਾਹੀਂ ਆਉਂਦਾ ਹੈ। ਇਸ ਲਈ

(ਬਾਕੀ ਅਗਲੇ ਸਫੇ 'ਤੇ)

## ਰੁੱਖ ਲਗਾਉ

ਰੁੱਖ ਲਗਾਉ, ਰੁੱਖ ਲਗਾਉ,
ਰੁੱਖਾਂ ਨਾ਼ਲ ਨੇ ਰੌਣਕਾਂ ਜੁੜੀਆਂ,
ਠੰਡੀ ਛਾਂ ਦੇ ਹੇਠਾਂ ਆ ਕੇ,
ਬਚਪਨ ਦੀਆਂ ਨੇ ਯਾਦਾਂ ਜੁੜੀਆਂ ।

ਰੁੱਖ ਲਗਾਓ,ਰੁੱਖ ਲਗਾਓ
ਰੁੱਖ ਬਣਦੇ ਜੀਵਨ ਦਾ ਆਧਾਰ,
ਬਿਨ ਕਰਮਾਂ ਦੇ ਮਿਲੇ ਨਾ ਪਿਆਰ ।
ਰੁੱਖ ਲਗਾਓ, ਰੁੱਖ ਲਗਾਓ,
ਪੰਛੀਆਂ ਦੇ ਨੇ ਰੈਣ -ਬਸੇਰੇ,
ਬਾਣੀ ਬਾਬਾ ਜੀ ਪੜੇ ਸਵੇਰੇ ।

ਰੁੱਖ ਲਗਾਓ,ਰੁੱਖ ਲਗਾਓ,
ਧਰਤੀ ਦਾ ਤਦ ਵਧੇ ਸ਼ਿੰਗਾਰ,
ਜਦ ਬੂਟਾ ਹੋ ਜਾਵੇ ਫਲਦਾਰ ।
ਰੁੱਖ ਲਗਾਓ, ਰੁੱਖ ਲਗਾਓ,
ਵਾਤਾਵਰਣ ਨੂੰ ਇਹ ਬਚਾਉਂਦੇ,
ਜਿਓਂਣ ਦਾ ਸਾਨੂੰ ਹੱਕ ਦਵਾਉਂਦੇ ।

ਰੁੱਖ ਲਗਾਉ, ਰੁੱਖ ਲਗਾਉ,
ਵਰਖਾ ਦੇ ਵਿੱਚ ਹੋਣ ਸਹਾਈ,
ਰਜਮੀਤ ਨੇਂ ਗੱਲ ਅਜਮਾਈ ,
ਰੁੱਖ ਲਗਾਉ, ਰੁੱਖ ਲਗਾਉ।

**– ਰਜਮੀਤ ਕੌਰ ਸਹੋਤਾ**
**ਪਿੰਡ -ਪੱਦੀ ਸੂਰਾ ਸਿੰਘ**
**ਜਿਲ੍ਹਾ -ਹੁਸ਼ਿਆਰਪੁਰ।**



## ਉਚੀਆਂ ਮੰਜ਼ਿਲਾਂ ਦੇ ਰਾਹ

**ਰੀਵਿਊਕਾਰ: ਬਲਜਿੰਦਰ ਮਾਨ 98150-18947**
**ਸੰਪਾਦਕ: ਸੁਖਮਨ ਸਿੰਘ**
**ਪ੍ਰਕਾਸ਼ਕ: ਸਵਿਤਰੀ ਪਬਲੀਕੇਸ਼ਨ ਆਗਰਾ, ਪੰਨੇ:70, ਮੁੱਲ:160/-**

ਸੁਖਮਨ ਸਿੰਘ ਸਾਹਿਤ ਅਤੇ ਕਲਾ ਜਗਤ ਵਿਚ ਉਭਰਦਾ ਸਿਤਾਰਾ ਹੈ।ਉਸਦੀ ਮਾਤਾ ਰਣਦੀਪ ਕੌਰ ਨੇ ਪਹਾੜਾਂ ਦਾਲ ਮੱਥਾਂ ਲਾ ਕੇ ਉਸਨੂੰ ਉਚੀਆਂ ਮੰਜ਼ਿਲਾਂ ਦੇ ਰਾਹੇ ਪਾਇਆ ਹੈ। ਉਸਦੀ ਪ੍ਰੇਰਨਾ ਸਦਕਾ ਹੀ ਉਹ ਆਪਣੇ ਸੰਗੀਆਂ ਸਾਥੀਆਂ ਨੂੰ ਵੀ ਨਰੋਈਆਂ ਲੀਹਾਂ ਦਿਖਾਉਣ ਲੱਗ ਪਿਆ ਹੈ। ਉਸਨੇ ਆਪਣੇ 17 ਨੌਜਵਾਨ ਸਾਥੀਆਂ ਦੀਆਂ ਰਚਨਾਵਾਂ ਨੂੰ ਇਕੱਤਰ ਕਰਕੇ ਹੱਥਲੀ ਪੁਸਤਕ 'ਉਚੀਆਂ ਮੰਜ਼ਿਲਾਂ ਦੇ ਰਾਹ' ਤਿਆਰ ਕੀਤੀ ਹੈ। ਇਸਤੋਂ ਪਹਿਲਾਂ ਬੱਚਿਆਂ ਵਾਸਤੇ ਉਸਦੀਆਂ ਦੋ ਪੁਸਤਕਾਂ 'ਸਫਰ ਜ਼ਿੰਦਗੀ ਅਤੇ ਦੁਨੀਆ ਦੇ ਰੰਗ' ਪ੍ਰਕਾਸ਼ਿਤ ਹੋ ਚੁੱਕੀਆਂ ਹਨ। ਕਹਾਣੀ ਸੰਗ੍ਰਹਿ ਕਮਰਾ ਨੰ: 302 ਅਤੇ ਚੜ੍ਹਦੇ ਸੂਰਜ ਦੀ ਲਾਲੀ (ਸੰਪਾਦਕ ਪ੍ਰੋ. ਬਲਬੀਰ ਕੌਰ ਰਹੀਲ) ਵਿਚ ਵੀ ਉਸਦੀਆਂ ਕਹਾਣੀਆਂ ਦਰਜ ਹਨ। ਨਿੱਕੀਆਂ ਕਰੂੰਬਲਾਂ ਬਾਲ ਰਸਾਲੇ ਤੋਂ ਇਲਾਵਾ ਇਕ ਦਰਜਨ ਤੋਂ ਵੱਧ ਪੁਸਤਕਾਂ ਵਿਚ ਚਿੱਤਰਕਾਰੀ ਵੀ ਕਰ ਚੁੱਕਾ ਹੈ। ਮਲਟੀ ਮੀਡੀਆ ਦਾ ਵਿਦਿਆਰਥੀ ਹੋਣ ਕਰਕੇ ਹਰ ਖੇਤਰ ਵਿਚ ਹਥ ਅਜ਼ਮਾ ਰਿਹਾ ਹੈ। ਪਹਿਲਾਂ ਸਿਰਜਣਾ, ਚਿਤਰਕਾਰੀ, ਅਦਾਕਾਰੀ ਤੇ ਹੁਣ ਸੰਪਾਦਨ ਕਾਰਜ ਵਿਚ ਵੀ ਜੁਟ ਗਿਆ ਹੈ। ਉਹ ਹਰ ਕਾਰਜ ਨੂੰ ਪੂਰੀ ਤਨਦੇਹੀ ਨਾਲ ਨਿਭਾਉਂਦਾ ਹੈ। ਇਸਦਾ ਸਬੂਤ ਉਸਨੇ ਹੱਥਲੀ ਪੁਸਤਕ ਦੀ ਸੰਪਾਦਨਾ ਕਰਕੇ ਦਿੱਤਾ ਹੈ।




ਪੁਸਤਕ ਵਿਚ 9 ਕਵਿਤਾਵਾਂ ਸੱਤ ਕਹਾਣੀਆਂ ਅਤੇ ਦੋ ਲੇਖ ਸ਼ਾਮਲ ਹਨ। ਇਸ ਪੁਸਤਕ ਵਿਚ ਸ਼ਾਮਲ ਸਾਰੇ ਨਵੇਂ ਲੇਖਕ ਆਧੁਨਿਕ ਸਮੇਂ ਦੇ ਮਸਲਿਆਂ ਨੂੰ ਵਿਚਾਰਦੇ ਹਨ। ਉਹਨਾਂ ਅੰਦਰ ਦੇਸ਼ ਵਿਚ ਭੈੜੀਆਂ ਕੁਰੀਤੀਆਂ ਨੂੰ ਖਤਮ ਕਰਨ ਦੀ ਤਤਪਰ ਇੱਛਾ ਹੈ। ਸੁਖਮਨ ਸਿੰਘ ਨੇ ਇਸ ਪੁਸਤਕ ਵਿਚ ਅਨੁਰਾਧਾ, ਮਨਵੀਰ ਕੌਰ, ਮਨਦੀਪ ਗੌਤਮ, ਸਚਿਨ ਸ਼ਰਮਾ, ਗੁਰਮੇਜ਼ਰ ਸਿੰਘ, ਹਰਜੋਤ ਸੰਧੂ, ਨਿਖਿਲ ਨਈਅਰ, ਹਰਦੀਪ ਕੌਰ, ਜਸਵੀਰ ਕੌਰ, ਗੁਰਅਮਾਨਤ ਕੌਰ, ਰਜਮੀਤ ਕੌਰ, ਪ੍ਰਭਜੋਤ ਕੌਰ, ਡਾ. ਰਮਨ ਧਾਦਰਾ ਅਤੇ ਭਾਵਨੀ ਆਦਿ ਲੇਖਕਾਂ ਨੂੰ ਸ਼ਾਮਲ ਕੀਤਾ ਹੈ। ਇਹ ਸਾਰੇ ਲੇਖਕ ਸਾਹਿਤਕ ਖੇਤਰ ਵਿਚ ਨਵੀਆਂ ਪੈੜਾਂ ਪਾਉਣ ਦੀਆਂ ਸੰਭਾਵਨਾਵਾਂ ਰੱਖਦੇ ਹਨ। ਸੁਖਮਨ ਦੇ ਇਸ ਯਤਨ ਦੀ ਭਰਪੂਰ ਸ਼ਲਾਘਾ ਕਰਨੀ ਬਣਦੀ ਹੈ। ਉਹ ਇਸੇ ਤਰ੍ਹਾਂ ਮਿਹਨਤ ਤੇ ਲਗਨ ਨਾਲ ਕਾਰਜਸ਼ੀਲ ਰਹੇ ਤਾਂ ਸਾਹਿਤ ਅਤੇ ਕਲਾ ਦਾ ਖੇਤਰ, ਉਸਨੂੰ ਕਲਾਵੇ ਵਿਚ ਲੈਣ ਲਈ ਤਿਆਰ ਖੜਾ ਹੈ।

## ਕੌੜਾ ਸੱਚ

ਕੂਚ ਕਰਨਾ ਜਦ ਦੁਨੀਆਂ ਤੋਂ
ਵਕਤ ਨਾ ਪਤਾ ਹੋਵੇਗਾ।
ਕਈ ਲੁੱਕ ਲੁੱਕ ਹਾਸੇ ਹਸਣਗੇ
ਕੋਈ ਭੁਬਾਂ ਮਾਰ ਕੇ ਰੋਵੇਗਾ।

ਜਿਉਂਦਿਆਂ ਜਿਸ ਨਾ ਜੋੜਿਆ
ਮੋਢੇ ਨਾਲ ਮੋਢਾ
ਹੁਣ ਉਹ ਮੇਰੀ ਅਰਥੀ ਦਾ
ਭਾਰ ਕਿਵੇਂ ਢੋਵੇਗਾ।

ਜਿਹੜਾ ਮਿੱਤਰ ਸੀ ਜ਼ਿੰਦਗੀ
ਦਾ ਸਰਮਾਇਆ।
ਉਹੀ ਆਣ ਮੇਰੀ ਸਰਾਂਦੀ
ਮੂੰਹ ਵੇਖਣ ਲਈ ਖਲੋਵੇਗਾ।

ਲੈਣਦਾਰੀਆਂ ਤਾਂ ਮੇਰੀਆਂ ਮੁੱਕ
ਜਾਣਗੀਆਂ ਸਾਰੀਆਂ
ਦੇਣਦਾਰੀਆਂ ਦਾ ਸਿਲਸਿਲਾ
ਸੁਰੂ ਹੋਵੇਗਾ।

ਨਾ ਸਮਝੇਗਾ ਮਗਰੋਂ ਕੋਈ
ਮੇਰੀਆਂ ਜਿੰਮੇਵਾਰੀਆਂ ਨੂੰ
ਬਸ ਝੂਠੇ ਦਿਲਾਸੇ ਹੀ
ਆਣ ਕੇ ਦੇਵੇਗਾ।

ਗਲਾਂ ਵੀ ਮੇਰੀਆਂ ਬਸ
ਸ਼ਮਸ਼ਾਨ ਤੱਕ ਹੋਣਗੀਆਂ।
ਕੌਣ ਮੋਇਆ,ਮੋਇਆ ਨਾਲ,
ਰੀਤ ਰਿਵਾਜ਼ ਹੀ ਕਰੇਗਾ।

ਕੌਣ ਵੱਡਾ ਕੌਣ ਨਿੱਕਾ
ਇਹ ਨਾ ਕੋਈ ਜਾਣੇ।
ਨਿੱਕੇ ਜਦ ਪਹਿਲਾਂ ਤੁਰ ਜਾਣ,
ਤਾਂ ਬਹੁਤਾ ਦੁੱਖ ਹੋਵੇਗਾ।

ਅੱਗੇ ਤਾਂ ਹਾਰ ਪਾ ਕੇ
ਫੋਟੋ ਟੰਗਦੇ ਸਨ
ਹੁਣ ਤਾਂ ਕਮਰੇ ਦੀ ਸਜਾਵਟ
ਵਿੱਚ ਵੀ ਵਿਘਨ ਹੋਵੇਗਾ।

**-ਕੁਲਜੀਤ ਕੌਰ**

## ਜ਼ਿੰਦਗੀ ਦੇ ਬਦਲਾਅ

ਕਿੰਨੇ ਹੀ ਚਾਅ ਜਵਾਨ ਹੋਣ ਤੋਂ ਪਹਿਲਾਂ ਹੀ,
ਕਿੱਧਰੇ ਮਰ ਮੁੱਕ ਗਏ ਨੇ ਜ਼ਿੰਦਗੀ ਦੇ ...
ਕੁੱਝ ਹਰੇ ਭਰੇ ਸੀ ਬੜੇ ਸੋਹਣੇ ਸੱਜਰੇ ਚਾਅ,
ਉਹ ਵੀ ਖੋਰੇ ਸੁੱਕ ਗਏ ਨੇ ਜ਼ਿੰਦਗੀ ਦੇ ...
ਝੂਠੇ ਹਾਸਿਆਂ ਦੇ ਨਾਲ ਲਾ ਲਈ ਯਾਰੀ ਸੀ,
ਉਹ ਵੀ ਤਾਂ ਹੁਣ ਛੁਪਾ ਲਏ ਨੇ ਜ਼ਿੰਦਗੀ ਨੇ ...
ਅੱਖ ਦੇ ਅੱਥਰੂ ਨਾਲ ਮੇਰਾ ਰਿਸ਼ਤਾ ਮੁੱਢ ਤੋਂ ਆ,
ਕਿਸੇ ਦੇ ਵਿਖਣ ਤੋਂ ਲੁਕਾ ਲਏ ਨੇ ਜ਼ਿੰਦਗੀ ਨੇ ...
ਬੜੇ ਸੋਹਣੇ ਸੁਪਨੇ ਸੀ ਸਜਾ ਕੇ ਰੱਖੇ ਹੋਏ,
ਆਪਣੇ ਹੱਥਾਂ ਨਾਲ ਕਤਲ ਕੀਤੇ ਜ਼ਿੰਦਗੀ 'ਚ ...
ਬੜੇ ਡੂੰਘੇ ਜਖ਼ਮ ਸੀ ਆਪਣਿਆ ਨੇ ਦਿੱਤੇ,
ਅੱਲੇ ਹੀ ਸੀ ਹਲੇ ਜਦੋਂ ਮੈਂ ਸੀਤੇ ਜ਼ਿੰਦਗੀ 'ਚ ...
ਪਰਮਿੰਦਰ ਇਹ ਜ਼ਿੰਦਗੀ ਤੇਰੇ ਬੋਲੇ ਮੁੱਕਣੀ ਨੀ,
ਕੁੱਝ ਖਾਸ ਨੇ ਪਾ ਗਏ ਵਿੱਥ ਨੇ ਜ਼ਿੰਦਗੀ ਤੋਂ...
ਕਿਉਂ ਚੰਗੀ - ਚੰਗੀ ਬਣਦੀ ਫਿਰਦੀ ਆ,
ਸਾਰੇ ਤਾਂ ਨਹੀਂ ਹੋਣੇ ਜਿੱਤ ਨੇ ਜ਼ਿੰਦਗੀ ਤੋਂ ...

**- ਪਰਮਿੰਦਰ ਕੌਰ**
**ਵਜੀਦਪੁਰ (ਪਟਿਆਲਾ)**

## ਵੱਸਦਾ ਰਹੇ ਪੰਜਾਬ

ਪੰਜ ਦਰਿਆਵਾਂ ਦੀ ਧਰਤੀ ਨੂੰ ,
ਨਸ਼ਿਆ ਵਿੱਚ ਵਹਿੰਦਾ ਵੇਖ ਰਿਹਾ
ਸਰਵਨ ਵਰਗੇ ਹੁੰਦੇ ਸੀ ਜੋ ਪੁੱਤ ,
ਮਾਪਿਆਂ ਦੇ ਮੋਢੇ ਤੇ ਜਾਂਦਾ ਵੇਖ ਰਿਹਾ ।

ਕਰਦੇ ਸੀ ਜੋ ਸਤਿਕਾਰ ਵੱਡਿਆ ਦਾ
ਹੁਣ ਪਿਉ ਦਾ ਗਲਾ ਫੜਦੇ ਵੇਖ ਰਿਹਾ।
ਧੀਆਂ ਭੈਣਾਂ ਦੀ ਇੱਜਤ ਕਰਨ ਵਾਲਿਆਂ ਨੂੰ
ਅੱਜ ਸਿਰਾਂ ਤੋਂ ਚੁੰਨੀਆਂ ਲਾਉਂਦੇ ਵੇਖ ਰਿਹਾ।

ਵਾਰ ਦਿੱਤੀ ਜਿੰਦੜੀ ਯੋਧਿਆਂ ਦੇਸ਼ ਲਈ,
ਹੁੱਣ ਜਵਾਨੀ ਲੱਚਰ ਹੁੰਦੀ ਵੇਖ ਰਿਹਾ।
ਹਥਿਆਰ ਚੁੱਕਿਆ ਸੀ ਜਿਨ੍ਹਾਂ ਹੱਕਾਂ ਲਈ,
ਹੁਣ ਹਰ ਇੱਕ ਹੱਥ ਚ ਹਥਿਆਰ ਵੇਖ ਰਿਹਾ।

ਗੁਰੂ, ਪੀਰ, ਪੈਗੰਬਰਾਂ ਦੀ ਧਰਤੀ ਨੂੰ,
ਲਹੂ ਨਾਲ ਲਾਲ ਸੂਹੀ ਹੁੰਦੀ ਵੇਖ ਰਿਹਾ
ਮੇਰੇ ਸੋਹਣੇ ਜਿਹੇ ਖੁਸ਼ਹਾਲ ਪੰਜਾਬ ਨੂੰ ,
ਭ੍ਰਿਸ਼ਟਾਚਾਰ ਤੇ ਨਸ਼ਿਆਂ ਚ ਰੁੜਦਾ ਵੇਖ ਰਿਹਾ।

ਕਦੇ ਕਹਿਲਾਉਂਦਾ ਸੀ ਸੋਨੇ ਦੀ ਚਿੱੜੀ ਇਹ
ਖੰਭਾਂ ਨੂੰ ਜ਼ਾਲਮਾਂ ਦੇ ਹੱਥੋ ਵੱਢਦੇ ਵੇਖ ਰਿਹਾ
ਉੱਜੜ ਉੱਜੜ ਕੇ ਵੱਸਣਾ ਸਿਖਿਆ ਪੰਜਾਬ ਨੇ
ਹੁਣ ਤਾਂ, ਕਦੋ ਹੋਵੇਗਾ ਖੁਸ਼ਹਾਲ, ਵੇਖ ਰਿਹਾ ।



**- ਬੀ ਐੱਸ ਗੋਗੀ**
**91-78141-46137**

# ਬਸਪਾ ਦੇ ਚੋਣ ਵਿਚ ਖੜ੍ਹੇ ਹੋਣ ਨਾਲ ਵੀ ਤੇ ਨਾ ਖੜ੍ਹੇ ਹੋਣ ਨਾਲ ਵੀ ਵਿਰੋਧੀਆਂ ਨੂੰ ਤਕਲੀਫ ਹੁੰਦੀ ਹੈ

**(ਸਫਾ 34 ਦੀ ਬਾਕੀ)**

ਮੈਨੂੰ ਬਾਰ ਬਾਰ ਮੰਚਾਂ ਤੋਂ ਕਹਿਣਾ ਪਿਆ ਕਿ ਇਸ ਦੇਸ਼ ਦੀ ਸਰਕਾਰ ਨਿਕੰਮੀ ਹੈ ਇਸ ਦੇਸ਼ ਦੀ ਸਰਕਾਰ ਖੁਸਰਿਆਂ ਦੀ ਸਰਕਾਰ ਹੈ । ਜਿਹੜੀ ਕਾਂਸ਼ੀ ਰਾਮ ਤੇ ਉਹਦੇ ਸਾਥੀਆਂ ਨੂੰ ਫੜਨ ਲਈ ਮਰਦਾਨਗੀ ਨਹੀਂ ਦਿਖਾਉਂਦੀ। ਇਸ ਨਿਕੰਮੀ ਸਰਕਾਰ ਨੂੰ ਤਿਆਰੀ ਕਰਕੇ ਇਕ ਨਾ ਇਕ ਦਿਨ ਬਦਲਨਾ ਹੈ ਨਹੀਂ ਤਾਂ ਇਹ ਦੇਸ਼ ਦਾ ਸਤਿਆਨਾਸ ਕਰ ਦੇਵੇਗੀ। ਜੇ ਅਸੀਂ ਚੋਣ ਲੜਦੇ ਹਾਂ ਤਾਂ ਆਖਦੇ ਹਨ ਇਹ ਪੈਸਾ ਲੈਕੇ ਖੜ੍ਹੇ ਹਨ ਜੇ ਨਹੀਂ ਲੜਦੇ ਤਾਂ ਆਖਦੇ ਹਨ ਇਹ ਪੈਸਾ ਲੈਕੇ ਨਹੀਂ ਲੜ ਰਹੇ। ਉਹ ਸਮਝਦੇ ਹਨ ਇਨ੍ਹਾਂ ਕੋਲ ਪੈਸਾ ਕਿੱਥੇ ਹੈ ਇਨ੍ਹਾਂ ਤੋਂ ਪੈਸਾ ਤਾਂ ਨਿੰਬੂ ਦੀ ਤਰ੍ਹਾਂ ਅਸੀਂ ਨਿਚੋੜ ਲਿਆ ਹੈ। ਇਨ੍ਹਾਂ ਕੋਲ ਕੁਝ ਵੀ ਰਹਿਣ ਨਹੀਂ ਦਿੱਤਾ, ਇਨ੍ਹਾਂ ਦਾ ਸਤਿਆਨਾਸ ਕਰ ਦਿਤਾ ਐ ਫਿਰ ਵੀ ਇਨ੍ਹਾਂ ਕੋਲ ਪੈਸਾ ਕਿਥੋਂ ਆ ਰਿਹਾ ਹੈ। ਪਰ ਮੈਂ ਦੇਖਿਆ ਕਿ ਕਿਸੇ ਨਾ ਕਿਸੇ ਕੋਨੇ ਵਿਚ ਰਸ ਬਚਿਆ ਹੈ ਉਹ ਕੋਨਾ ਮੈਨੂੰ 26 ਲੱਖ ਮੁਲਾਜ਼ਮਾਂ ਦੇ ਰੂਪ ਵਿਚ ਨਜ਼ਰ ਆਇਆ । ਜੋ 10000 ਕਰੋੜ ਕਮਾਉਂਦੇ ਹਨ, ਉਹ ਦਸ ਕਰੋੜ ਵੀ ਇਕਠਾ ਨਹੀਂ ਕਰ ਸਕਦੇ?

ਇਸ ਲਈ ਮੁਲਾਜ਼ਮਾਂ ਨੂੰ ਸੰਗਠਤ ਕਰਨਾ ਜ਼ਰੂਰੀ ਸਮਝਿਆ ਤਾਂ ਕਿ ਨਿਰਧਨ ਸਮਾਜ ਚੋਂ ਕੁਛ ਧਨ ਪੈਦਾ ਕਰਕੇ ਗਿਰਾਏ ਗਏ ਸਮਾਜ ਨੂੰ ਆਪਣੇ ਪੈਰਾਂ ਤੇ ਖੜ੍ਹਾ ਕੀਤਾ ਜਾ ਸਕੇ। ਇਸ ਕੰਮ ਲਈ ਦਿਮਾਗ ਵੀ ਚਾਹੀਦਾ ਹੈ, ਹੁਨਰ ਚਾਹੀਦਾ ਹੈ, ਪੈਸਾ ਚਾਹੀਦਾ ਹੈ । ਇਹ ਪੜ੍ਹਾਈ ਲਿਖਾਈ ਇਹ ਹੁਨਰ, ਇਹ ਪੈਸਾ ਸਰਕਾਰੀ ਕਰਮਚਾਰੀਆਂ ਨੂੰ ਸੰਗਠਤ ਕਰਕੇ ਪੈਦਾ ਕੀਤਾ ਜਾ ਸਕਦਾ ਹੈ । ਅੱਜ ਜਦੋਂ ਸਾਰੀਆਂ ਪਾਰਟੀਆਂ ਇਕ ਦੂਜੇ ਨੂੰ ਦਲਾਲ ਆਖ ਰਹੀਆਂ ਹਨ ਤਾਂ ਇਹਨਾਂ ਪਾਰਟੀਆਂ ਨੂੰ ਮੈਂ ਕਹਿਣਾ ਚਾਹੁੰਦਾ ਹਾਂ ਕਿ ਆਪਣੇ ਗਿਰਾਏ ਗਏ ਸਮਾਜ ਨੂੰ ਆਪਣੇ ਪੈਰਾਂ ਤੇ ਖੜ੍ਹਾ ਕਰਨ ਲਈ, ਅੱਗੇ ਵਧਾਉਣ ਲਈ, ਦੌੜ ਚ ਉਤਾਰਨ ਲਈ, ਦੌੜ ਵਿਚ ਐਨਾ ਤੇਜ਼ ਦੌੜਾਉਣ ਲਈ ਕਿ ਉਹ ਮੁੱਠੀ ਭਰ ਲੋਕਾਂ ਨੂੰ ਪਛਾੜ ਸਕੇ ਇਸ ਲਈ ਜਿੰਨਾ ਧਨ ਚਾਹੀਦਾ ਹੈ ਅਸੀਂ ਆਪਣੇ ਸਮਾਜ ਤੋਂ ਪੈਦਾ ਕਰਦੇ ਹਾਂ।

ਅਗਰ ਕਰਮਚਾਰੀ ਆਪਣੀ ਜ਼ਿੰਮੇਵਾਰੀ ਨਹੀਂ ਨਿਭਾਉਂਦੇ ਤਾਂ ਵੀ ਘਬਰਾਉਣ ਦੀ ਕੋਈ ਗੱਲ ਨਹੀਂ। ਬਹੁਜਨ ਸਮਾਜ 70-75 ਕਰੋੜ ਲੋਕਾਂ ਦਾ ਸਮਾਜ ਹੈ ਨਿਚੋੜੇ ਗਏ ਲੋਕਾਂ ਦਾ ਸਮਾਜ ਹੈ, ਭਾਵੇਂ ਉਸ ਵਿਚ ਰਸ ਨਹੀਂ ਰਹਿਣ ਦਿੱਤਾ ਗਿਆ ਫੇਰ ਵੀ ਜ਼ਿੰਦਾ ਹੈ, ਜਿੰਦਾ ਰਹਿਣ ਲਈ ਬੇਸ਼ਕ ਸਹੀ ਖਾਣਾ ਨਹੀਂ ਮਿਲਦਾ, ਭੁੱਖੇ ਮਰਦੇ ਹਨ , ਭੁੱਖੇ ਮਰਦੇ ਮਰਦੇ ਵੀ ਰੋਜ਼ਾਨਾ ਤਿੰਨ ਕੁ ਰੁਪਏ ਜ਼ਰੂਰ ਖਾ ਜਾਂਦੇ ਹਨ, ਐਸਾ ਸਰਕਾਰ ਦਾ ਅਨੁਮਾਨ ਹੈ । 70 ਕਰੋੜ ਲੋਕ ਦੋ ਸੌ ਕਰੋੜ ਦਾ ਖਾਣਾ ਹਰ ਰੋਜ਼ ਖਾ ਜਾਂਦੇ ਹਨ। ਦੂਜਿਆਂ ਲਈ ਭੁੱਖੇ ਮਰਨ ਵਾਲੇ ਲੋਕ ਅਗਰ ਆਪਣੇ ਲਈ ਭੁੱਖੇ ਰਹਿ ਜਾਣ ਤਾਂ ਇਕ ਦਿਨ ਦਾ ਦੋ ਸੌ ਕਰੋੜ ਆਪਣੇ ਸਮਾਜ ਨੂੰ ਤਿਆਰ ਕਰਨ ਲਈ ਬਚਾ ਸਕਦੇ ਹਨ। ਸਾਡੇ ਵੱਲ ਉਂਗਲ ਉਠਾਉਣ ਵਾ਼ਲੇ ਭਰਾਵਾਂ ਨੂੰ ਇਸ ਗੱਲ ਦਾ ਅਹਿਸਾਸ ਜ਼ਰੂਰ ਹੋਵੇਗਾ।

ਇਟਾਵਾ ਚ ਸਾਰੀਆਂ ਪਾਰਟੀਆਂ ਦੇ ਮੁਕਾਬਲੇ ਤੇ ਹਰ ਤਰ੍ਹਾਂ ਦੇ ਚੋਣ ਪ੍ਰਚਾਰ ਚ ਬਸਪਾ ਅੱਗੇ ਚੱਲ ਰਹੀ ਸੀ ਚਾਹੇ ਕੰਧਾਂ ਤੇ ਲਿਖਾਈ ਹੋਵੇ , ਝੰਡੇ ਪੋਸਟਰ ਬੈਨਰ ਹੋਣ ਤੇ ਚਾਹੇ ਕਾਰਜ ਕਰਤਾਵਾਂ ਦੇ ਕਾਫਲੇ ਹੋਣ। ਬਸਪਾ ਹਰ ਚੋਣ ਦਫਤਰ ਵਿਚ ਮਤਦਾਨ ਦੇ ਦਿਨ ਪੂਰੀ ਤਿਆਰੀ ਹੋ ਚੁਕੀ ਸੀ ਹੁਣ ਤਾਂ ਸਿਰਫ ਸੁਰਖਿਅਤ ਵੋਟ ਪੁਆਉਣਾ ਬਾਕੀ ਸੀ। ਸਾਹਿਬ ਕਾਂਸ਼ੀ ਰਾਮ ਆਪਣੀਆਂ ਚੋਣ ਸਭਾਵਾਂ ਚ ਖੁਲ੍ਹੀ ਘੋਸ਼ਣਾ ਕਰਿਆ ਕਰਦੇ ਸਨ ਕਿ "ਸਾਨੂੰ ਵੋਟ ਦੀ ਸੁਰੱਖਿਆ ਲਈ ਸਰਕਾਰੀ ਮਸ਼ੀਨਰੀ ਤੇ ਭਰੋਸਾ ਨਹੀਂ ਕਰਨਾ ਹੋਵੇਗਾ ਅਗਰ ਅਸੀਂ ਆਪਣੇ ਹਿਤਾਂ ਦੀ ਰੱਖਿਆ ਕਰਨੀ ਹੈ ਤਾਂ ਵੋਟਾਂ ਦੀ ਲੁੱਟ, ਚੋਰੀ ਅਤੇ ਵਿਕਣ ਤੋਂ ਰੋਕਣ ਲਈ ਖੁਦ ਪ੍ਰਬੰਧ ਕਰਨਾ ਹੋਵੇਗਾ। ਕਿਉਂਕਿ ਪਿਛਲੀ ਚੋਣ ਵਿਚ ਇਸ ਕਿਸਮ ਦੀਆਂ ਘਟਨਾਵਾਂ ਚੋਣ ਮਸ਼ੀਨਰੀ ਦੇ ਸਹਿਯੋਗ ਨਾ਼ਲ ਹੀ ਹੋਇਆਂ ਹਨ। ਚੋਣ ਕਮਿਸ਼ਨ ਇਹ ਸੱਭ ਕੁਝ ਰੋਕਣ ਲਈ ਕੁਝ ਵੀ ਨਹੀਂ ਕਰ ਸਕਿਆ।"

ਪੰਜਾਬ ਦੇ ਆਗੂਆਂ ਲਈ ਆਦੇਸ਼ ਸੀ ਕਿ ਉਹ ਜਲਸੇ ਚ ਜੁਟੀ ਭੀੜ ਦੇ ਆਲੇ ਦੁਆਲੇ ਖੜ੍ਹੇ ਹੋਕੇ ਪੂਰੀ ਚੌਕਸੀ ਵਰਤਣ। ਪੰਜਾਬੀ ਖਾਸ ਕਰਕੇ ਸਿੱਖ ਗਭਰੂਆਂ ਦੀ ਹਾਜ਼ਰੀ ਨਾਲ ਸਥਾਨਕ ਕਾਰਜ ਕਰਤਾਵਾਂ ਵਿਚ ਸੁਰੱਖਿਆ ਦਾ ਅਹਿਸਾਸ ਪਨਪਦਾ ਸੀ। ਸਾਹਿਬ ਕਾਂਸ਼ੀ ਰਾਮ ਨੇ ਚੋਣ ਧਾਂਦਲੀਆਂ ਰੋਕਣ ਲਈ ਵਿਰੋਧੀ ਦੀ ਹਰ ਚਾਲ ਦਾ ਮੋੜਵਾਂ ਪ੍ਰਬੰਧ ਕਰ ਰੱਖਿਆ ਸੀ।

18 ਨਵੰਬਰ ਨੂੰ ਵੋਟਾਂ ਦੀ ਗਿਣਤੀ ਵਾਲੇ ਦਿਨ ਖੁਸ਼ ਮਿਜਾਜ਼ ਉਹ ਸਾਡੇ ਕੋਲ ਬੈਠੇ ਹਲਕੀਆਂ ਫੁਲਕੀਆਂ ਗੱਲਾਂ ਸੁਣਾ ਰਹੇ ਸਨ। ਗਿਣਤੀ ਕੇਂਦਰ ਤੋਂ ਸੰਦੇਸ਼ ਆ ਗਿਆ ਕਿ ਰਿਟਰਨਿੰਗ ਅਫ਼ਸਰ ਵੱਲੋਂ ਦਸਵੇਂ ਰਾਊਂਡ ਤੋਂ ਬਾਅਦ ਗਿਣਤੀ ਦਾ ਐਲਾਨ ਕਰਨਾ ਬੰਦ ਕਰ ਦਿੱਤਾ ਗਿਆ ਹੈ। ਉਸਦਾ ਦਾ ਇਰਾਦਾ ਠੀਕ ਨਹੀਂ ਜਾਪਦਾ। ਸਾਹਿਬ ਤੁਰੰਤ ਮੈਨੂੰ ਤੇ ਇਕ ਹੋਰ ਸਾਥੀ ਨੂੰ ਨਾਲ ਲੈਕੇ ਗਿਣਤੀ ਕੇਂਦਰ ਵਲ ਚੱਲ ਪਏ। ਜਿਉਂ ਹੀ ਅਸੀਂ ਉਸ ਹਾਲ ਵਿਚ ਦਾਖਲ ਹੋਏ ਤਾਂ ਇਕ ਸ਼ਖ਼ਸ ਨੇ ਸਾਹਿਬ ਵਲ ਹੱਥ ਵਧਾਉਂਦਿਆਂ ਆਖਿਆ—

"ਹੈਲੋ ਮੈਂ ਅਸ਼ੋਕ ਦੁੱਬੇ ਭਾਜਪਾ ਉਮੀਦਵਾਰ ਇਟਾਵਾ ਅਸੰਬਲੀ, ਮਿਸਟਰ ਜਾਰਜ ਕਾਂਸ਼ੀ ਰਾਮ ਕਿਆ ਹਾਲ ਹੈ"

"ਅਰੇ ਮੈਂ ਤੋ ਕੇਵਲ ਕਾਂਸ਼ੀ ਰਾਮ ਹੂੰ, ਜਾਰਜ ਕਾਂਸ਼ੀ ਰਾਮ ਆਪ ਹੀ ਮਾਂ ਕਾ ਖਸਮ ਕੋਈ ਔਰ ਹੋਗਾ" —- ਸਾਹਿਬ ਕਾਂਸ਼ੀ ਰਾਮ ਨੇ ਬਿਨਾਂ ਉਸ ਵੱਲ ਹੱਥ ਵਧਾਇਆਂ ਨੀਝ ਨਾਲ ਵੇਖਦਿਆਂ ਆਖਿਆ। ਉਹ ਸ਼ਰਮਿੰਦਾ ਹੁੰਦਾ ਅੱਗੇ ਨਿਕਲ ਗਿਆ।

ਸਾਹਿਬ ਨੇ ਰਿਟਰਨਿੰਗ ਅਫ਼ਸਰ ਨੂੰ ਤਾੜਨਾ ਕਰਦਿਆਂ ਆਖਿਆ ਕਿ ਹਮ ਸਰਕਾਰੀ ਮਸ਼ੀਨਰੀ ਔਰ ਸ਼ਾਸਨ ਪ੍ਰਸ਼ਾਸਨ ਕੇ ਗੈਰ ਸੰਵਿਧਾਨਕ ਇਰਾਦੋਂ ਕੋ ਚਕਨਾਚੂਰ ਕਰਨੇ ਲੀਏ ਹੀ ਇਟਾਵਾ ਸੇ ਚੁਨਾਵ ਲੜ ਰਹੈਂ

ਹੈਂ। ਗਿਨਤੀ ਮੇਂ ਕਿਸੀ ਕਿਸਮ ਕੀ ਹੇਰਾਫੇਰੀ ਕਰਨੇ ਕੀ ਕੋਸ਼ਿਸ਼ ਪ੍ਰਸ਼ਾਸਨ ਕੋ ਭਾਰੀ ਪੜ ਸ਼ਕਤੀ ਹੈ ।

ਜਾਉ ਬਾਹਰ ਜਾਕਰ ਪ੍ਰਸ਼ਾਸਨ ਕੇ ਗੰਦੇ ਮਨਸੂਬੋਂ ਕੋ ਰੋਕਨੇ ਕਾ ਬੰਦੋਬਸਤ ਕਰੇਂ —ਮੇਰੀ ਤਰਫ ਝਾਕਦਿਆਂ ਉਹਨਾਂ ਨੇ ਹੁਕਮੀਆ ਲਹਿਜ਼ੇ ਆਖਿਆ।

ਜਿਉਂ ਹੀ ਅਸੀਂ ਬਾਹਰ ਨਿਕਲੇ ਗਿਣਤੀ ਕੇਂਦਰ ਕੋਲ ਉਤਸ਼ਾਹੀ ਬਸਪਾ ਕਾਰਜ ਕਰਤਾਵਾਂ ਤੇ ਆਗੂਆਂ ਦੀ ਭਾਰੀ ਭੀੜ ਜਮ੍ਹਾਂ ਹੋ ਚੁੱਕੀ ਸੀ ਜੋ ਜ਼ੋਸ਼ੀਲੇ ਨਾਅਰੇ ਲਾ ਰਹੇ ਸਨ । ਇਕ ਪਾਸੇ ਕਾਂਗਰਸ ਤੇ ਦੂਜੇ ਪਾਸੇ ਭਾਰਤੀ ਜਨਤਾ ਪਾਰਟੀ ਦੇ ਵਰਕਰਾਂ ਦਾ ਹਜੂਮ ਇਕੱਠਾ ਹੋ ਰਿਹਾ ਸੀ। ਆਹਮੋ ਸਾਹਮਣੇ ਜ਼ੋਰਦਾਰ ਨਾਅਰੇਬਾਜ਼ੀ ਹੋ ਰਹੀ ਸੀ। ਭਾਜਪਾ ਦੇ ਵਰਕਰ ਗੁੰਡਾਗਰਦੀ ਤੇ ਉਤਾਰੂ ਸਨ । ਸਥਿਤੀ ਤਨਾਅਪੂਰਨ ਬਣਦੀ ਜਾ ਰਹੀ ਸੀ। ਸੀ ਆਰ ਪੀ, ਪੀ ਏ ਸੀ ਤੇ ਯੂ।ਪੀ ਪੁਲਿਸ ਨੇ ਸਾਨੂੰ ਪਿੱਛੇ ਹੋ ਜਾਣ ਲਈ ਕਿਹਾ। ਜਿਉਂ ਹੀ ਅਸੀਂ ਥੋੜ੍ਹਾ ਪਿੱਛੇ ਹੋਏ ਤਾਂ ਭਾਜਪਾ ਵਾਲਿਆਂ ਨੇ ਹਮਲਾਵਰ ਰੁਖ਼ ਅਪਣਾਉਂਦਿਆਂ ਸਾਡੇ ਵੱਲ ਵਧਣਾ ਸ਼ੁਰੂ ਕਰ ਦਿਤਾ। ਚੌਕ ਚ ਇਕ ਪਾਸੇ ਹੁੰਦਿਆਂ ਜੈਕਾਰਾ ਛਡਦਿਆਂ ਮੈਂ ਸਾਥੀਆਂ ਨੂੰ ਆਖਿਆ ਹੁਣ ਕੋਈ ਇਸ ਤੋਂ ਪਿਛੇ ਨਹੀਂ ਜਾਵੇਗਾ। ਸਾਡੇ ਸਾਥੀ ਉਥੇ ਹੀ ਡਟ ਗਏ।

ਜਿਉਂ ਹੀ ਚੌਕ ਪਾਰ ਕਰਕੇ ਗੁੰਡਾ ਗਰਦੀ ਤੇ ਉਤਾਰੂ ਭਾਜਪਾਈ ਜੈ ਸੀਆ ਰਾਮ ਕਰਦੇ ਸਾਡੇ ਬਿਲਕੁਲ ਨਜ਼ਦੀਕ ਆ ਗਏ ਤਾਂ ਕਾਂਸ਼ੀ ਰਾਮ ਦੇ ਬੱਬਰ ਸ਼ੇ਼ਰਾਂ ਨੇ ਨੇੜਲੀ ਲੱਕੜਾਂ ਦੀ ਟਾਲ ਤੋਂ ਲੱਕੜਾਂ ਤੇ ਖਲਪਾੜਾਂ ਚੁੱਕ ਲਈਆਂ ਤੇ ਵੇਖਦਿਆਂ ਵੇਖਦਿਆਂ ਵਿਰੋਧੀ ਭੀੜ ਨੂੰ ਕਰਾਰੇ ਹੱਥ ਦਿਖਾਉਂਦਿਆਂ ਤਿੱਤਰ ਬਿੱਤਰ ਕਰਨ ਵਿਚ ਕਾਮਯਾਬੀ ਹਾਸਲ ਕਰ ਲਈ। ਪੰਜਾਬੀਆਂ ਨੇ ਆਪਣਾ ਜਲਵਾ ਦਿਖਾ ਦਿਤਾ। ਸਾਡੇ ਕੁਝ ਸਾਥੀਆਂ ਦੇ ਵੀ ਮਾਮੂਲੀ ਸੱਟਾਂ ਲਗ ਗਈਆਂ ਏਸੇ ਦੌਰਾਨ ਸਪੀਕਰ ਤੋਂ ਐਲਾਨ ਕਰ ਦਿਤਾ ਗਿਆ ਕਿ ਬਸਪਾ ਉਮੀਦਵਾਰ ਕਾਂਸ਼ੀ ਰਾਮ ਇਟਾਵਾ ਲੋਕ ਸਭਾ ਸੀਟ ਤੋਂ ਜਿੱਤ ਦਿਤੇ ਗਏ ਹਨ।

ਸਾਹਿਬ ਕਾਂਸ਼ੀ ਰਾਮ 144290 ਵੋਟਾਂ 30।4 ਫ਼ੀਸਦੀ ਲਾਲ ਸਿੰਘ ਵਰਮਾ 121824 ਵੋਟਾਂ 25।7 ਫ਼ੀਸਦੀ
ਰਾਮ ਸਿੰਘ ਸ਼ਾਕਿਯਾ 82624 ਵੋਟਾਂ 17,4 ਫ਼ੀਸਦੀ

ਜਿੱਤ ਦਾ ਸਰਟੀਫਿਕੇਟ ਹਾਸਲ ਕਰਕੇ ਇਕਤ੍ਰ ਹੋਏ ਕਾਰਜ ਕਰਤਾਵਾਂ ਨੂੰ ਸੰਬੋਧਨ ਕਰਦਿਆਂ ਸਾਹਿਬ ਕਾਂਸ਼ੀ ਰਾਮ ਨੇ ਦੱਸਿਆ ਕਿ ਬ੍ਰਾਹਮਣਵਾਦੀ ਦਲ ਇਸ ਗੱਲ ਦਾ ਪ੍ਰਚਾਰ ਕਰ ਰਹੇ ਹਨ ਕਿ ਅਸੀਂ ਲੋਕਾਂ ਨੂੰ ਉਕਸਾਇਆ ਹੈ ਜਦੋਂ ਕਿ ਇਹ ਬ੍ਰਾਹਮਣਵਾਦੀਆਂ ਦੀ ਗੰਦੀ ਸੋਚ ਹੈ। ਅਸੀਂ ਜੋ ਇਹ ਜਿੱਤ ਹਾਸਲ ਕੀਤੀ ਹੈ ਇਹ ਬਹੁਜਨ ਸਮਾਜ ਦੇ ਛੇ ਹਜ਼ਾਰ ਜਾਤੀ ਟੁਕੜਿਆਂ ਨੂੰ ਜੋੜ ਕੇ, ਉਹਨਾਂ ਵਿਚ ਭਾਈਚਾਰਾ ਪੈਦਾ ਕਰਕੇ, ਦੁਸ਼ਮਣ ਦੀਆਂ ਸਾਨੂੰ ਤੋੜਕੇ ਰੱਖਣ ਦੀਆਂ ਚਾਲਾਂ ਨੂੰ ਨਾਕਾਮਯਾਬ ਕਰਕੇ, ਹਾਸਲ ਕੀਤੀ ਹੈ ਹੁਣ ਤੱਕ ਅਸੀਂ ਬ੍ਰਾਹਮਣਵਾਦ ਦੀਆਂ ਗੁੰਮਰਾਹਕੁਨ ਗੱਲਾਂ ਵਿਚ ਉਲਝਕੇ ਭਟਕਦੇ ਰਹੇ ਹਾਂ ਉਹ ਸਾਡਾ ਜਨਮ ਤੋਂ ਮਰਨ ਤਕ ਦਾ ਸਮਾਂ ਤਕ ਤੈਅ ਕਰਦੇ ਰਹੇ ਉਹਨਾਂ ਦੇ ਭਰੋਸੇ ਸਾਡਾ ਦੇਸ਼ ਪਛੜਦਾ ਰਿਹਾ ਹੈ।

ਇਕੱਠੇ ਹੋਏ ਜਨ ਸੰਮੂਹ ਦਾ ਧਨਵਾਦ ਕਰਦਿਆਂ ਉਹਨਾਂ ਨੇ ਆਖਿਆ ਕਿ ਆਪ ਨੇ ਮੈਨੂੰ ਜਿਤਾਉਣ ਲਈ ਜੋ ਸ਼ਕਤੀ ਲਾਈ ਹੈ ਇਹ ਮੇਰੇ ਲਈ ਫੁੱਲਾਂ ਮਾਲਾਵਾਂ ਵਾਂਗ ਹੈ ਅੱਜ ਬਹੁਜਨ ਸਮਾਜ ਅੰਦਰ ਖ਼ੁਸ਼ੀ ਦੀ ਲਹਿਰ ਹੈ। ਇਸ ਨੂੰ ਹੋਰ ਅੱਗੇ ਵਧਾਉਣ ਲਈ ਯਤਨਸ਼ੀਲ ਰਹੋ ਅਤੇ ਆਪਣੇ ਆਪਣੇ ਖੇਤਰ ਵਿਚ ਅਨੁਸ਼ਾਸਨ ਬਣਾ ਕੇ ਰੱਖਿਆ ਜਾਵੇ ਕਿਉਂਕਿ ਬਹੁਜਨ ਸਮਾਜ ਪਾਰਟੀ ਅਨੁਸ਼ਾਸਤਬੱਧ ਲੋਕਾਂ ਦਾ ਸੰਗਠਨ ਹੈ।



# KB USED AUTO SALES



**8655 B Monterey Street Gilroy, CA 95020**

Kashmiri Bhatia,
Dealer/Broker
408-848-2365

50% OFF WARRANTY
with Qualifying Car Purchase

IN HOUSE
FINANCING AVALIABLE
www. kbusedautosales.com

ਅਸੀਂ ਖਰੀਦਦਾਰਾਂ ਨੂੰ ਆਸਾਨ ਕਿਸ਼ਤਾਂ ਤੇ ਲੋਨ ਲਈ ਮਦਦ ਕਰਦੇ ਹਾਂ


Kashmiri Bhatia & his wife

## K&K AUTO REPAIR and Car Wash

63 Muckelemi St
San Juan Bautista 95045

Kashmiri Bhatia (Owner)
831-623-4702

20% OFF LABOUR
on your next qualifying service

Car Care You Can Trust



# CORNING ਵਿਚ ਪੰਜਾਬੀ ਟਰੱਕਰ ਭਰਾਵਾਂ ਦਾ ਆਪਣਾ

## AAA Truck Wash, Tire, and Lube



* We Carry New and Used Tires All Major Brands
* Smart Way Tires Available
* Used Tires Start From & 135
* Old Change $ 189 + Tax
* We also do truck and car washing and waxing
* Friendly and Professional Staff
* We offer truck and car detailing

AAA TRUCKWASH
Sign of Excellence

**ਪੰਜਾਬੀ ਭਰਾਵਾਂ ਲਈ ਸੇਲ**

ਅਸੀਂ ਆਪਣੇ ਪੰਜਾਬੀ ਭਰਾਵਾਂ ਦੀ ਜ਼ਰੂਰਤ ਨੂੰ ਮੁੱਖ ਰੱਖਦੇ ਹੋਏ ਬਰਿਜਸਟੋਨ ਸਟੇਅਰਿੰਗ ਟਾਇਰਾਂ ਦੀ ਸੇਲ ਲਗਾਈ ਹੈ

ਬਰਿਜਸਟੋਨ 283 (ਦੋ ਟਾਇਰ) $1149
ਚਾਈਨੀਜ਼ 749 (ਦੋ ਟਾਇਰ) $749



**ਪੁਰਾਣੇ ਟਾਇਰਾਂ ਦੀ ਸੇਲ**

**ਇਕ ਵਾਰ ਸੇਵਾ ਦਾ ਮੌਕਾ ਜ਼ਰੂਰ ਦਿਓ**

| | |
|---|---|
| Used Tires American Brand | $99 + Labor |
| Recap Truck Tire | $ 249 + Labor |
| Recap Trailar Tires and Kind | $ 199 + Labor |

**NEW & USED TIRES**
**WASH, LUBE, BRAKES**

Call:
530-824-5134

LUCAS OIL LUCAS INJECTOR CLEANER $28.99

Call:
650-642-0697

**3525 Highway 99, West Corning, CA 96021**
Across the Street from TA Truck Stop